


# *ਮਸੀਹ ਵੱਲ ਕਦਮ ਬਾਈਬਲ ਅਧਿਐਨ ਪੱਥ-ਪ੍ਰਦਰਸ਼ਕ*

ਕਾਪੀਰਾਇਟ (C) 1998
ਮਰਲਿਨ ਬੇਰਮਨ ਅਤੇ ਰੇਵਲੇਸ਼ਨ ਪਬਲੀਕੇਸ਼ਨ
ਸਾਰੇ ਅਧਿਕਾਰ ਵਿਸ਼ਵ-ਵਿਆਪੀ ਰਾਖਵੇਂ ਹਨ

***ਹਾਲਤ ਵੰਡਣ ਦੀ ਆਗਿਆ ਦਿੰਦੇ ਹਨ***

ਸਾਡਾ ਵਿਸ਼ਵਾਸ ਇਹ ਹੈ ਕਿ ਜੇਕਰ ਤੁਸੀਂ ਇਸ ਨੂੰ ਕਾਪੀ ਨਹੀਂ ਕਰਦੇ ਅਤੇ ਦੂਸਰਿਆਂ ਨਾਲ ਸਾਂਝਾ ਨਹੀਂ ਕਰਦੇ ਹੋ ਤਾਂ ਤੁਹਾਨੂੰ ਪ੍ਰਭੂ ਲਈ ਜਵਾਬਦੇਹ ਠਹਿਰਾਇਆ ਜਾਵੇਗਾ, ਇਸ ਲਈ ਅਸੀਂ ਤੁਹਾਨੂੰ ਇਸ ਨੂੰ ਸਾਂਝਾ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਅਤੇ ਤੁਹਾਨੂੰ ਹੇਠ ਲਿਖੀਆਂ ਸ਼ਰਤਾਂ ਤਹਿਤ ਇਹ ਕਰਨ ਦੀ ਆਗਿਆ ਦਿੰਦੇ ਹਾਂI ਇਸ ਸਮੱਗਰੀ ਨੂੰ ਸ਼ਾਇਦ ਪੀਡੀਐਫ ਫਾਰਮੈਟ ਜਾਂ ਫੋਟੋਕਾਪੀ ਵਿਚ ਬਣਾਇਆ ਅਤੇ ਸਾਂਝਾ ਕਰਨ ਲਈ ਛਾਪਿਆ ਜਾ ਸਕਦਾ ਹੈI ਇਸ ਨੂੰ ਵੇਚਿਆ ਜਾਂ ਕਿਸੇ ਹੋਰ ਤਰ੍ਹਾਂ ਬਦਲਿਆ ਨਹੀਂ ਜਾ ਸਕਦਾ ਹੈ ਅਤੇ ਇਹ ਕਾਪੀਰਾਇਟ ਨੋਟਿਸ ਹਰ ਇਕ ਕਾਪੀ ਵਿਚ ਰਹਿਣਾ ਚਾਹੀਦਾ ਹੈI

**RevelationPublications.com**
**PublisherForGod@gmail.com**

ਟੈਕਸਟ ਈ.ਜੀ. ਵਾਇਟ. ਦੀ ਕਿਤਾਬ *ਮਸੀਹ ਵੱਲ ਕਦਮ ਤੋਂ ਲਿਆ ਗਿਆ ਹੈ*
ਮਾਰਲਿਨ ਬੇਰਮਨ ਦੁਆਰਾ ਬਾਈਬਲ ਅਧਿਐਨ ਕਰਨ ਲਈ ਅਨੁਕੂਲਤਾ
ਵਿਆਖਿਆ – ਕਾਪੀਰਾਇਟ (C) ਜਸਟਿਨਨ ਕ੍ਰਿਏਟਿਵ ਗਰੁਪ ਨਾਮਪਾ ਆਈਡੀ
www.goodsalt.com

ਕਿਸੇ ਵਿਸ਼ੇਸ਼ ਸੰਕੇਤ ਤੋਂ ਬਗੈਰ, ਵਚਨ ਦੇ ਸਭ ਹਵਾਲੇ ਪੰਜਾਬੀ ਦੇ ਪੁਰਾਣੇ ਅਨੁਵਾਦ ਤੋਂ ਲਾਏ ਗਏ ਹਨI

# ਵਿਸ਼ਾ ਸੂਚੀ

**ਮਨੁੱਖ ਲਈ ਪਰਮੇਸ਼ਰ ਦਾ ਪਿਆਰ – 1**

**ਪਾਪੀ ਲਈ ਯਿਸੂ ਮਸੀਹ ਦੀ ਲੋੜ - 2**

**ਸਾਡੀ ਸਥਿਤੀ ਨੂੰ ਮਹਿਸੂਸ ਕਰਨਾ - 3**

**ਤੋਬਾ- 4**

**ਪਾਪ ਸਵੀਕਾਰ ਕਰਨਾ – 5**

**ਸਮੱਰਪਣ - 6**

**ਵਿਸ਼ਵਾਸ ਅਤੇ ਪ੍ਰਵਾਨਗੀ – 7**

**ਪੈਰੋਕਾਰੀ ਦੀ ਪਰਖ – 8**

**ਮਸੀਹ ਵਿਚ ਪ੍ਰਪੱਕ ਹੋਣਾ - 9**

**ਕਿਰਤ ਅਤੇ ਜੀਵਨ – 10**

**ਪਰਮੇਸ਼ਰ ਦਾ ਗਿਆਨ – 11**

**ਪ੍ਰਾਰਥਨਾ ਦਾ ਵਿਸ਼ੇਸ਼ ਅਧਿਕਾਰ – 12**

**ਪ੍ਰਾਰਥਨਾ ਦੀ ਸ਼ਕਤੀ – 13**

**ਸ਼ੰਕਾ ਦਾ ਕੀ ਕੀਤਾ ਜਾਵੇ – 14**

**ਪ੍ਰਭੂ ਵਿਚ ਅਨੰਦਿਤ ਹੋਣਾ! – 15**

**ਹੁਣ ਦਾ ਅਤੇ ਸਦੀਪਕ ਕਾਲ ਦਾ ਅਨੰਦ – 16**



## ਪਾਠ 1
## ਮਨੁੱਖ ਲਈ ਪਰਮੇਸ਼ਰ ਦਾ ਪਿਆਰ

### (1) ਪਰਮੇਸ਼ਰ ਆਪਣੀ ਸਾਰੀ ਸ੍ਰਿਸ਼ਟੀ ਪ੍ਰਤੀ ਪਿਆਰ ਕਿਵੇਂ ਦਰਸਾਉਂਦਾ ਹੈ?

*"ਸਾਰਿਆਂ ਦੀਆਂ ਅੱਖਾਂ ਤੇਰੇ ਵੱਲ ਲੱਗੀਆਂ ਹੋਈਆਂ ਹਨ।*
*ਅਤੇ ਤੂੰ ਵੇਲੇ ਸਿਰ ਉਨ੍ਹਾਂ ਨੂੰ ਉਨ੍ਹਾਂ ਦਾ ਆਹਾਰ ਦਿੰਦਾ ਹੈਂ। ਹੈਂ।*
*ਤੂੰ ਆਪਣਾ ਹੱਥ ਖੋਹਲਦਾ ਹੈ।*
*ਤੇ ਸਾਰਿਆਂ ਜੀਆਂ ਦੀ ਇੱਛਾ ਪੂਰੀ ਕਰਦਾ ਹੈਂ।"*
*ਜ਼ਬੂਰਾਂ ਦੀ ਪੋਥੀ 145:15,16*

ਕੁਦਰਤ ਤੇ ਰੱਬੀ ਪ੍ਰਕਾਸ਼ ਦਾ ਗਿਆਨ ਦੋਨੋਂ ਸਮਾਨ ਰੂਪ ਨਾਲ ਪਰਮੇਸ਼ਵਰ ਦੇ ਪਿਆਰ ਦੀ ਸਾਖੀ ਦੇਂਦੇ ਹਨ। ਸਾਡਾ ਸਵਰਗੀ ਪਿਤਾ ਪਰਮੇਸ਼ਵਰ ਜੀਵਨ, ਗਿਆਨ ਅਤੇ ਅਨੰਦ ਦਾ ਸੋਮਾ ਹੈ। ਜ਼ਰਾ ਕੁਦਰਤ ਦੀਆਂ ਅਦਭੁੱਤ ਅਤੇ ਸੋਹਣੀਆ ਵਸਤੂਆਂ ਵਲ ਧਿਆਨ ਕਰੋ। ਜ਼ਰਾ ਵਿਚਾਰ ਕਰਕੇ ਦੇਖੋ ਕੁਦਰਤ ਦੀਆਂ ਸਾਰੀਆਂ ਵਸਤੂਆਂ ਇਸ ਅਦਭੁੱਤ ਤਰੀਕੇ ਨਾਲ ਨਾ ਸਿਰਫ ਮਨੁੱਖ ਦੇ ਕਲਿਆਣ ਖਾਤਰ ਸਗੋਂ ਸਾਰੀ ਜੀਵ ਰਚਨਾ ਦੀਆਂ ਜ਼ਰੂਰਤਾਂ, ਖੁਸ਼ੀਆਂ ਤੇ ਸੁੱਖਾਂ ਲਈ ਅਨੁਕੂਲਤਾ ਗ੍ਰਹਿਣ

ਕਰ ਲੈਂਦੀਆਂ ਹਨ। ਸੂਰਜ ਦੀਆ ਕਿਰਨਾਂ ਅਤੇ ਰਿਮਝਿਮ ਮੀਂਹ ਦੀਆਂ ਕਣੀਆਂ ਜੋ ਪ੍ਰਿਥਵੀ ਨੂੰ ਹਰਸ਼ਾਂਦੀਆਂ ਤੇ ਤਾਜ਼ਾ ਕਰਦੀਆ ਹਨ। ਪਰਬਤ, ਸਮੁੰਦਰ ਅਤੇ ਮੈਦਾਨ ਸਾਰੇ ਪਰਮੇਸ਼ਰ ਦਾ ਗੁਣ ਗਾਣ ਕਰਕੇ ਸਾਨੂੰ ਸੁਣਾਉਂਦੇ ਹਨ। ਇਹ ਪਰਮੇਸ਼ਰ ਹੀ ਹੈ, ਜੋ ਜੀਵਾਂ ਦੀਆਂ ਸਾਰੀਆਂ ਰੋਜ਼ਾਨਾ ਲੋੜਾਂ ਪੂਰੀਆ ਕਰਦਾ ਹੈ।

**(2) ਬਾਈਬਲ ਪਰਮੇਸ਼ਰ ਨੂੰ ਕਿਸ ਤਰੀਕੇ ਨਾਲ ਦਰਸਾਉਂਦੀ ਹੈ?**

***ਅਤੇ ਅਸਾਂ ਪਰਮੇਸ਼ਰ ਦੇ ਉਸ ਪ੍ਰੇਮ ਨੂੰ ਜੋ ਸਾਡੇ ਨਾਲ ਰੱਖਦਾ ਹੈ ਜਾਣਿਆ ਅਤੇ ਉਹ ਦੀ ਪਰਤੀਤ ਕੀਤੀ ਹੈ। ਪਰਮੇਸ਼ਰ ਪ੍ਰੇਮ ਹੈ ਅਤੇ ਜਿਹੜਾ ਪ੍ਰੇਮ ਵਿੱਚ ਰਹਿੰਦਾ ਹੈ ਉਹ ਪਰਮੇਸ਼ਰ ਵਿੱਚ ਰਹਿੰਦਾ ਹੈ ਅਤੇ ਪਰਮੇਸ਼ਰ ਓਸ ਵਿੱਚ ਰਹਿੰਦਾ ਹੈ। (1 ਯੂਹੰਨਾ 4:16)***

ਪਰਮੇਸ਼ਵਰ ਨੇ ਮਨੁੱਖ ਨੂੰ ਸੰਪੂਰਣ, ਪਵਿੱਤਰ ਤੇ ਸੁਖੀ ਬਣਾਇਆ ਸੀ ਅਤੇ ਜਦੋਂ ਇਹ ਸੁੰਦਰ ਧਰਤੀ ਸਿਰਜਣਹਾਰ ਦੇ ਹੱਥਾਂ ਵਿਚੋਂ ਬਣਕੇ ਆਈ ਤਾਂ ਇਸ ਵਿਚ ਨਾ ਕੋਈ ਵਿਨਾਸ਼ਕਾਰ ਚਿੰਨ੍ਹ ਸੀ ਅਤੇ ਨਾ ਹੀ ਕੋਈ ਪਾਪ ਦਾ ਪਰਛਾਵਾ " ਇਹ ਰੱਬ ਦਾ ਕਾਨੂੰਨ (ਵਿਵਸਥਾ) ਜੋ ਕਿ ਪਿਆਰ ਦਾ ਕਾਨੂੰਨ ਸੀ, ਉਸਦੀ ਉਲੰਘਣਾ ਕਰਨ ਕਰਕੇ ਹੀ ਸੰਤਾਪ ਤੇ ਮੌਤ ਇਸ ਧਰਤੀ ਤੇ ਆ ਵਸੇ। ਅੰਜੀਲ ਵਿੱਚ ਲਿਖਿਆ ਹੈ ਕਿ ਪਰਮੇਸ਼ਵਰ ਨੇ ਧਰਤੀ ਨੂੰ ਮਨੁੱਖ ਦੇ ਪਾਪ ਕਾਰਨ ਸ਼ਰਾਪ ਦਿੱਤਾ" ਉਤਪਤੀ 3:17 ਇਹ ਕੰਡੇ ਤੇ ਕੰਡਿਆਲੇ ਝਾੜ- ਮੁਸ਼ਕਿਲਾਂ ਤੇ ਕਸ਼ਟ ਜੋ ਕਿ ਮਨੁੱਖ ਦੇ ਜੀਵਨ ਨੂੰ ਮੁਸ਼ੱਕਤ ਤੇ ਚਿੰਤਾ ਨਾਲ ਘੇਰੀ ਰੱਖਦੇ ਹਨ- ਇਹ ਸਭ ਮਨੁੱਖ ਦੇ ਭਲੇ ਲਈ ਨਿਯੁਕਤ ਕੀਤੇ ਗਏ ਸਨ। ਇਹ ਮਨੁੱਖ ਲਈ ਉਸ ਜ਼ਰੂਰੀ ਸਿੱਖਿਆ ਦਾ ਇੱਕ ਅੰਗ ਸਨ ਜੋ ਕਿ ਮਨੁੱਖ ਨੂੰ ਪਾਪ ਦੇ ਨਤੀਜੇ ਵਲੋਂ ਪੈਦਾ ਹੋਈ ਤਬਾਹੀ ਤੇ ਗਿਰਾਵਟ ਤੋਂ ਉੱਚਾ ਉਠਾਉਣ ਲਈ ਪਰਮੇਸ਼ਰ ਦੀ ਬਣਾਈ ਯੋਜਨਾ ਵਿਚ ਸਹਾਈ ਹੋ ਸਕਣ। ਭਾਵੇਂ ਇਹ ਸੰਸਾਰ ਪਾਪ ਦੇ ਪਤਨ ਵਿਚ ਡੁੱਬ ਚੁੱਕਾ ਸੀ ਪਰ ਤਾਂ ਵੀ ਇਸ ਵਿੱਚ ਸਿਰਫ ਦੁੱਖ ਤੇ ਚਿੰਤਾਵਾਂ ਹੀ ਨਹੀ ਸਨ। ਕੁਦਰਤ ਦੇ ਹਰ ਕੌਤਕ ਵਿੱਚ ਆਸ਼ਾ ਤੇ ਆਰਾਮ ਦੇ ਸੁਨੇਹੇ ਮਿਲਦੇ ਹਨ। ਕੰਡਿਆਲੇ ਝਾੜਾਂ

ਉੱਪਰ ਫਲ ਲੱਗੇ ਹਨ ਅਤੇ ਕੰਡਿਆਂ ਤੇ ਗੁਲਾਬ ਨਜ਼ਰ ਆਉਂਦੇ ਹਨ।.

"ਪਰਮੇਸ਼ਰ ਪਿਆਰ ਹੈ" ਹਰ ਖੁਲ੍ਹਦੀ ਕਲੀ ਤੇ ਘਾਹ ਦੀ ਹਰ ਉੱਗਦੀ ਨੋਕ ਤੇ ਲਿਖਿਆ ਹੋਇਆ ਹੈ। ਪਿਆਰੇ ਪਿਆਰੇ ਪੰਛੀ ਹਵਾ ਨੂੰ ਆਪਣੇ ਖੁਸ਼ ਰਾਗਾਂ ਨਾਲ ਭਰ ਦੇਂਦੇ ਹਨ। ਕੋਮਲ ਹਲਕੇ ਹਲਕੇ ਰੰਗਾਂ ਵਿਚ ਰੰਗੇ ਫੁੱਲ ਆਪਣੀ ਸੰਪੂਰਨਤਾ ਵਿਚ ਹਵਾ ਨੂੰ ਮਹਿਕ ਨਾਲ ਭਰ ਦੇਂਦੇ ਹਨ। ਉੱਚੇ ਵਿਸ਼ਾਲ ਜੰਗਲਾਂ ਦੇ ਦਰਖ਼ਤ ਜਿੰਨਾਂ ਉੱਪਰ ਜੀਵਨਮਈ ਹਰਿਆਲੀ ਸਦਾ ਪਸਰੀ ਰਹਿੰਦੀ ਹੈ- ਇਹ ਸਾਰੇ ਪਰਮੇਸ਼ਵਰ ਦੇ ਕੋਮਲ ਹਿਰਦੇ ਤੇ ਉਸਦੇ ਪਿਤਾ ਪਿਆਰ ਦਾ ਉਹ ਭੇਦ ਪ੍ਰਗਟ ਕਰਦੇ ਹਨ ਜੋ ਕਿ ਸਦਾ ਆਪਣੇ ਬੱਚਿਆਂ ਦੀ ਖੁਸ਼ੀ ਪੂਰੀ ਕਰਨ ਲਈ ਤਤਪਰ ਰਹਿੰਦਾ ਹੈ।

## (3) ਪਰਮੇਸ਼ਰ ਦੇ ਚਰਿੱਤਰ ਦੇ ਕੁਝ ਗੁਣ ਕਿਹੜੇ ਹਨ?

***ਤੇਰੇ ਵਰਗਾ ਕਿਹੜਾ ਪਰਮੇਸ਼ਰ ਹੈ? ਜੋ ਆਪਣੀ ਮਿਲਖ ਦੇ ਬਕੀਏ ਦੀ ਬਦੀ ਲਈ ਖਿਮਾ ਕਰਦਾ, ਅਪਰਾਧ ਤੋਂ ਹਉ ਪਰੇ ਕਰਦਾ ਹੈ, ਉਹ ਆਪਣਾ ਕ੍ਰੋਧ ਸਦਾ ਤੀਕ ਨਹੀਂ ਨਹੀਂ ਰੱਖਦਾ, ਕਿਉਂ ਜੋ ਉਹ ਦਯਾ ਨੂੰ ਪਸੰਦ ਕਰਦਾ ਹੈ। ਉਹ ਸਾਡੇ ਉੱਤੇ ਫੇਰ ਰਹਮ ਕਰੇਗਾ, ਉਹ ਸਾਡਿਆਂ ਔਗਣਾਂ ਨੂੰ ਲੇਤੜੇਗਾ। ਤੂੰ ਓਹਨਾਂ ਦੇ ਸਾਰੇ ਪਾਪਾਂ ਨੂੰ ਸਮੁੰਦਰ ਦੀ ਤਹਿ ਵਿੱਚ ਸੁਟੇਂਗਾ। (ਮੀਕਾਹ 7:18-19)***

ਪਰਮੇਸ਼ਰ ਦੇ ਬਚਨਾਂ ਤੋਂ ਉਸਦੀ ਖ਼ਾਸੀਅਤ ਪ੍ਰਗਟ ਹੁੰਦੀ ਹੈ। ਪਰਮੇਸ਼ਰ ਨੇ ਖ਼ੁਦ ਆਪਨੇ ਅਪਾਰ ਪਿਆਰ ਤੇ ਤਰਸ ਨੂੰ ਪ੍ਰਗਟ ਕੀਤਾ ਹੈ। ਜਦੋਂ ਮੂਸਾ ਨੇ ਪ੍ਰਾਰਥਨਾ ਕੀਤੀ, "ਮੈਨੂੰ ਆਪਣਾ ਪ੍ਰਤਾਪ ਦਿਖਾ" ਤਾਂ ਪਰਮੇਸ਼ਰ ਨੇ ਕਿਹਾ, "ਮੈਂ ਆਪਣੀ ਸਾਰੀ ਭਲਿਆਈ ਤੇਰੇ ਅੱਗੋਂ ਦੀ ਲੰਘਾਵਾਂਗਾ।" ਕੂਚ 33:18:19; ਯੂਨਾਹ 4:2

ਪਰਮੇਸ਼ਰ ਨੇ ਸਾਡੇ ਹਿਰਦੇ ਨੂੰ ਅਣਗਿਣਤ ਚਿੰਨ੍ਹਾਂ ਦੁਆਰਾ ਪ੍ਰਿਥਵੀ ਤੇ ਆਕਾਸ਼ ਵਿੱਚ ਆਪਣੇ ਨਾਲ ਬੰਨ੍ਹਿਆ ਹੋਇਆ ਹੈ। ਕੁਦਰਤ ਦੀਆਂ ਵਸਤੂਆਂ ਦੁਆਰਾ ਪ੍ਰਿਥਵੀ ਦੇ ਗੰਭੀਰ ਤੇ ਕੋਮਲ ਸੰਬੰਧਾਂ ਦੁਆਰਾ, ਜੋ ਕਿ ਮਨੁੱਖੀ ਹਿਰਦਾ ਜਾਣ ਸਕਦਾ ਹੈ, ਪਰਮੇਸ਼ਰ ਨੇ ਆਪਣਾ ਆਪ ਸਾਡੇ ਅੱਗੇ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ

ਇਹ ਸਾਰਾ ਕੁਝ ਪਰਮੇਸ਼ਰ ਦਾ ਅਪਾਰ ਪਿਆਰ ਦਰਸਾਣੋਂ ਅਸਮਰਥ ਹੈ।

**(4) ਜੇਕਰ ਅਸੀਂ ਪਰਮੇਸ਼ਰ ਨੂੰ ਨਹੀਂ ਜਾਣਦੇ ਹਾਂ ਤਾਂ ਉਸਦੇ ਚਰਿੱਤਰ ਵਿਰੁੱਧ ਸ਼ੈਤਾਨ ਦੇ ਝੂਠੇ ਦੋਸ਼ਾਂ ਨੂੰ ਮੰਨਣਾ ਦੀ ਚੋਣ ਕਰਨ ਦੀ ਬਜਾਏ ਅਸੀਂ ਪਰਮੇਸ਼ਰ ਨੂੰ ਕਿਵੇਂ ਦੇਖਾਂਗੇ?**

***ਓਹ ਨਾਗ ਵਾਂਙੁ ਧੂੜ ਚੱਟਣਗੇ, ਧਰਤੀ ਦੇ ਘਿੱਸਰਨ ਵਾਲਿਆ ਵਾਂਙੁ ਓਹ ਆਪਣੇ ਕੋਟਾਂ ਵਿੱਚੋਂ ਥਰ ਥਰਾਉਂਦੇ ਹੋਏ ਨਿੱਕਲਣਗੇ, ਓਹ ਭੈ ਨਾਲ ਯਹੋਵਾਹ ਸਾਡੇ ਪਰਮੇਸ਼ਰ ਕੋਲ ਆਉਣਗੇ, ਅਤੇ ਤੇਰੇ ਕੋਲੋਂ ਡਰਨਗੇ। (ਮੀਕਾਹ 7:17)***

(ਸ਼ੈਤਾਨ) ਨੇ ਮਨੁੱਖਾਂ ਦੀ ਸੋਚ ਸ਼ਕਤੀ ਤੇ ਦਿਲ ਦਿਮਾਗ ਤੇ ਅੰਧੇਰਾ ਪਾ ਛੱਡਿਆ ਹੈ, ਅਰਥਾਤ ਮਨੁੱਖ ਨੂੰ ਅੰਨ੍ਹਾ ਕਰ ਛੱਡਿਆ ਹੈ ਤਾਂ ਕਿ ਪਰਮੇਸ਼ਰ ਦੇ ਪਿਆਰ ਨੂੰ ਨਾ ਪਹਿਚਾਨਣ ਅਤੇ ਉਸ ਵੱਲ ਭੈ ਤੇ ਡਰ ਦੀ ਨਿਗਾਹ ਨਾਲ ਵੇਖਣ। ਸ਼ੈਤਾਨ ਨੇ ਮਨੁੱਖਾਂ ਦੇ ਦਿਮਾਗਾਂ ਨੂੰ ਕੁਝ ਐਸੇ ਭੁਲੇਖੇ ਵਿੱਚ ਪਾ ਦਿੱਤਾ ਕਿ ਉਹ ਪਿਆਰੇ ਪਿਤਾ ਪਰਮੇਸ਼ਰ ਨੂੰ ਇਸ ਤਰ੍ਹਾਂ ਸਮਝਦੇ ਜਿਵੇਂ ਉਹ ਡਾਢਾ ਤੇ ਖਿਮਾ ਨਾ ਕਰਨ ਵਾਲਾ ਹੋਵੇ। ਸ਼ੈਤਾਨ ਨੇ ਮਨੁੱਖ ਦੇ ਮਨ ਵਿੱਚ ਇਹ ਧਾਰਨਾ ਪੈਦਾ ਕਰ ਦਿੱਤੀ ਹੈ ਕਿ ਉਸ ਦੀ ਮੁੱਖ ਖਾਸੀਅਤ ਕਰੜਾ ਇਨਸਾਫ ਹੈ - ਜੋ ਕਿ ਡਾਢਾ ਹਾਕਮ ਹੈ ਅਤੇ ਇਕ ਕਰੜਾ ਬੇਰਹਿਮ ਲਹਿਣੇਦਾਰ ਹੈ। ਸ਼ੈਤਾਨ ਨੇ ਮਨੁੱਖ਼ਾ ਦੇ ਦਿਮਾਗਾਂ ਵਿੱਚ ਪਰਮੇਸ਼ਰ ਦੀ ਕੁਝ ਐਸੀ ਤਸਵੀਰ ਖਿੱਚ ਦਿੱਤੀ ਜਿਵੇਂ ਕਿ ਉਹ (ਪਰਮੇਸ਼ਰ) ਈਰਖਾ ਦੀ ਨਜ਼ਰ ਨਾਲ ਸਿਰਫ ਮਨੁੱਖਾ ਦੀਆਂ ਗਲਤੀਆਂ ਹੀ ਤਾੜ ਰਿਹਾ ਹੋਵੇ ਤਾਂ ਜੋ ਉਹ ਉਹਨਾਂ ਨੂੰ ਕਰੜੀ ਸਜ਼ਾ ਦੇ ਸਕੇ। ਇਸ ਕਾਲੇ ਪਰਛਾਵੇਂ ਨੂੰ ਮਨੁੱਖਾ ਦੇ ਦਿਮਾਗ ਵਿੱਚੋਂ ਦੂਰ ਕਰਨ ਲਈ ਤੇ ਪਰਮੇਸ਼ਰ ਦਾ ਅਪਾਰ ਪਿਆਰ ਜਗਤ ਵਿੱਚ ਪ੍ਰਗਟ ਆਇਆ। ਕਰਨ ਲਈ ਹੀ ਯਿਸੂ ਮਸੀਹ ਇਸ ਸੰਸਾਰ ਵਿੱਚ

**(5) ਪਾਪ ਦੀ ਚੋਣ ਕਰਨ ਤੋਂ ਬਾਅਦ ਮਨੁੱਖਜਾਤੀ ਦੇ ਕਿਹੜੇ ਮਹਾਨ ਮੌਕੇ ਨੂੰ ਗੁਆ ਦਿੱਤਾ?**

***ਕਿਸੇ ਨੇ ਪਰਮੇਸ਼ਰ ਨੂੰ ਕਦੇ ਨਹੀਂ ਵੇਖਿਆ ਇਕਲੌਤਾ ਪੁੱਤਰ ਜਿਹੜਾ ਪਿਤਾ ਦੀ ਗੋਦ ਵਿੱਚ ਹੈ ਉਸੇ ਨੇ ਉਹ ਨੂੰ ਪਰਗਟ ਕੀਤਾ। (ਯੂਹੰਨਾ 1:18)***

**(6) ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਪਿਤਾ ਕਿਹੋ ਜਿਹਾ ਹੈ?**

***"ਜੇ ਤੁਸੀਂ ਮੈਨੂੰ (ਯਿਸੂ ਮਸੀਹ) ਜਾਣਦੇ ਤਾਂ ਮੇਰੇ ਪਿਤਾ ਨੂੰ ਭੀ ਜਾਣਦੇ। ਏਦੋਂ ਅੱਗੇ ਤੁਸੀਂ ਉਹ ਨੂੰ ਜਾਣਦੇ ਅਤੇ ਉਹ ਵੇਖ ਲਿਆ ਹੈI" (ਯੂਹੰਨਾ 14:7)***

ਪਰਮੇਸ਼ਰ ਦਾ ਪੁੱਤਰ ਯਿਸੂ ਪਿਤਾ ਪਰਮੇਸ਼ਰ ਨੂੰ ਪ੍ਰਗਟ ਕਰਨ ਲਈ ਸਵਰਗਾਂ ਵਿੱਚੋ ਧਰਤੀ ਤੇ ਆਇਆ। "ਕਿਸੇ ਨੇ ਵੀ ਪਰਮੇਸ਼ਰ ਨੂੰ ਕਦੇ ਨਹੀ ਦੇਖਿਆ,ਇਕਲੌਤਾ ਪੁੱਤਰ ਜਿਹੜਾ ਪਿਤਾ ਦੀ ਗੋਦ ਵਿੱਚ ਹੈ ਉਸ ਨੇ ਉਸ ਨੂੰ ਪ੍ਰਗਟ ਕੀਤਾ। ਯੂਹੰਨਾ 1:18 ਅਤੇ ਨਾ ਹੀ ਪਿਤਾ ਨੂੰ ਕੋਈ ਜਾਣਦਾ ਹੈ,ਪਰ ਪੁੱਤਰ ਅਤੇ ਉਹ ਜਿਸ ਉੱਤੇ ਪੁੱਤਰ ਉਸਨੂੰ ਪ੍ਰਗਟ ਕਰਨਾ ਚਾਹੇ"। ਮਤੀ 11:27 ਜਦੋਂ ਇਕ ਚੇਲੇ ਨੇ ਬੇਨਤੀ ਕੀਤੀ ਸਾਨੂੰ ਪਿਤਾ ਦਿਖਾਓ"। ਤਾਂ ਯਿਸੂ ਮਸੀਹ ਨੇ ਕਿਹਾ, "ਫਿਲਪਸ ਐਨੇ ਚਿਰ ਤੋ ਮੈਂ ਤੁਹਾਡੇ ਨਾਲ ਹਾਂ ਔਰ ਕੀ ਤੂੰ ਮੈਨੂੰ ਨਹੀ ਜਾਣਿਆ? ਜਿਨ੍ਹੇ ਮੈਨੂੰ ਵੇਖਿਆ ਉਸ ਪਿਤਾ ਨੂੰ ਵੇਖਿਆ। ਤੂੰ ਕਿਵੇਂ ਆਖਦਾ ਹੈਂ ਭਈ ਸਾਨੂੰ ਪਿਤਾ ਦਾ ਦਰਸ਼ਨ ਕਰਾ?" ਯਹੂੰਨਾ 14:8, 9.

**(7) ਯਿਸੂ ਮਸੀਹ ਹੋਰ ਕਿਹੜੇ ਕਾਰਨਾਂ ਕਰਕੇ ਧਰਤੀ ਤੇ ਆਇਆ?**

***"ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਹ ਨੇ ਮੈਨੂੰ ਮਸਹ ਕੀਤਾ ਭਈ ਗਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ। ਓਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪਰਚਾਰ ਕਰਾਂ, ਤੇ ਕੁਚਲਿਆਂ***

*ਹੋਇਆਂ ਨੂੰ ਛੁਡਾਵਾਂ, ਅਤੇ ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ ਦਾ ਪਰਚਾਰ ਕਰਾਂ।" (ਲੂਕਾ 4:18-19)*

ਇਹ ਉਸਦਾ ਕੰਮ ਸੀ ਧਰਤੀ ਤੇ ਰਹਿੰਦਿਆਂ, ਉਹ ਭਲਾਈ ਕਰਦਾ ਗਿਆ ਤੇ ਸ਼ੈਤਾਨੀ ਪਕੜ ਵਿੱਚ ਆਏ ਬਿਮਾਰਾਂ, ਦੁੱਖੀਆਂ ਨੂੰ ਰਾਜ਼ੀ ਕਰਦਾ ਗਿਆ। ਪਿੰਡਾਂ ਦੇ ਪਿੰਡ ਉਸ ਨੇ ਰਾਜ਼ੀ ਕਰ ਦਿੱਤੇ ਤੇ ਕਿਸੇ ਘਰ ਵਿੱਚੋ ਵੀ ਕਿਸੇ ਦੁਖੀ ਦੀ ਪੁਕਾਰ ਨਾ ਸੁਣਾਈ ਦਿੱਤੀ। ਇਹ ਉਸਦੇ ਕੰਮ ਦਰਸਾਂਦੇ ਸਨ ਕਿ ਉਸ ਨੂੰ ਰੱਬੀ ਅਖਤਿਆਰ ਹਾਸਿਲ ਹੈ। ਪਿਆਰ, ਹਮਦਰਦੀ ਅਤੇ ਤਰਸ ਉਸ ਦੀ ਜ਼ਿੰਦਗੀ ਦੇ ਹਰ ਰੰਗ ਵਿੱਚੋ ਝਲਕ ਮਾਰਦੇ ਸਨ। ਉਸ ਦਾ ਦਿਲ ਮਨੁੱਖਾ ਲਈ ਕੋਮਲ ਤੇ ਹਮਦਰਦੀ ਨਾਲ ਭਰਪੂਰ ਸੀ। ਉਸ ਨੇ ਮਨੁੱਖੀ ਫਿਤਰਤ ਅਪਣਾਈ ਤਾਂ ਜੋ ਉਹ ਮਨੁੱਖੀ ਹਿਰਦੇ ਨੂੰ ਸਮਝ ਕੇ ਸਾਡੀਆਂ ਲੋੜਾਂ ਪੂਰੀਆਂ ਕਰ ਸਕੇ। ਅਤਿ ਗਰੀਬ ਤੇ ਨਿਮਾਣੇ ਮਨੁੱਖ ਨੂੰ ਵੀ ਉਸ ਕੋਲ ਆਉਣ ਵਿੱਚ ਕੋਈ ਝਿਜਕ ਮਹਿਸੂਸ ਨਾ ਹੁੰਦੀ। ਛੋਟੇ ਬੱਚੇ ਵੀ ਉਸ ਨੂੰ ਪਿਆਰ ਕਰਦੇ ਸਨ। ਉਹ ਬਹੁਤ ਖੁਸ਼ੀ ਨਾਲ ਯਿਸੂ ਮਸੀਹ ਦੀ ਗੋਦੀ ਵਿੱਚ ਬੈਠ ਕੇ ਉਸਦੇ ਕੋਮਲ ਮੁੱਖੜੇ ਨੂੰ ਦੇਖਣਾ ਪਸੰਦ ਕਰਦੇ ਜਿਸ ਵਿੱਚੋ ਸੋਚ, ਗੰਭੀਰਤਾ ਤੇ ਪਿਆਰ ਦੀਆਂ ਕਿਰਣਾਂ ਫੁੱਟ ਰਹੀਆਂ ਹੁੰਦੀਆਂ ਸਨ।

## (8) ਮਸੀਹ ਨੇ ਆਪਣੇ ਆਪ ਨੂੰ ਅਤੇ ਖੁਸ਼ਖਬਰੀ ਦੇ ਸੰਦੇਸ਼ ਨੂੰ ਕਿਵੇਂ ਪੇਸ਼ ਕੀਤਾ?

***ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ। (ਯੂਹੰਨਾ 1:14)***

ਯਿਸੂ ਮਸੀਹ ਨੇ ਸਚਾਈ ਦੇ ਕਿਸੇ ਵੀ ਸ਼ਬਦ ਨੂੰ ਕਦੇ ਨਹੀ ਦਬਾਇਆ ਸੀ, ਪਰ ਹਮੇਸ਼ਾ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ। ਹਰ ਮਨੁੱਖ ਪ੍ਰਤੀ ਉਸ ਦਾ ਵਰਤਾਓ ਬਹੁਤ ਭਲਾਈ ਭਰਿਆ, ਮੇਹਰਬਾਨੀ, ਇਜ਼ਤ ਵਾਲਾ ਤੇ ਗੰਭੀਰ ਸੀ। ਉਸਨੇ ਕਦੀ ਵੀ ਵਿਅਰਥ, ਕਰੜੇ ਤੇ ਰੁੱਖੇ ਬਚਨ ਬੋਲਕੇ ਕਿਸੇ ਕੋਮਲ ਹਿਰਦੇ ਨੂੰ ਅਨਰਥ ਨਹੀ ਸੀ ਦੁਖਾਇਆ। ਉਸ ਨੇ ਮਨੁੱਖੀ ਕਮਜ਼ੋਰੀਆਂ ਦੀ

ਆਲੋਚਨਾ ਨਹੀ ਸੀ ਕੀਤੀ। ਉਸਨੇ ਸਚਾਈ ਹਮੇਸ਼ਾ ਮਿੱਠੇ ਤੇ ਪਿਆਰ ਭਰੇ ਕੋਮਲ ਸ਼ਬਦਾਂ ਵਿੱਚ ਪ੍ਰਗਟ ਕੀਤੀ। ਉਸਨੇ ਮੱਕਾਰੀ, ਫਰੇਬ, ਅਧਰਮ ਅਤੇ ਦੁਰਾਚਾਰ ਨੂੰ ਲਾਹਨਤ ਤਾਂ ਪਾਈ, ਪਰ ਡਾਂਟ ਫਟਕਾਰ ਕਰਨ ਵੇਲੇ ਪ੍ਰੇਮ ਨਾਲ ਅੱਖਾਂ ਵਿੱਚ ਅਥਰੂ ਆ ਜਾਇਆ ਕਰਦੇ ਸਨ। ਉਸਨੂੰ ਆਪਣੀ ਪਿਆਰੀ ਨਗਰੀ ਯਰੂਸ਼ਲਮ ਤੇ ਰੋਣਾ ਆਇਆ ਜਿਸਨੇ ਉਸ ਨੂੰ ਜੀਵਨ ਜਾਂਚ ਤੇ ਸਚਾਈ ਮੰਨਣ ਤੋ ਇਨਕਾਰ ਕਰ ਦਿੱਤਾ ਸੀ। ਯਿਸੂ ਮਸੀਹ ਨੇ ਫਿਰ ਵੀ ਉਨਾਂ ਪ੍ਰਤੀ ਕੋਮਲ ਤੇ ਤਰਸ ਭਾਵ ਹੀ ਰੱਖਿਆ ਜਿੰਨਾ ਨੇ ਉਸ ਮੁਕਤੀ ਦਾਤਾ ਨੂੰ ਅਸਵੀਕਾਰ ਕਰ ਦਿੱਤਾ ਸੀ। ਉਸਦਾ ਜੀਵਨ ਆਤਮ ਤਿਆਗ ਤੇ ਪਰ-ਸੁਅਰਥ ਨਾਲ ਭਰਪੂਰ ਸੀ ਤੇ ਇਹੋ ਉਸਦਾ ਆਦਰਸ਼ ਸੀ।ਹਰ ਮਨੁੱਖ ਉਸਦੀ ਨਜ਼ਰ ਵਿੱਚ ਅਨਮੋਲ ਸੀ। ਉਸਦੇ ਚਿਹਰੇ ਤੇ ਰੱਬੀ ਨੂਰ ਟੱਪਕਦਾ ਰਹਿੰਦਾ ਸੀ। ਉਸਦਾ ਹਿਰਦਾ ਪਿਤਾ ਪਰਮੇਸ਼ਰ ਦੇ ਪਰਿਵਾਰ ਦੇ ਹਰ ਮਨੁੱਖ ਪ੍ਰਤੀ ਹਮੇਸ਼ਾ ਕੋਮਲ ਭਾਵਾਂ ਨਾਲ ਭਰਪੂਰ ਰਹਿੰਦਾਹ। ਹਰ ਮਨੁੱਖ ਵਿੱਚ ਉਸਨੂੰ ਪਾਪ ਦੇ ਭਾਰ ਹੇਠਾਂ ਲਿਤਾੜੀ ਕਮਜ਼ੋਰ ਮਨੁੱਖਤਾ ਨਜ਼ਰ ਆਉਂਦੀ ਜਿਸ ਨੂੰ ਉੱਪਰ ਉਠਾਉਣਾ ਤੇ ਸ਼ੈਤਾਨੀ ਪਕੜ ਕੋਲੋਂ ਮੁਕਤ ਕਰਵਾਉਣਾ ਉਸਦਾ ਪਰਮ ਉਦੇਸ਼ ਸੀ।

ਇਹੋ ਯਿਸੂ ਮਸੀਹ ਦਾ ਚਰਿੱਤਰ ਸੀ ਜੋ ਉਸਦੇ ਜੀਵਨ ਤੋਂ ਪ੍ਰਗਟ ਹੁੰਦਾ ਸੀ। ਏਹੋ ਪਰਮੇਸ਼ਰ ਦਾ ਚਰਿੱਤਰ ਹੈ। ਇਹ ਪਿਤਾ ਪਰਮੇਸ਼ਰ ਦੇ ਹਿਰਦੇ ਵਿੱਚੋਂ ਰੱਬੀ ਮਿਹਰ ਤੇ ਪਿਆਰ ਦੀ ਨਦੀ ਵਗਦੀ ਹੋਈ ਯਿਸੂ ਮਸੀਹ ਦੇ ਜੀਵਨ ਵਿੱਚੋ ਲੰਘ ਕੇ ਮਨੁੱਖਤਾ ਨੂੰ ਸੰਚਾਰ ਕਰਦੀ ਗਈ ਅਤੇ ਕਰ ਰਹੀ ਹੈ। ਯਿਸੂ ਮਸੀਹ ਕੋਮਲ ਤੇ ਤਰਸ ਭਰਪੂਰ ਮੁਕਤੀ ਦਾਤਾ ਆਪ ਪਰਮੇਸ਼ਰ ਸੀ ਜੋ ਕਿ "ਮਨੁੱਖੀ ਜਾਮੇ ਵਿੱਚ ਧਰਤੀ ਤੇ ਆਇਆI" ਤਿਮੋਥੀ 3:16

**(9) ਸਾਡੇ ਕਾਰਨ ਯਿਸੂ ਨਾਲ ਧਰਤੀ ਉੱਤੇ ਕਿਹੋ ਜਿਹਾ ਵਿਵਹਾਰ ਕੀਤਾ ਗਿਆ?**

***ਉਹ ਤੁੱਛ ਅਤੇ ਮਨੁੱਖਾਂ ਵੱਲੋਂ ਤਿਆਗਿਆ ਹੋਇਆ ਸੀ, ਇੱਕ ਦੁਖੀਆਂ ਮਨੁੱਖ, ਸੋਗ ਦਾ ਜਾਣੂ, ਅਤੇ ਉਸ ਵਾਂਙੂ ਜਿਸ ਤੋਂ ਲੋਕ ਮੂੰਹ ਲੁਕਾਉਂਦੇ, ਉਹ ਤੁੱਛ ਜਾਤਾ ਗਿਆ ਅਤੇ ਅਸਾਂ ਉਸ ਦੀ ਕਦਰ ਨਾ ਕੀਤੀ। ਸੱਚ ਮੁੱਚ ਉਸ ਨੇ***

*ਸਾਡੇ .ਗਮ ਚੁੱਕ ਲਏ, ਅਤੇ ਸਾਡੇ ਦੁੱਖ ਉਠਾਏ, ਪਰ ਅਸਾਂ ਉਸ ਨੂੰ ਮਾਰਿਆ ਹੋਇਆ, ਪਰਮੇਸ਼ਰ ਦਾ ਕੁੱਟਿਆ ਹੋਇਆ ਅਤੇ ਭੰਨਿਆ ਹੋਇਆ ਸਮਝਿਆ। ਪਰ ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਸਾਡੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ। (ਯਸ਼ਾਯਾਹ 53:3-5)*

ਸਾਡੇ ਉਧਾਰ ਵਾਸਤੇ ਯਿਸੂ ਮਸੀਹ ਨੇ ਜਨਮ ਲਿਆ, ਦੁੱਖ ਸਹੇ, ਪੀੜ ਤੇ ਮੌਤ ਦਾ ਸਾਹਮਣਾ ਕੀਤਾ। ਉਹ ਦੁਖੀ ਮਨੁੱਖ ਬਣਿਆ ਤਾਂ ਜੋ ਅਸੀ ਸਦੀਵੀ ਅਨੰਦ ਤੇ ਖੁਸ਼ੀ ਦੇ ਹਿੱਸੇਦਾਰ ਬਣ ਸਕੀਏ। ਪਰਮੇਸ਼ਰ ਨੇ ਸਵਰਗਾਂ ਦੀ ਅਕੱਥ ਮਹਿਮਾ ਭਰਪੂਰ ਸਭਾ ਵਿੱਚੋਂ ਆਪਣੀ ਕ੍ਰਿਪਾ ਤੇ ਸੱਚਾਈ ਭਰਪੂਰ ਪੁੱਤਰ ਨੂੰ ਉਸ ਜਗਤ ਵਿੱਚ ਭੇਜਣਾ ਸਵੀਕਾਰ ਕੀਤਾ ਜੋ ਕਿ ਪਾਪ ਦੇ ਨਾਲ ਵਿਨਾਸ਼ ਤੇ ਵਿਕਰਾਲ ਅਤੇ ਮੌਤ ਦੇ ਸਰਾਪ ਤੇ ਪਰਛਾਵੇਂ ਨਾਲ ਕਾਲਾ ਹੋ ਚੁੱਕਾ ਸੀ। ਪਿਤਾ ਪਰਮੇਸ਼ਰ ਨੇ ਯਿਸੂ ਮਸੀਹ ਨੂੰ ਆਪਣੀ ਪਿਆਰੀ ਹਿੱਕ ਨਾਲੋਂ ਵਿਛੋੜ ਕੇ ਅਤੇ (ਦੇਵਤਿਆਂ) ਸਵਰਗਦੂਤਾਂ ਕੋਲੋਂ ਪੂਜਾ ਤੇ ਪਿਆਰ ਕਰਵਾਉਣ ਦੇ ਅਧਿਕਾਰ ਦਾ ਤਿਆਗ ਕਰਕੇ ਇਸ ਜਗਤ ਵਿੱਚ ਸ਼ਰਮ, ਬੇਪਤੀ, ਨਿਰਾਦਰੀ, ਨਫਰਤ ਤੇ ਮੌਤ ਸਹਿਣ ਲਈ ਭੇਜ ਦਿੱਤਾ। ਉਜਾੜ, ਗਥਸਮਨੀ, ਅਤੇ ਸਲੀਬ ਤੇ ਉਸ ਦੇ ਅਨੁਭਵ ਨੂੰ ਦੇਖੋ! ਪਰਮੇਸ਼ਰ ਦੇ ਨਿਰਦੋਸ਼ ਪੁੱਤਰ ਨੇ ਸਾਡੇ ਪਾਪਾ ਦਾ ਭਾਰ ਆਪਣੇ ਮੋਢਿਆਂ ਤੇ ਲੈ ਲਿਆ ਜੋ ਕਿ ਪ੍ਰਮੇਸ਼ਵੇਰ ਦੇ ਬਰਾਬਰ ਸੀ। ਉਸਨੇ ਉਸ ਭਿਆਨਕ ਜੁਦਾਈ ਨੂੰ ਮਹਿਸੂਸ ਕੀਤਾ, ਜੋ ਕਿ ਪਾਪ ਕਾਰਣ ਮਨੁੱਖ ਤੇ ਪਰਮੇਸ਼ਰ ਵਿਚਕਾਰ ਆ ਗਈ ਸੀ

## (10) ਦੁੱਖ ਵਿਚ ਯਿਸੂ ਨੇ ਪਿਤਾ ਨੂੰ ਕਿਵੇਂ ਪੁਕਾਰਿਆ?

*ਅਰ ਤੀਏ ਕੁ ਪਹਿਰ ਯਿਸੂ ਨੇ ਉੱਚੀ ਅਵਾਜ਼ ਨਾਲ ਪੁਕਾਰਿਆ ਕਿ ਏਲੀ ਏਲੀ ਲਮਾ ਸਬਕਤਾਨੀ ਜਿਹਦਾ ਅਰਥ ਇਹ ਹੈ, ਹੇ ਮੇਰੇ ਪਰਮੇਸ਼ਰ, ਹੇ ਮੇਰੇ ਪਰਮੇਸ਼ਰ, ਤੈਂ ਮੈਨੂੰ ਕਿਉਂ ਛੱਡ ਦਿੱਤਾ? (ਮੱਤੀ 27:46)*

ਸਲੀਬ ਉੱਤੇ ਯਿਸੂ ਮਸੀਹ ਨੇ ਉਸ ਮਹਾਨ ਭਿਆਨਕ ਪਾਪ ਦੇ ਬੋਝ ਨੂੰ ਮਹਿਸੂਸ ਕੀਤਾ ਜੋ ਕਿ ਮਨੁੱਖ ਨੂੰ ਪਰਮੇਸ਼ਰ ਨਾਲੋਂ ਸਦੀਵੀ ਤੌਰ ਤੇ ਵਿਛੋੜ ਦਿੰਦੀ ਹੈ ਅਤੇ ਇਸ ਡਰਾਉਣੇ ਖਿਆਲ ਨਾਲ ਪਰਮੇਸ਼ਰ ਦੇ ਪੁੱਤਰ ਦਾ ਹਿਰਦਾ ਟੁੱਕੜੇ ਟੱਕੜੇ ਹੋ ਗਿਆ।

**(11) ਪਰਮੇਸ਼ਰ ਦੇ ਆਪਣੇ ਪੁੱਤਰ ਨੂੰ ਧਰਤੀ ਉੱਤੇ ਭੇਜਣ ਦੇ ਦੋ ਮੁੱਖ ਕਾਰਨ ਕਿਹੜੇ ਹਨ?**

***ਕਿਉਂਕਿ ਪਰਮੇਸ਼ਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ। (ਯੂਹੰਨਾ 3:16)***

***...ਅਰਥਾਤ ਪਰਮੇਸ਼ਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ। (2 ਕੁਰਿੰਥੀਆਂ 5:19)***

ਪਰ ਇਹ ਕੁਰਬਾਨੀ ਇਸ ਲਈ ਨਹੀ ਸੀ ਦਿੱਤੀ ਗਈ ਕਿ ਪਰਮੇਸ਼ਰ ਦੇ ਹਿਰਦੇ ਵਿੱਚ ਮਨੁੱਖ ਪ੍ਰਤੀ ਪਿਆਰ ਜਗਾਇਆ ਜਾ ਸਕੇ, ਅਤੇ ਨਾ ਹੀ ਇਸ ਲਈ ਕਿ ਇਸ ਕੁਰਬਾਨੀ ਨਾਲ ਪਰਮੇਸ਼ਰ ਮਨੁੱਖ ਨੂੰ ਬਚਾਉਣ ਲਈ ਤੱਤਪਰ ਹੋ ਸਕੇ। ਨਹੀ, ਬਿਲਕੁਲ ਨਹੀ: "ਪਰਮੇਸ਼ਰ ਨੇ ਜਗਤ ਨੂੰ ਐਸਾ ਪਿਆਰ ਕੀਤਾ ਕਿ ਉਸਨੇ ਆਪਣਾ ਇਕਲੌਤਾ ਪੁੱਤਰ ਵਾਰ ਦਿੱਤਾ।" ਪਰਮੇਸ਼ਰ ਨੇ ਸਾਨੂੰ ਇਸ ਲਈ ਪਿਆਰ ਨਹੀ ਕੀਤਾ ਕਿ ਅਸੀਂ ਕੋਈ ਮਿੰਨਤ ਜਾਂ ਕੁਰਬਾਨੀ ਕੀਤੀ ਸਗੋਂ ਪਰਮੇਸ਼ਰ ਨੇ ਆਪ ਸਾਡੇ ਵਾਸਤੇ ਆਪਣੇ ਪੁੱਤਰ ਦੀ ਕੁਰਬਾਨੀ ਕਰਵਾਈ ਕਿਉਂਕਿ ਉਸਨੂੰ ਸਾਡੇ ਨਾਲ ਅਪਾਰ ਪ੍ਰੇਮ ਹੈ। ਯਿਸੂ ਮਸੀਹ ਇੱਕ ਵਿਚੋਲਾ ਬਣਿਆ ਜਿਸ ਦੁਆਰਾ ਪਰਮੇਸ਼ਰ ਨੇ ਆਪਣੇ ਅਥਾਹ ਪਿਆਰ ਦੀ ਫੁਆਰ ਪਤਿਤ ਸੰਸਾਰ ਤੇ ਵਰ੍ਹਾ ਦਿੱਤੀ। ਪਰਮੇਸ਼ਰ ਨੇ ਆਪ ਆਪਣੇ ਪੁੱਤਰ ਨਾਲ ਦੁੱਖ ਝੱਲਿਆ, ਗੇਥਸਮਨੀ ਦੇ ਮਾਨਸਿਕ ਕਲੇਸ਼ ਵਿੱਚ ਤੇ ਸਲੀਬ ਦੀ ਦੁੱਖਦਾਈ ਮੌਤ ਤੇ, ਅਪਾਰ ਪ੍ਰੇਮ ਵਾਲੇ ਪਰਮੇਸ਼ਰ ਨੇ ਸਾਡੀ ਮੁਕਤੀ ਦਾ ਮੁੱਲ ਚੁਕਾ ਦਿੱਤਾ।

**(12) ਪਾਪੀ ਮਨੁੱਖਤਾ ਨੂੰ ਬਚਾਉਣ ਦੇ ਕੰਮ ਵਿਚ ਯਿਸੂ ਨੇ ਉਸ ਦੀ ਸ਼ਮੂਲੀਅਤ ਨੂੰ ਕਿਸ ਤਰ੍ਹਾਂ ਦਰਸਾਇਆ ਅਤੇ ਪਿਤਾ ਦਾ ਜਵਾਬ ਕੀ ਸੀ?**

***...ਅਰਥਾਤ ਪਰਮੇਸ਼ਰ ਮਸੀਹ ਵਿੱਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਬਚਨ ਸਾਨੂੰ ਸੌਂਪ ਦਿੱਤਾ। (2 ਕੁਰਿੰਥੀਆਂ 5:19)***

ਮੇਰੇ ਪਿਤਾ ਪਰਮੇਸ਼ਰ ਨੇ ਤੁਹਾਨੂੰ ਇਤਨਾ ਪਿਆਰ ਕੀਤਾ ਹੈ, ਉਸਨੇ ਮੈਂਨੂੰ ਉਸ ਤੋਂ ਵੀ ਵੱਧ ਪਿਆਰ ਕੀਤਾ ਹੈ ਜੋ ਕਿ ਮੈਂ ਆਪਣੀ ਜਾਨ ਤੁਹਾਨੂੰ ਮੁਕਤ ਕਰਨ ਲਈ ਵਾਰ ਦਿੱਤੀ। ਆਪਣੇ ਪ੍ਰਾਣ ਅਰਪਨ ਕਰਕੇ ਤੁਹਾਡੀਆਂ ਸਾਰੀਆਂ ਦੁਰਬਲਤਾਵਾਂ ਤੇ ਅਪਰਾਧਾਂ ਦਾ ਸਾਰਾ ਭਾਰ ਆਪਣੇ ਸਿਰ ਤੇ ਲੈ ਕੇ ਮੈਂ ਪਿਤਾ ਪਰਮੇਸ਼ਰ ਦਾ ਪਿਆਰਾ ਬਣ ਗਿਆ ਹਾਂ। ਮੇਰੀ ਕੁਰਬਾਨੀ ਨਾਲ ਪਰਮੇਸ਼ਰ ਦਾ ਨਿਆਂ ਸੱਚਾ ਠੀਕ ਤੇ ਮੁਨਾਸਿਬ ਠਹਿਰ ਚੁੱਕਾ ਹੈI

ਪਰਮੇਸ਼ਰ ਦੇ ਪੁੱਤਰ ਤੋਂ ਬਿਨਾਂ ਕੌਣ ਹੈ ਜੋ ਸਾਡੀ ਮੁਕਤੀ ਸੰਪੂਰਨ ਕਰ ਸਕਦਾ ਹੈ। ਕਿਉਂਕਿ ਉਹੋ ਜੋ ਪਿਤਾ ਪਰਮੇਸ਼ਰ ਦੇ ਪਿਆਰ ਦੀ ਉੱਚਾਈ ਤੇ ਡੂੰਘਾਈ ਜਾਣਦਾ ਸੀ ਇਸ ਨੂੰ ਪ੍ਰਗਟ ਕਰ ਸਕਦਾ ਸੀ। ਪਾਪਾ ਵਿੱਚ ਡਿੱਗ ਚੁੱਕੇ ਮਨੁੱਖਾਂ ਦੀ ਮੁਕਤੀ ਲਈ ਜੋ ਕੁਰਬਾਨੀ ਯਿਸੂ ਮਸੀਹ ਨੇ ਕੀਤੀ ਉਸ ਤੋ ਘੱਟ ਕਿਸੇ ਵੀ ਕਾਰਜ ਰਾਹੀ ਡਿੱਗੀ ਮਨੁੱਖਤਾ ਲਈ ਪਿਤਾ ਪਰਮੇਸ਼ਰ ਦਾ ਪਿਆਰ ਨਹੀ ਸੀ ਦਰਸਾਇਆ ਜਾ ਸਕਦਾ।

“ਪਰਮੇਸ਼ਰ ਨੇ ਜਗਤ ਨੂੰ ਐਸਾ ਪਿਆਰ ਕੀਤਾ ਕਿ ਆਪਣਾ ਇਕਲੌਤਾ ਪੁੱਤਰ ਦੇ ਦਿੱਤਾ।” ਉਸਨੇ ਉਸਨੂੰ ਕੇਵਲ ਮਨੁੱਖਾ ਵਿੱਚ ਰਹਿਣ ਲਈ ਤੇ ਉਨ੍ਹਾਂ ਦੇ ਪਾਪ ਦਾ ਬੋਝ ਚੁੱਕਣ ਲਈ ਹੀ ਨਹੀ ਸੀ ਭੇਜਿਆ, ਸਗੋਂ ਪਰਮੇਸ਼ਰ ਨੇ ਯਿਸੂ ਮਸੀਹ ਨੂੰ ਡਿੱਗੀ ਮਨੁੱਖਤਾ ਤੋ ਵਾਰ ਦਿੱਤਾ।ਯਿਸੂ ਮਸੀਹ ਨੂੰ ਮਨੁੱਖਤਾ ਦੇ ਸ਼ੌਕ ਤੇ ਜ਼ਰੂਰਤਾ ਦਾ ਪ੍ਰਤੀਕ ਬਣਾਇਆ ਗਿਆ।

## (13) ਯਿਸੂ ਸਾਨੂੰ ਕੀ ਕਹਿਣ ਤੋਂ ਸ਼ਰਮਾਉਂਦਾ ਨਹੀਂ ਹੈ?

*ਕਿਉਂਕਿ ਉਹ ਜਿਹੜਾ ਪਵਿੱਤਰ ਕਰਦਾ ਹੈ ਅਤੇ ਓਹ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸੱਭੇ ਇੱਕ ਤੋਂ ਹੀ ਹਨ। ਇਸ ਕਰਕੇ ਉਹ ਉਨ੍ਹਾਂ ਨੂੰ ਭਰਾ ਆਖਣ ਤੋਂ ਨਹੀਂ ਸ਼ਰਮਾਉਂਦਾ। (ਇਬਰਾਨੀਆਂ 2:11)*

ਉਹ ਜੋ ਸਦੀਵੀ ਪਿਤਾ ਪਰਮੇਸ਼ਰ ਨਾਲ ਰਹਿਣ ਵਾਲਾ ਸੀ, ਉਸਨੇ ਆਪਣੇ ਆਪ ਨੂੰ ਐਸੇ ਬੰਧਨਾਂ ਨਾਲ ਮਨੁੱਖਤਾ ਨਾਲ ਜੋੜਿਆ ਜੋ ਕਦੇ ਵੀ ਨਹੀ ਟੁੱਟ ਸਕੇ। “ਯਿਸੂ ਮਸੀਹ ਨੇ ਉਨ੍ਹਾਂ ਨੂੰ ਆਪਣੇ ਭਰਾ ਕਹਿੰਦਿਆਂ ਕੋਈ ਸ਼ਰਮ ਮਹਿਸੂਸ ਨਾ ਕੀਤੀ। ਯਿਸੂ ਮਸੀਹ ਸਾਡੀ ਕੁਰਬਾਨੀ ਹੈ। ਸਾਡਾ ਵਕੀਲ ਹੈ ਸਾਡਾ ਭਰਾ ਜੈ ਜੋ ਕਿ ਪਿਤਾ ਪਰਮੇਸ਼ਰ ਦੇ ਸਿੰਘਾਸਨ ਸਾਹਮਣੇ ਸਾਡਾ ਮਨੁੱਖੀ ਜਾਮਾ ਪਾਈ ਖਲੋਤਾ ਹੈ। ਉਹ ਆਦਮੀ ਦੇ ਪੁੱਤਰ ਦੇ ਰੂਪ ਵਿੱਚ ਯੁਗਾਂ ਯੁਗਾਂਤਰਾਂ ਤੋਂ ਸ਼ੈਤਾਨੀ ਪਾਪਾਂ ਤੋਂ ਮੁਕਤ ਕੀਤੇ ਮਨੁੱਖਾਂ ਨਾਲ ਇੱਕ ਮਿੱਕ ਹੈ, ਜਿਨ੍ਹਾਂ ਨੂੰ ਉਸਨੇ ਆਪਣੀ ਕੁਰਬਾਨੀ ਨਾਲ ਬਚਾਇਆ ਹੈ। ਇਹ ਸਭ ਕੁਝ ਇਸ ਲਈ ਕੀਤਾ ਗਿਆ ਕਿ ਪਾਪ ਦੀ ਬਰਬਾਦੀ ਵਿੱਚ ਡਿੱਗੇ ਮਨੁੱਖ ਨੂੰ ਉੱਚਾ ਉਠਾਇਆ ਜਾ ਸਕੇ ਤਾਂ ਜੋ ਉਹ ਪਰਮੇਸ਼ਰ ਦੇ ਪਿਆਰ ਦਾ ਸਾਂਝੀਵਾਲ ਬਣਕੇ ਪਵਿੱਤਰਤਾ ਦੀ ਖ਼ੁਸ਼ੀ ਮਾਣ ਸਕੇ।

**(14) ਉਸਦੇ ਮਹਾਨ ਪਿਆਰ ਵਿਚ, ਪਿਤਾ ਨੇ ਸਾਨੂੰ ਕਿਹੜੇ ਮਹਾਨ ਆਦਰ ਨਾਲ ਸਾਨੂੰ ਪਿਆਰ ਕੀਤਾ?**

***ਵੇਖੋ, ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪ੍ਰੇਮ ਕੀਤਾ ਹੈ ਜੋ ਅਸੀਂ ਪਰਮੇਸ਼ਰ ਦੇ ਬਾਲਕ ਸਦਾਈਏ! ਅਤੇ ਏਹੋ ਅਸੀਂ ਹਾਂ ਵੀ। ਇਸ ਕਰਕੇ ਸੰਸਾਰ ਸਾਨੂੰ ਨਹੀਂ ਜਾਣਦਾ ਕਿਉਂ ਜੋ ਉਸ ਨੇ ਉਹ ਨੂੰ ਨਹੀਂ ਜਾਣਿਆ। (1 ਯੂਹੰਨਾ 3:1)***

ਸਾਡੀ ਮੁਕਤੀ ਲਈ ਜੋ ਕੀਮਤ ਚੁੱਕਾਈ ਗਈ,ਪਿਤਾ ਪਰਮੇਸ਼ਰ ਦੀ ਅਪਾਰ ਕੁਰਬਾਨੀ - ਆਪਣਾ ਪੁੱਤਰ ਸਾਡੇ ਪਾਪੀਆਂ ਲਈ ਵਾਰ ਦੇਣਾ - ਇਸ ਨਾਲ ਸਾਡੇ ਅੰਦਰ ਉਹ ਉੱਚੇ ਖਿਆਲ ਪੈਦਾ ਹੋਣੇ ਚਾਹੀਦੇ ਹਨ ਕਿ ਅਸੀ ਯਿਸੂ ਮਸੀਹ ਦੁਆਰਾ ਪਰਮੇਸ਼ਰ ਨਾਲ ਇੱਕ ਮਿੱਕ ਹੋ ਸਕਦੇ ਜਾਂ। ਜਦੋ ਯੂਹੰਨਾ (ਯਿਸੂ ਮਸੀਹ ਦਾ ਚੇਲਾ) ਨੇ ਰੱਬੀ ਸ਼ਕਤੀ ਤੋ ਪ੍ਰੇਰਿਤ ਹੋ ਕੇ ਨਾਸ਼ ਹੁੰਦੀ ਮਨੁੱਖ ਜਾਤੀ

ਲਈ ਪਿਤਾ ਪਰਮੇਸ਼ਰ ਦੇ ਪਿਆਰ ਦੀ ਉਚਾਈ, ਡੂੰਘਾਈ ਤੇ ਚੌੜਾਈ ਦਾ ਅੰਦਾਜ਼ਾ ਲਗਾਇਆ ਤਾਂ ਉਸਦਾ ਦਿਲ ਭਗਤੀ ਭਾਵ ਤੇ ਸ਼ਰਧਾ ਭਰੇ ਆਦਰ ਨਾਲ ਝੁਕ ਗਿਆ, ਅਤੇ ਉਸਨੂੰ ਉਹ ਸ਼ਬਦ ਨਾ ਲੱਭ ਸਕੇ ਜਿਨ੍ਹਾਂ ਰਾਹੀਂ ਉਹ ਇਸ ਪਿਆਰ ਦੀ ਵਡਿਆਈ ਤੇ ਕੋਮਲਤਾ ਦਰਸਾ ਸਕੇ। ਸੋ ਉਸਨੇ ਪੁਕਾਰ ਕੇ ਜਗਤ ਨੂੰ ਇਹੋ ਕਿਹਾ, "ਵੇਖੋ ਪਿਤਾ ਨੇ ਸਾਡੇ ਨਾਲ ਕਿਹੋ ਜਿਹਾ ਪਿਆਰ ਕੀਤਾ ਕਿ ਅਸੀ ਪਰਮੇਸ਼ਰ ਦੇ ਬਾਲਕ ਸਦਾਈਏ।"

## (15) ਅਸੀਂ ਪਰਮੇਸ਼ਰ ਦੇ ਬੱਚੇ ਕਿਵੇਂ ਬਣਦੇ ਹਾਂ?

***ਪਰ ਜਿੰਨਿਆਂ ਨੇ ਉਸ ਨੂੰ ਕਬੂਲ ਕੀਤਾ ਉਸ ਨੇ ਉਨ੍ਹਾਂ ਨੂੰ ਪਰਮੇਸ਼ਰ ਦੇ ਪੁੱਤਰ ਹੋਣ ਦਾ ਹੱਕ ਦਿੱਤਾ ਅਰਥਾਤ ਜਿਨ੍ਹਾਂ ਜਿਨ੍ਹਾਂ ਨੇ ਉਸ ਦੇ ਨਾਮ ਉੱਤੇ ਨਿਹਚਾ ਕੀਤੀ। (ਯੂਹੰਨਾ 1:12)***

ਇਸ ਨਾਲ ਮਨੁੱਖ ਜਾਤੀ ਦਾ ਮਾਨ ਕਿੰਨਾਂ ਵਧ ਜਾਂਦਾ ਹੈ। ਪਰਮੇਸ਼ਰ ਦੀ ਆਗਿਆ ਦੀ ਉਲੰਘਣਾ ਕਰਕੇ ਮਨੁੱਖ ਜਾਤੀ ਸ਼ੈਤਾਨ ਦੀ ਪਰਜਾ ਬਣ ਜਾਂਦੀ ਹੈ, ਪਰ ਯਿਸੂ ਮਸੀਹ ਦੀ ਪ੍ਰਾਸਚਿਤ ਭਰੀ ਕੁਰਬਾਨੀ ਤੇ ਵਿਸ਼ਵਾਸ ਕਰਕੇ ਮਨੁੱਖ ਪਰਮੇਸ਼ਰ ਦਾ ਪੁੱਤਰ ਅਖਵਾਉਣ ਦਾ ਹੱਕਦਾਰ ਹੋ ਜਾਂਦਾ ਹੈ। ਯਿਸੂ ਮਸੀਹ ਨੇ ਮਨੁੱਖਤਾ ਦਾ ਜਾਮਾਂ ਗ੍ਰਹਿਣ ਕਰਕੇ, ਮਨੁੱਖਤਾ ਦੀ ਪਦਵੀ ਉੱਚੀ ਕਰ ਦਿੱਤੀ। ਡਿੱਗੇ ਮਨੁੱਖ ਯਿਸੂ ਮਸੀਹ ਦੀ ਕ੍ਰਿਪਾ ਨਾਲ ਉਸ ਪਦਵੀ ਤੇ ਪਹੁੰਚ ਜਾਂਦੇ ਹਨ ਜਿੱਥੇ ਕਿ ਉਹ ਸੱਚਮੁਚ ਹੀ ਇਸ ਉੱਚੇ ਨਾਮ ਦੇ ਅਧਿਕਾਰੀ ਬਣ ਜਾਂਦੇ ਹਨ ---- "ਪਰਮੇਸ਼ਰ ਦੇ ਪੁੱਤਰ।"

ਇਸ ਪਿਆਰ ਦੀ ਕੋਈ ਬਰਾਬਰੀ ਨਹੀ ਹੋ ਸਕਦੀ। ਸਵਰਗ ਦੇ ਰਾਜੇ ਦੀ ਸੰਤਾਨ। ਕੋਈ ਅਮਲੋਕ ਪ੍ਰਤਿਗਿਆ ਭਗਤੀ ਭਾਵ ਲਈ ਪਵਿੱਤਰ ਵਿਸ਼ਾ। ਪਿਤਾ ਪਰਮੇਸ਼ਰ ਦਾ ਬੇ-ਮਿਸਾਲ ਪਿਆਰ ਇਸ ਜਗਤ ਲਈ। ਇਹ ਵਿਚਾਰ ਮਨੁੱਖੀ ਆਤਮਾ ਨੂੰ ਆਤਮ ਸਮਰਪਣ ਲਈ ਝੰਜੋੜਦਾ ਹੈ ਤੇ ਫਿਰ ਉਸਨੂੰ ਪਰਮੇਸ਼ਰ ਦੀ ਇਛਿਆ ਦਾ ਦਾਸ ਬਣਾ ਦੇਂਦਾ ਹੈ। ਜਿਉਂ ਜਿਉਂ ਅਸੀਂ ਪਰਮੇਸ਼ਰ ਦਾ ਚਰਿੱਤਰ ਸਲੀਬ ਦੀ ਰੌਸ਼ਨੀ ਵਿੱਚ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਉਸ ਵਿੱਚ ਸਾਨੂੰ ਤਰਸ ਕੋਮਲਤਾ ਤੇ ਨਿਆਂ ਘੁਲੇ ਮਿਲੇ

ਨਜ਼ਰ ਆਉਂਦੇ ਹਨ ਤੇ ਜਦੋ ਡੂੰਘੀ ਵਿਚਾਰ ਕਰਦੇ ਹਾਂ ਤਾਂ ਅਨਗਿਣਤ ਪ੍ਰਮਾਣ ਇਹ ਦਰਸਾਉਂਦੇ ਹਨ ਕਿ ਪਿਤਾ ਪਰਮੇਸ਼ਰ ਦਾ ਸਾਡੇ ਨਾਲ ਅਨਮੋਲ ਕੋਮਲ ਪਿਆਰ ਇੱਕ ਮਮਤਾ ਭਰੀ ਮਾਂ ਦੇ ਆਪਣੇ ਢਿੱਡੋਂ ਜੰਮਿਆਂ ਬਾਲਕ ਲਈ ਤਰਸ ਤੇ ਮਿਹਰ ਨਾਲ ਬਿਹਬਲ ਪਿਆਰ ਨਾਲੋਂ ਕਿਤੇ ਵਧੀਕ ਹੈ।

*ਮੈਂ ਕੁਦਰਤ ਦੀ ਖੂਬਸੂਰਤੀ ਅਤੇ ਆਪਣੀਆਂ ਜ਼ਰੂਰਤਾਂ ਅਤੇ ਸਾਰੇ ਜੀਵਨਾਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਸਾਡੇ ਸਵਰਗੀ ਪਿਤਾ ਦਾ ਸ਼ੁਕਰਗੁਜ਼ਾਰ ਹਾਂI*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਮੈਂ ਪਿਆਰ ਨਾਲ ਭਰ ਗਿਆ ਹਾਂ ਜਦੋਂ ਮੈਨੂੰ ਦਇਆ, ਸ਼ਹਿਨਸ਼ੀਲਤਾ ਅਤੇ ਰਹਿਮ ਦਾ ਅਹਿਸਾਸ ਹੋਇਆ ਜੋ ਉਸਨੇ ਮੈਨੂੰ ਆਪਣੇ ਪਿਆਰੇ ਪੁੱਤਰ ਦੀ ਦਾਤ ਵਿਚ ਦਰਸਾਇਆ ਹੈI*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਮੈਂ ਇਹ ਜਾਣ ਕੇ ਹੈਰਾਨ ਹਾਂ ਕਿ ਕਿਵੇਂ ਧਰਤੀ ਤੇ ਆਇਆ ਅਤੇ ਬਿਮਾਰਾਂ ਨੂੰ ਚੰਗਾ ਕਰਕੇ, ਅੰਨ੍ਹਿਆਂ ਨੂੰ ਅੱਖਾਂ ਦੇਕੇ, ਟੁੱਟੇ ਦਿਲ ਵਾਲਿਆਂ ਨੂੰ ਦਿਲਾਸਾ ਦੇਕੇ, ਅਤੇ ਪਾਪੀ ਮਨੁੱਖਤਾ ਨੂੰ ਛੁਟਕਾਰਾ ਦਿਵਾਉਣ ਲਈ ਆਪਣੀ ਜਾਨ ਦੇਕੇ ਆਪਣਾ ਪਿਆਰ ਦਿਖਾਇਆ ਹੈI*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਮੇਰੀ ਇੱਛਾ ਹੈ ਕਿ ਮੈਂ ਪਰਮੇਸ਼ਰ ਦੇ ਵਚਨ ਵਿਚ ਵਧੇਰੇ ਸਮਾਂ ਲਗਾਵਾਂ ਤਾਂ ਜੋ ਮੈਂ ਉਸ ਦੇ ਪਿਆਰ ਨੂੰ ਚੰਗੀ ਤਰ੍ਹਾਂ ਸਮਝ ਸਕਾਂ ਅਤੇ ਇਹ ਸਮਝ ਸਕਾਂ ਕਿ ਮੈਂ ਉਸਦਾ ਬੱਚਾ ਕਿਵੇਂ ਬਣ ਸਕਦਾ ਹਾਂI*

ਚੱਕਰ ਲਗਾਓ: ਹਾਂ ਅਨਿਸ਼ਚਿਤ



## ਪਾਠ 2
## ਪਾਪੀ ਲਈ ਯਿਸੂ ਮਸੀਹ ਦੀ ਲੋੜ

### (1) ਜੇਕਰ ਅਸੀਂ ਪਰਮੇਸ਼ਰ ਦਾ ਆਦਰ ਕਰਦੇ ਹਾਂ ਅਤੇ ਉਸ ਦੇ ਆਗਿਆਕਾਰੀ ਹਾਂ, ਤਾਂ ਕਿਹੜੀਆਂ ਵਿਸ਼ੇਸ਼ਤਾਵਾਂ ਪ੍ਰਾਪਤ ਹੁੰਦੀਆਂ ਹਨ?

*ਯਹੋਵਾਹ ਦਾ ਡਰ ਬੁੱਧ ਦਾ ਮੂਲ ਹੈ, ਜਿੰਨੇ ਉਨ੍ਹਾਂ ਨੂੰ ਪੂਰਾ ਕਰਦੇ ਹਨ ਉਨ੍ਹਾਂ ਦੀ ਸਮਝ ਚੰਗੀ ਹੈ, ਉਹ ਦੀ ਉਸਤਤ ਸਦਾ ਤੀਕ ਬਣੀ ਰਹੇਗੀ। (ਜ਼ਬੂਰ 111:10)*

ਆਦਿ ਵਿੱਚ ਮਨੁੱਖ ਨੂੰ ਨਰੋਈਆਂ ਸ਼ਕਤੀਆਂ ਤੇ ਸੰਪੂਰਨ ਦਿਲ ਦਿਮਾਗ ਦਿੱਤੇ ਗਏ ਸਨ। ਉਹ ਆਪਣੇ ਆਪ ਵਿੱਚ ਸੰਪੂਰਣ ਤੇ ਪਰਮੇਸ਼ਰ ਦੇ ਅਨੁਕੂਲ ਸੀ। ਉਸਦੇ ਵਿਚਾਰ ਪਵਿੱਤਰ ਸਨ। ਪਰ ਪਰਮੇਸ਼ਰ ਦੀ ਆਗਿਆ ਦੀ ਉਲੰਘਣਾ ਕਰਨ ਨਾਲ ਉਸਦੀਆਂ ਸਾਰੀਆਂ ਸ਼ਕਤੀਆਂ ਗੁੰਮਰਾਹ ਹੋ ਗਈਆਂ ਅਤੇ ਸਵਾਰਥ ਨੇ ਪਿਆਰ ਦੀ ਥਾਂ ਲੈ ਲਈ। ਅਪਰਾਧ ਕਰਨ ਨਾਲ ਮਨੁੱਖ ਦੀ ਫਿਤਰਤ ਬਲਹੀਨ ਹੋ ਗਈ ਅਤੇ ਉਸ ਲਈ ਆਪਣੀ ਸ਼ਕਤੀ ਦੇ ਬਲ ਨਾਲ ਸੈਤਾਨ (ਬੁਰਾਈ ) ਦਾ ਸਾਹਮਣਾ ਕਰਨਾ ਅਸੰਭਵ ਹੋ ਗਿਆ। ਸ਼ੈਤਾਨ ਨੇ ਮਨੁੱਖ ਨੂੰ ਕੈਦੀ ਬਣਾ ਲਿਆ, ਅਤੇ ਉਹ ਹਮੇਸ਼ਾ ਹੀ ਇਸੇ ਤਰ੍ਹਾਂ

ਬੰਦੀ ਰਹਿੰਦਾ ਜੇ ਪਰਮੇਸ਼ਰ ਉਸਦੀ ਸਹਾਇਤਾ ਲਈ ਵਿਸ਼ੇਸ਼ ਉਪਰਾਲਾ ਨਾ ਕਰਦਾ। ਸ਼ੈਤਾਨ ਦੀ ਨੀਅਤ ਇਹ ਸੀ ਕਿ ਮਨੁੱਖ - ਸਿਰਜਣਾਂ ਦੀ ਦੈਵੀ ਯੋਜਨਾਂ ਅਸਫਲ ਹੋ ਜਾਏ, ਅਤੇ ਸਾਰੀ ਧਰਤੀ ਤੇ ਸੰਤਾਪ ਤੇ ਵਿਨਾਸ਼ ਛਾ ਜਾਏ ਅਤੇ ਸ਼ੈਤਾਨ ਇਸ ਸਾਰੀ ਬੁਰਾਈ ਨੂੰ ਪਰਮੇਸ਼ਰ ਦੇ ਮਨੁੱਖ ਨੂੰ ਸਿਰਜਣ ਦਾ ਕਾਰਣ ਦਰਸਾ ਸਕੇ।

**(2) ਆਦਮ ਅਤੇ ਹੱਵਾਹ ਪਰਮੇਸ਼ਰ ਤੋਂ ਕਿਉਂ ਲੁਕਾ ਰਹੇ ਸਨ?**

***ਉਸਨੇ ਆਖਿਆ ਕਿ "ਤੇਰੀ ਅਵਾਜ਼ ਬਾਗ ਵਿੱਚ ਸੁਣ ਕੇ ਮੈਂ ਡਰ ਗਿਆ ਕਿਉਂਜੋ ਮੈਂ ਨੰਗਾ ਹਾਂ ਸੋ ਮੈਂ ਆਪਣੇ ਆਪ ਨੂੰ ਲੁਕਾਇਆ।" (ਉਤਪਤ 3:10)***

ਮਨੁੱਖ ਆਪਣੀ ਨਿਰਅਪਰਾਧ ਅਵਸਥਾ ਵਿੱਚ ਸਰਬ ਸ਼ਕਤੀਮਾਨ ਪਿਤਾ ਨਾਲ ਖੁਸ਼ੀ ਭਰਿਆ ਵਾਰਤਾਲਾਪ ਕਰਿਆ ਕਰਦਾ ਸੀ, "ਜਿਸਦੇ ਵਿੱਚ ਬੁੱਧ ਅਤੇ ਗਿਆਨ ਦੇ ਸਾਰੇ ਖਜ਼ਾਨੇ ਗੁਪਤ ਹਨ।" ਕੁਲੁਸੀਆਂ ਨੂੰ 2:3। ਪਰ ਪਾਪ ਦੇ ਪਰਛਾਵੇਂ ਪਿੱਛੋਂ ਮਨੁੱਖ ਨੂੰ ਪਵਿਤਰਤਾ ਵਿੱਚੋ ਕੋਈ ਅਨੰਦ ਨਾ ਆਇਆ,ਅਤੇ ਉਹ ਆਪਣੇ ਆਪ ਨੂੰ ਪਰਮੇਸ਼ਰ ਦੀ ਹਜੂਰੀ ਵਿੱਚੋ ਛੁਪਾਉਂਣ ਲੱਗ ਪਿਆ। ਅੱਜ ਵੀ ਜਿਸ ਮਨੁੱਖ ਦਾ ਹਿਰਦਾ ਪੂਰੀ ਤਰ੍ਹਾਂ ਨਿਰਮਾਣ ਤੇ ਸ਼ੁੱਧ ਨਹੀਂ ਉਸਦੀ ਹਾਲਤ ਐਸੀ ਹੀ ਹੈ। ਐਸਾ ਮਨੁੱਖ ਕਦੀ ਪਰਮੇਸ਼ਰ ਨਾਲ ਮੇਲਜੋਲ ਨਹੀਂ ਰੱਖ ਸਕਦਾ ਅਤੇ ਨਾ ਹੀ ਉਸ ਦੀ ਹਜ਼ੂਰੀ ਵਿੱਚੋਂ ਖੁਸ਼ੀ ਮਾਣ ਸਕਦਾ ਹੈ।

**(3) ਜਦੋਂ ਯਿਸੂ ਮਸੀਹ ਦੁਬਾਰਾ ਆਵੇਗਾ ਤਾਂ ਉਸਦੇ ਆਉਣ ਤੇ ਅਵਿਸ਼ਵਾਸੀਆਂ ਦੀ ਕੀ ਪ੍ਰਤੀਕਿਰਿਆ ਹੋਵੇਗੀ?**

***.ਫੇਰ ਮੈਂ ਇੱਕ ਅਵਾਜ਼ ਵਰਗੀ ਚੀਜ਼ ਸੁਣੀ। ਇਹ ਅਵਾਜ਼ ਓਥੋਂ ਆ ਰਹੀ ਸੀ ਜਿਥੇ ਚਾਰ ਸਜੀਵ ਚੀਜ਼ਾਂ ਸਨ। ਅਵਾਜ਼ ਨੇ ਆਖਿਆ, "ਇੱਕ ਦਿਨ ਦੀ ਤਨਖਾਹ ਵਜੋਂ ਇੱਕ ਚੌਥਾਈ ਕਣਕ ਦਾ ਮਾਪ। ਅਤੇ ਇੱਕ ਦਿਨ ਦੀ ਤਨਖਾਹ ਵਜੋਂ ਤਿੰਨ ਚੌਥਾਈ ਜੌਆਂ ਡਾ ਮਾਪ। ਪਰ ਤੇਲ ਅਤੇ ਮੈਨੂੰ ਬਰਬਾਦ ਨਾ ਕਰੋ। (ਪਰਕਾਸ਼ ਦੀ ਪੋਥੀ 6:16)***

ਉਹ ਪਵਿੱਤਰ ਸਵਰਗ ਦੂਤਾਂ ਦੀ ਹਾਜ਼ਰੀ ਵਿੱਚੋਂ ਕਤਰਾਏਗਾ। ਜੇਕਰ ਉਸਨੂੰ ਸਵਰਗ ਵਿੱਚ ਜਾਣ ਦੀ ਇਜਾਜ਼ਤ ਵੀ ਮਿਲ ਜਾਏ ਤਾਂ ਵੀ ਉਸਨੂੰ ਕੋਈ ਖੁਸ਼ੀ ਪ੍ਰਾਪਤ ਨਹੀਂ ਹੋਵੇਗੀ। ਜਿਸ ਬੇਗਰਜ਼ ਪਿਆਰ ਦਾ ਉੱਥੇ ਰਾਜ ਹੈ ਅਤੇ ਹਰ ਸਵਰਗੀ ਦੂਤ ਜਿਵੇਂ ਇਸ ਅਮਰ ਪਿਆਰ ਦਾ ਹੁੰਗਾਰਾ ਭਰਦਾ ਹੈ ,ਖੁਦਗਰਜ਼ ਮਨੁੱਖ ਦੇ ਦਿਲ ਦੀਆਂ ਤਾਰਾਂ ਵਿੱਚ ਉਸ ਪਿਆਰ ਨਾਲ ਟੁਣਕਾਰ ਨਹੀਂ ਆ ਸਕਦੀ। ਉਸਦੀਆਂ ਸੋਚ ਸ਼ਕਤੀਆ, ਸ਼ੌਂਕ ਤੇ ਇਰਾਦੇ ਉੱਥੇ ਦੇ ਨਿਸ਼ਕਪਟ ਤੇ ਨਿਰਪਾਪ ਵਾਸੀਆਂ ਕੋਲੋਂ ਬਿਲਕੁਲ ਵੱਖਰੇ ਹਨ। ਉਹ ਸਵਰਗੀ ਅਨੰਤ ਸੰਗੀਤ ਦੀ ਸੁਰ ਵਿੱਚ ਬੇਸੁਰਾ ਜਾਪੇਗਾ। ਸਵਰਗ ਉਸਦੇ ਲਈ ਇੱਕ ਦੁੱਖ ਤੇ ਸੰਤਾਪ ਦਾ ਕੇਂਦਰ ਹੋਏਗਾ।ਉਹ ਪਰਮੇਸ਼ਰ ਦੇ ਮਹਾਨ ਜਲਾਲ ਦੀ ਰੌਸ਼ਨੀ ਕੋਲੋਂ ਜੋ ਕਿ ਸਵਰਗ ਦਾ ਕੇਂਦਰ ਹੈ, ਛੁਪਣਾ ਚਾਹੇਗਾ।ਇਹ ਪਰਮੇਸ਼ਰ ਦਾ ਨਿਯਮ ਨਹੀਂ ਕਿ ਦੁਸ਼ਟ ਆਤਮਾਵਾਂ ਨੂੰ ਸਵਰਗਾ ਵਿੱਚੋ ਕੱਢਿਆ ਜਾਵੇ, ਪਰ ਉਹ ਆਪ ਹੀ ਆਪਣੇ ਸਵਾਰਥੀ ਇਰਾਦਿਆ ਕਰਕੇ ਪਰਮੇਸ਼ਰ ਦੀ ਹਜ਼ੂਰੀ ਵਿੱਚੋ ਦੂਰ ਭੱਜਣਾ ਚਾਹੁੰਦੀਆਂ ਹਨ। ਪਰਮੇਸ਼ਰ ਦੀ ਮਹਿਮਾ ਉਨ੍ਹਾਂ ਨੂੰ ਭਸਮ ਕਰਨ ਵਾਲੀ ਅੱਗ ਵਾਂਗੂ ਪ੍ਰਤੀਤ ਹੁੰਦੀ ਹੈ ।ਉਹ ਖੁਸ਼ੀ ਨਾਲ ਵਿਨਾਸ਼ ਦਾ ਸਵਾਗਤ ਕਰਨਗੀਆਂ ਤਾਂ ਜੋ ਉਹ ਉਸ ਨੂਰਾਨੀ ਮੁੱਖੜੇ ਕੋਲੋਂ ਛਿਪ ਸਕਣ ਜੋ ਉਨ੍ਹਾਂ ਦੀ ਮੁਕਤੀ ਲਈ ਕੁਰਬਾਨ ਹੋਇਆ ਸੀ।

## (4) ਇਕ ਪਾਪੀ ਕੋਲ ਆਪਣੇ ਦਿਲ ਨੂੰ ਸ਼ੁੱਧ ਕਰਨ ਦੀ ਯੋਗਤਾ ਕਿਉਂ ਨਹੀਂ ਹੈ?

***"ਕੌਣ ਅਸ਼ੁੱਧ ਵਿੱਚੋਂ ਸ਼ੁੱਧ ਨਿਕਾਲ ਸਕਦਾ ਹੈ। ਪਰ ਕੋਈ ਨਹੀਂ।" (ਅਯੂਬ 14:4)***

ਸਾਡੇ ਲਈ ਆਪਣੀ ਸ਼ਕਤੀ ਦੇ ਸਹਾਰੇ ਪਾਪ ਦੀ ਉਸ ਖੱਡ ਵਿੱਚੋਂ ਨਿਕਲਣਾ ਅਸੰਭਵ ਹੈ ਜਿਸ ਵਿੱਚ ਅਸੀਂ ਡਿੱਗ ਚੁੱਕੇ ਹਾਂ। ਯਿਰਮਿਯਾਹ 13:23. ਸਾਡਾ ਹਿਰਦਾ ਪਾਪੀ ਹੋ ਚੁੱਕਾ ਹੈ ਅਤੇ ਇਸਨੂੰ ਬਦਲਣਾ ਸਾਡੇ ਲਈ ਨਾ ਮੁਮਕਿਨ ਹੈ ਪਾਪੀ ਮਨ ਪਰਮੇਸ਼ਰ ਦੇ ਵਿਰੁੱਧ ਹੈ ਕਿਉਂਕਿ ਇਹ ਪਰਮੇਸ਼ਰ ਦੇ ਕਾਨੂੰਨ ਨਹੀ ਅਪਣਾਉਂਦਾ ਤੇ ਨਾ ਹੀ ਅਪਣਾ ਸਕਦਾ ਹੈ।" ਰੋਮੀਆਂ ਨੂੰ 8:7. ਪੜ੍ਹਾਈ

ਸਿੱਖਿਆ, ਸੱਭਿਅਤਾ, ਅਭਿਆਸ ਤੇ ਮਨੁੱਖੀ ਯਤਨ ਇਹਨਾਂ ਸਭਨਾ ਦਾ ਆਪਣਾ ਆਪਣਾ ਮਹੱਤਵ ਹੈ, ਪਰ ਇਹ ਸ਼ੈਤਾਨੀ ਤਾਕਤ ਦੇ ਗੁਲਾਮ ਹਿਰਦੇ ਨੂੰ ਸ਼ੈਤਾਨ ਦੀ ਗੁਲਾਮੀ ਤੋਂ ਛੁਡਾਉਣਾ ਇਨ੍ਹਾਂ ਦੀ ਤਾਕਤ ਤੋ ਬਾਹਰ ਹੈ। ਇਹ ਸਭ ਚੀਜ਼ਾਂ ਮਨੁੱਖ ਦੇ ਬਾਹਰੀ ਚਾਲ ਚਲਣ, ਚੱਜ ਅਚਾਰ ਵਿੱਚ ਤਾਂ ਸੁਧਾਰ ਕਰ ਸਕਦੀਆਂ ਹਨ ਪਰ ਪਾਪੀ ਹਿਰਦੇ ਨੂੰ ਨਿਰਮਲ ਨਹੀ ਕਰ ਸਕਦੀਆਂ।ਇਹ ਜੀਵਨ ਦੀ ਗੰਧਲੀ ਨਦੀ ਨੂੰ ਪਵਿੱਤ੍ਰ ਨਹੀ ਕਰ ਸਕਦੀਆਂ।ਇਹ ਕੰਮ ਸਿਰਫ ਅੰਤ੍ਰੀਵ ਸ਼ਕਤੀ ਹੀ ਕਰ ਸਕਦੀ ਹੈ। ਜੀਵਨ ਉੱਪਰੋ ਕਰਤਾਰ ਦੀ ਮਿਹਰ ਨਾਲ ਹੀ ਪਵਿੱਤ੍ਰ ਬਣ ਸਕਦਾ ਹੈ ਅਤੇ ਮਿਹਰ ਹੀ ਮਨੁੱਖ ਨੂੰ ਪਾਪੀ ਤੋ ਪਵਿਤ੍ਰ ਬਣਾ ਸਕਦੀ ਹੈ ।ਇਹ ਮਿਹਰ ਸ਼ਕਤੀ ਯਿਸੂ ਮਸੀਹ ਹੈ। ਉਸਦੀ ਮਿਹਰ ਨਾਲ ਮੁਰਦਾ ਜੀਵਨ ਸ਼ਕਤੀਆਂ ਵਿੱਚ ਨਵੀਂ ਜ਼ਿੰਦਗੀ ਭਰ ਜਾਂਦੀ ਹੈ ਅਤੇ ਮਨੁੱਖ ਪਰਮੇਸ਼ਰ ਵੱਲ ਖਿੱਚਿਆ ਜਾਂਦਾ ਹੈ।

**(5) ਸਾਡੇ ਜੀਵਨ ਵਿਚ ਕੀ ਹੋਣਾ ਚਾਹੀਦਾ ਹੈ ਜੋ ਸਾਨੂੰ ਪਰਮੇਸ਼ਰ ਦੇ ਰਾਜ ਵਿਚ ਜਾਣ ਲਈ ਤਿਆਰ ਕਰੇਗਾ?**

***ਯਿਸੂ ਨੇ ਕਿਹਾ, "ਜਦ ਤੱਕ ਮਨੁੱਖ ਨੂੰ ਉਪਰੋਂ ਨਵਾਂ ਜਨਮ ਨਾ ਮਿਲੇ,ਨਵਾਂ ਇਰਾਦਾ ਨਾ ਮਿਲੇ ਤਦ ਤੱਕ ਉਹ ਪਰਮੇਸ਼ਰ ਦੇ ਰਾਜ ਨੂੰ ਨਹੀ ਦੇਖ ਸਕਦਾ।" (ਯੂਹੰਨਾ 3:3)***

ਮੁਕਤੀਦਾਤਾ ਨੇ ਕਿਹਾ ਜਦ ਤੱਕ ਮਨੁੱਖ ਨੂੰ ਉਪਰੋਂ ਨਵਾਂ ਜਨਮ ਨਾ ਮਿਲੇ, ਨਵਾਂ ਇਰਾਦਾ ਨਾ ਮਿਲੇ ਤਦ ਤੱਕ ਉਹ ਪਰਮੇਸ਼ਰ ਦੇ ਰਾਜ ਨੂੰ ਨਹੀ ਦੇਖ ਸਕਦਾ ਹੈI ਇਹ ਮੁੱਢੋਂ ਤੁਰਿਆ ਆ ਰਿਹਾ ਵਿਚਾਰ ਨਿਰਮੂਲ ਹੈ ਕਿ ਮਨੁੱਖ ਦੇ ਅੰਦਰ ਹੀ ਜੋ ਚੰਗਿਆਈਆਂ ਹਨ ਉਨਾਂ ਦਾ ਹੀ ਵਿਕਾਸ ਹੋਣਾ ਜ਼ਰੂਰੀ ਹੈ। ਇਹ ਇੱਕ ਮਾਰੂ ਧੋਖਾ ਹੈ।

**(6) ਆਤਮਿਕ ਗੱਲਾਂ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ?**

***ਓਹਨਾਂ ਨੂੰ ਪਰਮੇਸ਼ੁਰ ਨੇ ਆਤਮਾ ਦੇ ਦੁਆਰਾ ਸਾਡੇ ਉੱਤੇ ਪਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ***

*ਵਸਤਾਂ ਦੀ ਸਗੋਂ ਪਰਮੇਸ਼ੁਰ ਦੀਆਂ ਡੂੰਘੀਆਂ ਵਸਤਾਂ ਦੀ ਜਾਚ ਕਰ ਲੈਂਦਾ ਹੈ। (1 ਕੁਰਿੰਥੀਆਂ 2:10)*

ਮਨੁੱਖੀ ਫਿਤਰਤ ਪਰਮੇਸ਼ਰ ਦੇ ਆਤਮਾਂ (ਸ਼ਕਤੀ ) ਦੀਆਂ ਗੱਲਾਂ ਨੂੰ ਕਬੂਲ ਨਹੀ ਕਰਦੀ ਕਿਉਂ ਜੋ ਉਹ ਉਸਦੇ ਵਿਚਾਰ ਵਿੱਚ ਮੂਰਖਤਾਈ ਹਨ, ਅਤੇ ਉਹ ਉਨ੍ਹਾਂ ਨੂੰ ਨਹੀ ਜਾਣ ਸਕਦੀ। ਕਿਉਂਕਿ ਇਨ੍ਹਾਂ ਗੱਲਾਂ ਨੂੰ ਆਤਮਕ ਸ਼ਕਤੀ ਨਾਲ ਜਾਣਿਆ ਜਾ ਸਕਦਾ ਹੈ।" 1ਕੁਰੰਥੀਆ 2:14. "ਅਚਰਜ ਨਾ ਮੰਨੀ ਜੋ ਮੈਂ ਤੈਨੂੰ ਆਖਿਆ ਭਈ ਨਵੇਂ ਸਿਰਿਉਂ ਜੰਮਣਾ ਜ਼ਰੂਰੀ ਹੈ" ਯੂਹੰਨਾ 3:7. ਯਿਸੂ ਮਸੀਹ ਬਾਰੇ ਲਿਖਿਆ ਹੈ। "ਉਸ ਵਿੱਚ ਜੀਵਨ ਸੀ ਅਤੇ ਜੀਵਨ ਇਨਸਾਨ ਦਾ ਚਾਨਣ ਸੀ" ਯੂਹੰਨਾ 1:4. "ਅਤੇ ਕਿਸੇ ਦੂਜੇ ਤੋਂ ਮੁਕਤੀ ਨਹੀ ਕਿਉਂਕਿ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀ ਦਿੱਤਾ ਗਿਆ ਜਿਸ ਤੋਂ ਸਾਨੂੰ ਮੁਕਤੀ ਮਿਲਣੀ ਹੈ। ਰਸੂਲਾਂ ਦੇ ਕਰਤਬ 4:12.

## (7) ਅਸੀਂ ਧਾਰਮਿਕਤਾ ਦੇ ਮਤਲਬ ਨੂੰ ਜਾਣਨ ਤੋਂ ਬਾਅਦ ਵੀ ਪਾਪ ਨਾਲ ਸੰਘਰਸ਼ ਕਿਉਂ ਕਰਦੇ ਰਹਿੰਦੇ ਹਾਂ?

*ਅਸੀ ਜਾਣਦੇ ਹਾਂ ਜੋ ਸ਼ਰ੍ਹਾ ਆਤਮਕ ਹੈ, ਪਰ ਮੈਂ ਸਰੀਰਕ ਸਰੀਰਕ ਹਾਂ ਅਤੇ ਪਾਪ ਦੇ ਹੱਥ ਵਿਕਿਆ ਹੋਇਆ ਹਾਂ (ਰੋਮੀਆਂ 7:14)*

ਕੇਵਲ ਇਤਨਾਂ ਹੀ ਜ਼ਰੂਰੀ ਨਹੀ ਕਿ ਪਰਮੇਸ਼ਰ ਦੀ ਪਿਆਰ ਭਰੀ ਮਿਹਰਬਾਨੀ ਨੂੰ ਮਹਿਸੂਸ ਕਰਕੇ ਉਸਦੀ ਭਲਿਆਈ ਉਪਕਾਰ ਤੇ ਪਿਤਾ ਪਿਆਰ ਦੀ ਕੋਮਲਤਾ ਭਰਿਆ ਆਚਰਣ ਹੀ ਦੇਖਿਆ ਜਾਏ।ਅਤੇ ਨਾ ਹੀ ਕੇਵਲ ਇਹ ਜ਼ਰੂਰੀ ਹੈ ਕਿ ਪਰਮੇਸ਼ਰ ਦੀ ਸਿਆਣਪ ਉਸਦੇ ਸੱਚੇ ਨਿਆਂ ਦਾ ਨਿਰਣਾ ਕੀਤਾ ਜਾਏ ਸਿਰਫ ਇਹੋ ਪਰਖਣ ਲਈ ਕੀ ਇਹ ਨਿਯਮ ਪਿਆਰ ਦੇ ਅਸੂਲਾਂ ਤੇ ਕਾਇਮ ਕੀਤਾ ਗਿਆ ਸੀ। ਪੌਲੂਸ ਪ੍ਰਚਾਰਕ ਨੇ ਜਦ ਇਹ ਡਿੱਠਾ ਤਾਂ ਪੁਕਾਰ ਉਠਿਆ, "ਸ਼ਰ੍ਹਾ ਪਵਿੱਤਰ ਹੈ,ਹੁਕਮਨਾਮਾ ਪਵਿੱਤਰ ਅਤੇ ਯਥਾਰਥ ਹੈ ਅਤੇ ਚੰਗਾ ਹੈ" ਰੋਮੀਆਂ 7:16,12.

ਉਸਦੇ ਅੰਦਰ ਪਵਿੱਤਰ ਤੇ ਨਿਰਪਾਪ ਜੀਵਨ ਲਈ ਤੜਪ ਸੀ ਜੋ ਕਿ ਉਸਦੀ ਆਪਣੀ ਸ਼ਕਤੀ ਤੋ ਬਾਹਰ ਸੀ, ਸੋ ਉਹ ਪੁਕਾਰ ਉਠਿੱਆ ਮੈ ਕਿੰਨਾ ਮੰਦਭਾਗਾ ਮਨੁੱਖ ਹਾਂ ਕੌਣ ਮੈਨੂੰ ਇਸ ਮੌਤ ਦੇ ਸਰੀਰ ਤੋ ਛੁਡਾਵੇਗਾ” ਰੋਮੀਆਂ ਨੂੰ 7:24. ਹਰ ਜੁਗ ਵਿੱਚ ਐਸੀ ਤੜਪ ਭਰੀ ਪੁਕਾਰ ਹਰ ਦੁਖੀ ਹਿਰਦੇ ਵਿੱਚੋ ਨਿਕਲ ਕੇ ਪਰਮੇਸ਼ਰ ਦੇ ਦਰ ਤੇ ਜਾਂਦੀ ਰਹੀ ਹੈ। ਇਹਨਾਂ ਸਭਨਾਂ ਲਈ ਇੱਕੋ ਹੀ ਵਸੀਲਾ ਹੈ, “ਵੇਖੋ ਪਰਮੇਸ਼ਰ ਦਾ ਲੇਲਾ (ਯਿਸੂ ਮਸੀਹ) ਜੋ ਜਗਤ ਦਾ ਪਾਪ ਚੁੱਕ ਲੈ ਜਾਦਾਂ ਹੈ।” ਯੂਹੰਨਾ 1:29

**(8) ਪਾਪੀ ਅਤੇ ਪਰਮੇਸ਼ਰ ਵਿਚਕਾਰ ਸੰਚਾਰ ਨੂੰ ਫਿਰ ਤੋਂ ਬਣਾਉਣ ਵਾਲਾ ਸਿਰਫ ਇਕ ਵਿਚੋਲਾ ਕੌਣ ਹੈ?**

***ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ। (1 ਤਿਮੋਥਿਉਸ 2:5)***

ਪਰਮੇਸ਼ਰ ਦੀ ਆਤਮਕ ਸ਼ਕਤੀ ਨੇ ਇਸ ਸਚਾਈ ਨੂੰ ਸਮਝਾਉਣ ਤੇ ਸਪਸ਼ਟ ਕਰਨ ਲਈ ਅਤੇ ਉਨ੍ਹਾਂ ਆਤਮਾਵਾਂ ਨੂੰ ਮੁਕਤ ਕਰਨ ਲਈ, ਜੋ ਕਿ ਪਾਪ ਦੇ ਭਾਰੀ ਬੋਝ ਹੇਠੋਂ ਨਿਕਲਣਾ ਚਾਹੁੰਦੀਆਂ ਹਨ, ਕਈ ਯੋਜਨਾਵਾਂ ਪ੍ਰਯੋਗ ਵਿੱਚ ਲਿਆਦੀਆਂI ਉਦਾਰਹਣ ਦੇ ਲਈ, ਇਸਹਾਕ ਨੂੰ ਧੋਖਾ ਦੇਣ ਤੋ ਬਾਦ ਪਾਪ ਕਰਕੇ ਜਦੋ ਯਾਕੂਬ ਆਪਣੇ ਪਿਤਾ ਦੇ ਘਰੋਂ ਨਿੱਕਲ ਤੁਰਿਆI ਇਕੱਲਾ, ਆਪਣੀ ਜ਼ਾਤ ਬਰਾਦਰੀ ਤੇ ਸਭ ਸੁੱਖ ਤੇ ਪਿਆਰ ਦੇਣ ਵਾਲੇ ਸਾਕਾਂ ਸਬੰਧੀਆਂ ਕੋਲੋ ਵਿਛੜ ਕੇ ਇੱਕੋ ਪ੍ਰਬਲ ਵਿਚਾਰ ਜੋ ਸਭ ਵਿਚਾਰਾਂ ਤੋ ਭਾਰੀ ਸੀ ਉਸਦੇ ਮਨ ਤੇ ਛਾ ਗਿਆ। ਇਹ ਡਰ ਕਿ ਉਸਦੇ ਪਾਪ ਨੇ ਉਸਦੇ ਪਿਤਾ ਪ੍ਰਮੇਸ਼ਵੇਰ ਕੋਲੋਂ ਵੀ ਤਾ ਨਹੀ ਵਿਛੋੜ ਦਿੱਤਾ? ਕੀ ਸਵਰਗਾਂ ਦਾ ਰਾਹ ਉਸ ਲਈ ਬੰਦ ਤਾਂ ਨਹੀ ਹੋ ਗਿਆ? ਇਹ ਉਸਦੇ ਮਨ ਵਿੱਚ ਉਸਦੇ ਪਾਪ ਪ੍ਰਤੀ ਸੱਚਾ ਪਛਤਾਵਾ ਤੇ ਪਰਮੇਸ਼ਰ ਮਿਲਾਪ ਦੀ ਸਿਕ ਸੀ ਅਤੇ ਸਿਕ ਦੇ ਹਿਰਦਿਆਂ ਨੂੰ ਪਰਮੇਸ਼ਰ ਹਮੇਸ਼ਾ ਆਪਣੇ ਨਾਲ ਮਿਲਾਉਂਦਾ ਹੈ, ਗ਼ਮਗੀਨ ਹਾਲਤ ਵਿੱਚ ਉਹ ਧਰਤੀ ਤੇ ਲੰਮਾਂ ਪੈ ਗਿਆ, ਉਸਦੇ ਆਲੇ ਦੁਆਲੇ ਇੱਕਲੇ ਪਹਾੜ

ਅਤੇ ਉੱਪਰ ਅਕਾਸ਼ (ਸਵਰਗ) ਤਾਰਿਆਂ ਨਾਲ ਭਰਪੂਰ ਲਿਸ਼ਕ ਰਿਹਾ ਸੀ।

ਜਿਉਂ ਹੀ ਉਹ ਸੁੱਤਾ ਇੱਕ ਅਜੀਬ ਰੌਸ਼ਨੀ ਉਸਦੇ ਦਿਮਾਗ ਵਿੱਚ ਪਸਰ ਗਈ। ਉਸਨੇ ਸੁਫਨੇ ਵਿੱਚ ਦੇਖਿਆ, ਜਿਸ ਮੈਦਾਨ ਉੱਤੇ ਉਹ ਸੁੱਤਾ ਸੀ ਉੱਥੋ ਵਿਸ਼ਾਲ ਤੇ ਧੁੰਦਲੀਆ ਪੌੜੀਆਂ ਸਿੱਧੀਆਂ ਸਵਰਗਾ ਤੱਕ ਜਾ ਰਹੀਆਂ ਸਨ। ਸਵਰਗਾਂ ਦੇ ਦੁਆਰ ਅੱਗੇ ਅਤੇ ਉਨ੍ਹਾਂ ਉੱਤੇ ਸਵਰਗਾਂ ਦੇ ਦੂਤ ਉੱਪਰ ਹੇਠਾਂ ਆ ਜਾ ਰਹੇ ਸਨ। ਸਵਰਗਾਂ ਦੇ ਅਨੋਖੇ ਪ੍ਰਕਾਸ਼ ਵਿੱਚੋ ਉਸਨੂੰ ਪਰਮੇਸ਼ਰ ਦੀ ਆਵਾਜ਼ ਸੁਣਾਈ ਦੇ ਰਹੀ ਸੀ ਜਿਸ ਵਿੱਚ ਆਸ਼ਾ ਤੇ ਤਸਕੀਨ ਦਾ ਸੁਨੇਹਾ ਆ ਰਿਹਾ ਸੀ। ਯਾਕੂਬ ਨੂੰ ਦਿਖਾਇਆ ਗਿਆ ਜੋ ਉਸਦੀ ਤੜਪਦੀ ਆਤਮਾ ਦੀ ਪੁਕਾਰ ਸੁਣ ਕੇ ਛੁਟਕਾਰਾ ਕਰਾ ਸਕਦਾ ਸੀ - ਮੁਕਤੀ ਦਾਤਾ (ਯਿਸੂ ਮਸੀਹ )। ਖੁਸ਼ੀ ਤੇ ਸ਼ੁਕਰ ਨਾਲ ਉਸਨੇ ਉਹ ਰਸਤਾ ਦੇਖਿਆ ਜੋ ਉਸਨੂੰ ਦਿਖਾਇਆ ਗਿਆ ਸੀ। ਜਿਸ ਰਾਹੀਂ ਇੱਕ ਪਾਪੀ ਦਾ ਮੇਲ ਫਿਰ ਪਰਮੇਸ਼ਰ ਨਾਲ ਹੋ ਸਕਦਾ ਸੀ ਉਹ ਭੇਤ ਭਰੀ ਪੌੜੀ ਜੋ ਉਸਨੇ ਸੁਫਨੇ ਵਿੱਚ ਦੇਖੀ ਸੀ ਯਿਸੂ ਮਸੀਹ ਸੀ। ਕੇਵਲ ਇੱਕੋ ਵਿਚੋਲਾ ਤੇ ਵਸੀਲਾ ਮਨੁੱਖ ਅਤੇ ਪਰਮੇਸ਼ਰ ਦੇ ਵਿਚਕਾਰ ਮਿਲਾਪ ਕਰਣ ਵਾਲਾ। [ਯੂਹੰਨਾ 1:51].

## (9) ਅਸੀਂ ਪਿਤਾ ਕੋਲ ਕਿਵੇਂ ਆ ਸਕਦੇ ਹਾਂ?

***ਯਿਸੂ ਨੇ ਉਹ ਨੂੰ ਆਖਿਆ, ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ। (ਯੂਹੰਨਾ 14:6)***

ਅਧਰਮੀ ਹੋਣ ਦੀ ਅਵਸਥਾ ਵਿੱਚ ਮਨੁੱਖ ਨੇ ਆਪਣੇ ਆਪ ਨੂੰ ਪਰਮੇਸ਼ਰ ਨਾਲੋਂ ਤੋੜ ਵਿਛੋੜ ਲਿਆ। ਪ੍ਰਿਥਵੀ ਆਕਾਸ਼ ਨਾਲੋਂ ਅਲੱਗ ਹੋ ਗਈ। ਖਾੜੀ ਦੇ ਪਾਰ ਕੋਈ ਵਾਰਤਾਲਾਪ ਨਹੀ ਸੀ ਪਹੁੰਚ ਸਕਦਾ। ਪਰ ਯਿਸੂ ਮਸੀਹ ਰਾਹੀਂ ਪ੍ਰਿਥਵੀ ਫੇਰ ਆਕਾਸ਼ ਨਾਲ ਜੁੜ ਗਈ। ਯਿਸੂ ਮਸੀਹ ਨੇ ਆਪਣੇ ਗੁਣਾ ਤੇ ਆਪਣੀ ਯੋਗਤਾ ਨਾਲ ਉਸ ਖਾੜੀ ਤੇ ਪੁਲ ਬਣਾ ਦਿੱਤਾ ਜੋ ਪਾਪ ਨੇ ਮਨੁੱਖ ਅਤੇ ਪਰਮੇਸ਼ਰ ਦੇ ਵਿਚਕਾਰ ਪੈਦਾ ਕਰ ਦਿੱਤੀ ਸੀ। ਤਾਂ ਜੋ ਸੇਵਾਦਾਰ ਦੂਰ ਮਨੁੱਖ ਨਾਲ ਵਾਰਤਾਲਾਪ ਕਰ ਸਕਣ।

ਯਿਸੂ ਮਸੀਹ ਪਾਪ ਵਿੱਚ ਦੱਬੇ ਕੁਚਲੇ ਮਨੁੱਖ ਦੀ ਕਮਜ਼ੋਰੀ ਨੂੰ ਪਰਮੇਸ਼ਰ ਦੀ ਆਪਾਰ ਸ਼ਕਤੀ ਨਾਲ ਜੋੜ ਦਿੰਦਾ ਹੈ।

## (10) ਪਾਪੀ ਮਨੁੱਖਤਾ ਦੇ ਆਪਣੇ ਆਪ ਨੂੰ ਬਚਾਉਣ ਦੇ ਸਾਰੇ ਯਤਨ ਵਿਅਰਥ ਕਿਉਂ ਹਨ?

***ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ। (ਅਫ਼ਸੀਆਂ 2:8-9)***

ਮਨੁੱਖ ਦੇ ਤਰੱਕੀ ਕਰਨ ਦੇ ਸਾਰੇ ਸੁਫਨੇ ਨਿਸ਼ਫਲ ਹਨ। ਮਨੁੱਖਤਾ ਨੂੰ ਉਠਾਉਣ ਦੇ ਸਾਰੇ ਯਤਨ ਵਿਅਰਥ ਹਨ, ਜਦ ਤੱਕ ਉਹਦੀ ਸੱਚੀ ਆਸ ਤੇ ਸਹਾਇਤਾ ਦੇ ਇੱਕੋ ਇੱਕ ਵਸੀਲੇ (ਯਿਸੂ ਮਸੀਹ) ਵਲੋਂ ਲਾਪ੍ਰਵਾਹੀ ਕਰਦਾ ਹੈ। “ਹਰੇਕ ਚੰਗਾ ਦਾਨ ਅਤੇ ਹਰ ਪੂਰਨ ਦਾਤ ਪਰਮੇਸ਼ਰ ਵੱਲੋਂ ਹੈI” ਪਰਮੇਸ਼ਰ ਤੋਂ ਵਿਛੜ ਕੇ ਕੋਈ ਵੀ ਚਰਿਤ੍ਰ ਉੱਚਾ, ਸੁੱਚਾ ਤੇ ਸ਼ਾਨਦਾਰ ਨਹੀ ਹੋ ਸਕਦਾ। ਅਤੇ ਇੱਕੋ ਰਸਤਾ ਪਰਮੇਸ਼ਰ ਤੀਕ ਲੈ ਜਾਂਦਾ ਹੈ ਉਹ ਯਿਸੂ ਮਸੀਹ ਹੈ।

## (11) ਸਵਰਗ ਤੋਂ ਸਾਡੇ ਛੁਟਕਾਰੇ ਲਈ ਕਿਹੜਾ ਮਹਾਨ ਯਤਨ ਕੀਤਾ ਗਿਆ ਹੈ?

***ਇਉਂ ਉਹ ਨੂੰ ਜਗਤ ਦੇ ਮੁੱਢੋਂ ਵਾਰ ਵਾਰ ਦੁਖ ਭੋਗਣਾ ਪੈਂਦਾ। ਪਰ ਹੁਣ ਜੁੱਗਾਂ ਦੇ ਅੰਤ ਵਿੱਚ ਉਹ ਇੱਕੋ ਵਾਰ ਪਰਗਟ ਹੋਇਆ ਹੈ ਭਈ ਆਪਣੇ ਆਪ ਦੇ ਬਲੀਦਾਨ ਕਰਨ ਨਾਲ ਪਾਪ ਨੂੰ ਦੂਰ ਕਰੇ। (ਇਬਰਾਨੀਆਂ 9:26)***

ਪਰਮੇਸ਼ਰ ਦਾ ਹਿਰਦਾ ਆਪਣੇ ਧਰਤੀ ਦੇ ਬਾਲਕਾਂ ਲਈ ਐਸੇ ਪਿਆਰ ਨਾਲ ਬਿਲਬਲ ਹੈ ਜੋ ਮੌਤ ਨਾਲੋ ਵੀ ਤਾਕਤਵਰ ਹੈ। ਆਪਣੇ ਪੁੱਤਰ ਦੀ ਕੁਰਬਾਨੀ ਦੇ ਰੂਪ ਵਿੱਚ ਪਰਮੇਸ਼ਰ ਨੇ ਸਾਰਾ ਸਵਰਗ ਸਾਡੇ ਤੇ ਨਿਛਾਵਰ ਕਰ ਦਿੱਤਾ। ਇੱਕ ਅਨਮੋਲ ਭੇਟਾ ਦੇ ਰੂਪ ਵਿੱਚ ਮੁਕਤੀ ਦਾਤੇ ਦੀ ਜ਼ਿੰਦਗੀ, ਮੌਤ ਅਤੇ ਵਿਚੋਲੇ ਦਾ ਕਾਰਜ, ਸਵਰਗੀ ਦੂਤਾਂ ਦੀ ਸੇਵਾ ਆਤਮਾ ਦੀ ਪੁਕਾਰ ਉਪਰੋਂ

ਪਰਮੇਸ਼ਰ ਦਾ ਹਰ ਕੰਮ ਵਿੱਚ ਸਹਿਯੋਗ, ਸਵਰਗੀ ਪ੍ਰਾਣੀਆਂ ਦੀ ਨਿਰੰਤਰ ਤੇ ਅਣਥੱਕ ਘਾਲਣਾ ਇਹ ਸਭ ਮਨੁੱਖ ਦੀ ਮੁਕਤੀ ਲਈ ਨੀਯਤ ਕੀਤੇ ਗਏ।

ਆਹ ਕਿਤਨੀ ਅਚੰਭਿਤ ਕੁਰਬਾਨੀ ਸਾਡੇ ਲਈ ਦਿੱਤੀ ਗਈ ਸਾਨੂੰ ਜ਼ਰਾ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਆਉ ਪਰਮੇਸ਼ਰ ਦੇ ਉਸ ਮਹਾਨ ਕਾਰਜ ਤੇ ਪਿਤਾ ਪਿਆਰ ਦੀ ਮਹਿਮਾਂ ਗਾਈਏ, ਕਿਵੇਂ ਉਸਦੇ ਹੁਕਮ ਅੰਦਰ ਸਾਰੀਆ ਸਵਰਗੀ ਸ਼ਕਤੀਆਂ ਕਠਿਨ ਘਾਲਣਾ ਤੇ ਅਣਥੱਕ ਮਿਹਨਤ ਨਾਲ ਭੁੱਲੇ ਭਟਕੇ ਮਨੁੱਖ ਨੂੰ ਫਿਰ ਹੱਕਦਾਰ ਬਣਾ ਕੇ ਪਿਤਾ ਪਰਮੇਸ਼ਰ ਦੇ ਦੁਆਰ ਤੀਕ ਪਹੁੰਚਾਣ ਵਿੱਚ ਰੁੱਝੀਆਂ ਹੋਈਆਂ ਹਨ। ਅਜਿਹੇ ਮਹਾਨ ਉਦੇਸ਼ ਤੇ ਅਜਿਹੇ ਸ਼ਕਤੀਸ਼ਾਲੀ ਉਪਰਾਲੇ ਕਦੀ ਵੀ ਕੰਮ ਵਿੱਚ ਨਹੀ ਸਨ ਲਿਆਂਦੇ ਗਏ। ਸਚਾਈ ਤੇ ਧਰਮ ਲਈ ਅਨਮੋਲ ਇਨਾਮ, ਪਿਤਾ ਪਰਮੇਸ਼ਰ ਤੇ ਉਸਦੇ ਪੁੱਤਰ ਨਾਲ ਪਿਆਰ ਭਰਿਆ ਵਾਰਤਾਲਾਪ, ਜੁਗਾਂ ਜੁਗਾਂਤਰਾਂ ਤੀਕ ਸਾਡੀਆਂ ਸਾਰੀਆ ਸ਼ਕਤੀਆ ਦੀ ਉਨੱਤੀ ਤੇ ਵਿਕਾਸ, ਕੀ ਇਹ ਸਾਰੀਆਂ ਮੇਹਰਾਂ ਜੋ ਪਰਮੇਸ਼ਰ ਸਾਡੇ ਤੇ ਵਰਸਾਉਣ ਲਈ ਤਤਪਰ ਹੈ ਪ੍ਰੇਰਣਾ ਨਹੀ ਦਿੰਦੀਆ, ਉਤਸ਼ਾਹ ਨਹੀ ਭਰਦੀਆ ਕਿ ਅਸੀ ਆਪਣੇ ਹਿਰਦੇ ਦੀ ਪੂਰੀ ਲਗਨ ਤੇ ਪਿਆਰ ਨਾਲ ਆਪਣੇ ਸਿਰਜਣਹਾਰ ਤੇ ਮੁਕਤੀਦਾਤੇ ਦੀ ਸੇਵਾ ਕਰੀਏ।

ਦੂਸਰੇ ਪਾਸੇ ਪਰਮੇਸ਼ਰ ਨੇ ਪਾਪ ਦੇ ਪ੍ਰਤੀ ਜੋ ਸਜ਼ਾ ਦਾ ਫੈਸਲਾ ਕੀਤਾ ਹੈ ਲਾ ਇਲਾਜ ਮਰਜ਼ ਦੀ ਤਰ੍ਹਾਂ ਸਾਡੇ ਚਰਿੱਤ੍ਰ ਦਾ ਪਤਨ ਅਤੇ ਅੰਤਮ ਵਿਨਾਸ਼ ਇਹ ਸਭ ਪਰਮੇਸ਼ਰ ਦੇ ਬਚਨ ਦੇ ਅਨੁਸਾਰ ਸਾਨੂੰ ਸੈਤਾਨ ਦੀ ਸੇਵਾ ਕਰਨ ਵੱਲੋਂ ਚੇਤਾਵਨੀ ਦਿਵਾਉਣ ਲਈ ਦਿੱਤਾ ਗਿਆ ਹੈ। ਕੀ ਅਸੀ ਪਰਮੇਸ਼ਰ ਦੇ ਰਹਿਮ ਦਾ ਗੁਣ ਨਾ ਗਾਈਏ? ਇਸ ਤੋ ਜ਼ਿਆਦਾ ਹੋਰ ਉਹ ਸਾਡੇ ਲਈ ਕੀ ਕਰ ਸਕਦਾ ਹੈ ਕਿ ਐਨੀ ਮਿਹਰ ਤੋਂ ਚੇਤਾਵਨੀ ਨੂੰ ਸਨਮੁੱਖ ਰੱਖਦਿਆਂ ਹੋਇਆਂ ਆਪਣਾ ਸੰਬੰਧ ਪਰਮੇਸ਼ਰ ਨਾਲ ਠੀਕ ਕਰ ਲਈਏ, ਜਿਸਨੇ ਸਾਡੇ ਤੇ ਆਪਣਾ ਅਨਮੋਲ ਪਿਆਰ ਲੁਟਾਇਆ ਅਤੇ ਲੁਟਾ ਰਿਹਾ ਹੈ। ਸਾਨੂੰ ਉਨਾਂ ਵਸੀਲਿਆਂ ਤੋਂ ਲਾਭ ਉਠਾਉਣਾ ਚਾਹੀਦਾ ਹੈ ਜੋ ਉਸਨੇ ਸਾਨੂੰ ਦਿੱਤੇ ਹਨ ਤਾਂ ਜੋ ਅਸੀ ਉਸੇ

ਅਨੁਕੂਲ ਹੋ ਕੇ ਉਸਦਾ ਸਰੂਪ ਬਣ ਸਕੀਏ,ਅਤੇ ਪਿਤਾ ਪਰਮੇਸ਼ਰ ਤੇ ਪੁੱਤਰ ਦੀ ਹਜ਼ੂਰੀ ਵਿੱਚ ਅਨੰਦਮਈ ਜੀਵਨ ਬਿਤਾ ਸਕੀਏ।

*ਮੈਂ ਹੁਣ ਸਮਝਦਾ ਹਾਂ ਕਿ ਪਰਮੇਸ਼ਰ ਨੇ ਮਨੁੱਖ ਨੂੰ ਨੇਕ ਸ਼ਕਤੀਆਂ ਨਾਲ ਅਤੇ ਆਪਣੇ ਆਪ ਦੇ ਅਨੁਕੂਲ ਬਣਾਇਆ ਸੀI ਤਾਂ ਅਸੀਂ, ਅਣਆਗਿਆਕਾਰੀ ਕਰਕੇ ਸੁਭਾਅ ਵਿਚ ਕਮਜ਼ੋਰ ਹੋ ਗਏ ਅਤੇ ਪਰਮੇਸ਼ਰ ਦੀ ਦਖਲਅੰਦਾਜ਼ੀ ਤੋਂ ਬਿਨਾਂ ਸ਼ੈਤਾਨ ਦੇ ਗੁਲਾਮ ਹਾਂ ਅਤੇ ਬੁਰਾਈ ਦਾ ਵਿਰੋਧ ਕਰਨ ਵਿਚ ਅਸਮਰੱਥ ਹਾਂI*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਮੈਨੂੰ ਅਹਿਸਾਸ ਹੋਇਆ ਹੈ ਕਿ ਇਸ ਧਰਮ-ਤਿਆਗ ਕਾਰਨ ਮਨੁੱਖ ਆਪਣੇ ਆਪ ਨੂੰ ਪਰਮੇਸ਼ਰ ਤੋਂ ਵੱਖ ਕਰ ਚੁੱਕਾ ਹੈ ਅਤੇ ਪਰਮੇਸ਼ਰ ਕੋਲ ਵਾਪਸ ਜਾਣ ਦਾ ਇਕੋ ਇਕ ਰਸਤਾ ਯਿਸੂ ਮਸੀਹ ਹੈI*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਮੈਂ ਆਪਣੀ ਲਾਚਾਰੀ ਨੂੰ ਦੇਖਦਾ ਹਾਂ ਅਤੇ ਮੁਕਤੀਦਾਤਾ ਵਜੋਂ ਯਿਸੂ ਮਸੀਹ ਦੀ ਮੇਰੀ ਬਹੁਤ ਵੱਡੀ ਜ਼ਰੂਰਤ ਨੂੰ ਮਹਿਸੂਸ ਕਰਦਾ ਹਾਂI*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਮੈਂ ਪਰਮੇਸ਼ਰ ਦੇ ਪਿਆਰ ਅਤੇ ਮੁਕਤੀ ਦੀ ਯੋਜਨਾ ਲਈ ਧੰਨਵਾਦ ਕਰਦਾ ਹਾਂI ਮੇਰੀ ਉਸ ਪੇਸ਼ਕਸ਼ ਨੂੰ ਸਵੀਕਾਰ ਕਰਨ ਦੀ ਇੱਛਾ ਹੈ ਜੋ ਉਹ ਉਦਾਰਤਾ ਨਾਲ ਦਿੰਦਾ ਹੈI*

ਚੱਕਰ ਲਗਾਓ: ਹਾਂ ਅਨਿਸ਼ਚਿਤ



## ਪਾਠ 3
## ਸਾਡੀ ਸਥਿਤੀ ਨੂੰ ਮਹਿਸੂਸ ਕਰਨਾ

### (1) ਅਸੀਂ ਪਾਪੀ ਹੋਣ ਵਜੋਂ ਪਾਪ ਤੋਂ ਸ਼ੁੱਧ ਕਿਵੇਂ ਹੋ ਸਕਦੇ ਹਾਂ?

*ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤ੍ਰ ਆਤਮਾ ਦਾ ਦਾਨ ਪਾਓਗੇ। (ਰਸੂਲਾਂ ਦੇ ਕਰਤੱਬ ਕਰਤੱਬ 2:38)*

ਕੇਵਲ ਯਿਸੂ ਮਸੀਹ ਦੇ ਆਸਰੇ ਹੀ ਅਸੀ ਪਰਮੇਸ਼ਰ ਨਾਲ ਇੱਕ ਹੋ ਸਕਦੇ ਹਾਂ, ਪਵਿਤ੍ਰਤਾ ਨਾਲ ਇੱਕ ਹੋ ਸਕਦੇ ਹਾਂ ਪਰ ਯਿਸੂ ਮਸੀਹ ਤੱਕ ਪਹੁੰਚਿਆ ਕਿਵੇ ਜਾਵੇ? ਅੱਜ ਬਹੁਤ ਸਾਰੇ ਲੋਕ ਇਹੋ ਸਵਾਲ ਪੁੱਛ ਰਹੇ ਹਨ ਜਿਵੇਂ ਉਦੋਂ ਪੰਤੇਕੁਸਤ ਦੇ ਦਿਨ ਇੱਕ ਵੱਡੀ ਭੀੜ ਪਾਪ ਦੇ ਬੋਝ ਨਾਲ ਲੱਦੀ ਪੁਕਾਰ ਉੱਠੀ ਸੀ, "ਅਸੀ ਕੀ ਕਰੀਏ? ਤੇ ਸਭ ਤੋ ਪਹਿਲਾਂ ਸ਼ਬਦ ਪਤਰਸ ਨੇ (ਯਿਸੂ ਮਸੀਹ ਦਾ ਚੇਲਾ) ਜੋ

ਉੱਤਰ ਵਿੱਚ ਕਿਹਾ ਸੀ, "ਤੌਬਾ ਕਰੋ ਆਪਣੇ ਪਾਪਾ ਦਾ ਪਛਤਾਵਾ ਕਰੋI" ਇਸ ਤੋਂ ਬਾਅਦ ਇੱਕ ਹੋਰ ਮੌਕੇ ਤੇ ਪਤਰਸਾਂ ਨੇ ਕਿਹਾ, "ਤੌਬਾ ਕਰੋ ਅਤੇ ਪਾਪਾਂ ਤੋ ਮੁੜੋ ਭਈ ਤੁਹਾਡੇ ਪਾਪ ਮਿਟਾਏ ਜਾਣ ਤਾਂ ਜੋ ਪ੍ਰਭੂ ਦੇ ਹਜ਼ੂਰੋਂ ਸੁੱਖ ਦੇ ਦਿਨ ਆਉਣ।" ਰਸੂਲਾਂ ਦੇ ਕਰਤਬ 3:19.

ਪਛਤਾਵੇ ਦਾ ਮਤਲਬ ਹੈ ਆਪਣੇ ਗੁਨਾਹਾਂ ਲਈ ਅਫਸੋਸ ਕਰਨਾ ਅਤੇ ਗੁਨਾਹਾਂ ਤੋ ਬਾਜ਼ ਆ ਜਾਣਾ। ਅਸੀ ਪਾਪ ਛੱਡ ਨਹੀ ਸਕਦੇ ਜਦ ਤੱਕ ਕਿ ਸਾਨੂੰ ਪਾਪ ਦੀ ਬੁਰਾਈ ਤੇ ਉਸਦੇ ਭਿਆਨਕ ਨਤੀਜੇ ਦੀ ਸਮਝ ਨਾ ਆ ਸਕੇ। ਜਦ ਤੱਕ ਅਸੀ ਪਾਪ ਨੂੰ ਆਪਣੇ ਦਿਲ ਤੋਂ ਦੂਰ ਨਾ ਕਰੀਏ ਤਦ ਤੱਕ ਸਾਡੇ ਵਿੱਚ ਨਵੀਂ ਰੂਹ ਨਹੀ ਭਰ ਸਕਦੀ, ਤਬਦੀਲੀ ਨਹੀ ਆ ਸਕਦੀ ਤੇ ਜ਼ਿੰਦਗੀ ਨਹੀ ਬਦਲ ਸਕਦੀ।

ਬਹੁਤ ਸਾਰੇ ਲੋਕ ਪਛਤਾਵੇ ਦਾ ਅਸਲੀ ਮੰਤਵ ਨਹੀ ਸਮਝ ਸਕਦੇ। ਅਨੇਕ ਲੋਕ ਸਮਝਦੇ ਹਨ ਕਿ ਉਨ੍ਹਾਂ ਨੇ ਪਾਪ ਕੀਤਾ ਹੈ ਅਤੇ ਇਹ ਪਾਪ ਉਨ੍ਹਾਂ ਉੱਤੇ ਦੁੱਖ ਤੇ ਸ਼ਰਾਪ ਲਿਆਏਗਾ ਇਸ ਲਈ ਉਸ ਦੇ ਨਤੀਜੇ ਤੋਂ ਡਰ ਕੇ ਬਾਹਰੀ ਸੁਧਾਰ ਕਰ ਲੈਂਦੇ ਹਨ। ਪਰ ਬਾਈਬਲ ਵਿੱਚ ਲਿਖਿਆ ਹੈ ਕਿ ਇਹ ਅਸਲੀ ਪਛਤਾਵਾ ਨਹੀਂ। ਉਹ ਪਾਪਾਂ ਤੋ ਉਪਜਾਉਣ ਵਾਲੇ ਦੁੱਖ ਤੇ ਸੰਤਾਪ ਦਾ ਅਫਸੋਸ ਕਰਦੇ ਹਨ ਪਰ ਪਾਪ ਦਾ ਨਹੀ।

ਇਹੋ ਜਿਹਾ ਹੀ ਅਫਸੋਸ ਇਸ਼ਹਾਕ ਨੇ ਕੀਤਾ ਸੀ, ਜਦੋਂ ਉਸਨੇ ਦੇਖਿਆ ਕਿ ਉਸਦਾ ਪੈਦਾਇਸ਼ੀ ਹੱਕ ਉਸ ਪਾਸੋਂ ਸਦਾ ਲਈ ਖੁੱਸ ਗਿਆ ਹੈ। ਬਾਲਾਮ (ਇੱਕ ਗੁੰਮਰਾਹ ਪੈਗੰਬਰ) ਨੇ ਜਦੋਂ ਦੂਤ ਨੂੰ ਨੰਗੀ ਤਲਵਾਰ ਫੜੀ ਰਾਹ ਵਿੱਚ ਖੜਾ ਦੇਖਿਆ ਤਾਂ ਡਰ ਕੇ ਆਪਣਾ ਅਪਰਾਧ ਮੰਨ ਲਿਆ ਕਿ ਜਾਨ ਨਾ ਚਲੀ ਜਾਏ, ਪਰ ਉਸਨੂੰ ਕੋਈ ਸੱਚਾ ਪਛਤਾਵਾ ਆਪਣੇ ਪਾਪ ਦਾ ਨਹੀ ਸੀ, ਉਸਦੇ ਗਲਤ ਇਰਾਦੇ ਵਿੱਚ ਕੋਈ ਤਬਦੀਲੀ ਨਾ ਆਈ, ਉਸਨੂੰ ਪਾਪ ਨਾਲ ਕੋਈ ਘ੍ਰਿਣਾ ਨਾ ਹੋਈ। ਯਹੂਦਾ ਇਸ਼ਕਾਰੀਅਤ (ਯਿਸੂ ਮਸੀਹ ਦਾ ਚੇਲਾ) ਨੇ ਯਿਸੂ ਮਸੀਹ ਨਾਲ ਵਿਸ਼ਵਾਸਘਾਤ ਕਰਕੇ ਉਸਨੂੰ ਫੜਾਉਣ ਤੋ ਬਾਅਦ ਕਿਹਾ ਸੀ, "ਮੈਂ ਪਾਪ ਕੀਤਾ ਹੈ ਜੋ ਨਿਰਦੋਸ਼ ਜਿੰਦ ਨੂੰ ਫੜਵਾ ਦਿੱਤਾ।" ਮਤੀ 27:4.

ਉਸਦੀ ਪਾਪੀ ਆਤਮਾ ਨੇ ਪਾਪ ਦੀ ਭਿਆਨਕ ਸਜ਼ਾ ਦੇ ਹੁਕਮ ਤੋਂ ਡਰ ਕੇ ਆਪਣਾ ਪਾਪ ਸਵੀਕਾਰ ਕਰ ਲਿਆ ਸੀ। ਯਿਸੂ ਮਸੀਹ ਨੂੰ ਫੜਵਾਉਣ ਦੇ ਭਾਰੇ ਅਪਰਾਧ ਦੇ ਨਤੀਜੇ ਤੇ ਸਜ਼ਾ ਤੋਂ ਡਰ ਕੇ ਉਸਦੀ ਆਤਮਾ ਕੰਬ ਗਈ ,ਪਰ ਉਸਦੀ ਆਤਮਾ ਨੂੰ ਡੂੰਘਾ ਦਿਲ ਤੋੜਨ ਵਾਲਾ ਸ਼ੋਕ ਜਾਂ ਦੁੱਖ ਨਹੀ ਸੀ ਕਿ ਉਸਨੇ ਪਰਮੇਸ਼ਰ ਦੇ ਨਿਰਦੋਸ਼ ਪੁੱਤਰ ਦੇ ਨਾਲ ਵਿਸ਼ਵਾਤਘਾਤ ਕੀਤਾ ਹੈ ਅਤੇ ਇਸਰਾਇਲ ਦੀ ਪਵਿੱਤਰ ਹਸਤੀ ਨੂੰ ਠੁਕਰਾਇਆ ਹੈ।

ਫਿਰਊਨ (ਮਿਸਰ ਦਾ ਰਾਜਾ) ਜਦੋ ਪਰਮੇਸ਼ਰ ਵੱਲੋਂ ਭੇਜੇ ਹੋਏ ਦੰਡ ਤੇ ਸ਼ਰਾਪ ਨਾਲ ਦੁਖੀ ਹੋ ਗਿਆ ਤਾਂ ਉਸਨੇ ਆਪਣਾ ਪਾਪ ਕਬੂਲ ਕਰ ਲਿਆ ਉਸ ਦੰਡ ਤੇ ਸਰਾਪ ਕੋਲੋਂ ਬਚਣ ਲਈ। ਪਰ ਜਿਉਂ ਹੀ ਸ਼ਰਾਪ ਮੁੱਕਿਆ ਤਾਂ ਫਿਰ ਸਵਰਗੀ ਪਰਮੇਸ਼ਰ ਦੇ ਨਿਆਂ ਦਾ ਵਿਰੋਧ ਕਰਨ ਲੱਗ ਪਿਆ, ਤੇ ਪਰਮੇਸ਼ਰ ਨੂੰ ਮੰਨਣ ਵਾਲਿਆਂ ਤੇ ਜ਼ੁਲਮ ਕਰਨ ਲੱਗ ਪਿਆ। ਇਹਨਾਂ ਸਾਰਿਆ ਦੇ ਪਾਪ ਦੇ ਨਤੀਜੇ ਤੇ ਸਜ਼ਾ ਤੋ ਡਰ ਕੇ ਪਾਪਾਂ ਦਾ ਅਫਸੋਸ ਕੀਤਾ ਪਰ ਪਾਪ ਦੇ ਵਿਰੁਧ ਇਨ੍ਹਾਂ ਨੂੰ ਕਦੀ ਘ੍ਰਿਣਾ ਨਾ ਆਈ ਨਾ ਹੀ ਅਫਸੋਸ ਹੋਇਆ।

**(2) ਇਹ ਆਇਤ ਮਸੀਹ ਬਾਰੇ ਕੀ ਦੱਸਦੀ ਹੈ ਜਿਸਨੇ ਪਵਿੱਤਰ ਆਤਮਾ ਦੁਆਰਾ ਹਨੇਰੇ ਨੂੰ ਦੂਰ ਕਰਕੇ ਆਤਮਾਵਾਂ ਦੀਆਂ ਗੁਪਤ ਥਾਵਾਂ ਨੂੰ ਪ੍ਰਗਟ ਕਰਦਾ ਹੈ?**

***ਉਹ ਸੱਚਾ ਚਾਨਣ ਜਿਹੜਾ ਹਰੇਕ ਮਨੁੱਖ ਨੂੰ ਉਜਾਲਾ ਕਰਦਾ ਹੈ ਜਗਤ ਵਿੱਚ ਆਉਣ ਵਾਲਾ ਸੀ" (ਯੂਹੰਨਾ 1:9)***

ਪਰ ਮਨ ਜਦੋ ਪਰਮੇਸ਼ਰ ਦੀ ਆਤਮਿਕ ਸ਼ਕਤੀ ਦੇ ਪ੍ਰਭਾਵ ਨਾਲ ਝੁਕ ਜਾਂਦਾ ਹੈ ਤਾਂ ਅੰਤਰ ਚੇਤਨਾ ਜਾਗ੍ਰਿਤ ਹੋ ਜਾਂਦੀ ਹੈ ,ਅਤੇ ਪਾਪੀ ਪਰਮੇਸ਼ਰ ਦੀ ਪਵਿੱਤ੍ਰਤਾ ਤੇ ਉਸਦੇ ਪਵਿੱਤਰ ਨੇਮ ਦੀ ਡੂੰਘਾਈ ਨੂੰ ਸਮਝਦਾ ਹੈ ਜਿਸ ਤੇ ਸਵਰਗ ਤੇ ਪ੍ਰਿਥਵੀ ਦਾ ਰਾਜ ਸਥਾਪਿਤ ਹੈ ਉਹ ਸੱਚਾ ਚਾਨਣ ਜਿਹੜਾ ਹਰੇਕ ਮਨੁੱਖ ਨੂੰ ਉਜਾਲਾ ਕਰਦਾ ਹੈ ਜਗਤ ਵਿੱਚ ਆਉਣ ਵਾਲਾ ਸੀ" ਉਹ ਜੋਤ ਆਤਮਾ ਦੇ ਗੁਪਤ ਸਥਾਨਾਂ ਤੇ ਚਾਨਣ ਕਰ ਦਿੰਦੀ ਹੈ ਅਤੇ ਅੰਧਕਾਰ ਵਿੱਚ ਲੁਕੀਆ ਵਸਤੂਆਂ ਨਜ਼ਰ ਦੇ ਸਾਹਮਣੇ ਆ

ਜਾਦੀਆਂ ਹਨ। ਦਿਲ ਤੇ ਦਿਮਾਗ ਵਿੱਚ ਵਿਸ਼ਵਾਸ ਦੀ ਇੱਕ ਰੌ ਚਲ ਪੈਂਦੀ ਹੈ। ਪਾਪੀ ਦੇ ਮਨ ਵਿੱਚ ਵਿੱਚ ਯਹੋਵਾਹ (ਪਰਮੇਸ਼ਰ ਦਾ ਨਾਂ) ਦੀ ਪਵਿੱਤ੍ਰਤਾ ਦਾ ਸੰਚਾਰ ਹੋ ਜਾਂਦਾ ਹੈ ਅਤੇ ਉਸਨੂੰ ਆਪਣੀ ਮਲੀਨਤਾ ਤੇ ਅਪਰਾਧਾ ਦਾ ਅਹਿਸਾਸ ਹੋ ਜਾਦਾਂ ਹੈ ਅਤੇ ਉਹ ਦਿਲਾਂ ਦੀ ਜਾਨਣ ਵਾਲੇ ਪਰਮੇਸ਼ਰ ਦੀ ਹਜ਼ੂਰੀ ਵਿੱਚ ਆਉਣ ਤੋਂ ਕੰਬਦਾ ਹੈ। ਉਹ ਵੇਖਦਾ ਹੈ ਪਰਮੇਸ਼ਰ ਦਾ ਪਿਆਰ ਪਵਿੱਤ੍ਰਤਾ ਦੀ ਖੁਸ਼ੀ ਤੇ ਸੁੰਦਰਤਾ; ਅਤੇ ਉਸਦੀ ਆਤਮਾ ਪਾਕ ਪਵਿੱਤਰ ਹੋ ਕੇ ਪ੍ਰਭੂ ਪਰਮੇਸ਼ਰ ਨਾਲ ਵਾਰਤਾਲਾਪ ਕਰਨ ਤੇ ਸਵਰਗਾਂ ਦਾ ਅਨੰਦ ਮਾਨਣ ਨੂੰ ਲੋਚ ਉੱਠਦੀ ਹੈ।

**(3) ਜੇਕਰ ਅਸੀਂ ਸੱਚਮੁੱਚ ਆਪਣੇ ਪਾਪਾਂ ਤੋਂ ਤੋਬਾ ਕਰਦੇ ਹਾਂ ਤਾਂ ਰਾਜਾ ਦਾਊਦ ਦੇ ਵਾਂਗ ਸਾਡੀ ਪ੍ਰਾਰਥਨਾ ਕੀ ਹੋਵੇਗੀ?**

***...ਹੇ ਪਰਮੇਸ਼ਰ, ਆਪਣੀ ਕਿਰਪਾ ਦੇ ਅਨੁਸਾਰ ਮੇਰੇ ਉੱਤੇ ਦਯਾ ਕਰ, ਆਪਣੀਆਂ ਰਹਮਤਾਂ ਦੀ ਰੇਲ ਪੇਲ ਅਨੁਸਾਰ ਮੇਰੇ ਅਪਰਾਧ ਮਿਟਾ ਦੇਹ! ਮੇਰੀ ਬਦੀ ਤੋਂ ਮੈਨੂੰ ਚੰਗੀ ਤਰਾਂ ਧੋ, ਅਤੇ ਮੇਰੇ ਪਾਪ ਤੋਂ ਮੈਨੂੰ ਸ਼ੁੱਧ ਕਰ, ਕਿਉਂ ਜੋ ਮੈਂ ਆਪਣੇ ਅਪਰਾਧ ਜਾਣਦਾ ਹਾਂ, ਅਤੇ ਮੇਰਾ ਪਾਪ ਸਦਾ ਮੇਰੇ ਸਾਹਮਣੇ ਹੈ। ਮੈਂ ਤੇਰਾ, ਹਾਂ, ਤੇਰਾ ਹੀ ਪਾਪ ਕੀਤਾ, ਅਤੇ ਤੇਰੀ ਨਿਗਾਹ ਵਿੱਚ ਏਹ ਬੁਰਿਆਈ ਕੀਤੀ, ਤਾਂ ਜੋ ਤੂੰ ਆਪਣੇ ਫ਼ੈਸਲੇ ਵਿੱਚ ਧਰਮੀ ਠਹਿਰੇਂ, ਅਤੇ ਆਪਣੇ ਨਿਆਉਂ ਵਿੱਚ ਤੂੰ ਸਾਫ਼ ਨਿੱਕਲੇਂ। (ਜ਼ਬੂਰ 51:1-4)***

***ਹੇ ਪਰਮੇਸ਼ਰ, ਮੇਰੇ ਲਈ ਇੱਕ ਪਾਕ ਮਨ ਉਤਪੰਨ ਕਰ, ਅਤੇ ਮੇਰੇ ਅੰਦਰ ਨਵੇਂ ਸਿਰੇ ਤੋਂ ਸਥਿਰ ਆਤਮਾ ਵੀ। (ਜ਼ਬੂਰ 51:10)***

ਪਾਪ ਵਿੱਚ ਡਿੱਗਣ ਤੋ ਬਾਅਦ ਦਾਊਦ (ਇਸਰਈਲ ਦਾ ਰਾਜਾ) ਨੇ ਜੋ ਪ੍ਰਾਥਨਾ ਕੀਤੀ ਉਹ ਸੱਚੇ ਪਛਤਾਵੇ ਦਾ ਤੱਤ ਦਰਸਾਉਂਦੀ ਹੈ ਤੇ ਪਾਪ ਲਈ ਡੂੰਘੀ ਘ੍ਰਿਣਾ। ਉਹ ਆਪਣਾ ਪਾਪ ਛੁਪਾਉਂਣਾ ਨਹੀ ਸੀ ਚਾਹੁੰਦਾ ਅਤੇ ਨਾ ਉਸਨੇ ਪਾਪ ਦੇ ਦੰਡ ਤੋ ਘਬਰਾ ਕੇ ਬਚਣ ਲਈ ਪ੍ਰਾਰਥਨਾ ਕੀਤੀ ਸੀ। ਦਾਊਦ ਨੂੰ ਆਪਣੀ ਕੁਟਿਲ ਨੀਤੀ ਦਾ ਪਤਾ

ਲੱਗ ਗਿਆ ਸੀ, ਉਸਨੂੰ ਆਪਣੀ ਆਤਮਾ ਦੀ ਭ੍ਰਿਸ਼ਟਤਾ ਨਜ਼ਰ ਆ ਗਈ ਸੀ, ਅਤੇ ਉਸਨੂੰ ਪਾਪ ਨਾਲ ਘ੍ਰਿਣਾ ਹੋ ਗਈ ਸੀ। ਉਸਨੇ ਸਿਰਫ ਮੁਆਫੀ ਵਾਸਤੇ ਹੀ ਪ੍ਰਾਰਥਨਾ ਨਹੀਂ ਸੀ ਕੀਤੀ ਸਗੋਂ ਆਤਮਾ ਦੀ ਪਵਿੱਤ੍ਰਤਾ ਲਈ ਉਸਦੀ ਪ੍ਰਾਰਥਨਾਂ ਇੱਕ ਪੁਕਾਰ ਬਣ ਕੇ ਉਸਦੇ ਦਿਲੋਂ ਨਿਕਲੀ ਸੀ, ਕਿਉਕਿ ਉਹ ਪਰਮੇਸ਼ਰ ਨਾਲੋਂ ਵਿਛੜਨਾ ਨਹੀ ਸੀ ਚਾਹੁੰਦਾ।

ਇਸ ਪ੍ਰਕਾਰ ਦਾ ਪਛਤਾਵਾ ਸਾਡੀ ਆਪਣੀ ਸ਼ਕਤੀ ਨਾਲ ਪ੍ਰਾਪਤ ਕਰਨਾ ਅਸੰਭਵ ਹੈ। ਇਹ ਸ਼ਕਤੀ ਯਿਸੂ ਮਸੀਹ ਵਲੋਂ ਹੀ ਸਾਡੇ ਅੰਦਰ ਆ ਸਕਦੀ ਹੈ ,ਉਹ ਮਸੀਹ ਜੋ ਸਵਰਗਾਂ ਵਿੱਚ ਚਲੇ ਗਏ ਹਨ, ਅਤੇ ਜਿੰਨ੍ਹਾਂ ਨੇ ਮਨੁੱਖ ਨੂੰ ਵਰਦਾਨ ਦਿੱਤੇ ਹਨ।

### (4) ਸੱਚੀ ਤੋਬਾ ਦੇ ਇਕਰਾਰ ਦਾ ਨਤੀਜਾ ਕੀ ਹੁੰਦਾ ਹੈ?

***ਧਨ ਜੈ ਉਹ ਜਿਸਦਾ ਅਪਰਾਧ ਖਿਮਾਂ ਹੋ ਗਿਆ, ਜਿਸਦਾ ਪਾਪ ਢਕਿਆ ਹੋਇਆ ਹੈ, ਜ਼ਬੂਰ 32:1***

### (5) ਪਾਪ ਦੇ ਇਕਰਾਰ ਤੋਂ ਬਾਅਦ ਕਿਹੜੇ ਕਦਮ ਹੁੰਦੇ ਹਨ?

***ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। ਮੇਰਾ ਜੂਲਾ ਆਪਣੇ ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆਂ ਜੀਆਂ ਵਿੱਚ ਅਰਾਮ ਪਾਓਗੇ। (ਮੱਤੀ 11:28-29)***

ਇੱਥੇ ਪਹੁੰਚ ਕੇ ਕਈ ਮਨੁੱਖ ਇੱਕ ਵੱਡੀ ਭੁੱਲ ਕਰ ਜਾਂਦੇ ਹਨ ਅਤੇ ਉਹ ਸਹਾਇਤਾ ਜੋ ਯਿਸੂ ਮਸੀਹ ਉਨ੍ਹਾਂ ਨੂੰ ਦੇਣਾ ਚਾਹੁੰਦੇ ਹਨ ਲੈਣ ਵਿੱਚ ਚੁੱਕ ਕਰ ਜਾਂਦੇ ਹਨ। ਉਹ ਸਮਝਦੇ ਹਨ ਜਦ ਤੱਕ ਉਹ ਆਪਣੇ ਪਾਪਾਂ ਦਾ ਪਰਾਸ਼ਚਿਤ ਨਾ ਕਰ ਲੈਣ ਅਤੇ ਉਹ ਪਰਾਸ਼ਚਿਤ ਉਨ੍ਹਾਂ ਨੂੰ ਮੁਆਫੀ ਲੈਣ ਦੀ ਪੂਰੀ ਤਿਆਰੀ ਨਾ ਕਰਾ ਦੇਵੇ ਉਹ ਯਿਸੂ ਮਸੀਹ ਕੋਲ ਨਹੀ ਆ ਸਕਦੇ। ਇਹ ਠੀਕ ਹੈ ਪਰਾਸ਼ਚਿਤ ਪਾਪ ਮੋਚਨ ਦਾ ਪਹਿਲਾ ਕਦਮ ਹੈ ਕਿਉਂਕੇ ਕੇਵਲ ਟੁੱਟਾ ਹੋਇਆ ਸੋਗੀ ਹਿਰਦਾ ਹੀ ਮੁਕਤੀਦਾਤੇ ਦੀ

ਲੋੜ ਮਹਿਸੂਸ ਕਰ ਸਕਦਾ ਹੈ। ਪਰ ਕੀ ਪਾਪੀ ਮਨੁੱਖ ਨੂੰ ਯਿਸੂ ਮਸੀਹ ਤੱਕ ਆਉਣ ਲਈ ਉਦੋਂ ਤੱਕ ਉਡੀਕ ਕਰਨੀ ਚਾਹੀਦੀ ਹੈ ਜਦ ਤੱਕ ਕਿ ਉਹ ਪੂਰਾ ਪਰਾਸ਼ਚਿਤ ਨਾ ਕਰ ਲਏ? ਕੀ ਪਰਾਸ਼ਚਿਤ ਪਾਪੀ ਤੇ ਮੁਕਤੀਦਾਤੇ ਵਿਚਕਾਰ ਇੱਕ ਰੁਕਾਵਟ ਹੈ?

ਬਾਈਬਲ ਇਹ ਨਹੀ ਸਿਖਾਉਂਦੀ ਹੈ ਕਿ ਯਿਸੂ ਮਸੀਹ ਦਾ ਸੱਦਾ ਪਰਵਾਨ ਕਰਨ ਲਈ ਪਾਪੀ ਨੂੰ ਜ਼ਰੂਰ ਪਹਿਲੋਂ ਪਰਾਸ਼ਚਿਤ ਕਰਨਾ ਚਾਹੀਦਾ ਹੈ, "ਹੇ ਸਾਰੇ ਥੱਕੇ ਹੋਇਓ ਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਉ ਤਾਂ ਮੈਂ ਤੁਹਾਨੂੰ ਆਰਾਮ ਦੇਵਾਂਗਾ।"

## (6) ਕਿਹੜੇ ਸਰੋਤ ਤੋਂ ਪਾਪ ਲਈ ਸੱਚੇ ਦੁੱਖ ਆਉਂਦਾ ਹੈ?

***...ਉਸਨੂੰ ਪਰਮੇਸ਼ਰ ਨੇ ਆਪਣੇ ਸੱਜੇ ਹੱਥ ਨਾਲ ਅਤੇ ਕਰਕੇ ਹਾਕਮ ਅਤੇ ਮੁਕਤੀਦਾਤਾ ਠਹਿਰਾਇਆ ਤਾਂ ਜੋ ਉਹ ਇਸਰਾਇਲ ਨੂੰ ਤੋਬਾ ਅਤੇ ਪਾਪਾਂ ਦੀ ਮੁਆਫੀ ਬਖਸ਼ੇ (ਰਸੂਲਾਂ ਦੇ ਕਰਤੱਬ 5:30-31)***

ਅਸਲੀਅਤ ਤਾਂ ਇਹ ਹੈ ਕਿ ਯਿਸੂ ਮਸੀਹ ਦੀ ਸ਼ਕਤੀ ਹੀ ਮਨੁੱਖ ਨੂੰ ਸੱਚਾ ਪਛਤਾਵਾ ਕਰਨ ਲਈ ਪ੍ਰੇਰ ਸਕਦੀ ਹੈ। ਪਤਰਸ ਨੇ ਇਸਰਾਇਲ ਦੇ ਲੋਕਾਂ ਨੂੰ ਉਪਦੇਸ਼ ਦੇਂਦਿਆ ਸਾਰੀ ਗੱਲ ਖੋਲ ਕੇ ਸਮਝਾ ਦਿੱਤੀ ਸੀ, "ਉਸਨੂੰ ਪਰਮੇਸ਼ਰ ਨੇ ਆਪਣੇ ਸੱਜੇ ਹੱਥ ਨਾਲ ਅਤੇ ਉੱਚਾ ਕਰਕੇ ਹਾਕਮ ਅਤੇ ਮੁਕਤੀਦਾਤਾ ਠਹਿਰਾਇਆ ਤਾਂ ਜੋ ਉਹ ਇਸਰਾਇਲ ਨੂੰ ਤੋਬਾ ਅਤੇ ਪਾਪਾਂ ਦੀ ਮੁਆਫੀ ਬਖਸ਼ੇI" ਯਿਸੂ ਮਸੀਹ ਦੀ ਆਤਮਿਕ ਸ਼ਕਤੀ ਤੋ ਬਿਨਾਂ ਸਾਡੀ ਅੰਤ੍ਰੀਵ ਚੇਤਨਾ ਜਾਗ੍ਰਿਤ ਹੋ ਕੇ ਆਪਣੇ ਪਾਪਾਂ ਦਾ ਪਛਤਾਵਾ ਕਰ ਹੀ ਨਹੀ ਸਕਦੀ ਅਤੇ ਨਾ ਹੀ ਸਾਨੂੰ ਖਿਮਾਂ ਦੀ ਬਖਸ਼ਿਸ਼ ਹੋ ਸਕਦੀ ਹੈ।

ਯਿਸੂ ਮਸੀਹ ਹਰ ਚੰਗੀ ਸ਼ਕਤੀ ਦਾ ਵਸੀਲਾ ਹੈ। ਯਿਸੂ ਮਸੀਹ ਹੀ ਸਾਡੇ ਅੰਦਰ ਪਾਪ ਪ੍ਰਤੀ ਘ੍ਰਿਣਾ ਪੈਦਾ ਕਰ ਸਕਦਾ ਹੈ। ਸਚਾਈ ਤੇ ਪਵਿੱਤ੍ਰਤਾ ਦੀ ਹਰ ਕਾਮਨਾਂ ਅਤੇ ਹਰ ਪਾਪ ਦਾ ਅਹਿਸਾਸ ਹੀ ਇਸ ਗੱਲ

ਦਾ ਸਬੂਤ ਹੈ ਕਿ ਯਿਸੂ ਮਸੀਹ ਦੀ ਸ਼ਕਤੀ ਸਾਡੇ ਅੰਦਰ ਕੰਮ ਕਰ ਰਹੀ ਹੈ।

**(7) ਕਿਸ ਨੂੰ ਪਰਮੇਸ਼ਰ ਤੋਬਾ ਅਤੇ ਮੁਕਤੀ ਦੀ ਦਾਤ ਦੀ ਪੇਸ਼ਕਸ਼ ਨਾਲ ਆਪਣੀ ਵੱਲ ਖਿੱਚਦਾ ਹੈ?**

*ਯਿਸੂ ਮਸੀਹ ਨੇ ਕਿਹਾ, "ਜੇ ਮੈਂ ਧਰਤੀ ਤੋ ਉੱਚਾ ਕੀਤਾ ਜਾਵਾਂ ਤਾਂ ਸਾਰਿਆ ਨੂੰ ਆਪਣੇ ਵੱਲ ਖਿਚਾਂਗਾ।" (ਯੂਹੰਨਾ 12:32)*

ਪਾਪੀਆ ਦੇ ਸਾਹਮਣੇ ਯਿਸੂ ਮਸੀਹ ਨੂੰ ਜਗਤ ਦੇ ਪਾਪਾਂ ਲਈ ਕੁਰਬਾਨ ਹੋਣ ਵਾਲੇ ਮੁਕਤੀ ਦਾਤੇ ਦੇ ਰੂਪ ਵਿੱਚ ਪ੍ਰਗਟ ਕਰਨਾ ਜ਼ਰੂਰੀ ਹੈ। ਅਤੇ ਜਦੋਂ ਸਾਡਾ ਅੰਤਰ ਧਿਆਨ ਸਲੀਬ ਤੇ ਟੰਗੇ ਪਰਮੇਸ਼ਰ ਦੇ ਲੇਲੇ ਵੱਲ ਜਾਂਦਾ ਹੈ ਜੋ ਕਿ ਸਾਡੇ ਪਾਪਾਂ ਲਈ ਕੋਹਿਆ ਗਿਆ, ਤਾਂ ਜੀਵਨ ਮੁਕਤੀ ਦੇ ਭੇਤ ਦੀਆਂ ਗੁੱਝੀਆਂ ਰਮਜਾਂ ਨੂੰ ਸਾਡਾ ਦਿਮਾਗ ਸੱਮਝਣ ਲਗਦਾ ਹੈ। ਅਤੇ ਪਰਮੇਸ਼ਰ ਦੀ ਕਰੁਣਾ-ਨਿਧਾਨ ਸ਼ਕਤੀ ਸਾਨੂੰ ਪਛਤਾਵੇ ਵੱਲ ਖਿੱਚ ਕੇ ਲੈ ਜਾਂਦੀ ਹੈ। ਪਾਪੀਆਂ ਵਾਸਤੇ ਜਾਨ ਦੇ ਕੇ ਯਿਸੂ ਮਸੀਹ ਨੇ ਐਸੇ ਪਿਆਰ ਦਾ ਪ੍ਰਦਰਸ਼ਨ ਕੀਤਾ ਜੋ ਸਾਡੀ ਨਿਮਾਣੀ ਸਮਝ ਤੋ ਪਰੇ ਹੈ । ਜਦੋਂ ਪਾਪੀ ਮਨੁੱਖ ਇਸ ਅਨੋਖੇ ਪਿਆਰ ਨੂੰ ਦੇਖਦਾ ਹੈ ਤਾਂ ਉਸਦਾ ਹਿਰਦਾ ਦ੍ਰਵ ਜਾਂਦਾ ਹੈ, ਕੋਮਲ ਹੋ ਜਾਂਦਾ ਹੈ ਅਤੇ ਦਿਮਾਗ ਤੇ ਗ਼ੈਬੀ ਸ਼ਕਤੀ ਪ੍ਰਭਾਵ ਪਾਉਂਦੀ ਹੈ ਅਤੇ ਆਤਮਾ ਤੇ ਪਛਤਾਵੇ ਦਾ ਡੂੰਘਾ ਸੋਗ ਛਾ ਜਾਂਦਾ ਹੈ।

ਇਹ ਸੱਚ ਹੈ ਕਿ ਕਈ ਮਨੁੱਖ ਆਪਣੇ ਪਾਪ ਦੇ ਵਿਹਾਰਾਂ ਤੋਂ ਸ਼ਰਮਿੰਦਾ ਹੋ ਕੇ ਕੁਝ ਬੁਰੀਆ ਆਦਤਾਂ ਛੱਡ ਦਿੰਦੇ ਹਨ, ਬਿਨਾਂ ਇਹ ਜਾਣਿਆਂ ਕਿ ਉਹ ਯਿਸੂ ਮਸੀਹ ਦੀ ਅੰਤਰ ਸ਼ਕਤੀ ਵੱਲ ਖਿੱਚੇ ਜਾ ਰਹੇ ਹਨ। ਪਰ ਜਦੋਂ ਵੀ ਮਨੁੱਖ ਸੱਚੀ ਲਗਨ ਨਾਲ ਕੋਸ਼ਿਸ਼ ਕਰਕੇ ਸੁਧਾਰ ਕਰਨਾ ਚਾਹੁੰਦੇ ਹਨ, ਇਹ ਯਿਸੂ ਮਸੀਹ ਦੀ ਹੀ ਸ਼ਕਤੀ ਹੁੰਦੀ ਹੈ ਜੋ ਉਨ੍ਹਾਂ ਨੂੰ ਸੱਚਾਈ ਤੋਂ ਚੰਗਿਆਈ ਵੱਲ ਅਣਜਾਣੇ ਹੀ ਖਿੱਚਦੀ ਹੈ। ਇਹ ਸ਼ਕਤੀ ਜਿਸਦਾ ਕਿ ਉਨ੍ਹਾਂ ਨੂੰ ਆਪ ਕੁਝ ਪਤਾ ਨਹੀ ਹੁੰਦਾ, ਉਨ੍ਹਾਂ ਦੀ ਆਤਮਾਂ ਦੀ ਮੈਲ ਧੋਂਦੀ ਹੈ, ਹਿਰਦਾ ਕੋਮਲ ਹੋ ਜਾਂਦਾ ਹੈ, ਅਤੇ ਬਾਹਰੀ ਜ਼ਿੰਦਗੀ ਵਿੱਚ

ਇਸਦਾ ਅਸਰ ਦਿਖਾਈ ਦੇਣ ਲੱਗ ਪੈਂਦਾ ਹੈ। ਅਤੇ ਜਦੋਂ ਯਿਸੂ ਮਸੀਹ ਦੀ ਸ਼ਕਤੀ ਉਨ੍ਹਾਂ ਨੂੰ ਸਲੀਬ ਵੱਲ ਧਿਆਨ ਦੇਣ ਲਈ ਮੋਹਿਤ ਕਰਦੀ ਹੈ ਅਤੇ ਦਿਖਾਉਂਦੀ ਹੈ ਉਨ੍ਹਾਂ ਦੇ ਪਾਪਾ ਲਈ ਉਹ ਕਿਵੇ ਘਾਇਲ ਹੋਇਆ ਸੀ, ਤਾਂ ਰੱਬੀ ਹੁਕਮ ਉਨ੍ਹਾਂ ਦੇ ਹਿਰਦੇ ਵਿੱਚ ਰੌਸ਼ਨੀ ਕਰ ਦਿੰਦਾ ਹੈ। ਅਤੇ ਇਸ ਰੌਸ਼ਨੀ ਵਿੱਚ ਉਨ੍ਹਾਂ ਨੂੰ ਆਪਣੇ ਜੀਵਣ ਦੀ ਸਾਰੀ ਦੁਸ਼ਟਤਾ ਅਤੇ ਆਤਮਾ ਤੇ ਪਏ ਡੂੰਘੇ ਪਾਪ ਦੇ ਭਾਰ ਦਾ ਗਿਆਨ ਹੋ ਜਾਂਦਾ ਹੈ। ਉਹ ਯਿਸੂ ਮਸੀਹ ਦੀ ਧਾਰਮਿਕਤਾ ਦਾ ਕੁਝ ਅੰਸ਼ ਸੱਮਝਣ ਲੱਗ ਪੈਂਦੇ ਹਨ ਤੇ ਪੁਕਾਰ ਉੱਠਦੇ ਹਨ, ਉਫ! ਇਹ ਪਾਪ ਕੀ ਚੀਜ਼ ਹੈ ਕਿ ਇਸਦੇ ਭਾਗੀ ਨੂੰ ਬਚਾਉਣ ਲਈ ਐਨੀ ਮਹਾਨ ਕੁਰਬਾਨੀ ਦੀ ਲੋੜ ਹੈ ਕਿ ਇਹ ਪ੍ਰੇਮ ਸਾਰੀਆਂ ਤਕਲੀਫਾਂ ਤੇ ਦੁੱਖ ਤੇ ਐਨੀ ਦੀਨਤਾ ਸਿਰਫ ਏਸੇ ਲਈ ਸੀ ਕਿ ਅਸੀਂ ਪਾਪੀ ਤਬਾਹੀ ਤੋਂ ਬਚ ਕੇ ਅਨੰਤ ਜੀਵਨ ਦਾ ਸੁੱਖ ਮਾਣ ਸਕੀਏ?

ਹੋ ਸਕਦਾ ਹੈ ਕਠੋਰ ਪਾਪੀ ਮਨ ਇਸ ਪਿਆਰ ਨੂੰ ਠੁਕਰਾ ਕੇ ਯਿਸੂ ਮਸੀਹ ਦੀ ਸ਼ਰਨ ਆਉਂਣ ਤੋਂ ਇਨਕਾਰ ਕਰ ਦੇਵੇ। ਪ੍ਰੰਤੂ ਜੇ ਉਹ ਨਾ ਠੁਕਰਾਏ ਤਾਂ ਜ਼ਰੂਰ ਯਿਸੂ ਮਸੀਹ ਵੱਲ ਖਿੱਚਿਆ ਜਾਏਗਾ। ਮੁਕਤੀ ਦੀ ਯੋਜਨਾ ਦਾ ਗਿਆਨ ਉਸਨੂੰ ਪਾਪਾਂ ਦਾ ਪ੍ਰਾਸ਼ਚਿਤ ਕਰਾ ਕੇ ਸਲੀਬ ਦੇ ਕਦਮਾਂ ਵਿੱਚ ਲੈ ਆਏਗਾ ਜਿਸ ਦੇ ਕਾਰਣ ਪਰਮੇਸ਼ਰ ਦੇ ਪਿਆਰੇ ਪੁੱਤਰ ਨੂੰ ਅਸਿਹ ਤੇ ਅਕਹਿ ਦੁੱਖ ਸਹਿਣੇ ਪਏ।

## (8) ਕਿੰਨਾ ਸ਼ਾਨਦਾਰ ਸੱਦਾ ਪ੍ਰਭੂ ਉਨ੍ਹਾਂ ਨੂੰ ਪੇਸ਼ ਕਰਦਾ ਹੈ ਜਿਹੜੇ ਉਸ ਤੋਂ ਜ਼ਿਆਦਾ ਪਿਆਸੇ ਹਨ ਜੋ ਸੰਸਾਰ ਦੇ ਸਕਦਾ ਹੈ?

*"ਜਿਹੜਾ ਤਿਆਗਿਆ ਹੈ ਉਹ ਆਵੇ ਜਿਹੜਾ ਚਾਹੇ ਅੰਮ੍ਰਿਤ ਜਲ ਮੁਫ਼ਤ ਲਵੇ।" (ਪ੍ਰਕਾਸ਼ ਦੀ ਪੋਥੀ 22:17) 22:17)*

ਉਹ ਦੈਵੀ ਹਿਰਦਾ ਜੋ ਕੇ ਕੁਦਰਤ ਦੀ ਹਰ ਚੀਜ਼ ਵਿੱਚ ਕੰਮ ਕੇ ਰਿਹਾ ਹੈ ਮਨੁੱਖੀ ਮਨਾਂ ਨੂੰ ਪੁਕਾਰ ਕੇ ਉਨ੍ਹਾਂ ਵਿੱਚ ਇੱਕ ਐਸੀ ਦਾਤ ਲਈ ਕਾਮਨਾ ਉਤਪੰਨ ਕਰ ਰਿਹਾ ਹੈ ਜੋ ਉਨ੍ਹਾਂ ਦੇ ਕੋਲ ਨਹੀ ਹੈ। ਦੁਨਿਆਂਵੀ ਚੀਜ਼ਾਂ ਇਹ ਕਾਮਨਾ ਪੂਰੀ ਨਹੀ ਕਰ ਸਕਦੀਆਂ ਪਰਮੇਸ਼ਰ ਦੀ

ਸਸਕਤੀ ਉਨ੍ਹਾਂ ਨੂੰ ਪੁਕਾਰ ਕੇ ਕਹਿੰਦੀ ਹੈ ਉਨ੍ਹਾਂ ਚੀਜ਼ਾਂ ਦੀ ਜਾਚਨਾਂ ਕਰੋ ਜੋ ਸ਼ਾਂਤੀ ਤੇ ਆਰਾਮ ਦੇ ਸਕਦੀਆਂ ਹਨ- ਯਿਸੂ ਮਸੀਹ ਦੀ ਮਿਹਰ ਤੇ ਪਵਿੱਤ੍ਰਤਾ ਦੀ ਖੁਸ਼ੀ। ਦੇਖੀ ਅਣਦੇਖੀ ਸ਼ਕਤੀ ਦੁਆਰਾ ਸਾਡੇ ਮੁਕਤੀ ਦਾਤਾ ਨਿਰੰਤਰ ਇਸ ਧੁਨ ਵਿੱਚ ਲੱਗੇ ਹਨ ਕਿ ਸਾਡਾ ਮਨ ਨਾ ਤ੍ਰਿਪਤ ਹੋਣ ਵਾਲੇ ਪਾਪਾਂ ਦੀ ਤ੍ਰਿਸ਼ਨਾਂ ਤੋਂ ਹਟ ਕੇ ਉਸ ਅਪਾਰ ਮਿਹਰ ਤੇ ਵਰਦਾਨ ਨੂੰ ਦੇਖੇ ਜੋ ਯਿਸੂ ਮਸੀਹ ਰਾਹੀ ਸਾਡਾ ਹੈ। ਉਨ੍ਹਾਂ ਸਾਰੀਆਂ ਆਤਮਾਵਾਂ ਨੂੰ ਜੋ ਇਸ ਜਗਤ ਦੇ ਟੁੱਟੇ ਤਲਾਵਾਂ ਵਿੱਚੋਂ ਜਲ ਪੀਣ ਲਈ ਵਿਅਰਥ ਯਤਨ ਕਰ ਰਹੀਆ ਹਨ, ਇਹ ਰੱਬੀ ਸੁਨੇਹਾ ਹੈ, "ਜਿਹੜਾ ਤਿਆਗਿਆ ਹੈ ਉਹ ਆਵੇ ਜਿਹੜਾ ਚਾਹੇ ਅੰਮ੍ਰਿਤ ਜਲ ਮੁਫ਼ਤ ਲਵੇ।" ਪ੍ਰਕਾਸ਼ ਦੀ ਪੋਥੀ 22:17.

ਜੇ ਤੁਸੀਂ ਸੱਚੇ ਦਿਲ ਨਾਲ ਉਸ ਉੱਤਮ ਵਸਤੂ ਦੀ ਭਾਲ ਵਿੱਚ ਹੋਂ ਜਿਹੜੀ ਇਹ ਜਗਤ ਨਹੀਂ ਦੇ ਸਕਦਾ ਤਾਂ ਵਿਸ਼ਵਾਸ ਕਰੋ ਕਿ ਇਹ ਇੱਛਾ ਤੁਹਾਡੇ ਮਨ ਵਿੱਚ ਪ੍ਰਮੇਸ਼ਵੇਰ ਵੱਲੋਂ ਪੈਦਾ ਹੋਈ ਹੈ। ਤੁਸੀਂ ਪ੍ਰਮਾਤਮਾ ਕੋਲੋਂ ਮੰਗੋਂ ਕਿ ਤੁਹਾਨੂੰ ਸੱਚਾ ਪਛਤਾਵਾ ਦੇਵੇ ਅਤੇ ਯਿਸੂ ਮਸੀਹ ਨੂੰ ਉਸਦੇ ਅਪਾਰ ਪ੍ਰੇਮ ਤੇ ਪਵਿੱਤ੍ਰਤਾ ਵਿੱਚ ਤੁਹਾਡੇ ਤੇ ਪ੍ਰਗਟ ਕਰੋI

**(9) ਜਦੋਂ ਅਸੀਂ ਮਸੀਹ ਦਾ ਚਰਿੱਤਰ ਦੇਖਦੇ ਹਾਂ, ਤਾਂ ਪਾਪੀ ਹੋਣ ਵਜੋਂ ਅਸੀਂ ਕੀ ਮਹਿਸੂਸ ਕਰਦੇ ਹਾਂ?**

***ਅਸੀਂ ਸਾਰੇ ਹੀ ਪਾਪ ਨਾਲ ਨਾਪਾਕ ਹਾਂ। ਸਾਡੇ ਨੇਕ ਅਮਲ ਵੀ ਪਵਿੱਤਰ ਨਹੀਂ ਹਨ ਉਹ ਖੂਨ ਨਾਲ ਭਰੇ ਗੋਦੜੇ ਵਰਗੇ ਹਨ। ਅਸੀਂ ਸਾਰੇ ਹੀ ਮੁਰਦਾ ਪਤਿਆਂ ਵ੍ਰਰਗੇ ਹਾਂ। ਸਾਡੇ ਪਾਪਾਂ ਨੇ ਸਾਨੂੰ ਹਵਾ ਵਾਂਗ ਉਡਾਇਆ ਹੈ। (ਯਸਈਆਹ 64:6)***

ਉਸ ਮੁਕਤੀ ਦਾਤੇ ਦੇ ਜੀਵਨ ਵਿੱਚ ਪਰਮੇਸ਼ਰ ਦੇ ਕਾਨੂੰਨ ਦੇ ਸਿਧਾਂਤ- ਪਰਮੇਸ਼ਰ ਤੇ ਮਨੁੱਖ ਲਈ ਪਿਆਰ- ਪੂਰਨ ਰੂਪ ਵਿੱਚ ਪ੍ਰਗਟ ਸਨ। ਉਪਕਾਰ, ਭਲਾਈ ਅਤੇ ਨਿਰਸਵਾਰਥ ਪ੍ਰੇਮ ਉਸਦੀ ਆਤਮਾਂ ਦੀ ਜਾਨ ਸਨ। ਅੱਜ ਜਦੋਂ ਅਸੀ ਆਪਣੇ ਆਪ ਨੂੰ ਉਸ

ਮੁਕਤੀ ਦਾਤੇ ਦੀ ਜਗਦੀ ਜੀਵਨ ਜੋਤ ਦੀ ਰੌਸ਼ਨੀ ਵਿੱਚ ਦੇਖਦੇ ਹਾਂ ਸਾਨੂੰ ਆਪਣੇ ਹਿਰਦੇ ਦੀ ਪਾਪਮਈ ਕਾਲਖ ਨਜ਼ਰ ਆਉਂਦੀ ਹੈ।

ਅਸੀ ਭਾਵੇਂ ਨਿਕੁਦਮੱਸ ਵਾਂਗੂੰ ਸਮਝੀਏ ਕਿ ਸਾਡਾ ਜੀਵਨ ਉੱਚਾ ਤੇ ਸੁੱਚਾ ਹੈ ਅਤੇ ਚਰਿਤ੍ਰ ਠੀਕ ਹੈ ਅਤੇ ਅਤੇ ਸਾਨੂੰ ਪਰਮੇਸ਼ਰ ਦੇ ਸਾਹਮਣੇ ਦਿਲ ਨਿਰਮਾਣ ਕਰਨ ਦੀ ਲੋੜ ਨਹੀ, ਜਿਵੇਂ ਕਿ ਹਰ ਪਾਪੀ ਮਨੁੱਖ ਸਮਝਦਾ ਹੈ। ਪਰ ਜਦੋਂ ਯਿਸੂ ਮਸੀਹ ਦੇ ਚਰਿੱਤ੍ਰ ਦੀ ਰੌਸ਼ਨੀ ਸਾਡੀ ਆਤਮਾ ਤੇ ਪੈਂਦੀ ਹੈ, ਅਤੇ ਅਸੀ ਦੇਖਦੇਂ ਹਾਂ ਕਿ ਅਸੀ ਕਿੰਨੇ ਅਪਵਿੱਤ੍ਰ ਹਾਂ ਫਿਰ ਨਿਰਨਾਂ ਹੋ ਜਾਂਦਾ ਹੈ ਕਿ ਸਾਡੇ ਅਸੂਲਾਂ ਵਿੱਚ ਕਿੰਨਾਂ ਸਵਾਰਥ ਹੈ ਅਤੇ ਪਰਮੇਸ਼ਰ ਨਾਲ ਵੈਰ ਹੈ ਜਿਸ ਕਾਰਨ ਸਾਡੇ ਜੀਵਨ ਦਾ ਹਰ ਕਾਰਜ ਭ੍ਰਿਸ਼ਟ ਹੋਇਆ ਪਿਆ ਹੈ। ਫਿਰ ਸਾਨੂੰ ਗਿਆਨ ਹੋ ਜਾਂਦਾ ਹੈ ਕਿ ਸਾਡੀ ਆਪਣੀ ਧਾਰਮਿਕਤਾ ਇੱਕ ਮੈਲੇ ਚੀਥੜੇ ਦੀ ਨਿਆਈਂ ਹੈ, ਅਤੇ ਸਿਰਫ ਯਿਸੂ ਮਸੀਹ ਦਾ ਪਵਿੱਤ੍ਰ ਲਹੂ ਹੀ ਸਾਨੂੰ ਪਾਪ ਦੀ ਗੰਦਗੀ ਵਿੱਚੋ ਧੋ ਕੇ ਸਾਫ ਕਰ ਸਕਦਾ ਹੈ। ਅਤੇ ਸਾਡੇ ਹਿਰਦੇ ਨੂੰ ਨਵੀਨਤਾ ਬਖਸ਼ ਕੇ ਉਸਦੇ ਹਿਰਦੇ ਦਾ ਰੂਪ ਦੇ ਸਕਦਾ ਹੈ।

ਪਰਮੇਸ਼ਰ ਦੇ ਪ੍ਰਤਾਪ ਦੀ ਇੱਕ ਕਿਰਣ, ਯਿਸੂ ਮਸੀਹ ਦੀ ਪਵਿੱਤ੍ਰਤਾ ਦੀ ਇੱਕ ਝਲਕ ਵੀ ਜੇ ਆਤਮਾ ਵਿੱਚ ਪ੍ਰਵੇਸ਼ ਕਰ ਜਾਏ ਤਾਂ ਪਾਪ ਦੇ ਸਭ ਧੱਬੇ ਸਾਫ਼ ਸਾਫ਼ ਨਜ਼ਰ ਆ ਜਾਂਦੇ ਹਨ, ਅਤੇ ਮਨੁੱਖ ਦੇ ਚਰਿਤ੍ਰ ਦੀਆਂ ਤਰੁਟੀਆਂ ਤੇ ਦੋਸ਼ਾਂ ਦਾ ਸਾਰਾ ਪੋਲ ਖੁਲ੍ਹ ਜਾਂਦਾ ਹੈ। ਅਪਵਿੱਤ੍ਰ, ਅਭਿਲਾਸ਼ਾ, ਹਿਰਦੇ ਦੀ ਬਦਦਿਆਨਤਦਾਰੀ ਅਤੇ ਬੁੱਲ੍ਹਾਂ ਦੀ ਅਪਵਿੱਤ੍ਰਤਾ ਸੱਪਸ਼ਟ ਹੋ ਜਾਂਦੀ ਹੈ। ਦਿਲਾਂ ਦੇ ਜਾਨਣ ਵਾਲੇ ਪਰਮੇਸ਼ਰ ਦੀ ਸ਼ਕਤੀ ਦੇ ਪ੍ਰਭਾਵ ਨਾਲ ਉਸਦੀ ਆਤਮਾਂ ਨੂੰ ਸਖਤ ਚੋਟ ਲੱਗਦੀ ਹੈ ਅਤੇ ਦੁੱਖ ਪਹੁੰਚਦਾ ਹੈ। ਜਿਉਂ ਹੀ ਉਸਦਾ ਧਿਆਨ ਯਿਸੂ ਮਸੀਹ ਦੀ ਪਵਿੱਤ੍ਰਤਾ ਤੇ ਬੇਦਾਗ ਜੀਵਨ ਵੱਲ ਜਾਂਦਾ ਹੈ ਤਾਂ ਉਸਨੂੰ ਆਪਣੇ ਆਪ ਨਾਲ ਘ੍ਰਿਣਾ ਹੋ ਜਾਂਦੀ ਹੈ।

**(10) ਜਦੋਂ ਦਾਨੀਏਲ ਨੇ ਆਪਣੇ ਚਰਿੱਤਰ ਵਿਚ ਦੋਸ਼ ਨੂੰ ਮਹਿਸੂਸ ਕੀਤਾ ਤਾਂ ਇਸਦਾ ਉਸ ਤੇ ਕੀ ਪ੍ਰਭਾਵ ਪਿਆ?**

*“ਮੇਰੇ ਵਿੱਚ ਸਾਹ ਸਤ ਨਾ ਰਿਹਾ, ਕਿਉ ਜੋ ਮੇਰਾ ਰੂਪ ਰੰਗ ਮੇਰੇ ਮੂੰਹ ਦੀ ਪਿੱਲਤਣ ਨਾਲ ਵੱਟਿਆ ਗਿਆI” (ਦਾਨੀਏਲ 10:8)*

ਜਦੋਂ ਪੈਗੰਬਰ ਦਾਨੀਏਲ ਨੇ ਉਸ ਸਵਰਗੀ ਦੂਤ ਦੇ ਪ੍ਰਕਾਸ਼ ਨੂੰ ਦੇਖਿਆ ਜੋ ਕਿ ਉਸ ਕੋਲ ਭੇਜਿਆ ਸੀ ਤਾਂ ਉਸ ਪ੍ਰਕਾਸ਼ ਦੀ ਚਮਕ ਵਿੱਚ ਉਸਨੂੰ ਆਪਣੀਆ ਕਮੀਆਂ ਤੇ ਤਰੁੱਟੀਆ ਨਜ਼ਰ ਆਈਆਂ ਅਤੇ ਉਹ ਕੰਬ ਉਠਿਆ। ਉਸਨੇ ਇਸ ਸ਼ਾਨਦਾਰ ਦ੍ਰਿਸ਼ ਦਾ ਉਪਰ ਦਿੱਤੀ ਆਇਤ ਵਿਚ ਵਰਨਣ ਕੀਤਾI ਸੋ ਜਿਸ ਆਤਮਾਂ ਨੂੰ ਇਹ ਸਪਰਸ਼ ਪ੍ਰਾਪਤ ਹੋ ਜਾਵੇਗਾ ਉਹ ਸਵਾਰਥ ਤੋਂ ਘ੍ਰਿਣਾ ਕਰੇਗੀ, ਸਵੈਪ੍ਰੇਮ ਤੋਂ ਨਫਰਤ ਕਰੇਗੀ ਅਤੇ ਯਿਸੂ ਮਸੀਹ ਦੀ ਧਾਰਮਿਕਤਾ ਦੇ ਵਸੀਲੇ ਹਿਰਦੇ ਦੀ ਪਵਿੱਤ੍ਰਤਾ ਲਈ ਤਾਂਘੇਗੀ ਜੋ ਕਿ ਪਰਮੇਸ਼ਰ ਦੇ ਨੇਮ ਅਤੇ ਯਿਸੂ ਮਸੀਹ ਦੇ ਚਰਿਤ੍ਰ ਦੇ ਅਨੁਕੂਲ ਹੈ।

**(11) ਪੌਲੁਸ ਦੀ ਤਰ੍ਹਾਂ, ਜਦੋਂ ਅਸੀਂ ਮਸੀਹ ਦੀ ਪਵਿੱਤਰਤਾ ਨੂੰ ਦੇਖਦੇ ਅਤੇ ਪਰਮੇਸ਼ਰ ਦੀ ਬਿਵਸਥਾ ਦੇ ਪਵਿੱਤਰ ਸਿਧਾਂਤਾਂ ਦੇ ਸੱਚੇ ਅਰਥਾਂ ਨੂੰ ਮਹਿਸੂਸ ਕਰਦੇ ਹਾਂ ਤਾਂ ਅਸੀਂ ਕੀ ਕਹਾਂਗੇ?**

*ਅੱਗੇ ਮੈਂ ਨੇਮ ਬਾਝੋਂ ਜਿਉਂਦਾ ਸਾਂ ਪਰ ਜਦੋਂ ਹੁਕਮਨਾਮਾ ਆਇਆ ਤਦ ਪਾਪ ਜੀ ਪਿਆ ਅਤੇ ਮੈਂ ਮਰ ਗਿਆ।” ਰੋਮੀਆਂ ਨੂੰ 7:9*

ਪੋਲੂਸ ਕਹਿੰਦਾ ਹੈ, “ਜਿੱਥੋਂ ਤੀਕ ਬਾਹਰੀ ਚਰਿੱਤ੍ਰ ਦਾ ਸਬੰਧ ਹੈ ਮੈਂ ‘ਨਿਰਦੋਸ਼’ ਸਾਂ।” ਫਿਲਿੱਪੀਆ ਨੂੰ 3:6. ਪਰ ਜਦੋਂ ਆਤਮਕ ਨਾਮ ਨਾਲ ਵਿਚਾਰਿਆ ਤਾਂ ਉਸਨੂੰ ਆਪਣਾ ਪਾਪ ਨਜ਼ਰ ਆ ਗਿਆ। ਜੇਕਰ ਪਰਮੇਸ਼ਰ ਦੇ ਨੇਮ ਦੇ ਸ਼ਬਦੀ ਅਰਥ ਲਏ ਜਾਣ ਜਿਵੇਂ ਕਿ ਹਰ ਸਾਧਾਰਣ ਮਨੁੱਖ ਉਪਰੀ ਜੀਵਨ ਦੇਖ ਕੇ ਨਿਰਣਾ ਕਰਦਾ ਹੈ ਤਾਂ ਪੋਲੂਸ ਨੇ ਆਪਣੇ ਆਪ ਨੂੰ ਨਿਰਦੋਸ਼ ਸਮਝਿਆ, ਪਰ ਜਦੋਂ ਉਸਨੇ ਨੇਮ ਦੇ ਪਵਿੱਤ੍ਰ ਅਸੂਲਾਂ ਨੂੰ ਗੰਭੀਰਤਾ ਨਾਲ ਵਿਚਾਰਿਆ ਅਤੇ ਆਪਣੇ ਆਪ ਨੂੰ ਪਰਮੇਸ਼ਰ ਦੀ ਐਨਕ ਨਾਲ ਦੇਖਿਆ ਤਾਂ ਸ਼ਰਮ ਨਾਲ ਉਸਦਾ ਸਿਰ ਝੁੱਕ ਗਿਆ ਅਤੇ ਉਸਨੇ ਆਪਣਾ ਅਧਰਮ ਸਵਿਕਾਰ ਕਰ

ਲਿਆI ਜਦੋਂ ਉਸਨੇ ਰੱਬੀ ਨੇਮ ਦੀ ਆਤਮਿਕ ਪ੍ਰਕਿਤੀ ਨੂੰ ਦੇਖਿਆ ਤਾਂ ਪਾਪ ਉਸਨੂੰ ਵਿਕਰਾਲ ਰੂਪ ਵਿੱਚ ਦਿਖਾਈ ਦਿੱਤਾ ਅਤੇ ਉਸਦਾ ਸਵੈ ਅਭਿਮਾਨ ਟੁੱਟ ਗਿਆ।

*ਮੈਂ ਸ਼ੁਕਰਗੁਜ਼ਾਰ ਹਾਂ ਕਿ ਮੈਂ ਯਿਸੂ ਕੋਲ ਆਉਣ ਅਤੇ ਉਸ ਤੋਂ ਸਿੱਖਣ ਦੇ ਸੱਦੇ ਨੂੰ ਕਬੂਲ ਕੀਤਾ ਹੈ ਤਾਂ ਜੋ ਮੈਂ ਆਪਣੀ ਆਤਮਾ ਨੂੰ ਆਰਾਮ ਦੇ ਸਕਾਂI*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਜਿਵੇਂ ਕਿ ਉਸਨੇ ਮੈਨੂੰ ਖਿੱਚਿਆ ਹੈ, ਅਤੇ ਮੈਂ ਉਸਦੇ ਵਚਨ ਵਿਚ ਉਸ ਨਾਲ ਵਧੇਰੇ ਸਮਾਂ ਬਿਤਾ ਰਿਹਾ ਹਾਂ, ਮੈਂ ਉਸਦੀ ਧਾਰਮਿਕਤਾ ਨੂੰ ਦੇਖਦਾ ਹਾਂ ਅਤੇ ਇਹ ਮਹਿਸੂਸ ਕਰਦਾ ਹਾਂ ਕਿ ਮੇਰਾ ਜੀਵਨ ਅਤੇ ਚਰਿੱਤਰ ਅਸ਼ੁੱਧ ਅਤੇ ਅਪਵਿੱਤਰ ਹੈI*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਉਹ ਹੁਣ ਮੇਰੇ ਦਿਲ ਵਿਚ ਉਸ ਵਰਗਾ ਬਣਨ ਦੀ ਇੱਛਾ ਪੈਦਾ ਕਰ ਰਿਹਾ ਹੈ ਪਰ ਮੈਨੂੰ ਅਹਿਸਾਸ ਹੈ ਕਿ ਮੈਂ ਆਪਣੇ ਆਪ ਵਿਚ ਤਬਦੀਲੀ ਕਰਨ ਲਈ ਸ਼ਕਤੀਸ਼ਾਲੀ ਨਹੀਂ ਹਾਂI*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਮੈਂ ਸ਼ੁਕਰਗੁਜ਼ਾਰ ਹਾਂ ਕਿ ਮੈਂ ਪਾਪੀ, ਬੇਸਹਾਰਾ, ਅਤੇ ਨਿਰਭਰ ਹੋਣ ਵਜੋਂ ਉਸ ਕੋਲ ਆ ਸਕਦਾ ਹਾਂ ਮੇਰੇ ਜੀਵਨ ਵਿਚ ਤਬਦੀਲੀਆਂ ਕਰਨ ਵਾਲੇ ਉਸਦੇ ਵਾਅਦੇ ਦਾ ਦਾਅਵਾ ਕਰਦਾ ਹਾਂ ਜੋ ਉਸ ਦੀ ਵਡਿਆਈ ਕਰੇਗਾI*

ਚੱਕਰ ਲਗਾਓ: ਹਾਂ ਅਨਿਸ਼ਚਿਤ

______________________________


______________________________

______________________________

______________________________

______________________________

______________________________



## ਪਾਠ 4
## ਤੋਬਾ

**(1) ਇਸ ਆਇਤ ਵਿਚ ਪਹਿਲਾ ਕਿਹੜਾ ਪਾਪ ਹੈ ਜਿਸ ਤੋਂ ਪਰਮੇਸ਼ਰ ਘਿਰਣਾ ਕਰਦਾ ਹੈ?**

***ਯਹੋਵਾਹ ਤੋਂ ਡਰਨਾ ਬਦੀ ਨੂੰ ਨਫ਼ਰਤ ਕਰਨਾ ਹੈ, ਮੈਂ ਹੰਕਾਰ, ਆਕੜ, ਬਦ, ਵਿਹਾਰ, ਅਤੇ ਦੁਸ਼ਟ ਗੱਲਾਂ ਨੂੰ ਨਫ਼ਰਤ ਕਰਦੀ ਹਾਂ। (ਅਮਸਾਲ 8:13)***

ਪਰਮੇਸ਼ਰ ਸਾਰੇ ਪਾਪ ਇੱਕੋ ਨਜ਼ਰ ਨਾਲ ਨਹੀ ਦੇਖਦਾ। ਉਸਦੀ ਨਜ਼ਰ ਵਿੱਚ ਪਾਪ ਕਈ ਪ੍ਰਕਾਰ ਦੇ ਹਨ। ਭਾਵੇਂ ਮਨੁੱਖ ਦੀ ਨਜ਼ਰ ਵਿੱਚ ਕੋਈ ਪਾਪ ਕਿੰਨਾ ਵੀ ਛੋਟਾ ਹੋਵੇ ਪਰਮੇਸ਼ਰ ਦੀ ਨਜ਼ਰ ਵਿੱਚ ਕੋਈ ਪਾਪ ਵੀ ਮਮੂਲੀ ਨਹੀ। ਮਨੁੱਖ ਦਾ ਨਿਰਣਾ ਇੱਕ ਪਾਸੜ ਤੇ ਨਾ ਮੁਕੰਮਲ ਹੁੰਦਾ ਹੈ, ਪਰ ਪਰਮੇਸ਼ਰ ਹਰ ਚੀਜ਼ ਦੀ ਅਸਲੀਅਤ ਵੱਲ ਦੇਖਦਾ ਹੈ। ਸ਼ਰਾਬੀ ਨਾਲ ਘ੍ਰਿਣਾ ਕੀਤੀ ਜਾਂਦੀ ਹੈ ਅਤੇ ਕਿਹਾ

ਜਾਂਦਾ ਹੈ ਕਿ ਉਹ ਸਵਰਗਾ ਵਿੱਚੋ ਕੱਢਿਆ ਜਾਵੇਗਾ। ਪ੍ਰੰਤੂ ਹੰਕਾਰ, ਸਵਾਰਥ ਅਤੇ ਲਾਲਚ ਦੇ ਵਿਰੁੱਧ ਕੋਈ ਵੀ ਆਵਾਜ਼ ਨਹੀ ਉਠਾਉਂਦਾ। ਇਹ ਐਸੇ ਪਾਪ ਹਨ ਜਿੰਨ੍ਹਾਂ ਤੋ ਪਰਮੇਸ਼ਰ ਨੂੰ ਸਖਤ ਨਫਰਤ ਹੈ ਕਿਉਂਕਿ ਇਹ ਪਾਪ ਐਸੇ ਹਨ ਜੋ ਕਿ ਪਰਮੇਸ਼ਰ ਦੇ ਉਦਾਰ ਚਰਿੱਤ੍ਰ -ਨਿਸਵਾਰਥ ਪਿਆਰ ਦੇ ਜੋ ਕਿ ਸਚਖੰਡ ਦਾ ਵਾਯੂ ਮੰਡਲ ਹੈ, ਦੇ ਬਿਲਕੁਲ ਉਲਟ ਹਨ। ਜਦੋਂ ਕੋਈ ਵੀ ਮਨੁੱਖ ਕਿਸੇ ਘੋਰ ਪਾਪ ਦੀ ਖੱਡ ਵਿੱਚ ਡਿੱਗ ਪੈਂਦਾ ਹੈ ਤਾਂ ਉਸਨੂੰ ਸ਼ਰਮ, ਕਮਜ਼ੋਰੀ ਤੇ ਆਪਣੀ ਲਾਚਾਰੀ ਮਹਿਸੂਸ ਹੁੰਦੀ ਹੈ, ਅਤੇ ਉਹ ਯਿਸੂ ਮਸੀਹ ਦੀ ਮਿਹਰ ਚਾਹੁੰਦਾ ਹੈ। ਪਰ ਹੰਕਾਰੀ ਮਨੁੱਖ ਨੂੰ ਕੋਈ ਲੋੜ ਮਹਿਸੂਸ ਨਹੀ ਹੁੰਦੀ ਅਤੇ ਇਹ ਹੰਕਾਰ ਉਸਦੇ ਹਿਰਦੇ ਦੇ ਕਿਵਾੜ ਯਿਸੂ ਮਸੀਹ ਦੀ ਮਿਹਰ ਦੇ ਵਰਦਾਨ ਵੱਲੋਂ ਜਿਹੜੀ ਉਹ ਦੇਣ ਆਇਆ ਸੀ, ਬੰਦ ਕਰ ਦੇਂਦਾ ਹੈ ।

**(2) ਟੈਕਸ ਲੈਣ ਵਾਲੇ ਦੀ ਤੋਬਾ ਦੀ ਤਰ੍ਹਾਂ ਸਾਡੀ ਪ੍ਰਾਰਥਨਾ ਕੀ ਹੋਣੀ ਚਾਹੀਦੀ ਹੈ?**

***ਗਰੀਬ ਟੈਕਸ ਲੈਣ ਵਾਲੇ ਨੇ ਪ੍ਰਾਰਥਨਾਂ ਕੀਤੀ ਸੀ "ਹੇ ਪਰਮੇਸ਼ਰ ਮੁਝ ਪਾਪੀ ਤੇ ਮਿਹਰ ਤੇ ਦਯਾ ਕਰ।" (ਲੂਕਾ 18:13)***

ਗਰੀਬ ਟੈਕਸ ਲੈਣ ਵਾਲੇ ਨੇ ਜਦੋਂ ਪ੍ਰਾਰਥਨਾ ਕੀਤੀ ਉਸਨੇ ਆਪ ਨੂੰ ਬਹੁਤ ਹੀ ਬੁਰਾ ਮਨੁੱਖ ਮਹਿਸੂਸ ਕੀਤਾ ਸੀ ਅਤੇ ਹੋਰ ਸਭ ਲੋਕ ਵੀ ਉਸ ਵੱਲ ਐਸੀ ਨਜ਼ਰ ਨਾਲ ਹੀ ਦੇਖਦੇ ਸਨ, ਪ੍ਰੰਤੂ ਉਸਨੂੰ ਆਪਣੀ ਕਮੀ ਮਹਿਸੂਸ ਹੋਈ ਅਤੇ ਆਪਣੇ ਪਾਪ ਤੇ ਸ਼ਰਮ ਦੇ ਭਾਰ ਹੇਠ ਦੱਬੇ ਹੋਏ ਨੇ ਪਰਮੇਸ਼ਰ ਦੇ ਦਰ ਤੇ ਆ ਕੇ ਅਰਜ਼ੋਈ ਕੀਤੀ। ਉਸਨੇ ਆਪਣੇ ਹਿਰਦੇ ਦੇ ਕਪਾਟ ਪਾਪ ਤੋਂ ਮੁਕਤ ਹੋਣ ਲਈ ਪਰਮੇਸ਼ਰ ਦੀ ਸ਼ਕਤੀ ਲਈ ਖੋਲ੍ਹ ਦਿੱਤੇ ਤਾਂ ਜੋ ਪ੍ਰਭੂ ਦੀ ਅਪਾਰ ਕ੍ਰਿਪਾ ਭਰੀ ਸ਼ਕਤੀ ਉਸਦੇ ਹਿਰਦੇ ਵਿੱਚ ਆਪਣਾ ਮਿਹਰਬਾਨ ਕੰਮ ਕਰ ਸਕੇ- ਉਸਨੂੰ ਪਾਪ ਦੀ ਬੰਦਸ਼ ਤੋਂ ਆਜ਼ਾਦ ਕਰਵਾਉਣ ਦਾ। ਪ੍ਰੰਤੂ ਫਰੀਸੀ ਦੀ ਹੰਕਾਰ ਭਰੀ ਆਪਣੀ ਧਾਰਮਿਕਤਾ ਦਾ ਦਿਖਾਵਾ ਕਰਨ ਵਾਲੀ ਪ੍ਰਾਰਥਨਾਂ ਤੋਂ ਪ੍ਰਗਟ ਸੀ ਕਿ ਉਸਦੇ ਹਿਰਦੇ ਦਾ ਕਪਟ ਪਰਮੇਸ਼ਰ ਦੀ ਸ਼ਕਤੀ ਲਈ ਬੰਦ ਸੀ। ਅਤੇ ਉਸਨੂੰ

ਪਰਮੇਸ਼ਰ ਦੀ ਪਵਿੱਤ੍ਰਤਾ ਸਾਹਮਣੇ ਆਪਣੀ ਮਲੇਛਤਾ ਦਾ ਗਿਆਨ ਨਹੀ ਸੀ। ਉਸਦੇ ਹਿਰਦੇ ਨੂੰ ਕੋਈ ਖਿੱਚ ਨਾ ਪਈ ਅਤੇ ਨਾ ਹੀ ਉਹ ਕੁਝ ਪਾ ਸਕਿਆ ਪਰਮੇਸ਼ਰ ਦੇ ਦਰ ਤੋਂ।

**(3) ਪਾਪ ਤੋਂ ਕਰਨ ਤੋਂ ਬਾਅਦ, ਅਸੀਂ ਆਪਣੇ ਯਤਨਾਂ ਨਾਲ ਆਪਣੇ ਜੀਵਨ ਵਿਚ ਪਵਿੱਤਰਤਾ ਦੇ ਫਲ ਨੂੰ ਪੈਦਾ ਕਰਨ ਦੇ ਅਯੋਗ ਕਿਉਂ ਹੁੰਦੇ ਹਾਂ?**

***ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ ਮੇਰੇ ਰਹਿੰਦਾ ਹੈ ਅਤੇ ਮੈਂ ਉਸ ਵਿੱਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ। (ਯੂਹੰਨਾ 15:5)***

ਜੇਕਰ ਤੁਹਾਨੂੰ ਆਪਣੀ ਪਾਪੀ ਅਵਸੱਥਾ ਦਾ ਗਿਆਨ ਹੋ ਜਾਏ ਤਾਂ ਆਪਣੀ ਹਿੰਮਤ ਦੇ ਬਲ ਆਪਣੇ ਆਪ ਨੂੰ ਸੁਧਾਰਣ ਦੀ ਨਿਸ਼ਫਲ ਕੋਸ਼ਿਸ਼ ਨਾ ਕਰੋ, ਕਿਤਨੇ ਹੀ ਲੋਕ ਇਹ ਸਮਝਦੇ ਹਨ ਕਿ ਆਪਣੀ ਪਾਪ ਅਵਸਥਾ ਕਾਰਨ ਯਿਸੂ ਮਸੀਹ ਦੇ ਨਜ਼ਦੀਕ ਹੋਣ ਦੇ ਯੋਗ ਨਹੀ। ਕੀ ਤੁਸੀ ਆਪਣੀਆ ਕੋਸ਼ਿਸ਼ਾਂ ਦੇ ਨਾਲ ਚੰਗਾ ਬਣਨਾਂ ਚਾਹੁੰਦੇ ਹੋਂ ਮਿਹਰ ਤੋਂ ਬਿਨਾਂ? “ਭਲਾ ਹਬਸ਼ੀ ਆਪਣੀ ਖੱਲ ਨੂੰ ਜਾਂ ਚੀਤਾ ਆਪਣੇ ਦਾਗਾਂ ਨੂੰ ਬਦਲ ਸਕਦਾ ਹੈ? ਤਾਂ ਤੂੰ ਵੀ ਭਲਿਆਈ ਕਰ ਸਕਦਾ ਹੈਂ, ਜਿਸਨੇ ਬੁਰਿਆਈ ਸਿੱਖੀ ਹੋਈ ਹੈ।” ਯਿਰਮਿਯਾਹ 13:23. ਸਾਡੇ ਲਈ ਸਹਾਇਤਾ ਕੇਵਲ ਪ੍ਰਮਾਤਮਾਂ ਵਿੱਚ ਹੀ ਹੈ। ਸਾਨੂੰ ਕਿਸੇ ਉਚੇਚੀ ਪ੍ਰੇਰਣਾਂ, ਸੁੰਦਰ ਅਵਸਰ ਜਾਂ ਪਵਿੱਤ੍ਰ ਹਿਰਦੇ ਦੀ ਉਡੀਕ ਨਹੀ ਕਰਨੀ ਚਾਹੀਦੀ। ਅਸੀਂ ਆਪਣੇ ਬਲ ਨਾਲ ਕੁਝ ਨਹੀ ਕਰ ਸਕਦੇ। ਸਾਨੂੰ ਜਿਸ ਤਰਾਂ ਦੇ ਵੀ ਅਸੀਂ ਭਲੇ ਬੁਰੇ ਹਾਂ ਉਸੇ ਹਾਲਤ ਵਿੱਚ ਯਿਸੂ ਮਸੀਹ ਦੀ ਸ਼ਰਣ ਆਉਣਾ ਚਾਹੀਦਾ ਹੈ।

**(4) ਉਸ ਧਰਮੀ ਵਿਅਕਤੀ ਉੱਤੇ ਪਾਪ ਦਾ ਕੀ ਪ੍ਰਭਾਵ ਹੁੰਦਾ ਹੈ ਜੋ ਤੋਬਾ ਕਰਨ ਦੁਆਰਾ ਧਰਮੀ ਬਣਦਾ ਹੈ ਅਤੇ ਫਿਰ ਪਰਮੇਸ਼ਰ ਤੋਂ ਦੂਰ ਹੋ ਜਾਂਦਾ ਹੈ?**

*"ਹੁਣ, ਹੋ ਸਕਦਾ ਹੈ ਕਿ ਕੋਈ ਚੰਗਾ ਬੰਦਾ ਨੇਕੀ ਛੱਡ ਦੇਵੇ। ਹੋ ਸਕਦਾ ਹੈ ਕਿ ਉਹ ਆਪਣੀ ਜ਼ਿੰਦਗੀ ਤਬਦੀਲ ਕਰ ਲੇ ਅਤੇ ਉਹ ਸਾਰੀਆਂ ਭਿਆਨਕ ਗੱਲਾਂ ਕਰਨ ਲੱਗ ਜਾਵੇ ਜਿਹੜੀਆਂ ਮੰਦੇ ਬੰਦੇ ਨੇ ਅਤੀਤ ਵਿੱਚ ਕੀਤੀਆਂ ਸਨ, (ਉਹ ਮੰਦਾ ਬੰਦਾ ਤਾਂ ਤਬਦੀਲ ਹੋ ਗਿਆ ਸੀ ਇਸ ਲਈ ਉਹ ਜਿਉਂ ਸਕਦਾ ਹੈ!) ਇਸ ਲਈ ਜੇ ਕੋਈ ਚੰਗਾ ਬੰਦਾ ਬਦਲ ਜਾਂਦਾ ਹੈ ਅਤੇ ਬਦ ਬਣ ਜਾਂਦਾ ਹੈ, ਤਾਂ ਪਰਮੇਸ਼ੁਰ ਉਸਦੇ ਕੀਤੇ ਨੇਕ ਕੰਮਾਂ ਨੂੰ ਚੇਤੇ ਨਹੀਂ ਕਰੇਗਾ। ਪਰਮੇਸ਼ੁਰ ਇਹ ਗੱਲ ਚੇਤੇ ਰੱਖੇਗਾ ਕਿ ਉਹ ਉਸਦੇ ਵਿਰੁੱਧ ਹੋ ਗਿਆ ਸੀ ਅਤੇ ਪਾਪ ਕਰਨ ਲੱਗ ਪਿਆ ਸੀ। ਇਸ ਲਈ ਉਹ ਬੰਦਾ ਅਪਣੇ ਪਾਪਾਂ ਕਾਰਣ ਮਰੇਗਾ।" (ਹਿਜ਼ ਕੀ ਐਲ 18:24)*

ਪ੍ਰੰਤੂ ਕੋਈ ਵੀ ਇਸ ਭਰਮ ਵਿੱਚ ਨਾ ਰਹੇ ਕਿ ਪਰਮੇਸ਼ਰ ਜੋ ਕਿ ਪ੍ਰੇਮ ਤੇ ਦਯਾ ਦਾ ਸਾਗਰ ਹੈ, ਉਨ੍ਹਾਂ ਨੂੰ ਜ਼ਰੂਰ ਤਾਰ ਦੇਵੇਗਾ ਜੋ ਉਸਦੀ ਮਿਹਰ ਨੂੰ ਵੀ ਠੁਕਰਾ ਰਹੇ ਹਨ। ਪਾਪ ਦੀ ਡੂੰਘਾਈ ਤੇ ਪਾਪ ਦਾ ਅੰਦਾਜ਼ਾ ਕੇਵਲ ਸਲੀਬ ਦੀ ਰੌਸ਼ਨੀ ਵਿੱਚ ਹੀ ਲਗਾਇਆ ਜਾ ਸਕਦਾ ਹੈ। ਜਦੋਂ ਮਨੁੱਖ ਇਹ ਸੋਚਦੇ ਹਨ ਕਿ ਪ੍ਰਭੂ ਅਤਿ ਦਿਆਲੂ ਹੈ ਅਤੇ ਪਾਪੀ ਨੂੰ ਨਹੀ ਤਿਆਗ ਸਕਦਾ ਤਾਂ ਉਸ ਵਕਤ ਉਨਾਂ ਨੂੰ ਸਲੀਬ ਵੱਲ ਨਜ਼ਰ ਮਾਰਨੀ ਚਾਹੀਦੀ ਹੈ। ਮਨੁੱਖਾ ਨੂੰ ਬਚਾਉਣ ਦਾ ਹੋਰ ਕੋਈ ਉਪਾਉ ਨਹੀ ਸੀ ਕਿਉਕਿ ਇਸ ਕੁਰਬਾਨੀ ਤੋਂ ਬਿਨਾਂ ਮਨੁੱਖ ਜਾਤੀ ਨੂੰ ਪਾਪ ਦੀ ਭਰਿਸ਼ਟਤਾ ਤੋਂ ਬਚਾ ਕੇ ਤੇ ਪਵਿਤ੍ਰ ਦੇਵਤਿਆਂ ਦੀ ਸੰਗਤ ਵਿੱਚ ਮਿਲਾਉਣਾ ਅਸੰਭਵ ਸੀ-ਮਨੁੱਖਾਂ ਲਈ ਫਿਰ ਉਸ ਪਾਪ ਰਹਿਤ ਰੂਹਾਨੀ ਜ਼ਿੰਦਗੀ ਵਿੱਚ ਸ਼ਾਮਲ ਹੋਣਾਂ ਅਸੰਭਵ ਸੀ। ਅਤੇ ਇਸੇ ਕਾਰਣ ਯਿਸੂ ਮਸੀਹ ਨੇ ਹੁਕਮ ਉਲੰਘਣ ਦਾ ਦੋਸ਼ ਮਨੁੱਖ ਦੀ ਜਗ੍ਹਾ ਆਪਣੇ ਸਿਰ ਤੇ ਲੈ ਕੇ ਪਾਪੀ ਦੀ ਥਾਂ ਦੁੱਖ ਭੋਗਿਆ। ਪਰਮੇਸ਼ਰ ਦੇ ਪੁੱਤਰ ਦਾ ਪਿਆਰ, ਕਠਿਨ ਘਾਲਣਾ, ਦੁੱਖ ਅਤੇ ਮੌਤ ਇਹ ਸਾਰੇ ਪਾਪ ਦੀ ਭਿਆਨਕਤਾ ਦੀ ਗਵਾਹੀ ਦਿੰਦੇ ਹਨ ਅਤੇ ਪੁਕਾਰ ਕੇ ਕਹਿੰਦੇ ਹਨ ਕਿ ਪਾਪ ਦੀ ਜਕੜ ਵਿੱਚੋਂ ਬਚਣ ਦਾ ਹੋਰ ਕੋਈ ਰਾਹ ਨਹੀ, ਕਿਸੇ ਪਵਿੱਤਰ ਜਾਂ ਉੱਚ ਜੀਵਨ ਦੀ ਹੋਰ ਕੋਈ ਆਸ਼ਾ ਨਹੀਂ- ਕੇਵਲ ਯਿਸੂ ਮਸੀਹ ਦੀ ਸ਼ਰਣ ਹੀ ਇੱਕ ਰਾਹ ਹੈ, ਜਦੋਂ ਤੱਕ ਆਤਮਾ

ਅਧੀਨਗੀ ਨਾਲ ਇਸ ਰਾਹ ਤੇ ਨਾ ਆਏ ਹੋਰ ਸਭ ਰਾਹ ਨਿਸ਼ਫਲ ਹਨ।

## (5) ਸਾਨੂੰ ਕਿਸ ਦੀ ਉਦਾਹਰਣ ਦਾ ਪਿੱਛਾ ਕਰਨ ਲਈ ਕਿਹਾ ਗਿਆ ਹੈ?

***ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ ਦੁਖ ਝੱਲ ਕੇ ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ। (1 ਪਤਰਸ 2:21)***

ਪਸ਼ਚਾਤਾਪ ਰਹਤ ਲੋਕ ਮਸੀਹੀ ਲੋਕਾਂ ਦੀ ਉਦਾਹਰਣ ਦੇ ਕੇ ਕਹਿੰਦੇਂ ਹਨ “ਮੈਂ ਵੀ ਉਨ੍ਹਾਂ ਵਾਂਗ ਹੀ ਚੰਗਾ ਹਾਂ ਉਹ ਵੀ ਮੇਰੇ ਨਾਲੋ ਵੱਧ ਆਤਮਾ ਤਿਆਗੀ, ਸੰਜੀਦਗੀ ਵਾਲੇ, ਜਾਂ ਕਾਰ ਵਿਹਾਰ ਵਿੱਚ ਮੇਰੇ ਕੋਲੋ ਉੱਚੀ ਪਧੱਰ ਤੇ ਨਹੀ। ਉਹ ਵੀ ਰੰਗ ਤਮਾਸ਼ੇ ਭੋਗ ਵਿਲਾਸ ਮੇਰੀ ਤਰ੍ਹਾਂ ਹੀ ਪਸੰਦ ਕਰਦੇ ਹਨ। ਇਸ ਤਰ੍ਹਾਂ ਉਹ ਦੂਸਰੇ ਦੇ ਦੋਸ਼ਾਂ ਹੇਠਾਂ ਆਪਣੇ ਕਰਤੱਵ ਦੀ ਗਿਰਾਵਟ ਛਿਪਾਉਣਾ ਚਾਹੁੰਦੇ ਹਨ। ਕਿਉਕਿ ਪਰਮੇਸ਼ਰ ਨੇ ਸਾਨੂੰ ਗ਼ਲਤੀ ਕਰਣ ਵਾਲੇ ਮਨੁੱਖ ਦਾ ਨਮੂੰਨਾ ਨਹੀ ਦਿੱਤਾ। ਪਰਮੇਸ਼ਰ ਦਾ ਬੇਦਾਗ਼ ਪੁੱਤਰ ਸਾਡੇ ਆਦਰਸ਼ ਦਾ ਨਿਸ਼ਾਨਾ ਹੈ, ਅਤੇ ਉਹ ਲੋਕ ਜੋ ਮਸੀਹੀ ਲੋਕਾਂ ਦੀਆ ਗਲਤੀਆਂ ਤੇ ਵਿਚਾਰ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਉਹ ਆਪ ਉਤਮ-ਜੀਵਨ ਉੱਚ ਵਿਚਾਰਾਂ ਦਾ ਉਦਾਹਰਣ ਪੇਸ਼ ਕਰਨ। ਜੇ ਮਸੀਹੀ ਲੋਕਾਂ ਬਾਰੇ ਉਨ੍ਹਾਂ ਦੀ ਐਸੀ ਹੀ ਭਾਵਨਾਂ ਹੈ ਤਾਂ ਉਨ੍ਹਾਂ ਨੂੰ ਆਪ ਸੁੱਚੇ ਜੀਵਨ ਤੇ ਉੱਚ ਆਦਰਸ਼ ਦੀ ਮਿਸਾਲ ਕਾਇਮ ਕਰਨੀ ਚਾਹੀਦੀ ਹੈ। ਜੇਕਰ ਮਸੀਹੀ ਲੋਕਾਂ ਬਾਰੇ ਉਨ੍ਹਾਂ ਦੀ ਐਸੀ ਧਾਰਣਾ ਹੈ ਕਿ ਮਸੀਹੀ ਲੋਕਾਂ ਨੂੰ ਬਹੁਤ ਉੱਚ ਆਦਰਸ਼ ਵਾਲੇ ਹੋਣਾ ਚਾਹੀਦਾ ਹੈ। ਤਾਂ ਕੀ ਉਨ੍ਹਾਂ ਨੂੰ ਆਪਣਾਂ ਪਾਪ ਇਸ ਤੋਂ ਵੀ ਵੱਡਾ ਨਹੀ ਦਿੱਸਦਾ? ਜਿਹੜੇ ਜਾਣਦੇ ਹਨ ਸਚਾਈ ਦਾ ਠੀਕ ਰਸਤਾ ਕੀ ਹੈ ਪਰ ਉਸ ਉੱਤੇ ਤੁਰਨਾ ਨਹੀ ਚਾਹੁੰਦੇ।

## (6) ਪਵਿੱਤਰ ਆਤਮਾ ਦੀ ਆਵਾਜ਼ ਨੂੰ ਅਣਗੌਲਿਆ ਕਰਨ ਅਤੇ ਪਾਪ ਨੂੰ ਖ਼ਤਮ ਕਰਨ ਤੋਂ ਰੋਕਣ ਦਾ ਖਤਰਨਾਕ ਨਤੀਜਾ ਕੀ ਹੈ?

*ਇਮਾਨਦਾਰ ਲੋਕਾਂ ਦੀ ਇਮਾਨਦਾਰੀ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੀ ਹੈ, ਪਰ ਧੋਖੇਬਾਜ਼ਾਂ ਦੀ ਘ੍ਰਿਣਾ ਉਨ੍ਹਾਂ ਨੂੰ ਨੂੰ ਤਬਾਹ ਕਰ ਦਿੰਦੀ ਹੈ। ਇਮਾਨਦਾਰ ਲੋਕਾਂ ਦੀ ਨੇਕੀ ਉਨ੍ਹਾਂ ਦੇ ਰਾਹਾਂ ਨੂੰ ਸਿਖਿਆ ਬ੍ਬਣਾਉਂਦੀ ਹੈ, ਪਰ ਇੱਕ ਦੁਸ਼ਟ ਆਦਮੀ ਦੀ ਦੁਸ਼ਟਤਾ ਉਸਦੇ ਪਤਨ ਦਾ ਕਾਰਣ ਬਣਦੀ ਹੈ। (ਅਮਸਾਲ 11:3, 5)*

ਸ਼ੁਭ ਕੰਮ ਕਰਨ ਵਿੱਚ ਟਾਲਮਟੋਲ ਨਾ ਕਰਦੇ ਰਹੋ। ਪਾਪਾਂ ਤੋਂ ਮੁਕਤ ਹੋਣ ਅਤੇ ਯਿਸੂ ਮਸੀਹ ਦੇ ਸਹਾਰੇ ਹਿਰਦੇ ਦੀ ਪਵਿੱਤ੍ਰਤਾ ਹਾਸਿਲ ਕਰਨ ਲਈ ਦੇਰੀ ਨਾ ਕਰੋ।ਇਹ ਹੀ ਉਹ ਇੱਕ ਨੁੱਕਤਾ ਹੈ ਜਿੱਥੇ ਹਜ਼ਾਰਾਂ ਲੋਕ ਭੁੱਲ ਕਰਕੇ ਅਨੰਤ ਜੀਵਨ ਗੁਆ ਬੈਠਦੇ ਹਨ। ਮੈਂ ਇੱਥੇ ਛੋਟੀ ਤੇ ਨਾ ਸਥਿਰ ਰਹਿਣ ਵਾਲੀ ਜ਼ਿੰਦਗੀ ਦੀ ਆਲੋਚਨਾ ਨਹੀ ਕਰਾਂਗੀ, ਪ੍ਰੰਤੂ ਇੱਕ ਹੋਰ ਭਿਆਨਕ ਖਤਰਾ ਹੈ- ਐਸਾ ਖਤਰਾ ਜਿਸ ਨੂੰ ਪੂਰਨ ਰੂਪ ਵਿੱਚ ਕੋਈ ਵੀ ਸਮਝ ਨਹੀ ਸਕਿਆ, ਉਹ ਹੈ ਪਰਮੇਸ਼ਰ ਦੀ ਪਵਿੱਤ੍ਰ ਆਤਮਾ ਦੀ ਬੇਨਤੀ ਭਰਪੂਰ ਪ੍ਰਕਾਰ ਨੂੰ ਅਣਸੁਣਿਆ ਕਰਕੇ ਆਤਮ ਸਮਰਪਣ ਕਰਨ ਵਿੱਚ ਦੇਰੀ ਅਤੇ ਪਾਪ ਵਿੱਚ ਰਹਿਣ ਦਾ ਇਰਾਦਾ ਬਣਾਈ ਰੱਖਣਾ ਅਤੇ ਇਹ ਦੇਰੀ ਹਮੇਸ਼ਾ ਹਮੇਸ਼ਾ ਲਈ ਦੇਰੀ ਹੀ ਬਣ ਜਾਂਦੀ ਹੈ। ਪਾਪ ਭਾਵੇਂ ਕਿੰਨਾਂ ਵੀ ਛੋਟਾ ਹੋਵੇ ਉਸ ਵਿੱਚ ਫਸੇ ਰਹਿਣ ਦਾ ਮੁੱਲ ਅਤਿਅੰਤ ਹਾਨੀ ਨਾਲ ਚੁੱਕਾਉਣਾ ਪਵੇਗਾ। ਜਿਸ ਪਾਪ ਉੱਪਰ ਅਸੀ ਕਾਬੂ ਨਹੀ ਪਾ ਸਕੇ ਉਹ ਪਾਪ ਸਾਡੇ ਤੇ ਕਾਬੂ ਪਾ ਕੇ ਅੰਤ ਵਿੱਚ ਸਾਨੂੰ ਬਰਬਾਦੀ ਦੀ ਮੰਜ਼ਿਲ ਤੇ ਪਹੁੰਚਾ ਦੇਵੇਗਾ।

ਆਦਮ ਤੇ ਹਵਾ ਨੇ ਸਿਰਫ ਇਹ ਸੋਚਿਆ ਸੀ ਕਿ ਕੇਵਲ ਇੱਕ ਵਰਿਜਤ ਫਲ ਖਾ ਲੈਣ ਜਿਹੀ ਛੋਟੀ ਜਿਹੀ ਅਵਗਿਆ ਦੀ ਸਜ਼ਾ ਇੰਨੀ ਭਿਆਨਕ ਨਹੀ ਹੋ ਸਕਦੀ ਜਿੰਨੀ ਕਿ ਪਰਮੇਸ਼ਰ ਨੇ ਉਨ੍ਹਾਂ ਨੂੰ ਆਪ ਸੁਣਾਈ ਸੀ। ਪਰ ਇਹ ਮਾਮੂਲੀ ਜਿਹੀ ਗੱਲ ਪਰਮੇਸ਼ਰ ਦੇ ਪਵਿੱਤਰ ਤੇ ਅਟਲ ਨੇਮ ਦੀ ਭਾਰੀ ਉਲੰਘਣਾ ਸੀ, ਅਤੇ ਇਸ ਪਾਪ ਨੇ ਮਨੁੱਖ ਨੂੰ ਪਰਮੇਸ਼ਰ ਕੋਲੋਂ ਨਿਖੇੜ ਦਿੱਤਾ, ਅਤੇ ਸਾਡੀ ਧਰਤੀ ਤੇ ਮੌਤ ਦੁੱਖ ਤੇ ਸੰਤਾਪ ਦੇ ਹੜ੍ਹ ਦਾ ਬੰਨ ਤੋੜ ਦਿੱਤਾ।

ਹਰ ਜੁਗ ਵਿੱਚ ਸਾਡੀ ਧਰਤੀ ਤੋਂ ਸੋਗ ਤੇ ਵਿਰਲਾਪ ਦੀਆਂ ਪੁਕਾਰਾਂ ਉੱਪਰ ਪਹੁੰਚ ਰਹੀਆ ਹਨ ਅਤੇ ਸਾਰੀ

ਸ੍ਰਿਸ਼ਟੀ ਮਨੁੱਖ ਦੀ ਅਵਗਿਆ ਦੇ ਸਿੱਟੇ ਵਜੋ ਪੀੜ ਤੇ ਦੁੱਖ ਨਾਲ ਕਰਾਹ ਤੇ ਤੜਪ ਰਹੀ ਹੈ। ਸਵਰਗ ਵਿੱਚ ਪਰਮੇਸ਼ਰ ਦੇ ਵਿਰੁੱਧ ਵਿਦ੍ਰੋਹ ਕਰਨ ਵਾਲੇ ਸਵਰਗੀ ਦੂਤ ਤੇ ਉਸਦੇ ਸਾਥੀਆਂ ਨੇ ਖੁਦ ਇਸ ਭੁੱਲ ਨੂੰ ਮਹਿਸੂਸ ਕੀਤਾ। ਪਰਮੇਸ਼ਰ ਦੇ ਅਟੱਲ ਨੇਮ ਨੂੰ ਤੋੜਨ ਦੇ ਪਾਪ ਦਾ ਪ੍ਰਾਸ਼ਚਿਤ ਕਰਨ ਲਈ ਕਿੰਨੀ ਅਸਚਰਜ ਤੇ ਅਚੰਭਿਤ ਕੁਰਬਾਨੀ ਦੀ ਲੋੜ ਪਈ, ਸਲੀਬ ਉਸਦੀ ਲਾਜਵਾਬ ਮਿਸਾਲ ਹੈ। ਸਾਨੂੰ ਪਾਪ ਨੂੰ ਮਾਮੂਲੀ ਚੀਜ਼ ਨਾ ਸਮਝੋ ।

**(7) ਸਾਡੇ ਜੀਵਨ ਵਿਚ ਪਾਪ ਬਾਰੇ ਜਾਣਨ ਨੂੰ ਚੁਣਨ ਦਾ ਕੀ ਨਤੀਜਾ ਹੈ?**

***"ਪਾਪੀ ਆਪਣੇ ਹੀ ਪਾਪ ਦੇ ਬੰਧਨਾਂ ਵਿੱਚ ਬੰਨਿਆਂ ਜਾਵੇਗਾI" (ਕਹਾਵਤਾਂ 5:22)***

ਨੇਮ ਭੰਗ ਕਰਨ ਦਾ ਹਰ ਪਾਪ ਯਿਸੂ ਮਸੀਹ ਦੀ ਮਿਹਰ ਨੂੰ ਠੁਕਰਾਉਣ ਜਾਂ ਲਾਪਰਵਾਹੀ ਕਰਨ ਦਾ ਹਰ ਉਪਰਾਲਾ, ਤੁਹਾਡੀ ਆਤਮਾ ਨੂੰ ਕਠੋਰ ਬਣਾਈ ਜਾਂਦਾ ਹੈ। ਇਹ ਤੁਹਾਡੇ ਹਿਰਦੇ ਨੂੰ ਕਠੋਰ ਤੇ ਨਿਸ਼ਠੁਰ ਬਣਾ ਦਿੰਦਾ ਹੈ। ਇੱਛਾ- ਸ਼ਕਤੀ ਨੂੰ ਵਿਗਾੜ ਦਿੰਦਾ ਹੈ ਅਤੇ ਨਾ ਕੇਵਲ ਤੁਹਾਡੀ ਆਤਮ ਸਮਰਪਣ ਦੀ ਸ਼ਕਤੀ ਨੂੰ ਕਮਜ਼ੋਰ ਕਰਦਾ ਹੈ ਸਗੋਂ ਪਰਮੇਸ਼ਰ ਦੀ ਪਵ੍ਰਿੱਤਰ ਆਤਮਾ ਦੀ ਕੋਮਲ ਅਰਜੋਈ ਸਾਹਮਣੇ ਸਮਰਪਣ ਕਰਨ ਦੀ ਯੋਗਤਾ ਘਟਾ ਕੇ ਤੁਹਾਡੀ ਆਤਮਾ ਨੂੰ ਅਯੋਗ ਬਣਾ ਦਿੰਦਾ ਹੈ।

ਕਈ ਮਨੁੱਖ ਆਪਣੇ ਡਾਂਵਾ ਡੋਲ ਮਨ ਨਾਲ ਇਹ ਸੋਚਦੇ ਰਹਿੰਦੇ ਹਨ ਕਿ ਜਦੋਂ ਚਾਹੁਣ ਬੁਰਾਈ ਛੱਡ ਕੇ ਚੰਗੇ ਬਣ ਸਕਦੇ ਹਨ। ਉਹ ਭਾਵੇਂ ਤਰਸ ਤੇ ਮੇਹਰ ਦੇ ਸੱਦੇ ਨੂੰ ਠੁਕਰਾ ਕੇ ਟਾਲਮਟੋਲ ਕਰਦੇ ਰਹਿਣ ਫਿਰ ਵੀ ਇਹ ਰਹਿਮਤ ਉਨ੍ਹਾਂ ਉੱਪਰ ਹੁੰਦੀ ਰਹੇਗੀ। ਉਹ ਸੋਚਦੇ ਹਨ ਕਿ ਮਿਹਰ ਦੀ ਸ਼ਕਤੀ ਦੇ ਵਿਰੁੱਧ ਚੱਲ ਕੇ ਅਤੇ ਸ਼ੈਤਾਨੀ ਤਾਕਤ ਨਾਲ ਕਦਮ ਮਿਲਾ ਕੇ ਚਲਦੇ ਰਹਿਣ, ਪਰ ਸੰਕਟ ਦੀ ਔਖੀ ਘੜੀ ਵੇਲੇ ਉਹ ਝਟਪਟ ਆਪਣੀ ਚਾਲ ਬਦਲ ਲੈਣਗੇ। ਪਰ ਇਹ ਇੰਨਾ ਆਸਾਨ ਨਹੀ ਹੁੰਦਾ। ਤਜ਼ਰਬਾ ਤੇ ਜੀਵਨ ਭਰ ਦੀ ਸਿੱਖਿਆ ਉਨ੍ਹਾਂ ਦੇ ਚਰਿੱਤ੍ਰ ਨੂੰ ਐਸਾ ਰੂਪ ਦੇ ਦਿੰਦੇ ਹਨ

ਕਿ ਕੁਝ ਹੀ ਮਨੁੱਖ ਐਸੇ ਰਹਿ ਜਾਂਦੇ ਹਨ ਜੋ ਫਿਰ ਵੀ ਯਿਸੂ ਮਸੀਹ ਲਈ ਆਤਮ ਸਮਰਪਣ ਕਰਨ ਦੀ ਇੱਛਾ ਕਰ ਸਕਦੇ ਹਨ।

ਚਾਲਚਲਨ ਵਿੱਚ ਇੱਕੋ ਔਗੁਣ ਇੱਕੋ ਪਾਪ ਦੀ ਲਾਲਸਾ ਦਾ ਜੇ ਜਾਣ ਬੁਝ ਕੇ ਲਾਲਸਾ ਦਾ ਪਾਲਣ ਕਰਦੇ ਰਹੀਏ ਤਾਂ ਅੰਤ ਵਿੱਚ ਉਹ ਮੁਕਤੀ ਦੇ ਸੰਦੇਸ਼ ਖੁਸ਼ਖਬਰੀ ਦੀ ਸਾਰੀ ਸ਼ਕਤੀ ਤੇ ਪਾਣੀ ਫੇਰ ਦਿੰਦੀ ਹੈ। ਹਰ ਬੁਰਾਈ ਦੀ ਤ੍ਰਿਪਤੀ ਆਤਮਾ ਨੂੰ ਪਰਮੇਸ਼ਰ ਵੱਲੋਂ ਘ੍ਰਿਣਾ ਕਰਨ ਵਿੱਚ ਸਹਾਈ ਹੁੰਦੀ ਹੈ। ਜੋ ਮਨੁੱਖ ਪਰਮੇਸ਼ਰ ਦੀ ਅਟੱਲ ਸਚਾਈ ਬਾਰੇ ਅੰਧਵਿਸ਼ਵਾਸ਼ੀ ਕਠੋਰਤਾ ਤੇ ਮੂਰਖਾਂ ਵਾਲੀ ਲਾਪਰਵਾਹੀ ਦਾ ਵਿਚਾਰ ਰੱਖਦੇ ਹਨ ਉਹ ਆਪਣਾਂ ਬੀਜਿਆ ਆਪ ਹੀ ਕੱਟ ਰਹੇ ਹਨ। ਸਾਰੀ ਬਾਈਬਲ ਵਿੱਚ ਪਾਪ ਨਾਲ ਖਿਲਵਾੜ ਕਰਨ ਵਿਰੁੱਧ ਇਸ ਤੋ ਜ਼ਿਆਦਾ ਭਿਅੰਕਰ ਚਿਤਾਵਨੀ ਕਿਤੇ ਨਹੀ ਦਿੱਤੀ ਗਈ ਜੋ ਕਿ ਇੱਕ ਬੁੱਧੀਮਾਨ ਮਨੁੱਖ ਨੇ ਲਿਖਿਆ ਹੈ, "ਪਾਪੀ ਆਪਣੇ ਹੀ ਪਾਪ ਦੇ ਬੰਧਨਾਂ ਵਿੱਚ ਬੰਨਿਆਂ ਜਾਵੇਗਾI"

**(8) ਸਾਨੂੰ ਮੁਕਤੀ ਲਈ ਮਸੀਹ ਦੇ ਸੱਦੇ ਲਈ ਕਦੋਂ ਜਵਾਬ ਦੇਣਾ ਚਾਹੀਦਾ ਹੈ?**

***"ਵੇਖੋ ਹੁਣ ਹੀ ਮਨ ਭਾਉਂਦਾ ਸਮਾਂ ਹੈ। ਅਤੇ ਹੁਣ ਹੀ ਮੁਕਤੀ ਦਾ ਦਿਨ ਹੈ। (2 ਕੁਰਿੰਥੀਆਂ 6:2)***

ਯਿਸੂ ਮਸੀਹ ਸਾਨੂੰ ਪਾਪ ਕੋਲੋਂ ਮੁਕਤ ਕਰਾਉਣ ਲਈ ਤਿਆਰ ਹਨ। ਪਰ ਉਹ ਸਾਡੀ ਇੱਛਾ ਦੇ ਵਿਰੁੱਧ ਸਾਨੂੰ ਧਕੇਲਦੇ ਨਹੀ। ਜੇ ਅਸੀ ਜਾਣ ਬੁੱਝ ਕੇ ਆਗਿਆ ਦੀ ਉਲੰਘਣਾਂ ਕਰਦੇ ਰਹੀਏ, ਬੁਰਾਈ ਵੱਲ ਝੁਕੇ ਰਹੀਏ ਅਤੇ ਸਾਡੇ ਮਨ ਵਿੱਚ ਕੋਈ ਖਾਹਿਸ਼ ਪਾਪ ਤੋ ਛੁਟਕਾਰਾ ਪਾਉਣ ਦੀ ਨਾ ਜਾਗੇ ਅਤੇ ਜੇ ਅਸੀ ਉਨ੍ਹਾਂ ਦੀ ਮਿਹਰ ਦੀ ਛਾਇਆ ਹੇਠ ਨਾ ਆਉਣਾ ਲੋਚੀਏ ਤਾਂ ਉਹ ਸਾਡੇ ਲਈ ਕੀ ਕਰ ਸਕਦੇ ਹਨ ਅਸੀ ਆਪਣੀ ਮਰਜ਼ੀ ਨਾਲ ਉਸਦੇ ਪਿਆਰ ਨੂੰ ਠੁਕਰਾ ਕੇ ਬਰਬਾਦੀ ਦਾ ਰਸਤਾ ਅਪਣਾਇਆ ਹੈ। ਜੇ ਅੱਜ ਤੁਸੀ ਉਹਦੀ ਆਵਾਜ਼ ਸੁਣੀ ਤਾਂ ਆਪਣੇ ਦਿਲਾਂ ਨੂੰ ਕਠੋਰ ਨਾ ਕਰੋ।" ਇਬਰਾਨੀਆਂ 3:7,8.

**(9) ਇਕ ਧੋਖੇਬਾਜ਼ ਦਿਲ ਦੇ ਮਨੋਰਥਾਂ, ਇਰਾਦਿਆਂ ਅਤੇ ਉਦੇਸ਼ਾਂ ਤੋਂ ਛੁਟਕਾਰਾ ਪਾਉਣ ਲਈ ਇਕੋ ਇਕ ਸੁਰੱਖਿਅਤ ਪ੍ਰਾਰਥਨਾ ਕਿਹੜੀ ਹੈ?**

***ਹੇ ਮੇਰੇ ਪਰਮੇਸ਼ਰ ਮੈਨੂੰ ਪਰਖ ਤੇ ਮੈਨੂੰ ਪਹਿਚਾਣ ਮੈਨੂੰ ਜਾਂਚ ਅਤੇ ਮੇਰੇ ਖਿਆਲਾਂ ਨੂੰ ਜਾਣ ਅਤੇ ਦੇਖ ਮੇਰੇ ਵਿੱਚ ਕੋਈ ਕੁਟਿੱਲ ਤੇ ਭੈੜੀ ਚਾਲ ਤਾਂ ਨਹੀ? ਅਤੇ ਸਦੀਪਕ ਜੀਵਣ ਦੇ ਰਾਹ ਵਿੱਚ ਮੇਰੀ ਅਗਵਾਈ ਕਰ " (ਜ਼ਬੂਰ 139:23-24)***

"ਮਨੁੱਖ ਤਾਂ ਬਾਹਰੀ ਰੂਪ ਦੇਖਦਾ ਹੈ ਪਰ ਯਹੋਵਾਹ ਹਿਰਦੇ ਨੂੰ ਦੇਖਦਾ ਹੈ" –– ਮਨੁੱਖੀ ਮਨ ਜਿਸ ਵਿੱਚ ਅਨੰਦ ਦੇ ਸ਼ੋਕ ਦੇ ਵਿਰੋਧੀ ਹਾਵ ਭਾਵ ਭਰੇ ਹਨ, ਭੱਟਕਦਾ ਹੋਇਆ ਚੰਚਲ ਮਨ ਅਪਵਿੱਤ੍ਰਤਾ ਅਤੇ ਧੋਖੇਬਾਜ਼ੀ ਦਾ ਕੇਂਦਰ ਹੈ। 1 ਸਮੂਏਲ 16:7. ਪਰਮੇਸ਼ਰ ਮਨੁੱਖੀ ਮਨ ਦੇ ਆਦੇਸ਼ ਪ੍ਰਯੋਜਨ ਦੇ ਸਾਰੇ ਲੱਛਣ ਜਾਣਦਾ ਹੈ। ਆਪਣੀ ਮਲੀਨ ਆਤਮਾਂ ਜਿਸ ਤਰ੍ਹਾਂ ਦੀ ਵੀ ਹੈ ਲੈ ਕੇ ਉਸ ਪਰਮੇਸ਼ਰ ਕੋਲ ਜਾਉ। ਉਸ ਭਜਨ ਲਿਖਣ ਵਾਲੇ ਦਾਊਦ ਦੀ ਤਰ੍ਹਾਂ ਆਪਣੇ ਹਿਰਦੇ ਦੀਆਂ ਸਭ ਬੰਦ ਕੋਠੜੀਆਂ ਉਸ ਜਾਣੀ ਜਾਣ ਤੇ ਸਭ ਕੁੱਝ ਦੇਖਣ ਵਾਲੀ ਅੱਖ ਦੇ ਸਾਹਮਣੇ ਖੋਲ੍ਹ ਦਿਉ [ਜ਼ਬੂਰ 139:23, 24]

ਬਹੁਤ ਸਾਰੇ ਲੋਕ ਆਪਣੀ ਦਿਮਾਗੀ ਸਿਆਣਪ ਨਾਲ ਪ੍ਰਾਪਤ ਕੀਤੇ ਧਰਮ ਨੂੰ ਮੰਨਦੇ ਹਨ। ਪਰ ਮਨ ਦੀ ਮੈਲ ਦੂਰ ਨਹੀ ਹੁੰਦੀ। ਤੁਹਾਡੀ ਪ੍ਰਾਰਥਨਾ ਇੱਕ ਹੋਣੀ ਚਾਹੀਦੀ ਹੈ, "ਹੇ ਪਰਮੇਸ਼ਰ ਮੇਰੇ ਲਈ ਇੱਕ ਪਾਕ ਮਨ ਉਤਪੰਨ ਕਰ ਅਤੇ ਮੇਰੇ ਅੰਦਰ ਨਵੇਂ ਸਿਰੇ ਤੋ ਸਥਿਰ ਆਤਮਾ ਵੀI" ਜ਼ਬੂਰ 51:10. ਆਪਣੀ ਆਤਮਾ ਨਾਲ ਸੱਚਾਈ ਵਰਤੋ। ਇਸ ਤਰਾਂ ਸੱਚੇ ਤੇ ਅਟਲ ਬਣੋ ਜਿਵੇਂ ਕਿ ਤੁਸੀਂ ਉਸ ਵਕਤ ਹੁੰਦੇ ਜਦ ਕਿ ਤੁਹਾਡੀ ਉੱਚ ਆਚਰਣ ਦੀ ਜ਼ਿੰਦਗੀ ਖ਼ਤਰੇ ਵਿੱਚ ਹੁੰਦੀ। ਇਹ ਇੱਕ ਅਜਿਹਾ ਮਸਲਾ ਹੈ ਜੋ ਪਰਮੇਸ਼ਰ ਤੇ ਤੁਹਾਡੇ ਵਿਚਕਾਰ ਤੈਅ ਹੋਣਾ ਹੈ ਅਤੇ ਸਦੀਵ ਕਾਲ ਲਈ। ਸੋ ਕਿਉਂ ਇਸ ਵਿੱਚ ਦੇਰੀ ਕੀਤੀ ਜਾਏ।ਇੱਕ ਕਲਪਿਤ ਆਸ਼ਾ ਠੋਸ ਸੱਚਾਈ ਤੋਂ ਬਿਨਾਂ ਕੇਵਲ ਮ੍ਰਿਗਤ੍ਰਿਸ਼ਨਾ ਹੈ ਜੋ ਕਿ ਤੁਹਾਡੀ ਬਰਬਾਦੀ ਦਾ ਕਾਰਨ ਬਣ ਜਾਏਗੀ।

**(10) ਪ੍ਰਾਰਥਨਾ ਨਾਲ ਪਰਮੇਸ਼ਰ ਦੇ ਵਚਨ ਦਾ ਅਧਿਐਨ ਕਰਨ ਦੇ ਪੰਜ ਵਿਸ਼ੇਸ਼ ਲਾਭ ਕਿਹੜੇ ਹਨ ਜੋ ਸਾਨੂੰ ਤੋਬਾ ਲਈ ਅਗਵਾਈ ਕਰਦੇ ਹਨ?**

***ਅਤੇ ਇਹ ਜੋ ਤੂੰ ਬਾਲ ਅਵਸਥਾ ਤੋਂ ਪਵਿੱਤਰ ਲਿਖਤਾਂ ਦਾ ਮਹਿਰਮ ਹੈਂ ਜਿਹੜੀਆਂ ਉਸ ਨਿਹਚਾ ਦੇ ਰਾਹੀਂ ਜੋ ਮਸੀਹ ਯਿਸੂ ਉੱਤੇ ਹੈ ਤੈਨੂੰ ਮੁਕਤੀ ਦਾ ਗਿਆਨ ਦੇ ਸੱਕਦੀਆਂ ਹਨ। ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ ਦੇ ਗਿਝਾਉਣ ਲਈ ਗੁਣਕਾਰ ਹੈ। ਭਈ ਪਰਮੇਸ਼ੁਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ। (2 ਤਿਮੋਥਿਉਸ 3:15-17)***

ਪਰਮੇਸ਼ਰ ਦੇ ਬਚਨ ਪ੍ਰਾਰਥਨਾਂ ਕਰਕੇ ਪੜ੍ਹੋ।ਇਹ ਬਚਨ ਤੁਹਾਡੇ ਸਾਹਮਣੇ ਪ੍ਰਭੂ ਦਾ ਅਟਲ ਨੇਮ ਤੇ ਯਿਸੂ ਮਸੀਹ ਦੇ ਜੀਵਨ ਦੇ ਪਵਿੱਤ੍ਰ ਤੇ ਉੱਚ ਆਦਰਸ਼ ਨੂੰ ਪੇਸ਼ ਕਰਦਾ ਹੈ। “ਜਿਸਦੇ ਬਿਨਾਂ ਕੋਈ ਪ੍ਰਭੂ ਨੂੰ ਨਹੀ ਵੇਖੇਗਾ” (ਇਬਰਾਨੀਆ ਨੂੰ 12:14)I ਇਹ ਪਰਮੇਸ਼ਰ ਦਾ ਬਚਨ ਪਾਪਾਂ ਦਾ ਗਿਆਨ ਕਰਾਉਂਦਾ ਹੈ। ਮੁਕਤੀ ਦਾ ਰਾਹ ਦਿਖਾਉਂਦਾ ਹੈ। ਇਸ ਵੱਲ ਧਿਆਨ ਦੇਵੋ ਅਤੇ ਸਮਝੋ ਪਰਮੇਸ਼ਰ ਦੀ ਆਵਾਜ਼ ਤੁਹਾਡੀ ਆਤਮਾ ਨਾਲ ਗੱਲਾਂ ਕਰ ਰਹੀ ਹੈ।

**(11) ਤੋਬਾ ਦੀ ਦਾਤ ਦੁਆਰਾ ਪਰਮੇਸ਼ਰ ਸਾਡੇ ਲਈ ਮਸੀਹ ਦੁਆਰਾ ਕੀ ਕਰ ਰਿਹਾ ਹੈ?**

***...“ਪਰਮੇਸ਼ਰ ਨੂੰ ਪ੍ਰਸੰਨ ਕਰਨ ਦਾ ਭਾਰ ਸਾਨੂੰ ਨਹੀਂ ਸੌਂਪਿਆ ਗਿਆ, ਪਰ ਕਿੰਨਾ ਅਦਭੁੱਤ ਪਿਆਰ ਹੈ ਕਿ ਪਰਮੇਸ਼ਰ ਆਪ ਯਿਸੂ ਮਸੀਹ ਵਿੱਚੋਂ ਹੋ ਕਿ ਸਾਰੇ ਜਗਤ ਦਾ ਮੇਲ ਆਪਣੇ ਨਾਲ ਕਰਾ ਰਿਹਾ ਹੈ ” (2 ਕੁਰੰਥੀਆ ਨੂੰ 5:19)***

ਜਦੋ ਤੁਹਾਨੂੰ ਆਪਣੇ ਪਾਪ ਦੀ ਡੂੰਘਾਈ ਦਾ ਪਤਾ ਲੱਗ ਜਾਏ,ਜਦੋਂ ਤੁਸੀਂ ਆਪਣੀ ਅਸਲੀਅਤ ਜਾਣ ਜਾਉਂ ਤਾਂ ਨਿਰਾਸ਼ ਹੋਣ ਦੀ ਲੋੜ ਨਹੀਂ। ਯਿਸੂ ਮਸੀਹ ਪਾਪੀਆਂ ਨੂੰ ਬਚਾਉਣ ਹੀ ਆਏ ਸਨ। ਪਰਮੇਸ਼ਰ ਆਪਣੇ ਕੋਮਲ

ਪਿਆਰ ਦੁਆਰਾ ਆਪਣੇ ਭੁੱਲੇ ਭੱਟਕੇ ਬੱਚਿਆਂ ਨੂੰ ਮੋਹਿਤ ਕਰ ਰਿਹਾ ਹੈ। ਇਸ ਜਗਤ ਵਿੱਚ ਕੋਈ ਵੀ ਮਾਤਾ ਪਿਤਾ ਆਪਣੇ ਬੱਚਿਆਂ ਦਿਆਂ ਗੱਲਤੀਆਂ ਤੇ ਬੁਰਾਈਆਂ ਨਾਲ ਇੰਨੇ ਸਬਰ ਨਾਲ ਪੇਸ਼ ਨਹੀਂ ਆਉਂਦਾ ਜਿਵੇਂ ਪਿਤਾ ਪਰਮੇਸ਼ਰ ਉਨ੍ਹਾਂ ਨਾਲ ਵਰਤਦਾ ਹੈ ਜੋ ਉਸਦੀ ਸ਼ਰਣ ਆਉਂਦੇ ਹਨ। ਨੇਮ ਉਲੰਘਣ ਵਾਲੇ ਪਾਪੀ ਨਾਲ ਕੋਈ ਵੀ ਇੰਨੀ ਕੋਮਲਤਾ ਨਾਲ ਗੱਲ ਨਹੀਂ ਕਰੇਗਾ। ਕਿਸੇ ਵੀ ਮਨੁੱਖੀ ਬੁੱਲ੍ਹਾਂ ਵਿੱਚੋਂ ਅਰਜ਼ੋਈ ਦੇ ਅਜਿਹੇ ਕੋਮਲ ਸ਼ਬਦ ਕਿਸੇ ਭੁੱਲੇ ਭੱਟਕੇ ਪਾਪੀ ਲਈ ਨਹੀਂ ਨਿਕਲ ਸਕਦੇ ਜਿਵੇਂ ਕਿ ਪਰਮੇਸ਼ਰ ਦੇ ਕੋਮਲ ਬੁੱਲ੍ਹਾਂ ਵਿੱਚੋ। ਉਸਦੇ ਸਾਰੇ ਇਕਰਾਰ ਅਤੇ ਚੇਤਾਵਣੀਆਂ ਉਸਦੇ ਅਨਮੋਲ ਤੇ ਡੂੰਘੇ ਪਿਆਰ ਦਾ ਸਬੂਤ ਹਨ।

**(12) ਯਿਸੂ ਕਿਸ ਨੂੰ ਬਚਾਉਣ ਲਈ ਆਇਆ ਹੈ?**

***ਇਹ ਬਚਨ ਪੱਕਾ ਹੈ ਅਤੇ ਪੂਰੀ ਤਰਾਂ ਮੰਨਣ ਜੋਗ ਹੈ ਭਈ ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿੱਚ ਆਇਆ ਜਿਨ੍ਹਾਂ ਵਿੱਚੋਂ ਮਹਾਂ ਪਾਪੀ ਮੈਂ ਹਾਂ। (1 ਤਿਮੋਥਿਉਸ 1:15)***

ਜਦੋਂ ਸ਼ੈਤਾਨ ਆ ਕੇ ਤੁਹਾਨੂੰ ਵਰਗਲਾਏ ਕਿ ਤੁਸੀਂ ਤਾਂ ਮਹਾਨ ਪਾਪੀ ਹੋ, ਤਾਂ ਉੱਪਰ ਨਜ਼ਰ ਉਠਾ ਕੇ ਦੇਖੋ ਅਤੇ ਉਸਦੇ ਗੁਣਾਂ ਦਾ ਵਰਨਣ ਕਰੋ। ਜੋ ਚੀਜ਼ ਤੁਹਾਡੀ ਮੱਦਦ ਕਰ ਸਕਦੀ ਹੈ, ਉਹ ਹੈ ਪ੍ਰਭੂ ਦੀ ਰੌਸ਼ਨੀ ਵੱਲ ਦੇਖਣਾ।ਆਪਣੇ ਪਾਪਾਂ ਦਾ ਇਕਬਾਲ ਕਰੋ, ਪਰ ਸ਼ੈਤਾਨ ਨੂੰ ਆਖੋ, "ਯਿਸੂ ਮਸੀਹ ਦੁਨੀਆ ਵਿੱਚ ਪਾਪੀਆਂ ਨੂੰ ਬਚਾਉਣ ਆਏ ਸਨ" ਅਤੇ ਉਨ੍ਹਾਂ ਦਾ ਪਿਆਰ ਤੁਹਾਡੀ ਰੱਖਿਆ ਕਰ ਸਕਦਾ ਹੈI

**(13) ਕੌਣ ਅਜਿਹਾ ਹੈ ਜੋ ਪ੍ਰਭੂ ਨੂੰ ਬਹੁਤ ਜ਼ਿਆਦਾ ਪਿਆਰ ਕਰੇਗਾ?**

ਯਿਸੂ ਮਸੀਹ ਨੇ ਸਮੋਨ ਨੂੰ ਦੋ ਕਰਜ਼ਾਈਆ ਬਾਰੇ ਪ੍ਰਸ਼ਨ ਪੁੱਛਿਆਂ ਸੀ। ਇੱਕ ਨੇ ਆਪਣੇ ਸੁਆਮੀ ਦਾ ਵੱਡਾ ਕਰਜ਼ਾ ਦੇਣਾ ਸੀ ਤੇ ਦੂਸਰੇ ਨੇ ਛੋਟਾ। ਪਰ ਉਸ ਸੁਆਮੀ ਨੇ ਦੋਨਾਂ ਦੇ ਕਰਜ਼ੇ ਮੁਆਫ ਕਰ ਦਿੱਤੇ ਤਾਂ ਯਿਸੂ ਮਸੀਹ ਨੇ ਸਮੋਨ ਨੂੰ

ਪੁੱਛਿਆ ਸੀ, "ਕਿਹੜਾ ਕਰਜ਼ਾਈ ਆਪਣੇ ਸੁਆਮੀ ਨੂੰ ਬਹੁਤ ਪਿਆਰ ਕਰੇਗਾ" ਤਾਂ ਸਮੋਨ ਨੇ ਉੱਤਰ ਦਿੱਤਾ ਸੀ, "ਉਹ ਜਿਸਦਾ ਕਰਜ਼ਾ ਜ਼ਿਆਦਾ ਮੁਆਫ ਹੋਇਆ ਸੀ" (ਲੂਕਾ *7:43*)

I ਅਸੀਂ ਬਹੁਤ ਵੱਡੇ ਪਾਪੀ ਹਾਂ ਅਤੇ ਯਿਸੂ ਮਸੀਹ ਇਸ ਲਈ ਕੁਰਬਾਨ ਹੋਇਆ ਕਿ ਸਾਨੂੰ ਮੁਆਫੀ ਮਿਲ ਸਕੇ। ਉਸਦੀ ਕੁਰਬਾਨੀ ਦੇ ਗੁਣ ਪਰਮੇਸ਼ਰ ਸਾਹਮਣੇ ਸਾਡੇ ਸਾਰੇ ਔਗੁਣ ਤੇ ਪਾਪ ਕੱਜਣ ਲਈ ਸਮਰੱਥ ਹਨ। ਉਹ ਜਿੰਨ੍ਹਾਂ ਨੂੰ ਉਸਨੇ ਬਹੁਤ ਖਿਮਾਂ ਬਖਸ਼ੀ ਹੈ ਉਹ ਉਸਨੂੰ ਬਹੁਤਾ ਪਿਆਰ ਕਰਨਗੇ ਅਤੇ ਉਸਦੇ ਸਿੰਘਾਸਨ ਦੇ ਨੇੜੇ ਖਲੋ ਕੇ ਉਸਦੇ ਮਹਾਨ ਪਿਆਰ ਤੇ ਅਨਮੋਲ ਕੁਰਬਾਨੀ ਦੀ ਉਪਮਾਂ ਕਰਨਗੇ। ਜਦੋਂ ਅਸੀਂ ਪਰਮੇਸ਼ਰ ਦੇ ਪਿਆਰ ਦੀ ਡੂੰਘਾਈ ਪੂਰੀ ਤਰ੍ਹਾਂ ਸਮਝ ਲੈਂਦੇ ਹਾਂ ਤਾਂ ਸਾਨੂੰ ਆਪਣੇ ਪਾਪਾਂ ਦੀ ਭ੍ਰਿਸ਼ਟਤਾ ਦੀ ਪੂਰੀ ਸਾਰ ਹੋ ਜਾਂਦੀ ਹੈ ।ਜਦੋ ਅਸੀ ਉਸ ਜ਼ੰਜੀਰ ਦੀ ਲੰਬਾਈ ਦੇਖਦੇ ਹਾਂ ਜੋ ਸਾਡੇ ਵਾਸਤੇ ਲਮਕਾਈ ਗਈ ਸੀ, ਜਦੋਂ ਸਾਨੂੰ ਪੂਰੀ ਸਮਝ ਆ ਜਾਂਦੀ ਹੈ, ਉਸ ਮਹਾਨ ਕੁਰਬਾਨੀ ਦੀ ਜਿਹੜੀ ਯਿਸੂ ਮਸੀਹ ਨੇ ਸਾਡੇ ਲਈ ਦਿੱਤੀ ਤਾਂ ਸਾਡਾ ਹਿਰਦਾ ਕੋਮਲਤਾ ਤੇ ਅਧੀਨਤਾ ਨਾਲ ਪਸੀਜ ਹੋ ਜਾਦਾਂ ਹੈ।

*ਜਦੋਂ ਮੈਂ ਆਪਣੇ ਮੁਕਤੀਦਾਤਾ ਦੇ ਨੇੜੇ ਜਾਂਦਾ ਹਾਂ ਤਾਂ ਮੈਂ ਉਸਦੀ ਧਾਰਮਿਕਤਾ ਨੂੰ ਦੇਖਦਾ ਹਾਂI ਮੈਨੂੰ ਅਹਿਸਾਸ ਹੁੰਦਾ ਹੈ ਕਿ ਮੇਰਾ ਜੀਵਨ ਅਤੇ ਚਰਿੱਤਰ ਅਸ਼ੁੱਧ ਅਤੇ ਅਪਵਿੱਤਰ ਹੈI ਮੇਰੀ ਇੱਛਾ ਹੈ ਕਿ ਮੈਂ ਉਸ ਵਰਗਾ ਬਣਾI*

*ਚੱਕਰ ਲਗਾਓ:　ਹਾਂ　ਅਨਿਸ਼ਚਿਤ*

*ਮੈਂ ਸਮਝਦਾ ਹਾਂ ਕਿ ਤੋਬਾ ਕਰਨਾ ਪਾਪ ਲਈ ਸੱਚਾ ਦੁੱਖ ਹੈ, ਨਾ ਕਿ ਸਿਰਫ ਉਸ ਸਜ਼ਾ ਦਾ ਡਰ ਜਿਸ ਨਾਲ ਇਹ ਪਾਪ ਲਿਆਉਂਦਾ ਹੈI*

*ਚੱਕਰ ਲਗਾਓ:　ਹਾਂ　ਅਨਿਸ਼ਚਿਤ*

ਮੈਂ ਯਿਸੂ ਦਾ ਤੋਬਾ ਦੀ ਦਾਤ ਲਈ ਧੰਨਵਾਦ ਕਰਦਾ ਹੈ ਜਿਸਨੂੰ ਉਸਨੇ ਮੇਰੇ ਦਿਲ ਵਿਚ ਪਾਇਆ ਹੈ, ਅਤੇ ਮੈਂ ਇਸ ਤੇ ਅਮਲ ਕਰਨ ਦੀ ਚੋਣ ਕੀਤੀ ਹੈ।

ਚੱਕਰ ਲਗਾਓ: ਹਾਂ ਅਨਿਸ਼ਚਿਤ



## ਪਾਠ 5
## ਪਾਪ ਸਵੀਕਾਰ ਕਰਨਾ

**(1) ਪਾਪੀ ਵਜੋਂ ਦਇਆ ਨੂੰ ਲੈਣ ਲਈ ਸਾਡੇ ਅੱਗੇ ਕਿਹੜੀ ਸ਼ਰਤ ਹੈ?**

*"ਜਿਹੜਾ ਆਪਣੇ ਅਪਰਾਧਾਂ ਨੂੰ ਲੁਕੋਂ ਲੈਂਦਾ ਹੈ ਉਹ ਸਫਲ ਨਹੀ ਹੁੰਦਾ। ਪਰ ਜੋ ਉਨ੍ਹਾਂ ਨੂੰ ਮੰਨ ਕੇ ਛੱਡ ਦਿੰਦਾ ਹੈ ਉਹਦੇ ਉੱਤੇ ਰਹਿਮ ਕੀਤਾ ਜਾਵੇਗਾ" (ਕਹਾਉਤਾਂ 28:13)*

ਪਰਮੇਸ਼ਰ ਦੀ ਦਯਾ ਤੇ ਰਹਿਮਤ ਪ੍ਰਾਪਤ ਕਰਨ ਦੀਆਂ ਸ਼ਰਤਾਂ ਸਧਾਰਣ ਉਚਿੱਤ ਤੇ ਨਿਆਂਕਾਰੀ ਹਨ। ਪਰਮੇਸ਼ਰ ਸਾਨੂੰ ਸਾਡੇ ਪਾਪਾ ਦੀ ਖਿਮਾਂ ਕਰਵਾਉਣ ਵਾਸਤੇ ਕੋਈ ਦੁੱਖਦਾਇਕ ਤੇ ਕਠੋਰ ਕੰਮ ਕਰਨ ਨੂੰ ਨਹੀ ਕਹਿੰਦਾ। ਸਾਨੂੰ ਆਪਣੀਆ ਆਤਮਾਵਾਂ ਨੂੰ ਪਰਮੇਸ਼ਰ ਦੀ

ਪ੍ਰਾਪਤ ਕਰਨ ਤੇ ਆਪਣੇ ਪਾਪਾਂ ਦਾ ਪ੍ਰਾਸ਼ਚਿਤ ਕਰਨ ਲਈ ਲੰਮੀਆਂ ਲੰਮੀਆਂ ਥਕਾ ਸੇਣ ਵਾਲੀਆਂ ਤੀਰਥ ਯਾਤਰਾਵਾਂ ਕਰਨ ਦੀ ਲੋੜ ਨਹੀ, ਨਾ ਹੀ ਕਿਸੇ ਕਠਿਨ ਤੱਪਸਿਆ ਦੀ, ਕੇਵਲ ਉਹ ਜੋ ਆਪਣੇ ਪਾਪ ਨੂੰ ਮੰਨ ਕੇ ਪਛਤਾਵਾ ਕਰਕੇ ਉਨ੍ਹਾਂ ਨੂੰ ਛੱਡ ਦੇਵੇਗਾ ਉਸ ਉੱਤੇ ਦਯਾ ਕੀਤੀ ਜਾਵੇਗੀ।

**(2) ਸਾਡੇ ਆਪਣੇ ਪਾਪਾਂ ਦਾ ਇਕਰਾਰ ਕਿਸ ਅੱਗੇ ਕਰਨਾ ਹੈ?**

**ਤੁਸੀ ਆਪੋ ਵਿੱਚ ਹੀ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰੋ ਭਈ ਤੁਸੀ ਨਰੋਏ ਹੋ ਜਾਉ" (ਯਾਕੂਬ 5:16)**

***ਪਰ ਫ਼ੇਰ ਮੈਂ ਆਪਣੇ ਸਾਰੇ ਗੁਨਾਹਾਂ ਦਾ ਯਹੋਵਾਹ ਸਾਮ੍ਹਣੇ ਇਕਬਾਲ ਕਰਨ ਦਾ ਫ਼ੈਸਲਾ ਕੀਤਾ। ਯਹੋਵਾਹ, ਮੈਂ ਤੁਹਾਨੂੰ ਆਪਣੇ ਗੁਨਾਹਾਂ ਬਾਰੇ ਦੱਸਿਆ। ਮੈਂ ਤੁਹਾਡੇ ਕੋਲੋਂ ਕੋਈ ਵੀ ਦੋਸ਼ ਨਹੀਂ ਛੁਪਾਇਆ। ਅਤੇ ਤੁਸੀਂ ਮੈਨੂੰ ਮੇਰੇ ਸਾਰੇ ਗੁਨਾਹਾਂ ਲਈ ਮੁਆਫ਼ ਕਰ ਦਿੱਤਾ। (ਜ਼ਬੂਰ 32:5)***

ਆਪਣੇ ਪਾਪਾਂ ਦਾ ਇਕਰਾਰ ਪਰਮੇਸ਼ਰ ਅੱਗੇ ਕਰੋ, ਕੇਵਲ ਉਹ ਪਾਪ ਖਿਮਾਂ ਕਰ ਸਕਦਾ ਹੈ। ਆਪਣੇ ਅਪਰਾਧ ਇੱਕ ਦੂਸਰੇ ਦੇ ਸਾਹਮਣੇ ਮੰਨ ਲਵੋ। ਜੇਕਰ ਤੁਸੀਂ ਆਪਣੇ ਗੁਵਾਂਢੀ ਜਾਂ ਮਿੱਤਰ ਨੂੰ ਦੁੱਖ ਪਹੁੰਚਾਇਆ ਹੋਵੇ ਤਾਂ ਆਪਣਾ ਕਸੂਰ ਮੰਨ ਲੈਣਾ ਚਾਹੀਦਾ ਹੈ ਅਤੇ ਉਸ ਦਾ ਕਰਤੱਵ ਹੈ ਤੁਹਾਨੂੰ ਖੁਸ਼ੀ ਨਾਲ ਮੁਆਫ ਕਰ ਦੇਵੇ। ਫਿਰ ਤੁਹਾਨੂੰ ਪਰਮੇਸ਼ਰ ਕੋਲੋਂ ਆਪਣੀ ਭੁੱਲ ਬਖਸ਼ਾਉਣੀ ਚਾਹੀਦੀ ਹੈ। ਕਿਉਂਕਿ ਜਿਸ ਭਰਾ ਨੂੰ ਤੁਸੀ ਦੁੱਖ ਦਿੱਤਾ ਹੈ ਉਹ ਪਰਮੇਸ਼ਰ ਦੀ ਸੰਪਤੀ ਸੀ ਅਤੇ ਉਸਦਾ ਦਿਲ ਦੁਖਾ ਕੇ ਤੁਸੀ ਉਸਦੇ ਸਿਰਹਨਹਾਰੇ ਤੇ ਮੁਕਤੀ ਦੇ ਦਾਤੇ ਦੇ ਵਿਰੁੱਧ ਪਾਪ ਕੀਤਾ ਹੈ। ਇਹ ਮਾਮਲਾ ਇੱਕੋ ਸੱਚੇ ਵਿਚੋਲੇ ਦੇ ਸਾਹਮਣੇ ਪੇਸ਼ ਹੁੰਦਾ ਹੈ, ਸਾਡਾ ਪ੍ਰਧਾਨ ਜਾਚਕ ਜੋ ਕਿ, "ਸਭ ਗੱਲਾਂ ਵਿੱਚ ਸਾਡੇ ਵਾਂਗੂੰ ਹੀ ਪਰਤਾਇਆ ਗਿਆ ਪਰ ਉਹ ਪਾਪ ਰਹਿਤ ਰਿਹਾ। ਜੋ ਸਾਡੀਆ ਦੁਰਬਲਤਾਵਾਂ ਵਿੱਚ ਸਾਡੇ ਨਾਲ ਦੁੱਖੀ ਹੂੰਦਾ ਹੈ ਅਤੇ ਸਾਨੂੰ

ਹਰ ਅਧਰਮ ਦੇ ਦਾਗ ਤੋਂ ਸ਼ੁੱਧ ਕਰਨ ਦੇ ਯੋਗ ਹੈ (ਇਬਰਾਨੀਆਂ ਨੂੰ 4:15)I

## (3) ਕਿਹੜੀ ਸ਼ਰਤ ਤੇ ਸਾਡਾ ਦਿਲ ਅਤੇ ਸ਼ਕਤੀ ਪਰਮੇਸ਼ਰ ਦੀ ਸੱਚੀ ਸ਼ਾਂਤੀ ਅਤੇ ਨੇੜਤਾ ਦਾ ਅਨੁਭਵ ਕਰ ਸਕਦੀ ਹੈ?

***ਯਹੋਵਾਹ ਟੁੱਟੇ ਦਿਲ ਵਾਲਿਆਂ ਦੇ ਨੇੜੇ ਹੈ ਅਤੇ ਕੁਚਲੀ ਆਤਮਾ ਵਾਲਿਆ ਨੂੰ ਬਚਾਉਂਦਾ ਹੈ।" (ਜ਼ਬੂਰ 34:18)***

ਜਿੰਨ੍ਹਾਂ ਨੇ ਆਪਣੇ ਅਪਰਾਧ ਮੰਨ ਕੇ ਆਪਣੀਆਂ ਆਤਮਾਵਾ ਨੂੰ ਪਰਮੇਸ਼ਰ ਦੇ ਸਾਹਮਣੇ ਨਿਰਮਾਣ ਨਹੀ ਕੀਤਾ, ਉਨ੍ਹਾਂ ਨੇ ਸਵੀਕਾਰ ਹੋਣ ਦੀ ਪਹਿਲੀ ਸ਼ਰਤ ਨੂੰ ਪੂਰਾ ਨਹੀ ਕੀਤਾ। ਜੇ ਅਸੀ ਪਛਤਾਵੇ ਦਾ ਅਨੁਭਵ ਨਹੀ ਕੀਤਾ ਜਿਸ ਦਾ ਦੁੱਖ ਸਾਡੀ ਆਤਮਾ ਨੂੰ ਝੰਜੋੜੇ ਅਤੇ ਆਤਮਾ ਦੀ ਸੱਚੀ ਅਧੀਨਗੀ ਅਤੇ ਟੁੱਟੇ ਦਿਲ ਨਾਲ ਆਪਣੇ ਪਾਪਾਂ ਨੂੰ ਸਵੀਕਾਰ ਕਰਕੇ ਤੋਬਾ ਨਹੀ ਕੀਤੀ ਜਾਂ ਆਪਣੇ ਦੁਰਾਚਾਰ ਨਾਲ ਘ੍ਰਿਣਾ ਨਹੀ ਕੀਤੀ ਤਾਂ ਅਸੀ ਸੱਚੇ ਦਿਲੋਂ ਆਪਣੇ ਪਾਪਾਂ ਦੀ ਮੁਆਫੀ ਨਹੀ ਚਾਹੀ, ਅਤੇ ਜੇ ਅਸੀ ਕੋਸ਼ਿਸ਼ ਨਹੀ ਕੀਤੀ ਤਾਂ ਸਾਨੂੰ ਪਰਮੇਸ਼ਰ ਵੱਲੋਂ ਸਾਂਤੀ ਨਹੀ ਮਿਲੀ। ਸਾਡੇ ਪਿਛਲੇ ਪਾਪ ਮਚੋਣ ਨਾ ਹੋਣ ਦਾ ਕੇਵਲ ਇੱਕੋ ਕਾਰਣ ਹੈ ਕਿ ਅਸੀਂ ਦਿਲ ਨਿਰਮਾਣ ਕਰਕੇ ਅਧੀਨਗੀ ਨਾਲ ਸੱਚਾਈ ਦੇ ਵਚਨ ਦੀਆਂ ਸ਼ਰਤਾਂ ਨੂੰ ਪੂਰਾ ਕਰਨ ਲਈ ਤਿਆਰ ਨਹੀ।

## (4) ਸਾਡਾ ਪਾਪ ਦਾ ਇਕਰਾਰ ਕਿੰਨਾ ਵਿਸ਼ੇਸ਼ ਹੋਣਾ ਚਾਹੀਦਾ ਹੈ?

***ਜਦੋਂ ਕੋਈ ਬੰਦਾ ਇਨ੍ਹਾਂ ਵਿੱਚੋਂ ਕਿਸੇ ਵੀ ਦੋਸ਼ ਨੂੰ ਮਹਿਸੂਸ ਕਰੇ, ਉਸਨੂੰ ਜੋ ਉਸਨੇ ਗਲਤ ਕੀਤਾ ਹੈ ਕਬੂਲਣਾ ਚਾਹੀਦਾ। (ਅਹਬਾਰ 5:5)***

ਇਸ ਪ੍ਰਸੰਗ ਬਾਰੇ ਸਾਫ਼ ਸਾਫ਼ ਆਦੇਸ਼ ਦਿੱਤੇ ਗਏ ਹਨ।ਪਾਪ ਦਾ ਇਕਰਾਰ ਭਾਵੇਂ ਗੁਪਤ ਹੋਵੇ ਜਾਂ ਖੁਲ੍ਹੇ ਆਮ ਉਸਨੂੰ ਸੱਚੇ ਦਿਲੋਂ ਪ੍ਰਗਟ ਕਰਨਾ ਚਾਹੀਦਾ ਹੈ। ਪਾਪੀ ਨੂੰ ਕਿਸੇ ਜ਼ੋਰਦਾਰ ਦਲੀਲ ਨਾਲ ਪਾਪ ਸਵੀਕਾਰ ਨਹੀ

ਕਰਨਾ ਚਾਹੀਦਾ ਅਤੇ ਨਾ ਹੀ ਇਹ ਲਾਪਰਵਾਹੀ ਜਾਂ ਉਦਾਸੀਨਤਾਂ ਨਾਲ ਹੋਣਾ ਚਾਹੀਦਾ ਹੈ। ਨਾ ਹੀ ਉਨ੍ਹਾਂ ਲੋਕਾਂ ਦੇ ਜ਼ੋਰ ਦੇਣ ਤੇ ਜੋ ਕਿ ਆਪ ਵੀ ਪਾਪ ਦੀ ਘ੍ਰਿਣਤ ਪ੍ਰਕ੍ਰਿਤੀ ਨੂੰ ਨਹੀਂ ਜਾਣਦੇ ਉਹ ਪਾਪ ਦਾ ਪਛਤਾਵਾ ਤੇ ਇਕਰਾਰ ਅਪਾਰ ਦਿਆਲੂ ਪਰਮੇਸ਼ਰ ਤੱਕ ਪਹੁੰਚਦਾ ਹੈ ਜੋ ਆਤਮਾ- ਨਦੀ ਵਿੱਚੋ ਫੁੱਟ ਕੇ ਆਪ ਮੁਹਾਰਾ ਵਹਿ ਤੁਰਦਾ ਹੈ। [ਜ਼ਬੂਰ 34:18]

ਸੱਚਾ ਪਾਪ ਸਵੀਕਾਰ ਇੱਕ ਵਿਸ਼ੇਸ਼ ਤਰ੍ਹਾਂ ਦਾ ਹੁੰਦਾ ਹੈ। ਉਸ ਵਿੱਚ ਆਪਣੇ ਕੀਤੇ ਹਰ ਵਿਸ਼ੇਸ਼ ਪਾਪ ਦਾ ਗਿਆਨ ਆਤਮਾ ਨੂੰ ਹੋ ਜਾਂਦਾ ਹੈ। ਉਹ ਪਾਪ ਭਾਵੇਂ ਐਸੇ ਹੋਣ ਜਿੰਨ੍ਹਾਂ ਦਾ ਇਕਬਾਲ ਕੇਵਲ ਪਰਮੇਸ਼ਰ ਸਾਹਮਣੇ ਹੋ ਸਕਦਾ ਹੈ, ਜਾਂ ਐਸੇ ਅਪਰਾਧ ਜਿੰਨ੍ਹਾਂ ਦਾ ਇਕਬਾਲ ਉਨ੍ਹਾਂ ਵਿਅਕਤੀਆਂ ਸਾਹਮਣੇ ਹੋਵੇ ਜਿੰਨ੍ਹਾਂ ਨੂੰ ਉਸ ਨਾਲ ਦੁੱਖ ਪਹੁੰਚਿਆ ਹੋਵੇ, ਜਾਂ ਉਹ ਪਾਪ ਸਰਬ ਸੰਮਤੀ ਦੇ ਸਾਹਮਣੇ ਇਕਬਾਲ ਕਰਨ ਵਾਲੇ ਹੋਣ, ਪ੍ਰੰਤੂ ਸਾਰੀ ਪਾਪ ਸਵੀਕਾਰ ਕਰਨ ਦੀ ਰੀਤ ਸਪਸ਼ਟ ਠੀਕ ਹੋਣੀ ਚਾਹੀਦੀ ਹੈ, ਘਟਾ ਵਧਾ ਕੇ ਹੇਰਾ ਫੇਰੀ ਨਾਲ ਨਹੀ ਅਤੇ ਵਿਸ਼ੇਸ਼ ਤੌਰ ਤੇ ਉਨ੍ਹਾਂ ਪਾਪਾਂ ਦੀ ਹੀ ਜਿੰਨ੍ਹਾਂ ਦੇ ਤੁਸੀ ਦੋਸ਼ੀ ਹੋਂ।

## (5) ਇਸਰਾਏਲ ਦੇ ਲੋਕਾਂ ਨੂੰ ਕਿਹੜੇ ਵਿਸ਼ੇਸ਼ ਪਾਪ ਦਾ ਇਕਰਾਰ ਕੀਤਾ ਸੀ?

**ਅਸੀਂ ਲੋਕਾਂ ਨੇ ਸਮੂਏਲ ਨੂੰ ਕਿਹਾ, "ਅਸੀ ਆਪਣੇ ਸਾਰੇ ਪਾਪਾਂ ਤੋਂ ਵਧ ਕੇ ਇਹ ਬੁਰਾਈ ਕੀਤੀ ਹੈ ਮਨੁੱਖੀ ਰਾਜੇ ਦੀ ਮੰਗ ਕਰਕੇ" (1 ਸੈਮੂਅਲ 12:19)**

ਸੈਮੂਅਲ ਦੇ ਦਿਨਾਂ ਵਿੱਚ ਇਸਰਾਈਲੀ ਲੋਕ ਪਰਮੇਸ਼ਰ ਕੋਲੋਂ ਦੂਰ ਭਟਕ ਗਏ ਸਨ, ਅਤੇ ਪਾਪਾਂ ਦੇ ਪਰਿਣਾਮ ਨੂੰ ਭੋਗ ਰਹੇ ਸਨ ਕਿਉਂਕਿ ਪਰਮੇਸ਼ਰ ਤੋਂ ਉਨ੍ਹਾਂ ਦਾ ਵਿਸ਼ਵਾਸ਼ ਉੱਠ ਗਿਆ ਸੀ। ਉਹ ਪਰਮੇਸ਼ਰ ਦੇ ਰਾਜ ਤੇ ਉਸਦੀ ਤਾਕਤ ਤੇ ਸੰਦੇਹ ਕਾਰਨ ਲੱਗ ਪਏ ਸਨ। ਉਹਨਾਂ ਦਾ ਇਹ ਨਿਸ਼ਚਾ ਵੀ ਉੱਠ ਗਿਆ ਸੀ ਕਿ ਪਰਮੇਸ਼ਰ ਸਮਰਥ ਹੈ ਅਤੇ ਆਪਣੇ ਮਨੋਰਥ ਦੀ ਰੱਖਿਆ ਕਰ ਸਕਦਾ ਹੈ। ਉਨ੍ਹਾਂ ਨੇ ਸ੍ਰਿਸ਼ਟੀ ਦੇ ਮਹਾਨ ਮਹਾਰਾਜੇ ਨੂੰ ਵਿਸਾਰ ਕੇ ਆਪਣੇ ਇਰਦ ਗਿਰਦ ਦੀਆਂ ਜਾਤੀਆਂ ਵਾਂਗ ਇੱਕ ਮਨੁੱਖੀ ਰਾਜੇ ਦੀ ਮੰਗ ਕੀਤੀ ਜੋ ਉਨ੍ਹਾਂ ਦੀ

ਅਗਵਾਈ ਕਰੇ। ਸ਼ਾਂਤੀ ਪ੍ਰਾਪਤ ਕਰਨ ਤੋਂ ਪਹਿਲਾਂ ਉਨਾਂ ਨੇ ਆਪਣਾ ਪਾਪ ਸਵੀਕਾਰ ਕੀਤਾ, "ਅਸੀ ਆਪਣੇ ਸਾਰੇ ਪਾਪਾਂ ਤੋਂ ਵਧ ਕੇ ਇਹ ਬੁਰਾਈ ਕੀਤੀ ਹੈ ਮਨੁੱਖੀ ਰਾਜੇ ਦੀ ਮੰਗ ਕਰਕੇI" ਜਿਸ ਪਾਪ ਦੇ ਕਾਰਨ ਉਹ ਅਪਰਾਧੀ ਹੋ ਕਿ ਦੁੱਖ ਭੋਗ ਰਹੇ ਸਨ ਉਸਦਾ ਇਕਬਾਲ ਕਰਨਾ ਜ਼ਰੂਰੀ ਸੀI

**(6) ਸਾਡੇ ਇਕਰਾਰ ਨੂੰ ਪਰਮੇਸ਼ਰ ਅੱਗੇ ਸਵੀਕਾਰਯੋਗ ਹੋਣ ਲਈ ਸਾਡੀ ਮਾਫ਼ੀ ਦੀ ਇੱਛਾ ਨੂੰ ਕਿਸ ਹਿੱਸੇ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ?**

***"ਨਹਾਉ, ਆਪਣੇ ਆਪ ਨੂੰ ਪਾਕ ਕਰੋ, ਆਪਣੇ ਬੁਰੇ ਕੰਮਾਂ ਨੂੰ ਮੇਰੀਆਂ ਅੱਖਾਂ ਤੋਂ ਦੂਰ ਕਰੋ। ਨੇਕੀ ਸਿੱਖੋ ਨਿਆਉਂ ਨੂੰ ਭਾਲੋI" (ਯਸ਼ਾਯਾਹ 1:16,17)***

ਪਰਮੇਸ਼ਰ ਨੂੰ ਸਾਡਾ ਪਛਤਾਵਾ ਤੇ ਪਾਪ ਸਵੀਕਾਰ ਤਦ ਤੱਕ ਨਹੀ ਹੋਵੇਗਾ ਜਦੋਂ ਤੱਕ ਕਿ ਮਨ ਵਿੱਚ ਸੱਚਾ ਪਰਿਵਰਤਨ ਲਿਆ ਕੇ ਉਸ ਪਾਪ ਨੂੰ ਹਮੇਸ਼ਾ ਲਈ ਛੱਡਿਆ ਨਾ ਜਾਏ। ਜੀਵਨ ਵਿੱਚ ਨਿਸ਼ਚਤ ਹੀ ਪਰਿਵਰਤਨ ਹੋਣਾ ਜ਼ਰੂਰੀ ਹੈ। ਹਰ ਗੱਲ ਜੋ ਪਰਮੇਸ਼ਰ ਦੇ ਨੇਮ ਦੇ ਵਿਰੁੱਧ ਹੈ ਛੱਡਣੀ ਪਵੇਗੀ ਅਤੇ ਇਹ ਪਾਪ ਦੇ ਸੱਚੇ ਪਛਤਾਵੇ ਦਾ ਪਰਿਣਾਮ ਹੋਵੇਗਾ। ਜੋ ਕੰਮ ਕਰਨਾ ਸਾਨੂੰ ਉਚਿੱਤ ਹੈ ਉਸਦਾ ਵਿਸਥਾਰ ਯਸਾਯਾਹ 1:16,17 ਵਿਚ ਕੀਤਾ ਗਿਆ ਹੈI ਪੋਲੂਸ ਪਛਤਾਵੇ ਦੇ ਵਿਸ਼ੇ ਵਿੱਚ ਇੰਜ ਕਹਿੰਦਾ ਹੈ, "ਵੇਖੋ ਤੁਹਾਡੀ ਉਹ ਪਰਮੇਸ਼ਰ ਜੋਗ ਉਦਾਸੀ ਨੇ ਤੁਹਾਡੇ ਵਿੱਚ ਕਿੰਨਾਂ ਜੋਸ਼, ਕਿੰਨੀ ਨਿੱਡਰਤਾ, ਕਿੰਨੀ ਖਿਝ, ਕਿੰਨਾ ਭੈ, ਕਿੰਨੀ ਲੋਚ, ਕਿੰਨੀ ਅਣਖ ਅਤੇ ਕਿੰਨਾਂ ਹੀ ਡੰਨ ਪੈਦਾ ਕੀਤਾ ਹੈ ਕਿ ਤੁਸੀਂ ਹਰ ਤਰ੍ਹਾਂ ਨਾਲ ਆਪਣੇ ਲਈ ਪਰਮਾਣ ਦਿੱਤਾ ਹੈ ਭਈ ਅਸੀ ਨਿਰਦੋਸ਼ ਹਾਂ (2 ਕੁਰੰਥੀਆ ਨੂੰ 7:11)I

**(7) ਜਦੋਂ ਇਹ ਸੰਭਵ ਹੈ, ਤਾਂ ਸਾਨੂੰ ਉਨ੍ਹਾਂ ਨਾਲ ਕੀ ਕਰਨਾ ਚਾਹੀਦਾ ਹੈ ਜਿਨ੍ਹਾਂ ਨੂੰ ਅਸੀਂ ਤੰਗ ਕੀਤਾ, ਖਰਾਬ ਕੀਤਾ ਜਾਂ ਜ਼ਖਮੀ ਕੀਤਾ ਸੀ?**

*"ਜੇ ਦੁਸ਼ਟ ਲੁੱਟ ਦਾ ਮਾਲ ਮੋੜ ਦੇਵੇ ਅਤੇ ਜੀਵਨ ਦੀਆਂ ਬਿਧੀਆਂ ਵਿੱਚ ਤੁਰੇ ਅਤੇ ਬਦੀ ਨਾ ਕਰੇ ਤਾਂ ਉਹ ਨਿਸ਼ਚੇ ਜਿਉਂਦਾ ਰਹੇਗਾ। ਉਹ ਨਹੀ ਮਰੇਗਾI" (ਹਿਜ਼ਿਕਏਲ 33:15)*

**(8) ਆਦਮ ਅਤੇ ਹੱਵਾਹ ਨੇ ਆਪਣੇ ਕੰਮ ਲਈ ਕਿਸ ਨੂੰ ਕਸੂਰਵਾਰ ਕਿਹਾ ਸੀ, ਜਿਸ ਨੇ ਪਰਮੇਸ਼ਰ ਅੱਗੇ ਉਨ੍ਹਾਂ ਦੇ ਇਕਰਾਰ ਨੂੰ ਅਯੋਗ ਬਣਾਇਆ ਸੀ?**

*ਫਿਰ ਆਦਮ ਨੇ ਕਿਹਾ, "ਜੋ ਤੀਵੀ ਤੂੰ ਮੈਨੂੰ ਸਾਥਣ ਦਿੱਤੀ ਸੀ ਉਸਨੇ ਵਰਜਿਤ ਬ੍ਰਿਛ ਦਾ ਫਲ ਮੈਨੂੰ ਦਿੱਤਾ ਅਤੇ ਮੈਂ ਖਾ ਲਿਆI (ਉਤਪਤ 3:12)*

*"ਤੀਵੀਂ ਨੇ ਦੋਸ਼ ਸੱਪ ਦੇ ਸਿਰ ਲਾਂਉਦਿਆਂ ਹੋਇਆਂ ਕਿਹਾ, "ਸੱਪ ਨੇ ਮੈਨੂੰ ਭਰਮਾਇਆ, ਅਤੇ ਮੈ ਖਾ ਲਿਆ।" (ਉਤਪਤ 3:13)*

ਜਦੋਂ ਪਾਪ ਮਨੁੱਖ ਦੀ ਨੇਕ ਚਾਲ ਚਲਣ ਦੀ ਭਾਵਨਾ ਨੂੰ ਮਾਰ ਦਿੰਦਾ ਹੈ ਤਾਂ ਅਪਰਾਧੀ ਆਪਣੇ ਚਰਿੱਤਰ ਦੇ ਦੋਸ਼ਾਂ ਦਾ ਨਿਰਣਾ ਨਹੀ ਕਰ ਸਕਦਾ ਅਤੇ ਨਾ ਹੀ ਉਸਨੂੰ ਆਪਣੇ ਚਰਿੱਤਰ ਦੇ ਔਗੁਣ ਅਨੁਭਵ ਹੁੰਦੇ ਹਨ, ਜਦ ਤੱਕ ਉਹ ਪਵਿੱਤਰ ਆਤਮਾ ਦੀ ਉਸ ਸ਼ਕਤੀ ਅੱਗੇ ਨਾ ਝੁਕੇ ਜੋ ਉਸਨੂੰ ਉਸਦੇ ਪਾਪਾਂ ਦਾ ਗਿਆਨ ਕਰਾਉਂਦੀ ਹੈ। ਤਦ ਤੱਕ ਉਸਦੀਆਂ ਅੱਖਾ ਅੱਗੋਂ ਪਾਪ ਦਾ ਅੰਧੇਰਾ ਨਹੀ ਮਿਟ ਸਕਦਾ ਅਤੇ ਉਹ ਆਪਣੇ ਆਪ ਨੂੰ ਪੂਰਨ ਰੂਪ ਵਿੱਚ ਨਹੀ ਦੇਖ ਸਕਦਾ ਅਤੇ ਨਾ ਹੀ ਉਸਦੀ ਪਾਪ ਸਵੀਕਾਰ ਕਰਨ ਦੀ ਪ੍ਰਕ੍ਰਿਤੀ ਸੱਚੇ ਦਿਲੋਂ ਹੋ ਸਕਦੀ ਹੈ। ਉਹ ਆਪਣੇ ਹਰ ਅਪਰਾਧ ਨੂੰ ਸਵੀਕਾਰ ਕਰਦੇ ਸਮੇਂ ਆਪਣੀ ਨਿਰਦੋਸ਼ਤਾ ਦੇ ਬਹਾਨੇ ਲੱਭ ਕੇ ਖਿਮਾਂ ਚਾਹੁੰਦਾ ਹੈ ਅਤੇ ਸੋਚਦਾ ਹੈ ਜੇਕਰ ਹਾਲਾਤ ਐਸੇ ਵਿਪਰੀਤ ਨਾ ਹੁੰਦੇ ਤਾਂ ਉਹ ਕਦੀ ਵੀ ਅਪਰਾਧ ਨਾ ਕਰਦਾ ਜਿਸਦੇ ਲਈ ਕਿ ਉਸਨੂੰ ਪਛਤਾਉਣਾ ਪੈ ਰਿਹਾ ਹੈ।

ਵਰਜਿਤ ਬ੍ਰਿਛ ਦਾ ਫਲ ਮੈਨੂੰ ਦਿੱਤਾ ਅਤੇ ਮੈਂ ਖਾ ਲਿਆ। "ਤੀਵੀਂ ਨੇ ਦੋਸ਼ ਸੱਪ ਦੇ ਸਿਰ ਲਾਂਉਦਿਆਂ ਹੋਇਆਂ ਕਿਹਾ, "ਸੱਪ ਨੇ ਮੈਨੂੰ ਭਰਮਾਇਆ, ਅਤੇ ਮੈ ਖਾ ਲਿਆ।" ਤੀਵੀਂ ਨੇ ਪਰਮੇਸ਼ਰ ਨੂੰ ਕਿਹਾ, "ਤੂੰ ਸੱਪ ਕਿਉਂ

ਬਣਾਇਆ? ਕਿਉਂ ਉਸਨੂੰ ਅਦਨ ਦੇ ਬਾਗ ਦੇ ਅੰਦਰ ਆਉਣ ਦਿੱਤਾ? ਇਹੋ ਪ੍ਰਸ਼ਨ ਉਨ੍ਹਾਂ ਦੇ ਬਹਾਨੇ ਵਿੱਚ ਛਿਪੇ ਸਨ ਅਤੇ ਆਪਣੇ ਪਤਿਤ ਹੋਣ ਦੇ ਸਾਰੇ ਪਾਪ ਜਿੰਮੇਵਾਰ ਪਰਮੇਸ਼ਰ ਨੂੰ ਠਹਿਰਾਇਆ। ਆਪਣੇ ਆਪ ਨੂੰ ਧਰਮੀ ਤੇ ਨਿਰਦੋਸ਼ ਸਾਬਤ ਕਰਨ ਦੇ ਭਾਵ ਦਾ ਜਨਮ ਝੂਠ ਦੇ ਪਿਤਾ (ਸ਼ੈਤਾਨ) ਦੇ ਹਿਰਦੇ ਵਿੱਚੋਂ ਪੈਦਾ ਹੋਇਆ ਸੀ ਅਤੇ ਉਸ ਕੋਲੋਂ ਇਹ ਆਦਮ ਤੇ ਸਾਰੇ ਪੁੱਤਰ ਪੁੱਤਰੀਆਂ ਦੇ ਸੁਭਾਉ ਵਿੱਚ ਰਚ ਮਿਚ ਗਿਆ ਅਤੇ ਇਸ ਪ੍ਰਕਾਰ ਦੇ ਪਾਪ ਸਵੀਕਾਰ ਕਰਨ ਦੀ ਪ੍ਰੇਰਣਾ ਰੱਬੀ ਸ਼ਕਤੀ ਦੁਆਰਾ ਨਹੀ ਹੁੰਦੀ ਅਤੇ ਨਾ ਹੀ ਪਰਮੇਸ਼ਵਰ ਨੂੰ ਮਨਜ਼ੂਰ ਹੁੰਦੀ ਹੈ।

**(9) ਟੈਕਸ ਲੈਣ ਵਾਲੇ ਨੇ ਆਪਣੇ ਆਪ ਨੂੰ ਕਿਵੇਂ ਦੇਖਿਆ?**

***ਪਰ ਉਸ ਮਸੂਲੀਏ ਨੇ ਕੁਝ ਫ਼ਰਕ ਨਾਲ ਖੜੋ ਕੇ ਐਨਾ ਨਾ ਚਾਹਿਆ ਜੋ ਆਪਣੀਆਂ ਅੱਖੀਆਂ ਅਕਾਸ਼ ਦੀ ਵੱਲ ਚੁੱਕੇ ਸਗੋਂ ਆਪਣੀ ਛਾਤੀ ਪਿੱਟਦਾ ਅਤੇ ਏਹ ਕਹਿੰਦਾ ਸੀ ਕਿ ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ ! (ਲੂਕਾ 18:13)***

ਸੱਚਾ ਪਛਤਾਵਾ ਮਨੁੱਖ ਨੂੰ ਆਪਣੇ ਪਾਪ ਦਾ ਬੋਝ ਆਪਣੇ ਸਿਰ ਲੈਣ ਲਈ ਪ੍ਰੇਰੇਗਾ ਅਤੇ ਬਿਨਾਂ ਕਿਸੇ ਧੋਖੇਬਾਜ਼ੀ ਜਾਂ ਕਪਟ ਦੇ ਮਨੁੱਖ ਆਪਣਾ ਪਾਪ ਸਵੀਕਾਰ ਕਰ ਲਏਗਾ। ਉਸ ਦੀਨ ਕਰ ਉਗਰਾਹੁਣ ਵਾਲੇ ਵਾਂਗੂੰ ਸ਼ਰਮ ਨਾਲ ਆਪਣੀਆ ਅੱਖਾਂ ਨੀਵੀਆਂ ਕਰਕੇ ਉਹ ਪੁਕਾਰ ਉਠੇਗਾ, “ਹੇ ਇਸ਼ਵਰ ਮੇਰੇ ਪਾਪੀ ਤੇ ਦਯਾ ਕਰ” ਅਤੇ ਉਹ ਸਾਰੇ ਜੋ ਆਪਣੇ ਪਾਪਾਂ ਅਪਰਾਧਾਂ ਨੂੰ ਮੰਨ ਲੈਣਗੇ ਉਹ ਧਰਮੀਂ ਠਹਿਰਾਏ ਜਾਣਗੇ ਕਿਉਂਕਿ ਯਿਸੂ ਮਸੀਹ ਪਸ਼ਚਾਤਾਪੀ ਮਨੁੱਖ ਦੇ ਉਧਾਰ ਲਈ ਆਪਣੇ ਪਵਿੱਤਰ ਖ਼ੂਨ ਨਾਲ ਪਰਮੇਸ਼ਰ ਅੱਗੇ ਬੇਨਤੀ ਕਰੇਗਾ ਜੋ ਉਸ ਨੇ ਹਰ ਪਾਪੀ ਲਈ ਡੋਹਲਿਆ ਹੈ।

**(10) ਪੌਲੁਸ ਅਤੇ ਦਾਊਦ ਦੋਵਾਂ ਦੁਆਰਾ ਪਾਪ ਪ੍ਰਤੀ ਉਨ੍ਹਾਂ ਦੇ ਸੱਚੇ ਦੁੱਖ ਦਾ ਸੰਕੇਤ ਦੇਣ ਲਈ ਕਿਹੜਾ ਵਿਸ਼ੇਸ਼ ਵਰਤਿਆ ਗਿਆ?**

*"ਇਹੋ ਮੈਂ ਯਰੋਸ਼ਲਮ ਵਿੱਚ ਇਖ਼ਤਿਆਰ ਪਾ ਕੇ ਬਹੁਤ ਸੰਤਾਂ ਨੂੰ ਕੈਦ ਖਾਨਿਆਂ ਵਿੱਚ ਬੰਦ ਕੀਤਾ ਅਤੇ ਜਦੋਂ ਉਹ ਮਾਰੇ ਜਾਂਦੇ ਤਾਂ ਮੈਂ ਉਨ੍ਹਾਂ ਦੇ ਵਿਰੁੱਧ ਹਾਮੀ ਭਰਦਾ ਸੀ। ਮੈਂ ਹਮੇਸ਼ਾ ਸਮਾਜ ਵਿੱਚ ਉਨ੍ਹਾਂ ਨੂੰ ਬਹੁਤ ਵਾਰੀ ਸਜ਼ਾ ਦੇ ਕੇ ਉਨ੍ਹਾਂ ਨੂੰ ਕੁਫ਼ਰ ਬਕਵਾਉਣ ਲਈ ਤੰਗ ਕੀਤਾ ਅਤੇ ਉਨ੍ਹਾਂ ਉਨ੍ਹਾਂ ਦੇ ਵਿਰੋਧ ਵਿੱਚ ਅਤਿ ਸ਼ੁਦਾਈ ਹੋ ਕੇ ਮੈਂ ਪਰਦੇਸ਼ ਦੇ ਨਗਰੋਂ ਤੀਕ ਵੀ ਉਨ੍ਹਾਂ ਨੂੰ ਸਤਾਉਦਾ ਸਾਂ। (ਰਸੂਲਾਂ ਦੇ ਦੇ ਕਰਤਬ 26:10,11)*

*ਮੈਂ ਜਾਣਦਾ ਹਾਂ ਕਿ ਮੈਂ ਗੁਨਾਹ ਕੀਤਾ ਸੀ ਮੈਂ ਹਮੇਸ਼ਾ ਉਨ੍ਹਾਂ ਗੁਨਾਹਾਂ ਨੂੰ ਦੇਖਦਾ ਹਾਂ।*
*ਮੈਂ ਉਹੀ ਗੱਲਾਂ ਕੀਤੀਆਂ ਜਿਨ੍ਹਾਂ ਨੂੰ ਤੁਸੀਂ ਗਲਤ ਆਖਦੇ ਹੋਂ। ਹੇ ਪਰਮੇਸ਼ੁਰ ਤੁਸੀਂ ਹੀ ਹੋ ਜਿਸਦੇ ਖਿਲਾਫ਼ ਮੈਂ ਗੁਨਾਹ ਕੀਤੇ ਸਨ। ਮੈਂ ਇਨ੍ਹਾਂ ਗੱਲਾਂ ਨੂੰ ਲੋਕਾਂ ਦੇ ਜਾਨਣ ਲਈ ਸਵੀਕਾਰਦਾ ਹਾਂ, ਕਿ ਮੈਂ ਗਲਤ ਸਾਂ ਅਤੇ ਤੁਸੀਂ ਸਹੀ ਸੀ। ਤੁਹਾਡੇ ਨਿਰਣੇ ਨਿਰਪਖ ਹਨ। (ਜ਼ਬੂਰ 51:3-4)*

**ਸੱਚੇ ਇਕਰਾਰ ਦੀਆਂ ਉਦਾਹਰਣਾਂ:** ਲੂਕਾ 18:13, 14; 15:18-21; ਜ਼ਬੂਰ 51:3, 4; 2 ਸਮੂਏਲ 12:13; ਦਾਨੀਏਲ 9:3-12, 18; ਯਿਰਮਿਯਾਹ 3:25

**ਝੂਠੇ ਇਕਰਾਰ ਦੀਆਂ ਉਦਾਹਰਣਾਂ:** ਉਤਪਤ 3:12, 13; 1 ਸਮੂਏਲ 15:22-26; ਯਹੋਸ਼ੁਆ 7:19-21

ਪਰਮੇਸ਼ਰ ਦੇ ਬਚਨ ਅਨੁਸਾਰ ਸੱਚਾ ਪਛਤਾਵਾ ਤੇ ਨਿਰਮਾਣਤਾ ਪਾਪ ਸਵੀਕਾਰ ਕਰਨ ਦੀ ਐਸੀ ਉਦਾਹਰਣ ਪੇਸ਼ ਕਰਦੇ ਹਨ ਜਿੱਥੇ ਕਿ ਪਾਪ ਲਈ ਨਾ ਕੋਈ ਬਹਾਨਾ ਲੱਭਿਆ ਹੈ ਅਤੇ ਨਾ ਹੀ ਆਪਣੇ ਆਪ ਨੂੰ ਧਰਮੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪੋਲੂਸ ਨੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲਈ ਕੋਈ ਕੋਸ਼ਿਸ਼ ਨਹੀ ਸੀ ਕੀਤੀ। ਉਸਨੇ ਆਪਣੇ ਪਾਪਾਂ ਦਾ ਚਿਤ੍ਰਣ ਕਾਲੇ ਰੰਗ ਨਾਲ ਕੀਤਾ। ਉਸਨੇ ਆਪਣੇ ਅਧਰਮ ਨੂੰ ਘਟਾਉਣ ਦੀ ਕੋਸ਼ਿਸ਼ ਨਹੀ ਕੀਤੀ। ਉਹ ਆਪਣੇ ਆਪ ਨੂੰ ਦੋਸ਼ੀ ਸਾਬਤ ਕਰਦਿਆ ਜ਼ਰਾ ਨਹੀ ਸੀ ਝਿਜਕਿਆ, "ਯਿਸੂ ਮਸੀਹ ਪਾਪੀਆਂ ਨੂੰ ਬਚਾਉਣ ਲਈ ਜਗਤ ਵਿੱਚ

ਆਏ ਸਨ ਜਿੰਨ੍ਹਾਂ ਵਿੱਚੋਂ ਇੱਕ ਮਹਾਂ ਪਾਪੀ ਮੈਂ ਹਾਂ (ਤਿਮੋਥੀਓਸ 1:15)I

**(11) ਜੇਕਰ ਅਸੀਂ ਆਪਣੇ ਪਾਪ ਲਈ ਸੱਚੇ ਦਿਲ ਤੋਂ ਦੁੱਖੀ ਹਾਂ ਅਤੇ ਇਸਦਾ ਪਰਮੇਸ਼ਰ ਸਾਹਮਣੇ ਇਕਰਾਰ ਕਰਦੇ ਹਾਂ ਤਾਂ ਅਸੀਂ ਕਿਹੜੇ ਸ਼ਾਨਦਾਰ ਵਾਅਦੇ ਦਾ ਦਾਅਵਾ ਕਰ ਸਕਦੇ ਹਾਂ?**

***ਜੇ ਅਸੀ ਆਪਣੇ ਪਾਪਾਂ ਦਾ ਇਕਬਾਲ ਕਰ ਲਈਏ ਤਾਂ ਉਹ ਵਫਾਦਾਰ ਅਤੇ ਧਰਮੀ ਹੈ ਅਤੇ ਸਾਡੇ ਪਾਪਾਂ ਨੂੰ ਮੁਆਫ ਕਰਕੇ ਸਾਨੂੰ ਸਾਰੇ ਕੁਧਰਮਾਂ ਤੇ ਔਗੁਣਾਂ ਤੋਂ ਸ਼ੁੱਧ ਕਰ ਦਿੰਦਾ ਹੈ।" (1 ਯੂਹੰਨਾਂ 1:9)***

ਨਿਰਮਾਣ ਤੇ ਟੁੱਟਾ ਹੋਇਆ ਦਿਲ ਸੱਚੇ ਪਛਤਾਵੇ ਦੇ ਪ੍ਰਭਾਵ ਹੇਠਾਂ ਆ ਕੇ ਪਰਮੇਸ਼ਰ ਦੇ ਪਿਆਰ ਦੀ ਕਦਰ ਕਰਦਾ ਹੈ ਅਤੇ ਸੂਲੀ ਦਾ ਮੁੱਲ ਸਮਝਦਾ ਹੈ। ਜਿਵੇਂ ਇੱਕ ਪੁੱਤਰ ਆਪਣੇ ਦੋਸ਼ਾਂ ਦਾ ਇਕਬਾਲ ਪਿਤਾ ਸਾਹਮਣੇ ਕਰਦਾ ਹੈ ਇਵੇਂ ਹੀ ਸੱਚੇ ਦਿਲੋਂ ਪਸ਼ਚਾਤਾਪ ਕਰਨ ਵਾਲਾ ਆਪਣੇ ਸਾਰੇ ਪਾਪ ਪਰਮੇਸ਼ਰ ਸਾਹਮਣੇ ਇਕਰਾਰ ਕਰ ਲੈਂਦਾ ਹੈ।

***ਮੈਂ ਪ੍ਰਭੂ ਦੀ ਤਾਰੀਫ਼ ਕਰਦਾ ਹੈ ਕਿ ਉਸਨੇ ਮੈਨੂੰ ਤੋਬਾ ਦੀ ਦਾਤ ਦਿੱਤੀ ਅਤੇ ਮੈਂ ਉਸਦੀ ਅਗਵਾਈ ਦੀ ਪਾਲਣਾ ਕਰਨ ਅਤੇ ਆਪਣੇ ਪਾਪਾਂ ਦਾ ਇਕਰਾਰ ਕਰਨ ਅਤੇ ਤਿਆਗਣ ਦੀ ਚੋਣ ਕਰਦਾ ਹਾਂI***

**ਚੱਕਰ ਲਗਾਓ: ਹਾਂ ਅਨਿਸ਼ਚਿਤ**

***ਮੈਂ ਸਮਝਦਾ ਹਾਂ ਕਿ ਦਇਆ ਨੂੰ ਪ੍ਰਾਪਤ ਕਰਨ ਅਤੇ ਮੇਰੇ ਵਿਚ ਸੱਚੀ ਸ਼ਾਂਤੀ ਨੂੰ ਪਾਉਣ ਲਈ ਮੈਨੂੰ ਆਪਣੇ ਵਿਸ਼ੇਸ਼ ਪਾਪ ਦਾ ਪਰਮੇਸ਼ਰ ਅੱਗੇ ਇਕਰਾਰ ਕਰਨਾ ਪਏਗਾ, ਅਤੇ ਉਸਦੇ ਅੱਗੇ ਵੀ ਜਿਸਦੇ ਵਿਰੁੱਧ ਮੈਂ ਕੁਝ ਗਲਤ ਕੀਤਾ ਹੈI***

**ਚੱਕਰ ਲਗਾਓ: ਹਾਂ ਅਨਿਸ਼ਚਿਤ**

*ਜਿਵੇਂ ਮੈਂ ਅਧਿਐਨ ਕਰਦਾ ਹਾਂ ਅਤੇ ਮਸੀਹ ਦੇ ਨੇੜੇ ਜਾਂਦਾ ਹਾਂ ਮੈਨੂੰ ਅਹਿਸਾਸ ਹੁੰਦਾ ਹੈ ਕਿ ਮੇਰੇ ਪਿੱਛਲੇ ਸਮੇਂ ਵਿਚ ਉਹ ਲੋਕ ਹਨ ਜਿਨ੍ਹਾਂ ਨੂੰ ਮੈਂ ਨਾਰਾਜ਼ ਕੀਤਾ, ਧੋਖਾ ਦਿੱਤਾ, ਜਾਂ ਜ਼ਖਮੀ ਕੀਤਾ ਹੈ। ਪਰਮੇਸ਼ਰ ਦੀ ਕਿਰਪਾ ਨਾਲ ਮੈਂ ਵਾਅਦਾ ਕਰਦਾ ਹਾਂ ਕਿ ਮੈਂ ਵੱਧ ਤੋਂ ਵੱਧ ਚੀਜ਼ਾਂ ਨੂੰ ਸਹੀ ਬਣਾਵਾਂਗਾ।*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਮੈਂ ਉਸ ਦੇ ਅਨਮੋਲ ਲਹੂ ਦੀ ਮੰਗ ਕਰਦਾ ਹਾਂ ਜੋ ਮੇਰੇ ਉਨ੍ਹਾਂ ਅਪਰਾਧਾਂ ਨੂੰ ਢੱਕਦਾ ਹੈ ਜਿਹੜੇ ਮੈਂ ਉਸਦੇ ਵਿਰੁੱਧ ਅਤੇ ਉਨ੍ਹਾਂ ਲੋਕਾਂ ਦੇ ਵਿਰੁੱਧ ਕੀਤੇ ਜਿਨ੍ਹਾਂ ਨੂੰ ਉਸਨੇ ਬਣਾਇਆ ਹੈ।*

ਚੱਕਰ ਲਗਾਓ: ਹਾਂ ਅਨਿਸ਼ਚਿਤ

*ਮੇਰੀ ਪ੍ਰਾਰਥਨਾ ਇਹ ਹੈ ਕਿ ਜੇਕਰ ਮੈਂ ਰਾਹ ਤੋਂ ਭਟਕ ਜਾਵਾਂ ਤਾਂ ਪਰਮੇਸ਼ਰ ਮੈਨੂੰ ਤੋਬਾ ਦੀ ਦਾਤ ਦੇਵੇ ਅਤੇ ਮੇਰੇ ਪਾਪਾਂ ਦਾ ਇਕਰਾਰ ਕਰਨ ਲਈ ਮੇਰੀ ਅਗਵਾਈ ਕਰੇ ਤਾਂ ਜੋ ਮੈਂ ਉਸ ਦੇ ਨਾਮ ਲਈ ਧਰਮ ਦੇ ਰਾਹ ਤੇ ਚੱਲ ਸਕਾਂ।*

ਚੱਕਰ ਲਗਾਓ: ਹਾਂ ਅਨਿਸ਼ਚਿਤ



## ਪਾਠ 6
## ਸਮੱਰਪਣ

**(1) ਪ੍ਰਭੂ ਵਿਚ ਪਾਏ ਜਾਣ ਅਤੇ ਉਸਦੇ ਸਰੂਪ ਵਿਚ ਬਹਾਲ ਹੋਣ ਲਈ ਸਾਨੂੰ ਉਸਨੂੰ ਕਿਵੇਂ ਭਾਲਣਾ ਚਾਹੀਦਾ ਹੈ?**

*ਤੁਸੀ ਮੈਨੂੰ ਭਾਲੋਗੇ ਅਤੇ ਲੱਭੋਗੇ, ਜਦੋਂ ਤੁਸੀ ਆਪਣੇ ਸਾਰੇ ਦਿਲ ਨਾਲ ਮੈਨੂੰ ਭਾਲੋਂਗੇ" (ਯਿਰਮਿਯਾਹ 29:13)*

ਪਰਮੇਸ਼ਰ ਅੱਗੇ ਸਾਰਾ ਹਿਰਦਾ ਸਮਰਪਣ ਕਰਨਾ ਜ਼ਰੂਰੀ ਹੈ ਨਹੀਂ ਤਾਂ ਸਾਡੇ ਅੰਦਰ ਉਹ ਪਰਿਵਰਤਨ ਨਹੀ ਆ ਸਕਦਾ ਜਿਸ ਨਾਲ ਕਿ ਅਸੀ ਫਿਰ ਉਸਦੇ ਰੂਪ ਵਿੱਚ ਢਲ ਸਕੀਏ। ਸੁਭਾਵਕ ਤੌਰ ਤੇ ਹੀ ਅਸੀ ਪਰਮੇਸ਼ਰ ਤੋਂ ਬੇਮੁੱਖ ਹਾਂ, ਵਿਛੜੇ ਹੋਏ ਹਾਂ।

**(2) ਪਰਮੇਸ਼ਰ ਦੇ ਆਉਣ ਤੋਂ ਬਿਨਾਂ ਸਾਡੀ ਹਾਲਤ ਕਿਹੋ ਜਿਹੀ ਹੈ?**

*ਉਹ ਨੇ ਤੁਹਾਨੂੰ ਵੀ ਜਾਂ ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਮੁਰਦੇ ਸਾਓ ਜਿਵਾਲਿਆ। (ਅਫ਼ਸੀਆਂ 2:1)*

ਇਹ ਆਇਤ ਸਾਡੀ ਪਵਿੱਤਰ ਆਤਮਾ ਤੋਂ ਬਿਨਾਂ ਹਾਲਤ ਬਾਰੇ ਦੱਸਦੀ ਹੈI ਪਰਮੇਸ਼ਰ ਸਾਨੂੰ ਮੁਕਤ ਕਰਨਾ ਚਾਹੁੰਦਾ ਹੈ। ਸ਼ੈਤਾਨੀ ਪੰਜੇ ਵਿੱਚੋ ਛੁਡਾਉਣਾ ਚਾਹੁੰਦਾ ਹੈ। ਪਰ ਇਸ ਕਾਰਜ ਲਈ ਸਾਡੀ ਪੂਰਣ ਪ੍ਰਕ੍ਰਿਤ ਵਿੱਚ ਪਰਿਵਰਤਨਮ, ਸੁਧਾਰ ਤੇ ਨਵੀਨਤਾ ਦੀ ਲੋੜ ਹੈ ਜੋ ਸਾਡੇ ਵੱਸ ਵਿੱਚ ਨਹੀ। ਇਸ ਲਈ ਸਾਨੂੰ ਆਪਣੇ ਆਪ ਨੂੰ ਪੂਰਣ ਤੌਰ ਤੇ ਪਰਮੇਸ਼ਰ ਨੂੰ ਸਮਰਪਣ ਕਰ ਦੇਣਾ ਚਾਹੀਦਾ ਹੈ। ਯਸ਼ਾਯਾਹ 1:5; 2 ਤਿਮੋਥਿਉਸ 2:26.

ਸਭ ਤੋਂ ਵੱਡਾ ਸੰਗਰਾਮ ਜੋ ਕਦੀ ਲੜਿਆ ਗਿਆ ਹੈ ਉਹ ਹੈ 'ਆਪੇ' ਦੇ ਵਿਰੁੱਧ, ਖੁਦੀ (ਮੈਂ) ਨੂੰ ਤਿਆਗ ਕੇ ਸਭ ਕੁਝ ਪਰਮੇਸ਼ਰ ਇੱਛਾ ਦੇ ਅਧੀਨ ਕਰਨ ਵਿੱਚ ਕਰੜੇ ਸੰਘਰਸ਼ ਦੀ ਲੋੜ ਪੈਂਦੀ ਹੈ ਅਤੇ ਆਤਮਾ ਨੂੰ ਪਵਿੱਤ੍ਰਤਾ ਦੀ ਨਵੀਨਤਾ ਪ੍ਰਾਪਤ ਕਰਨ ਲਈ ਅਧੀਨਗੀ ਨਾਲ ਪਰਮੇਸ਼ਰ ਦੀ ਸ਼ਰਨ ਵਿੱਚ ਆਉਣਾ ਜ਼ਰੂਰੀ ਹੈ।

**(3) ਪਰਮੇਸ਼ਰ ਦੁਆਰਾ ਦਿੱਤਾ ਕਿਹੜਾ ਸੱਦਾ ਦਰਸਾਉਂਦਾ ਹੈ ਕਿ ਉਹ ਸਾਨੂੰ ਆਪਣੀ ਚੋਣ ਦੀ ਆਜ਼ਾਦੀ ਦੀ ਇਜਾਜ਼ਤ ਦਿੰਦਾ ਹੈ?**

***ਯਹੋਵਾਹ ਆਖਦਾ ਹੈ, " ਆਓ, ਅਸੀਂ ਇਨ੍ਹਾਂ ਗੱਲਾਂ ਉੱਤੇ ਵਿਚਾਰ ਕਰੀਏ। ਤੁਹਾਡੇ ਪਾਪ ਸੂਹੇ ਕੱਪੜੇ ਵਾਂਗ ਲਾਲ ਹਨ, ਪਰ ਉਹ ਧੋਤੇ ਜਾ ਸਕਦੇ ਹਨ। ਤੁਸੀਂ ਬਰਫ਼ ਵਾਂਗ ਸਫ਼ੇਦ ਹੋਵੋਗੇ। ਤੁਹਾਡੇ ਪਾਪ ਚਮਕੀਲੇ ਲਾਲ ਹਨ ਪਰ ਤੁਸੀਂ ਉਨ ਵਰਗੇ ਚਿੱਟੇ ਬਣ ਸਕਦੇ ਹੋ। (ਯਸਈਆਹ 1:18)***

ਜਿਸ ਤਰ੍ਹਾਂ ਸ਼ੈਤਾਨ ਦਰਸਾਉਣਾ ਚਾਹੁੰਦਾ ਹੈ, ਪਰਮੇਸ਼ਰ ਦੇ ਰਾਜ ਦੀ ਨੀਂਹ ਐਸੇ ਨਿਯਮਾਂ ਤੇ ਨਹੀ ਰੱਖੀ ਗਈ ਜਿਸ ਵਿੱਚ ਅਨੁਚਿਤ ਕਠੋਰ ਦਬਾਉ ਹੇਠ ਅੰਨ੍ਹੇ ਦੀ ਤਰ੍ਹਾਂ ਅਧੀਨਗੀ ਕਰਨੀ ਪਵੇ। ਸਗੋਂ ਪਰਮੇਸ਼ਰ ਦੇ ਰਾਜ ਦਾ ਨਿਯਮ ਮਨੁੱਖ ਦੀ ਬੁੱਧੀ ਤੇ ਜ਼ਮੀਰ ਨੂੰ ਖਿੱਚ ਪਾਉਂਦਾ ਹੈ ਅਤੇ ਉਸ ਨੂੰ ਉਸਦੇ ਭਲੇ ਬੁਰੇ ਦਾ ਗਿਆਨ ਕਰਾਉਂਦਾ ਹੈ। "ਆਉ ਅਸੀ ਆਪਸ ਵਿੱਚ ਸਲਾਹ ਕਰੀਏ।" ਪਰਮੇਸ਼ਰ ਮਨੁੱਖ ਜਾਤਿ ਨੂੰ ਜੋ ਕਿ ਉਸਨੇ ਬਣਾਈ ਹੈ ,ਪਿਆਰ ਨਾਲ ਸੱਦਾ ਦਿੰਦਾ ਹੈ। ਪਰਮੇਸ਼ਰ ਆਪਣੇ ਬਣਾਏ ਮਨੁੱਖ ਨੂੰ ਜਬਰਨ ਆਪਣੀ ਇੱਛਾ ਦੇ ਅਧੀਨ

ਨਹੀ ਕਰਦਾ ਜੋ ਕਿ ਅਕਲਮੰਦੀ ਨਾਲ ਸੋਚ ਸਮਝ ਕੇ ਦਿਲੀ ਇੱਛਾ ਨਾਲ ਨਾ ਕੀਤੀ ਗਈ ਹੋਵੇ। ਜਬਰਨ ਕਰਾਏ ਗਏ ਸਮਰਪਣ ਨਾਲ ਨਾ ਹੀ ਮਾਨਸਿਕ ਸ਼ਕਤੀ ਦਾ ਵਿਕਾਸ ਹੋ ਸਕੇਗਾ ਅਤੇ ਨਾ ਹੀ ਚਾਲ ਚਲਣ ਉੱਚਾ ਤੇ ਸੁੱਚਾ ਹੋ ਸਕੇਗਾ। ਅਤੇ ਮਨੁੱਖ ਮਸ਼ੀਨਰੀ ਦੀ ਤਰ੍ਹਾਂ ਬਣ ਕੇ ਰਹਿ ਜਾਏਗਾ। ਪਰਮੇਸ਼ਰ ਦਾ ਇਹ ਉਦੇਸ਼ ਨਹੀ ਸੀ। ਪਰਮੇਸ਼ਰ ਚਾਹੁੰਦਾ ਹੈ ਮਨੁੱਖ ਜੋ ਕਿ ਪਰਮੇਸ਼ਰ ਦੀ ਸਿਰਜਨ ਸ਼ਕਤੀ ਦਾ ਮੁਕਟ ਹੈ, ਵਿਕਾਸ ਤੇ ਉਨੱਤੀ ਦੇ ਉੱਚੇ ਸਿਖਰ ਤੇ ਪਹੁੰਚ ਜਾਵੇ। ਪਰਮੇਸ਼ਰ ਸਾਡੇ ਸਾਹਮਣੇ ਉੱਚੀ ਅਸ਼ੀਰਵਾਦ ਦਾ ਆਦਰਸ਼ ਰੱਖਦਾ ਹੈ ਅਤੇ ਉਸਦੀ ਇਹ ਇੱਛਾ ਹੈ ਕਿ ਉਹ ਆਪਣੀ ਮਿਹਰ ਨਾਲ ਇਹ ਅਸ਼ੀਰਵਾਦ ਸਾਡੇ ਤੱਕ ਪਹੁੰਚਾਏ। ਉਹ ਸਾਨੂੰ ਸੱਦਾ ਦਿੰਦਾ ਹੈ ਕਿ ਅਸੀ ਉਸਨੂੰ ਸਮਰਪਣ ਕਰ ਦੇਈਏ ਤਾਂ ਜੋ ਉਹ ਆਪਣੀ ਇੱਛਾ ਅਨੁਸਾਰ ਸਾਨੂੰ ਵਰਤ ਸਕੇ, ਢਾਲ ਸਕੇ। ਇਹ ਹੁਣ ਸਾਡੇ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਉਸ ਪਰਮੇਸ਼ਰ ਨੂੰ ਆਪਣਾ ਬਣਾ ਕੇ ਪਾਪ ਦੀ ਗੁਲਾਮੀ ਦੇ ਜੂਏ ਤੋਂ ਛੁਟਕਾਰਾ ਪਾ ਕਿ ਪਰਮੇਸ਼ਰ ਦੇ ਪੁੱਤਰ ਅਖਵਾਉਣ ਦੀ ਸ਼ਾਨਦਾਰ ਆਜ਼ਾਦੀ ਦੇ ਹਿੱਸੇਦਾਰ ਬਣ ਸਕੀਏ।

**(4) ਜਦੋਂ ਅਸੀਂ ਆਪਣੇ ਆਪ ਨੂੰ ਪਰਮੇਸ਼ਰ ਨੂੰ ਦਿੰਦੇ ਹਾਂ ਅਤੇ ਮਸੀਹ ਦੇ ਚੇਲੇ ਬਣਦੇ ਹਾਂ ਤਾਂ ਸਾਨੂੰ ਕੀ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ?**

***"ਸੋ ਇਸੇ ਤਰ੍ਹਾਂ ਤੁਹਾਡੇ ਵਿੱਚੋਂ ਹਰੇਕ ਜੋ ਆਪਣਾ ਸਭ ਕੁਝ ਕੁਝ ਨਾ ਤਿਆਗੇ ਉਹ ਮੇਰਾ ਚੇਲਾ ਨਹੀ ਹੋ ਸਕਦਾ।" (ਲੂਕਾ 14:33)***

ਆਪਣੇ ਆਪ ਨੂੰ ਪਰਮੇਸ਼ਰ ਨੂੰ ਸਮਰਪਣ ਕਰਨ ਲਈ ਸਾਨੂੰ ਉਹ ਸਭ ਕੁਝ ਤਿਆਗਣਾ ਜ਼ਰੂਰੀ ਹੈ, ਜੋ ਸਾਨੂੰ ਪਰਮੇਸ਼ਰ ਕੋਲੋਂ ਨਿਖੇੜਦਾ ਹੈ। ਜੋ ਵਸਤੂ ਹਿਰਦੇ ਨੂੰ ਪਰਮੇਸ਼ਰ ਕੋਲੋਂ ਦੂਰ ਕਰਦੀ ਹੈ ਉਸਦਾ ਤਿਆਗ ਕਰਨਾ ਚਾਹੀਦਾ ਹੈ। ਕਈਆਂ ਦਾ ਇਸ਼ਟ ਧਨ ਹੈ ਪੈਸੇ ਦਾ ਪਿਆਰ, ਦੌਲਤ ਦੀ ਇੱਛਾ ਸੋਨੇ ਦੀ ਇੱਕ ਜ਼ੰਜੀਰ ਹੈ ਜੋ ਉਨ੍ਹਾਂ ਨੂੰ ਸੈਤਾਨ ਨਾਲ ਬੰਨ੍ਹ ਰੱਖਦੀ ਹੈ ।ਇੱਕ ਹੋਰ ਸ਼੍ਰੇਣੀ ਹੈ ਜੋ ਜੱਸ ਕੀਰਤੀ ਤੇ ਦੁਨਿਆਵੀ ਮਾਣ ਦੀ ਪੂਜਾ ਕਰਦੀ ਹੈ। ਸਵਾਰਥ, ਸੁੱਖ, ਲਾਪਰਵਾਹੀ ਤੇ ਫਰਜ਼ ਤੋਂ

ਅਨਗਹਿਲੀ ਕਈਆਂ ਦੇ ਜੀਵਨ ਦਾ ਅਧਾਰ ਹੈ। ਪਰ ਇਹ ਸਾਰੀਆ ਗੁਲਾਮੀ ਦੀਆਂ ਜ਼ੰਜੀਰਾਂ ਤੋੜਨੀਆਂ ਪੈਣਗੀਆ। ਅਸੀ ਕਦੀ ਵੀ ਅੱਧੇ ਦਿਲ ਨਾਲ ਪ੍ਰਭੂ ਦੇ ਨਹੀ ਹੋ ਸਕਦੇ। ਜਦ ਤੱਕ ਅਸੀ ਸਮੁੱਚੇ ਉਸਦੇ ਨਾ ਹੋ ਜਾਈਏ ਅਸੀ ਪਰਮੇਸ਼ਰ ਦੇ ਪੁੱਤਰ ਅਖਵਾਉਣ ਦੇ ਯੋਗ ਨਹੀਂ।

## (5) ਅਸੀਂ ਆਪਣੀ ਮੁਕਤੀ ਨੂੰ ਪ੍ਰਾਪਤ ਕਰਨ ਦੇ ਯੋਗ ਕਿਉਂ ਨਹੀਂ ਹਾਂ?

***ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ। (ਅਫ਼ਸੀਆਂ 2:8)***

ਕਈ ਮਨੁੱਖ ਐਸੇ ਵੀ ਹਨ ਜੋ ਪਰਮੇਸ਼ਰ ਦੀ ਸੇਵਾ ਤਾਂ ਕਰਨਾ ਚਾਹੁੰਦੇ ਹਨ, ਪ੍ਰੰਤੂ ਉਸਦੇ ਨਿਯਮ ਦਾ ਪਾਲਣ ਕਰਨ, ਆਚਰਣ ਸੱਚਾ ਤੇ ਸੁੱਚਾ ਬਨਾਉਣ ਤੇ ਮੁਕਤੀ ਹਾਸਿਲ ਕਰਨ ਲਈ ਆਪਣੇ ਯਤਨਾਂ ਉੱਤੇ ਭਰੋਸਾ ਰੱਖਦੇ ਹਨ। ਉਨ੍ਹਾਂ ਦੇ ਹਿਰਦੇ ਯਿਸੂ ਮਸੀਹ ਦੇ ਡੂੰਘੇ ਪਿਆਰ ਨਾਲ ਪ੍ਰੇਰਿਤ ਨਹੀ ਹੁੰਦੇ। ਉਹ ਮਸੀਹੀ ਜੀਵਨ ਦੇ ਫਰਜ਼ ਨਿਭਾਉਣਾ ਤਾਂ ਚਾਹੁੰਦੇ ਹਨ।ਅਤੇ ਉਹ ਸਮਝਦੇ ਹਨ ਪ੍ਰਮਾਤਮਾ ਉਨ੍ਹਾਂ ਕੋਲੋਂ ਇਹ ਸਭ ਕੁਝ ਕਰਵਾਉਣਾ ਚਾਹੁੰਦਾ ਹੈ ਤਾਂ ਜੋ ਉਹ ਸਵਰਗ ਪ੍ਰਾਪਤ ਕਰ ਸਕਣ, ਐਸਾ ਧਰਮ ਨਿਸ਼ਫਲ ਹੈ ਜਿਸ ਵਿੱਚ ਪਿਆਰ ਤੇ ਲਗਨ ਨਹੀਂ ਕੇਵਲ ਸਵਰਗ ਦੀ ਲਾਲਸਾ ਹੈ। ਜਦੋਂ ਯਿਸੂ ਮਸੀਹ ਹਿਰਦੇ ਵਿੱਚ ਵੱਸ ਜਾਵੇ ਤਾਂ ਆਤਮਾ ਉਸ ਦੇ ਪਿਆਰ ਨਾਲ, ਉਸਦੇ ਨਾਲ ਮੇਲ ਮਿਲਾਪ ਕਰਨ ਨਾਲ ਮਗਧ ਹੋ ਉੱਠੇਗੀ, ਅਤੇ ਉਸਦੇ ਨਾਲ ਲਿਪਟੀ ਰਹੇਗੀ। ਆਪਾ ਤੇ ਸਵਾਰਥ ਭੁੱਲ ਜਾਏਗਾ। ਯਿਸੂ ਮਸੀਹ ਦੇ ਪਿਆਰ ਦੀ ਨਦੀ ਹਰ ਕਾਰਜ ਵਿੱਚੋਂ ਵਹਿ ਤੁਰੇਗੀ। ਜੋ ਪਰਮੇਸ਼ਰ ਦਾ ਮਜਬੂਰ ਕਰਨ ਵਾਲਾ ਪਿਆਰ ਅਨੁਭਵ ਕਰਦੇ ਹਨ ਇਹ ਨਹੀ ਪੁੱਛਦੇ ਕਿੰਨਾਂ ਕੁ ਥੋੜਾ ਦੇਣਾ ਪਵੇਗਾ ਪਰਮੇਸ਼ਰ ਦੀਆਂ ਮੰਗਾਂ ਪੂਰੀਆ ਕਰਨ ਲਈ। ਉਹ ਲੋਕ ਨੀਵੇਂ ਪੱਧਰ ਤੇ ਨਹੀਂ ਖਲੋਂਦੇ ਸਗੋਂ ਆਪਣੇ ਮੁਕਤੀ ਦਾਤੇ ਦੀ ਇੱਛਾ ਦੇ ਪੂਰਣ ਅਨੁਕੂਲ ਹੋਣ ਦਾ ਨਿਸ਼ਾਨਾਂ ਬਣਾਈ ਰੱਖਦੇ ਹਨ। ਉਹ ਪਰਮੇਸ਼ਰ ਨੂੰ ਪ੍ਰਾਪਤ ਕਰਨ ਵਾਸਤੇ ਸਭ

ਕੁੱਝ ਅਰਪਣ ਕਰਕੇ ਆਪਣੇ ਉਦੇਸ਼ ਦੀ ਪੂਰਤੀ ਕਰਦੇ ਹਨ। ਇਸ ਡੂੰਘੀ ਲਗਨ ਤੇ ਪ੍ਰੇਮ ਤੋਂ ਬਿਨਾਂ ਯਿਸੂ ਮਸੀਹ ਨੂੰ ਅਪਨਾਉਣ ਦਾ ਦਾਅਵਾ ਕਰਨ ਇੱਕ ਢੌਂਗ ਮਾਤਰ ਹੈ, ਝੂਠਾ ਆਡੰਬਰ ਹੈ ਅਤੇ ਵਗਾਰ ਕੱਟਣ ਦੇ ਬਰਾਬਰ ਹੈ।

## (6) ਇਹ ਆਇਤ ਸਾਡੇ ਛੁਟਕਾਰੇ ਲਈ ਯਿਸੂ ਮਸੀਹ ਦੇ ਦੁੱਖ ਨੂੰ ਕਿਵੇਂ ਦਰਸਾਉਂਦੀ ਹੈ?

*ਇਹ ਕੌਮਾਂ ਉਨ੍ਹਾਂ ਥਾਵਾਂ ਦੀਆਂ ਹਨ, ਜਿਨ੍ਹਾਂ ਨੂੰ ਤੁਸੀਂ ਨਹੀਂ ਨਹੀਂ ਜਾਣਦੇ ਪਰ ਤੁਸੀਂ ਉਨ੍ਹਾਂ ਕੌਮਾਂ ਨੂੰ ਸੱਦਾ ਦਿਓਗੇ। ਉਹ ਕੌਮਾਂ ਤੁਹਾਨੂੰ ਨਹੀਂ ਜਾਣਦੀਆਂ ਪਰ ਉਹ ਤੁਹਾਡੇ ਵੱਲ ਭੱਜਦੀਆਂ ਆਉਣਗੀਆਂ। ਅਜਿਹਾ ਵਾਪਰੇਗਾ ਕਿਉਂ ਕਿ ਇਹ ਯਹੋਵਾਹ ਤੁਹਾਡੇ ਪਰਮੇਸ਼ੁਰ ਦੀ ਰਜ਼ਾ ਹੈ। ਇਹ ਇਸ ਲਈ ਵਾਪਰੇਗਾ ਕਿਉਂ ਕਿ ਇਸਰਾਏਲ ਦੇ ਪਵਿੱਤਰ ਪੁਰਖ ਨੇ ਤੁਹਾਨੂੰ ਆਦਰ ਅਤੇ ਪਰਤਾਪ ਦਿੱਤਾ ਹੈ। ਇਸ ਲਈ ਤੁਹਾਨੂੰ ਯਹੋਵਾਹ ਵੱਲ ਤੱਕਣਾ ਚਾਹੀਦਾ ਹੈ ਇਸਤੋਂ ਪਹਿਲਾਂ ਕਿ ਇਸ ਲਈ ਬਹੁਤ ਦੇਰ ਹੋ ਜਾਵੇ। ਤੁਹਾਨੂੰ ਹੁਣੇ ਹੀ, ਉਸਨੂੰ ਸੱਦਾ ਦੇਣਾ ਚਾਹੀਦਾ ਜਦੋਂ ਕਿ ਉਹ ਨੇੜੇ ਹੈ। ਮੰਦੇ ਲੋਕਾਂ ਨੂੰ ਬਦੀ ਦੇ ਜੀਵਨ ਛੱਡ ਦੇਣੇ ਚਾਹੀਦੇ ਹਨ। ਉਨ੍ਹਾਂ ਨੂੰ ਮੰਦੇ ਵਿਚਾਰ ਸੋਚਣੇ ਛੱਡ ਦੇਣੇ ਚਾਹੀਦੇ ਨੇ। ਉਨ੍ਹਾਂ ਨੂੰ ਯਹੋਵਾਹ ਵੱਲ ਇੱਕ ਵਾਰੀ ਫ਼ੇਰ ਪਰਤ ਆਉਣਾ ਚਾਹੀਦਾ ਹੈ ਤਦ ਹੀ ਯਹੋਵਾਹ ਉਨ੍ਹਾਂ ਨੂੰ ਸਕੂਨ ਪਹੁੰਚਾਵੇਗਾ। ਉਨ੍ਹਾਂ ਲੋਕਾਂ ਨੂੰ ਯਹੋਵਾਹ ਵੱਲ ਆਉਣਾ ਚਾਹੀਦਾ ਹੈ ਕਿਉਂ ਕਿ ਅਸਾਡਾ ਯਹੋਵਾਹ ਬਖਸ਼ਣਹਾਰ ਹੈ। (ਯਸਈਆਹ 55:5, 7)*

ਕੀ ਤੁਸੀਂ ਸਮਝਦੇ ਹੋਂ ਯਿਸੂ ਮਸੀਹ ਨੂੰ ਸਭ ਕੁਝ ਅਰਪਣ ਕਰ ਦੇਣਾ ਬਹੁਤ ਵੱਡਾ ਬਲੀਦਾਨ ਹੈ? ਆਪਣੇ ਕੋਲੋਂ ਇਹ ਪ੍ਰਸ਼ਨ ਪੁੱਛੋ "ਯਿਸੂ ਮਸੀਹ ਨੇ ਮੇਰੇ ਲਈ ਕੀ ਕੀਤਾ?" ਪਰਮੇਸ਼ਰ ਦੇ ਪੁੱਤਰ ਨੇ ਸਭ ਕੁਝ ਦੇ ਦਿੱਤਾ। ਜ਼ਿੰਦਗੀ ਤੇ ਪਿਆਰ ਦੁੱਖ ਕਲੇਸ਼ ਸਭ ਸਾਡੀ ਮੁੱਕਤੀ ਲਈ ਦੇ ਦਿੱਤਾ। ਕੀ ਅਸੀ ,ਜੋ ਇਸ ਮਹਾਨ ਪ੍ਰੇਮ ਦੇ ਯੋਗ ਵੀ ਨਹੀ, ਆਪਣਾ ਪਾਪ ਭਰਿਆ ਦਿਲ ਯਿਸੂ ਮਸੀਹ ਨੂੰ ਅਰਪਣ ਕਰਨੋਂ ਇਨਕਾਰ ਕਰਾਂਗੇ? ਅਸੀ ਹਰ ਛਿਣ ਉਸਦੀ ਮਿਹਰ ਤੇ ਅਸ਼ੀਰਵਾਦ ਦਾ ਅਨੰਦ ਲੈਂਦੇ ਰਹੇ ਹਾਂ ਅਤੇ ਇਸ ਕਰਕੇ ਅਸੀਂ ਕਦੀ ਵੀ ਪੂਰੀ ਤਰ੍ਹਾਂ ਆਪਣੀ

ਆਗਿਆਨਤਾ ਅਤੇ ਦੁਰਦਸ਼ਾ ਦੀ ਡੂੰਘਾਈ ਦਾ ਅਨੁਮਾਨ ਨਹੀ ਲਗਾ ਸਕਦੇ ਜਿਸ ਤੋਂ ਸਾਨੂੰ ਮੁਕਤੀ ਮਿਲੀ ਹੈ ਕਿ ਅਸੀਂ ਇਹ ਜਾਣਦੇ ਹੋਏ ਵੀ ਕਿ ਯਿਸੂ ਮਸੀਹ ਸਾਡੇ ਪਾਪਾਂ ਲਈ ਵਿਨ੍ਹਿਆ ਗਿਆ ਜਾਣ ਬੁੱਝ ਕੇ ਉਸਦੇ ਪ੍ਰੇਮ ਤੇ ਕੁਰਬਾਨੀ ਦਾ ਤ੍ਰਿਸਕਾਰ ਕਰੀਏ। ਪ੍ਰਭੂ ਦੀ ਅਤਿਅੰਤ ਦੀਨਤਾ ਨੂੰ ਮੁੱਖ ਰੱਖਦੇ ਹੋਏ ਕੀ ਅਸੀ ਬੁੜ ਬੁੜ ਕਰਾਂਗੇ ਕਿ ਕਿਉਂ ਅਨੰਤ ਜੀਵਨ ਕੇਵਲ ਸੰਘਰਸ਼ ਤੇ ਪਾਪ ਮਿਟਾਉਣ ਨਾਲ ਹੀ ਮਿਲ ਸਕਦਾ ਹੈ।

**(7) ਸਾਡੀ ਜਗ੍ਹਾ ਤੇ ਮਸੀਹ ਨੇ ਕਿਹੜਾ ਮਹਾਨ ਬੋਝ ਚੁੱਕਿਆ ਜੋ ਸਾਨੂੰ ਸਾਡੇ ਪਾਪਾਂ ਲਈ ਪਛਤਾਵਾ ਕਰਨ ਦਾ ਕਾਰਨ ਬਣਦਾ ਹੈ?**

***"ਉਹ ਅਪਰਾਧੀਆਂ ਦੇ ਨਾਲ ਗਿਣਿਆ ਗਿਆ, ਉਸਨੇਂ ਬਹੁਤਿਆਂ ਦੇ ਪਾਪ ਚੁੱਕੇ ਅਤੇ ਅਪਰਾਧੀਆ ਲਈ ਸ਼ਿਫਾਰਸ਼ ਕੀਤੀ।" (ਯਸ਼ਾਯਾਹ 53:12)***

ਅਭਿਮਾਨੀ ਹਿਰਦੇ ਦਾ ਪ੍ਰਸ਼ਨ ਇਹ ਹੁੰਦਾ ਹੈ, ਪਰਮੇਸ਼ਰ ਦੀ ਸਵੀਕਾਰਤਾ ਦਾ ਭਰੋਸਾ ਕਰਨ ਤੋਂ ਪਹਿਲਾਂ ਕਿਉਂ ਮੈਨੂੰ ਪਛਤਾਵਾ ਕਰਨ ਤੇ ਆਪਾ ਮਿਟਾ ਕੇ ਨੀਵਾਂ ਹੋਣਾ ਪਏਗਾ? ਕੀ ਇਹ ਜ਼ਰੂਰੀ ਹੈ? ਮੈਂ ਤੁਹਾਡਾ ਧਿਆਨ ਯਿਸੂ ਮਸੀਹ ਵੱਲ ਦਿਵਾਉਂਦੀ ਹਾਂ। ਉਹ ਨਿਰਪਾਪ ਸੀ, ਨਿਰਦੋਸ਼ ਸੀ ਅਤੇ ਇਸ ਤੋਂ ਵੀ ਵੱਧ ਉਹ ਸਵਰਗ ਦਾ ਸ਼ਹਿਜ਼ਾਦਾ ਸੀ, ਪਰ ਮਨੁੱਖ ਦੇ ਪਾਪ ਆਪਣੇ ਸਿਰ ਲੈ ਕੇ ਉਹ ਸਰਬ ਮਨੁੱਖ ਜਾਤੀ ਲਈ ਪਾਪੀ ਬਣਿਆ, "ਉਹ ਅਪਰਾਧੀਆਂ ਦੇ ਨਾਲ ਗਿਣਿਆ ਗਿਆ, ਉਸਨੇਂ ਬਹੁਤਿਆਂ ਦੇ ਪਾਪ ਚੁੱਕੇ ਅਤੇ ਅਪਰਾਧੀਆ ਲਈ ਸ਼ਿਫਾਰਸ਼ ਕੀਤੀI"

ਜਦੋਂ ਅਸੀ ਆਪਾ ਯਿਸੂ ਮਸੀਹ ਨੂੰ ਅਰਪਣ ਕਰਦੇ ਹਾਂ ਤਾਂ ਕੀ ਦੇਂਦੇ ਹਾਂ? ਇੱਕ ਪਾਪਾਂ ਨਾਲ ਭ੍ਰਿਸ਼ਟ ਹੋਇਆ ਹਿਰਦਾ। ਕਿ ਯਿਸੂ ਮਸੀਹ ਉਸ ਨੂੰ ਆਪਣੇ ਲਹੂ ਨਾਲ ਧੋ ਕੇ ਪਵਿੱਤਰ ਕਰ ਦੇਵੇ ਤੇ ਆਪਣੇ ਬੇਮਿਸਾਲ ਪਿਆਰ ਨਾਲ ਉਸਨੂੰ ਪਾਪ ਤੋਂ ਮੁਕਤ ਕਰ ਦੇਵੇ। ਪਰ ਅਜੇ ਵੀ ਮਨੁੱਖ ਸਭ ਕੁਝ ਤਿਆਗਣਾ ਕਠਿਨ ਸਮਝਦੇ ਹਨ ਮੈਨੂੰ ਇਸ ਗੱਲ ਦੇ ਸੁਣਨ ਤੇ ਲਿਖਣ ਵਿੱਚ ਸ਼ਰਮ ਮਹਿਸੂਸ ਹੁੰਦੀ ਹੈ।

**(8) ਜਦੋਂ ਅਸੀਂ ਉਹ ਸਭ ਕਰਦੇ ਹਾਂ ਤਾਂ ਸਾਡਾ ਉਦੇਸ਼ ਕੀ ਹੋਣਾ ਚਾਹੀਦਾ ਹੈ, ਜਦੋਂ ਅਸੀਂ ਇਹ ਕਰਦੇ ਹਾਂ ਤਾਂ ਅਸੀਂ ਕਿਸ ਵਾਅਦੇ ਦਾ ਦਾਅਵਾ ਕਰਦੇ ਹਾਂ?**

***ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ। (ਮੱਤੀ 6:33)***

ਪਰਮੇਸ਼ਰ ਸਾਨੂੰ ਐਸੀ ਕੋਈ ਵਸਤੂ ਤਿਆਗਣ ਲਈ ਨਹੀ ਕਹਿੰਦਾ ਜੋ ਸਾਡੇ ਹਿੱਤ ਲਈ ਲਾਭਦਾਇਕ ਹੈ। ਜੋ ਕੁਝ ਵੀ ਉਹ ਕਰਦਾ ਹੈ ਆਪਣੇ ਬੱਚਿਆ ਦੀ ਭਲਾਈ ਲਈ ਹੀ ਕਰਦਾ ਹੈ। ਕਾਸ਼: ਉਹ ਸਾਰੇ ਜਿੰਨ੍ਹਾਂ ਅਜੇ ਯਿਸੂ ਮਸੀਹ ਨੂੰ ਨਹੀ ਅਪਣਾਇਆ ਇਹ ਸਮਝ ਸਕਣ ਕਿ ਯਿਸੂ ਮਸੀਹ ਕੋਲੋਂ ਉਨ੍ਹਾਂ ਲਈ ਉਸ ਤੋਂ ਉੱਤਮ ਵਸਤੂ ਹੈ, ਜਿਸਨੂੰ ਉਹ ਆਪਣੇ ਬਲ ਨਾਲ ਪ੍ਰਾਪਤ ਕਰਨਾ ਚਾਹੁੰਦੇ ਹਨ। ਮਨੁੱਖ ਜਦੋਂ ਵੀ ਪਰਮੇਸ਼ਰ ਦੀ ਇੱਛਾ ਦੇ ਵਿਰੁੱਧ ਸੋਚਦਾ ਤੇ ਕਰਦਾ ਹੈ ਉਹ ਆਪਣੀ ਆਤਮਾਂ ਨੂੰ ਦੁੱਖ ਪਹੁੰਚਾਉਂਦਾ ਤੇ ਉਸ ਨਾਲ ਬੇਇਨਸਾਫੀ ਕਰਦਾ ਹੈ। ਪਰਮੇਸ਼ਰ ਜਾਣਦਾ ਹੈ ਉਸ ਦੇ ਬੱਚਿਆਂ ਲਈ ਕੀ ਠੀਕ ਹੈ ਅਤੇ ਉਸਦੇ ਅਨੁਸਾਰ ਹੀ ਉਜ ਯੋਜਨਾ ਬਣਾਉਦਾ ਹੈ। ਸੋ ਪਰਮੇਸ਼ਰ ਤੋਂ ਭਟਕ ਕੇ ਅਤੇ ਉਸਦੇ ਵਰਜਿਤ ਰਾਹਾਂ ਤੇ ਚੱਲ ਕੇ ਕਦੀ ਵੀ ਅਸਲੀ ਖੁਸ਼ੀ ਪ੍ਰਾਪਤ ਨਹੀਂ ਹੋ ਸਕਦੀ ਹੁਕਮ ਅਦੂਲੀ ਦਾ ਰਸਤਾ ਦੁੱਖ ਤੇ ਵਿਨਾਸ਼ਕਾਰੀ ਵੱਲ ਜਾਂਦਾ ਹੈ।

**(9) ਜਦੋਂ ਅਸੀਂ ਪਰਮੇਸ਼ਰ ਦੇ ਰਾਜ ਦੀ ਖੋਜ ਕਰਦੇ ਹਾਂ ਤਾਂ ਅਸੀਂ ਉਸਦੇ ਬੱਚਿਆਂ ਦੀ ਵਜੋਂ ਕਿਹੜੇ ਵਾਅਦੇ ਦਾ ਦਾਅਵਾ ਕਰਦੇ ਹਾਂ?**

***ਯਹੋਵਾਹ ਦੀ ਸੇਵਾ ਕਰਦਿਆਂ ਖੁਸ਼ੀ ਅਨੁਭਵ ਕਰੋ, ਅਤੇ ਉਹ ਤੁਹਾਡੀਆਂ ਮੁਰਾਦਾਂ ਪੂਰੀਆਂ ਕਰੇਗਾ। ਯਹੋਵਾਹ ਤੇ ਨਿਰਭਰ ਹੋਵੋ, ਅਤੇ ਉਸ ਵਿੱਚ ਯਕੀਨ ਰਖੋ। ਫ਼ੇਰ ਜਿਹੜਾ ਲੋੜੀਦਾ ਹੈ, ਉਹ ਕਰੇਗਾ। (ਜ਼ਬੂਰ 37:4-5)***

ਇਹ ਵਿਚਾਰ ਵੀ ਮਨ ਵਿੱਚ ਲਿਆਉਣਾ ਇੱਕ ਭੁੱਲ ਹੈ ਕਿ ਪਰਮੇਸ਼ਰ ਆਪਣੇ ਬੱਚਿਆਂ ਨੂੰ ਦੁਖੀ ਦੇਖ ਕੇ ਪ੍ਰਸੰਨ ਹੁੰਦਾ ਹੈ। ਸਾਰਾ ਸਵਰਗ ਮਨੁੱਖ ਦੀ ਖੁਸ਼ੀ ਦਾ ਚਾਹਵਾਨ ਹੈ। ਸਾਡਾ ਸਵਰਗੀ ਪਿਤਾ ਆਪਣੇ ਕਿਸੇ ਵੀ ਪਾਣੀ ਲਈ ਸਵਰਗ ਦੇ ਕਿਵਾੜ ਬੰਦ ਨਹੀ ਕਰਦਾ। ਰੱਬੀ ਸੁਨੇਹਾ ਸਦਾ ਸਾਨੂੰ ਉਨ੍ਹਾਂ ਵਾਸਨਾਵਾਂ ਤੋਂ ਦੂਰ ਰਹਿਣ ਦਾ ਸੰਦੇਸ਼ਾ ਦੇਂਦਾ ਹੈ ਜੋ ਦੁੱਖ, ਕਲੇਸ਼ ਤੇ ਨਿਰਾਸ਼ਤਾ ਲਿਆਉਂਦੀਆਂ ਹਨ ਅਤੇ ਸਾਡੇ ਲਈ ਸਵਰਗ ਅਤੇ ਸਦੀਵੀ ਖੁਸ਼ੀ ਦਾ ਰਸਤਾ ਬੰਦ ਕਰਦੀਆਂ ਹਨ। ਜਗਤ ਦਾ ਮੁਕਤੀ ਦਾਤਾ ਮਨੁੱਖਾਂ ਨੂੰ ਉਨ੍ਹਾਂ ਦੀ ਵਰਤਮਾਨ ਹਾਲਤ ਵਿੱਚ ਜਿਹੋ ਜਿਹੇ ਵੀ ਉਹ ਹੋਣ ਉਨ੍ਹਾਂ ਦੀਆਂ ਸਾਰੀਆਂ ਕਮਜ਼ੋਰੀਆਂ, ਤਰੁੱਟੀਆਂ ਤੇ ਔਗੁਣਾਂ ਦੇ ਨਾਲ ਸਵੀਕਾਰ ਕਰਦਾ ਹੈ। ਉਹ ਕੇਵਲ ਉਨ੍ਹਾਂ ਨੂੰ ਸਾਰੇ ਪਾਪਾਂ ਤੋਂ ਪਵਿੱਤਰ ਕਰ ਕੇ ਆਪਣੇ ਲਹੂ ਨਾਲ ਧੋ ਕੇ ਮੁਕਤੀ ਹੀ ਨਹੀ ਬਖਸ਼ੇਗਾ, ਸਗੋਂ ਉਨ੍ਹਾਂ ਦੀ ਹਰ ਮਨੋਕਾਮਨਾ ਪੂਰੀ ਕਰੇਗਾ ਜੋ ਉਸਦਾ ਜੂਲਾ ਚੁੱਕਣ, ਉਸ ਦਾ ਭਾਰ ਚੁੱਕਣ ਨੂੰ ਤਿਆਰ ਹਨ। ਇਹ ਉਸਦਾ ਪ੍ਰਯੋਜਨ ਹੈ ਉਨ੍ਹਾਂ ਸਾਰਿਆਂ ਨੂੰ ਸ਼ਾਂਤੀ ਤੇ ਆਰਾਮ ਬਖਸ਼ਣਾ ਜੋ ਉਸ ਕੋਲ ਜੀਵਨ ਦੀ ਰੋਟੀ ਲਈ ਉਸਦੇ ਚਰਨਾਂ ਵਿੱਚ ਆਉਂਦੇ ਹਨ। ਉਹ ਸਾਡੇ ਕੋਲੋਂ ਉਹ ਕਰਤੱਵ ਪਾਲਣਾ ਕਰਨ ਦੀ ਮੰਗ ਕਰਦਾ ਹੈ ਜੋ ਸਾਡੇ ਕਦਮਾਂ ਨੂੰ ਵਿਸਮਾਦ ਦੀ ਚੋਟੀ ਤੇ ਪਹੁੰਚਾ ਦੇਵੇ, ਜਿਸਨੂੰ ਕਿ ਬੇਮੁੱਖ ਅਤੇ ਨਿਯਮ ਭੰਗ ਕਰਨ ਵਾਲੇ ਕਦੀ ਵੀ ਪ੍ਰਾਪਤ ਨਹੀਂ ਕਰ ਸਕਦੇ। ਸੱਚੀ ਤੇ ਸਦੀਵੀ ਖੁਸ਼ੀ ਤਦ ਹੀ ਪ੍ਰਾਪਤ ਹੋ ਸਕਦੀ ਹੈ ਜੇ ਯਿਸੂ ਮਸੀਹ ਜੋ ਕਿ ਮਹਾਨ ਮਹਿਮਾ ਦੀ ਆਸ਼ਾ ਹੈ ਹਿਰਦੇ ਵਿੱਚ ਵੱਸ ਜਾਵੇ।

## (10) ਮੈਂ ਆਪਣੇ ਆਪ ਨੂੰ ਪਰਮੇਸ਼ਰ ਅੱਗੇ ਪੂਰੀ ਤਰ੍ਹਾਂ ਕਿਵੇਂ ਸਮਰਪਣ ਕਰ ਸਕਦਾ ਹਾਂ?

*"ਪਰ ਹੁਣ ਤੁਹਾਨੂੰ ਸਿਰਫ਼ ਯਹੋਵਾਹ ਦੀ ਸੇਵਾ ਹੀ ਕਰਨੀ ਚਾਹੀਦੀ ਹੈ ਸ਼ਾਇਦ ਤੁਸੀਂ ਯਹੋਵਾਹ ਦੀ ਸੇਵਾ ਨਹੀਂ ਕਰਨਾ ਚਾਹੁੰਦੇ। ਤੁਹਾਨੂੰ ਅੱਜ ਆਪਣੇ ਲਈ ਅਵੱਸ਼ ਚੋਣ ਕਰਨੀ ਚਾਹੀਦੀ ਹੈ। ਅੱਜ ਤੁਹਾਨੂੰ ਇਹ ਨਿਰਣਾ ਕਰਨਾ ਪਵੇਗਾ ਕਿ ਤੁਸੀਂ ਕਿਸਦੀ ਸੇਵਾ ਕਰੋਗੇ। ਕੀ ਤੁਸੀਂ ਉਨ੍ਹਾਂ ਦੇਵਤਿਆਂ ਦੀ ਸੇਵਾ ਕਰੋਗੇ ਜਿਨ੍ਹਾਂ ਦੀ ਤੁਹਾਡੇ ਪੁਰਖਿਆਂ ਪੁਰਖਿਆਂ ਨੇ ਉਪਾਸਨਾ ਕੀਤੀ ਸੀ ਜਦੋਂ ਉਹ ਫ਼ਰਾਤ*

*ਨਦੀ ਦੇ ਪਰਲੇ ਪਾਸੇ ਰਹਿੰਦੇ ਸਨ? ਜਾਂ ਕੀ ਤੁਸੀਂ ਅਮੋਰੀ ਲੋਕਾਂ ਦੇ ਦੇਵਤਿਆਂ ਦੀ ਸੇਵਾ ਕਰੋਂਗੇ ਜਿਹੜੇ ਇਸ ਧਰਤੀ ਉੱਤੇ ਰਹਿੰਦੇ ਸਨ? ਤੁਹਾਨੂੰ ਇਹ ਚੋਣ ਖੁਦ ਕਰਨੀ ਪਵੇਗੀ। ਪਰ ਜਿਥੋਂ ਤੱਕ ਮੇਰਾ ਅਤੇ ਮੇਰੇ ਪਰਿਵਾਰ ਦਾ ਸੰਬੰਧ ਹੈ, ਅਸੀਂ ਤਾਂ ਯਹੋਵਾਹ ਦੀ ਸੇਵਾ ਕਰਾਂਗੇ!" (ਯਸ਼ਵਾ 24:15)*

ਤੁਸੀਂ ਆਪਾ ਉਸਨੂੰ ਸਮਰਪਣ ਕਰਨਾ ਚਾਹੁੰਦੇ ਹੋਂ ਪਰ ਤੁਸੀਂ ਇਖਲਾਕੀ ਕਮਜ਼ੋਰੀ, ਭਰਮ ਦੇ ਜਾਲ ਤੇ ਆਪਣੇ ਪਾਪੀ ਜੀਵਨ ਦੇ ਦੁਰਾਚਾਰ ਦੇ ਵੱਸ ਵਿੱਚ ਹੋਂ। ਤੁਹਾਡੇ ਇਕਰਾਰ ਤੇ ਸੰਕਲਪ ਰੇਤ ਦੀ ਰੱਸੀ ਦੀ ਨਿਆਈਂ ਹਨ। ਤੁਸੀਂ ਆਪਣੇ ਵਿਚਾਰਾਂ ਮਨੋਵੇਗਾਂ ਤੇ ਮੋਹ ਤੇ ਕਾਬੂ ਨਹੀ ਪਾ ਸਕਦੇ। ਤੁਹਾਡੇ ਆਪਣੇ ਹੀ ਭੰਗ ਕੀਤੇ ਵਾਅਦੇ ਤੇ ਨਾ ਨਿਭਾਏ ਗਏ ਬਚਨਾਂ ਦੇ ਖਿਆਲ ਨਾਲ ਤੁਹਾਡਾ ਆਪਣਾ ਸੱਚਾਈ ਤੋਂ ਵਿਸ਼ਵਾਸ ਉੱਠ ਗਿਆ ਹੈ, ਤੇ ਤੁਸੀ ਸਮਝਦੇ ਹੋ ਪਰਮੇਸ਼ਰ ਤੁਹਾਨੂੰ ਸਵੀਕਾਰ ਨਹੀ ਕਰੇਗਾ। ਪਰ ਤੁਹਾਨੂੰ ਨਿਰਾਸ਼ ਹੋਣ ਦੀ ਲੋੜ ਨਹੀ ਕੇਵਲ ਇੱਛਾ ਦੇ ਸੱਚੇ ਬਲ ਨੂੰ ਸਮਝਣ ਦੀ ਲੋੜ ਹੈ। ਮਨੁੱਖ ਦੀ ਫਿਤਰਤ ਤੇ ਰਾਜ ਕਰਨ ਵਾਲੀ ਇਹੋ ਇੱਛਾ ਸ਼ਕਤੀ ਹੈ- ਭਲੇ ਬੁਰੇ ਦੀ ਪਹਿਚਾਣ ਦਾ ਫੈਸਲਾ ਕਰ ਸਕਣ ਦੀ ਸ਼ਕਤੀ। ਸਭ ਕੁਝ ਇੱਛਾ ਦੇ ਠੀਕ ਪ੍ਰਯੋਗ ਉੱਪਰ ਨਿਰਭਰ ਹੈ। ਪਰਮੇਸ਼ਰ ਨੇ ਹਰ ਮਨੁੱਖ ਨੂੰ ਚੋਣ ਦੀ ਸ਼ਕਤੀ ਕਰਨ ਦਿੱਤੀ ਹੈ ਅਤੇ ਇਸ ਨੂੰ ਵਰਤਣਾਂ ਉਸਦਾ ਫ਼ਰਜ਼ ਹੈ। ਤੁਸੀ ਆਪੇ ਆਪਣੇ ਹਿਰਦੇ ਵਿੱਚ ਪਰਿਵਰਤਨ ਨਹੀਂ ਲਿਆ ਸਕਦੇ। ਨਾ ਹੀ ਆਪਣੀ ਇੱਛਾ ਨਾਲ ਹਿਰਦੇ ਦੇ ਪ੍ਰੇਮ ਅਤੇ ਅਨੁਰਾਗ ਪਰਮੇਸ਼ਰ ਨੂੰ ਅਰਪਣ ਕਰ ਸਕਦੇ ਹੋਂ। ਪ੍ਰੰਤੂ ਤੁਸੀ ਪਰਮੇਸ਼ਰ ਦੀ ਸੇਵਾ ਕਰਨ ਦਾ ਨਿਰਣਾ ਆਪਣੀ ਇੱਛਾ ਨਾਲ ਕਰ ਸਕਦੇ ਹੋਂ। ਆਪਣੀ ਇੱਛਾ ਉਸ ਸਰਬ ਸ਼ਕਤੀਮਾਨ ਦੇ ਅਧੀਨ ਕਰ ਸਕਦੇ ਹੋਂ ਇਹ ਤੁਹਾਡੀ ਚੋਣ ਹੈ। ਫਿਰ ਉਹ ਤੁਹਾਡੇ ਹਿਰਦੇ ਵਿੱਚ ਆਪਣੀ ਸ਼ੁਭ ਇੱਛਾ ਦਾ ਸੰਚਾਰ ਕਰਕੇ ਤੁਹਾਨੂੰ ਆਪਣੀ ਇੱਛਾ ਅਨੁਸਾਰ ਖੁਸ਼ੀ ਦੇ ਨੇਕ ਮਾਰਗ ਤੇ ਲੈ ਆਏਗਾ ਅਤੇ ਸਾਡੀ ਸਾਰੀ ਫਿਤਰਤ ਯਿਸੂ ਮਸੀਹ ਦੀ ਸ਼ਕਤੀ ਦੇ ਅਧੀਨ ਹੋ ਜਾਏਗੀ। ਤੁਹਾਡਾ ਮੋਹ ਉਸ ਉੱਤੇ ਕੇਂਦਿਤ ਹੋ ਜਾਏਗਾ।ਤੁਹਾਡੇ ਵਿਚਾਰ ਉਸ ਨਾਲ ਸਹਿਮਤ ਹੋ ਜਾਣਗੇ।

ਜਿੱਥੋਂ ਤੀਕ ਹੋ ਸਕੇ ਨੇਕੀ ਤੇ ਪਵਿੱਤ੍ਰਤਾ ਦੀ ਖਾਹਿਸ਼ ਕਰਨੀ ਠੀਕ ਹੈ ਪ੍ਰੰਤੂ ਜੇ ਤੁਸੀਂ ਏਥੇ ਹੀ ਰੁਕ ਗਏ ਤਾਂ ਕੋਈ ਲਾਭ ਨਹੀ ਪਹੁੰਚੇਗਾ। ਬਹੁਤ ਸਾਰੇ ਕੇਵਲ ਮਸੀਹੀ ਬਣਨ ਦੀ ਆਸ਼ਾ ਤੇ ਅਭਿਲਾਸ਼ਾ ਕਰਦੇ ਹੋਏ ਵੀ ਗੁਮਰਾਹ ਹੋ ਜਾਣਗੇ ਕਿਉਂਕਿ ਉਹ ਪਰਮੇਸ਼ਰ ਲਈ ਆਤਮ ਸਮਰਪਣ ਕਰਨ ਦੇ ਨੁਕਤੇ ਤੀਕ ਨਹੀ ਪਹੁੰਚਣਗੇ ਅਤੇ ਉਹ ਮਸੀਹੀ ਬਣਨਾ ਵੀ ਪਸੰਦ ਕਰਨਗੇI

**(11) ਜਦੋਂ ਅਸੀਂ ਆਪਣੀ ਇੱਛਾ ਅਤੇ ਆਪਣੇ ਜੀਵਨ ਨੂੰ ਮਸੀਹ ਲਈ ਪੂਰੀ ਤਰ੍ਹਾਂ ਸਮਰਪਿਤ ਕਰਾਂਗੇ ਤਾਂ ਇਸਦਾ ਨਤੀਜਾ ਕੀ ਹੋਵੇਗਾ?**

***ਫ਼ਿਕਰ ਨਾ ਕਰ, ਮੈਂ ਤੇਰੇ ਨਾਲ ਹਾਂ। ਭੈਭੀਤ ਨਾ ਹੋ, ਮੈਂ ਤੇਰਾ ਪਰਮੇਸ਼ੁਰ ਹਾਂ। ਮੈਂ ਤੈਨੂੰ ਮਜ਼ਬੂਤ ਬਣਾਵਾਂਗਾ। ਮੈਂ ਤੇਰੀ ਸਹਾਇਤਾ ਕਰਾਂਗਾ। ਮੈਂ ਤੈਨੂੰ ਆਪਣੇ ਚੰਗੇ ਸੱਜੇ ਹੱਥ ਨਾਲ ਸਹਾਰਾ ਦਿਆਂਗਾ। (ਯਸਈਆਹ 41:10)***

ਇੱਛਾ ਦੀ ਠੀਕ ਚੋਣ ਕਰਨ ਨਾਲ ਤੁਹਾਡੇ ਸਮੁੱਚੇ ਜੀਵਨ ਵਿੱਚ ਪਰਿਵਰਤਨ ਆ ਸਕਦਾ ਹੈ। ਆਪਣੀ ਇੱਛਾ ਯਿਸੂ ਮਸੀਹ ਨੂੰ ਸਮਰਪਣ ਕਰਨ ਨਾਲ ਤੁਸੀਂ ਅਜਿਹੀ ਰੱਬੀ ਸ਼ਕਤੀ ਨਾਲ ਮਿੱਤਰਤਾ ਜੋੜਦੇ ਹੋਂ ਜੋ ਸਾਰੇ ਦੁਨਿਆਵੀ ਅਸੂਲਾਂ ਤੇ ਤਾਕਤਾਂ ਤੋਂ ਉੱਪਰ ਹੈ। ਤੁਹਾਨੂੰ ਸਥਿਰ ਰਹਿਣ ਲਈ ਸ਼ਕਤੀ ਉੱਪਰੋਂ ਮਿਲੇਗੀ ਅਤੇ ਇਸ ਤਰ੍ਹਾਂ ਨਿਰੰਤਰ ਪਰਮੇਸ਼ਰ ਨੂੰ ਆਤਮ ਸਮਰਪਣ ਕਰਦੇ ਰਹਿਣ ਨਾਲ ਤੁਸੀਂ ਨਵਾਂ ਜੀਵਨ ਜਿਉਣ ਯੋਗ ਹੋ ਜਾਉਂਗੇ -ਵਿਸ਼ਵਾਸ ਦਾ ਜੀਵਨ।

*ਮੈਨੂੰ ਅਹਿਸਾਸ ਹੋਇਆ ਹੈ ਕਿ ਪਰਮੇਸ਼ਰ ਦੀ ਸਰਕਾਰ ਇਹੋ ਜਿਹੀ ਨਹੀਂ ਹੈ ਜਿਵੇਂ ਸ਼ੈਤਾਨ ਇਸ ਨੂੰ ਪ੍ਰਗਟ ਕਰਦਾ ਕਰਦਾ ਹੈ ਜੋ ਅੰਨ੍ਹੇ ਸਮਰਪਣ ਜਾਂ ਤਰਕ ਤੇ ਬਿਨਾਂ ਨਿਯੰਤਰਨ ਤੇ ਅਧਾਰਿਤ ਹੈI*

**ਚੱਕਰ ਲਗਾਓ:** ਹਾਂ ਅਨਿਸ਼ਚਿਤ

***ਮੈਂ ਹੈਰਾਨ ਹਾਂ ਕਿ ਮੇਰੇ ਸਿਰਜਣਹਾਰ ਨੇ ਮੈਨੂੰ ਛੁਟਕਾਰਾ ਦੇਣ ਲਈ ਆਪਣਾ ਸਾਰਾ ਜੀਵਨ, ਪਿਆਰ ਅਤੇ ਦੁੱਖ ਦੇ***

*ਦਿੱਤਾ ਅਤੇ ਉਹ ਮੇਰੇ ਜੀਵਨ ਵਿਚ ਪਾਪਾ ਦੀ ਇਸ ਸ਼ਕਤੀ ਨੂੰ ਦੂਰ ਕਰਨ ਲਈ ਮੇਰੇ ਵਿਚ ਸਥਿਰ ਰਹਿਣ ਦੀ ਇੱਛਾ ਰੱਖਦਾ ਹੈI*

ਚੱਕਰ ਲਗਾਓ:   ਹਾਂ   ਅਨਿਸ਼ਚਿਤ

*ਮੈਨੂੰ ਅਹਿਸਾਸ ਹੋਇਆ ਕਿ ਜਦੋਂ ਮੇਰੀ ਇੱਛਾ ਸ਼ੈਤਾਨ ਦੇ ਨਿਯੰਤਰਨ ਵਿਚ ਹੁੰਦੀ ਹੈ, ਮੈਂ ਆਪਣੇ ਵਿਚਾਰਾਂ, ਪ੍ਰਭਾਵਾਂ ਪ੍ਰਭਾਵਾਂ ਜਾਂ ਪਿਆਰ ਨੂੰ ਕਾਬੂ ਨਹੀਂ ਕਰ ਸਕਦਾ ਹਾਂ; ਚੰਗਾ ਕਰਨ ਲਈ ਮੇਰੇ ਵਾਅਦੇ ਅਤੇ ਸੰਕਲਪ ਰੇਤ ਦੀ ਰੱਸੀ ਵਰਗੇ ਹਨI*

ਚੱਕਰ ਲਗਾਓ:   ਹਾਂ   ਅਨਿਸ਼ਚਿਤ


*ਮੈਂ ਸ਼ੁਕਰਗੁਜ਼ਾਰ ਹਾਂ ਕਿ ਪਰਮੇਸ਼ਰ ਆਪਣੇ ਜੀਵਾਂ ਉੱਤੇ ਇੱਛਾ ਨੂੰ ਮਜ਼ਬੂਰ ਨਹੀਂ ਕਰਦਾ ਹੈI ਮੈਨੂੰ ਖੁਸ਼ੀ ਹੈ ਕਿ ਉਹ ਸਾਨੂੰ ਸੱਦਾ ਦਿੰਦਾ ਹੈ ਕਿ ਅਸੀਂ ਆਪਣੀ ਇੱਛਾ ਨੂੰ ਉਸ ਨੂੰ ਦੇਈਏ ਤਾਂ ਜੋ ਉਹ ਮਨ, ਸਰੀਰ ਅਤੇ ਚਰਿੱਤਰ ਦੇ ਉੱਤਮ ਸੰਭਾਵਿਤ ਵਿਕਾਸ ਨੂੰ ਪ੍ਰਾਪਤ ਕਰਨ ਵਿਚ ਸਾਡੀ ਸਹਾਇਤਾ ਕਰ ਸਕੇI*

ਚੱਕਰ ਲਗਾਓ:   ਹਾਂ   ਅਨਿਸ਼ਚਿਤ

*ਹੁਣ ਜਦੋਂ ਮੈਨੂੰ ਆਪਣੀ ਇੱਛਾ ਸ਼ਕਤੀ ਦੇ ਬਾਰੇ ਸਪੱਸ਼ਟ ਸਮਝ ਹੈ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਚੁਣਨ ਦੀ ਸ਼ਕਤੀ ਹੁਣ ਮੇਰੀ ਹੈ ਤਾਂ ਮੈਂ ਆਪਣੀ ਇੱਛਾ ਮਸੀਹ ਦੇ ਆਤਮਾ ਦੁਆਰਾ ਚਲਾਉਣ ਦੀ ਚੋਣ ਕਰਦਾ ਹਾਂI*

ਚੱਕਰ ਲਗਾਓ:   ਹਾਂ   ਅਨਿਸ਼ਚਿਤ

________________________________________



## ਪਾਠ 7
## ਵਿਸ਼ਵਾਸ ਅਤੇ ਪ੍ਰਵਾਨਗੀ

**(1) ਜਿਵੇਂ ਪਰਮੇਸ਼ਰ ਨਾਲ ਸ਼ਾਂਤੀ ਅਤੇ ਸਾਂਝ ਰੱਖਣ ਦੀ ਸਾਡੀ ਇੱਛਾ ਵੱਧਦੀ ਹੈ ਤਾਂ ਸਾਡੇ ਪਾਪ ਦੇ ਦੁਸ਼ਟ ਪ੍ਰਤੀ ਸਾਡਾ ਰੱਬੀ-ਪ੍ਰਤੀਕਰਮ ਕੀ ਹੋਵੇਗਾ?**

***ਤੁਸੀਂ ਆਪਣੇ ਮੰਦੇ ਕੰਮਾਂ ਨੂੰ ਯਾਦ ਕਰੋਂਗੇ। ਤੁਸੀਂ ਯਾਦ ਕਰੋਗੇ ਕਿ ਉਹ ਗੱਲਾਂ ਚੰਗੀਆਂ ਨਹੀਂ ਸਨ। ਫ਼ੇਰ ਤੁਸੀਂ ਆਪਣੇ ਪਾਪਾਂ ਅਤੇ ਆਪਣੇ ਭਿਆਨਕ ਕਾਰਿਆਂ ਕਾਰਣ ਆਪਣੇ ਆਪਨੂੰ ਨਫ਼ਰਤ ਕਰੋਂਗੇ।" (ਹਿਜ਼ ਕੀ ਐਲ 36:31)***

ਜਦੋਂ ਤੁਹਾਡਾ ਅੰਤਹਕਰਣ ਪਵਿੱਤਰ ਆਤਮਾਂ ਦੀ ਸ਼ਕਤੀ ਨਾਲ ਜਾਗ੍ਰਿਤ ਹੋ ਜਾਏ, ਤਾਂ ਤੁਹਾਨੂੰ ਪਾਪ ਦੀ ਬੁਰਾਈ, ਇਸਦੀ ਦੁਸ਼ਟ ਤਾਕਤ, ਇਸਦਾ ਦੋਸ਼ ਅਤੇ ਸ਼ਰਾਪ ਕੁੱਝ ਕੁੱਝ ਨਜ਼ਰ ਆ ਜਾਏ ਤਾਂ ਤੁਸੀ ਪਾਪ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖੋਗੇ। ਤੁਹਾਨੂੰ ਪਾਪ ਤੋਂ ਘ੍ਰਿਣਾ ਹੋ ਜਾਏਗੀ। ਫਿਰ ਤੁਸੀਂ ਮਹਿਸੂਸ ਕਰਦੇ ਹੋਂ ਕਿ ਪਾਪ ਨੇ ਤੁਹਾਨੂੰ ਪ੍ਰਮੇਸ਼ਵੇ ਕੋਲੋਂ ਵਿਛੋੜ ਦਿੱਤਾ ਹੈ ਅਤੇ ਤੁਸੀਂ ਪਾਪ

ਦੀ ਦੁਸ਼ਟ ਤਾਕਤ ਦੇ ਅਧੀਨ ਹੋਂ ਅਤੇ ਜਿੰਨਾਂ ਹੀ ਤੁਸੀਂ ਛੁਟਕਾਰਾ ਪਾਉਣ ਲਈ ਸੰਘਰਸ਼ ਕਰਦੇ ਹੋਂ ਉਨਾਂ ਹੀ ਆਪਣੇ ਅਪ ਨੂੰ ਬੇਬਸ ਤੇ ਲਾਚਾਰ ਪਾਉਂਦੇ ਹੋਂ। ਤੁਹਾਡੇ ਉਦੇਸ਼ ਸੁੱਧ ਹਨ ,ਤੁਹਾਡਾ ਮਨ ਮਲੀਨ ਹੈ। ਤੁਸੀ ਦੇਖਦੇ ਹੋਂ ਕਿ ਤੁਹਾਡਾ ਜੀਵਨ ਸਵਾਰਥ ਤੇ ਪਾਪ ਨਾਲ ਭਰਿਆ ਹੋਇਆ ਹੈ। ਤੁਸੀ ਖਿਮਾਂ ਚਾਹੁੰਦੇ ਹੋਂ, ਪਵਿੱਤਰ ਹੋਣਾ ਲੋਚਦੇ ਹੋਂ, ਅਤੇ ਪਾਪ ਕੋਲੋਂ ਛੁਟਕਾਰਾ ਚਾਹੰਦੇ ਹੋਂ। ਪਰਮੇਸ਼ਰ ਨਾਲ ਅਨੁਕੂਲਤਾ ਅਤੇ ਉਸਦੇ ਸਰੂਪ ਵਿੱਚ ਇੱਕ ਮਿੱਕ ਹੋਣ ਲਈ ਤੁਸੀ ਕੀ ਕਰ ਸਕਦੇ ਹੋਂ?

**(2) ਪ੍ਰਭੂ ਮਾਫ਼ੀ ਅਤੇ ਸ਼ਾਂਤੀ ਦਾ ਅਮ੍ਰਿਤ ਜਲ ਕਿਸ ਨੂੰ ਦਿੰਦਾ ਹੈ?**

***" ਤੁਸੀਂ ਸਾਰੇ, ਪਿਆਸੇ ਲੋਕੋ, ਆਓ ਪਾਣੀ ਪੀਵੋ! ਫ਼ਿਕਰ ਨਾ ਕਰੋ ਜੇ ਪੈਸਾ ਨਹੀਂ ਹੈ ਤੁਹਾਡੇ ਕੋਲ। ਆਓ, ਖਾਵੋ ਜਦੋਂ ਤੱਕ ਤੁਸੀਂ ਰਜ੍ਜ ਨਹੀਂ ਜਾਂਦੇ! ਤੁਹਾਨੂੰ ਪੈਸੇ ਦੀ ਲੋੜ ਨਹੀਂ, ਰਜ੍ਜ ਕੇ ਖਾਵੋ ਪੀਵੋ। ਭੋਜਨ ਤੇ ਮੈਅ ਦਾ ਕੋਈ ਮੁੱਲ ਨਹੀਂ! (ਯਸਈਆਹ 55:1)***

ਐਸੀ ਅਵਸਥਾ ਵਿੱਚ ਤੁਹਾਨੂੰ ਪੂਰਣ ਸ਼ਾਤੀ ਦੀ ਲੋੜ ਹੈ-ਸਵਰਗੀ ਪਿਤਾ ਵੱਲੋਂ ਖਿਮਾਂ, ਪਿਆਰ ਅਤੇ ਆਤਮਕ ਸ਼ਾਂਤੀ। ਪੈਸਾ ਇਹ ਚੀਜ਼ਾਂ ਨਹੀ ਖਰੀਦ ਸਕਦਾ, ਬੁੱਧੀ ਇਸ ਨੂੰ ਪ੍ਰਾਪਤ ਨਹੀ ਕਰ ਸਕਦੀ। ਸਿਆਣਪ ਵੀ ਇਨ੍ਹਾਂ ਨੂੰ ਹਾਸਿਲ ਕਰਨ ਤੋਂ ਅਸੱਮਰਥ ਹੈ, ਅਤੇ ਤੁਸੀਂ ਕਦੇ ਵੀ ਆਪਣੇ ਯਤਨਾਂ ਤੇ ਸੱਮਰਥਾ ਨਾਲ ਇਸ ਸ਼ਾਂਤ ਅਵਸਥਾ ਤੱਕ ਪਹੁੰਚਣ ਦੀ ਆਸ ਨਹੀ ਕਰ ਸਕਦੇ। ਪਰਮੇਸ਼ਰ ਵੱਲੋਂ ਇਹ ਚੀਜ਼ ਤੁਹਾਨੂੰ ਉਪਹਾਰ ਵਿੱਚ ਮਿਲਦੀ ਹੈ ਬਿਨਾਂ ਪੈਸੇ, "ਬਿਨਾਂ ਕੀਮਤ ਤੋਂI" ਇਹ ਤੁਹਾਡੀ ਹੈ ਜੇਕਰ ਤੁਸੀਂ ਕੇਵਲ ਹੱਥ ਵਧਾ ਕੇ ਇਸ ਨੂੰ ਫੜ ਲਵੋ । ਪ੍ਰਭੂ ਕਹਿੰਦਾ ਹੈ, "ਭਾਵੇ ਤੁਹਾਡੇ ਪਾਪ ਕਿਰਮਿਚ ਜਿਹੇ ਹੋਣ ਉਹ ਬਰਫ ਜਿਹੇ ਚਿੱਟੇ ਹੋ ਜਾਣਗੇ, ਭਾਵੇਂ ਉਹ ਮਜੀਠ ਜੇਹੇ ਲਾਲ ਹੋਣ ਉਹ ਉੱਨ ਜੇਹੇ ਹੋ ਜਾਣਗੇ (ਯਸਾਯਾਹ 1:18)I

**(3) ਸ਼ਾਂਤੀ ਦੀ ਸਾਡੀ ਭਾਲ ਲਈ ਪ੍ਰਭੂ ਨੇ ਸਾਨੂੰ ਦਾਅਵਾ ਕਰਨ ਲਈ ਕਿਹੜਾ ਸ਼ਾਨਦਾਰ ਵਾਅਦਾ ਦਿੱਤਾ ਹੈ?**

*ਮੈਂ ਤੁਹਾਨੂੰ ਨਵਾਂ ਦਿਲ ਦੇਵਾਂਗਾ ਅਤੇ ਤੁਹਾਡੇ ਅੰਦਰ ਇੱਕ ਨਵੀਂ ਆਤਮਾ ਉਤਪੰਨ ਕਰਾਂਗਾI (ਹਿਜ਼ਕੀਏਲ 36:26)*

ਤੁਸੀ ਆਪਣੇ ਪਾਪਾਂ ਦਾ ਇਕਬਾਲ ਕਰ ਲਿਆ, ਅਤੇ ਉਨ੍ਹਾਂ ਨੂੰ ਦਿਲ ਤੋਂ ਦੂਰ ਕਰ ਦਿੱਤਾ ਹੈ। ਤੁਸੀ ਆਪਣਾ ਆਪ ਪਰਮੇਸ਼ਰ ਨੂੰ ਅਰਪਣ ਕਰਨ ਦਾ ਸੰਕਲਪ ਕਰ ਲਿਆ ਹੈ। ਹੁਣ ਉਸ ਪ੍ਰਭੂ ਕੋਲ ਜਾਉ ਅਤੇ ਪ੍ਰਾਰਥਨਾ ਰਾਹੀ ਉਸ ਨੂੰ ਕਹੋ। ਉਹ ਤੁਹਾਡੇ ਸਾਰੇ ਪਾਪ ਧੋ ਕੇ ਤੁਹਾਨੂੰ ਇੱਕ ਨਵਾਂ ਤੇ ਪਵਿੱਤਰ ਹਿਰਦਾ ਬਖਸ਼ ਦੇਵੇਗਾ। ਫਿਰ ਵਿਸ਼ਵਾਸ ਕਰੋ ਕਿ ਇਹ ਤੁਹਾਨੂੰ ਮਿਲ ਗਿਆ ਹੈ ਕਿਉਂਕਿ ਉਸ ਨੇ ਇਕਰਾਰ ਕੀਤਾ ਹੈ। ਇਹੋ ਸੰਥਾ ਸੀ ਜੋ ਯਿਸੂ ਮਸੀਹ ਨੇ ਸਿਖਾਈ ਸੀ ਜਦੋਂ ਉਹ ਧਰਤੀ ਤੇ ਆਏ ਸਨ, ਕਿ ਉਹ ਤੋਹਫਾ ਜੋ ਪਰਮੇਸ਼ਰ ਨੇ ਸਾਨੂੰ ਦੇਣ ਦਾ ਇਕਰਾਰ ਕੀਤਾ ਹੈ ਸਾਨੂੰ ਮਿਲ ਗਿਆ ਹੈ ਅਤੇ ਉਹ ਸਾਡਾ ਹੋ ਚੁੱਕਾ ਹੈ।

## (4) ਯਿਸੂ ਮਸੀਹ ਦੇ ਚਿੰਨ੍ਹ ਅਤੇ ਚਮਤਕਾਰ ਬਾਈਬਲ ਵਿਚ ਕਿਉਂ ਦਰਜ਼ ਕੀਤੇ ਗਏ?

*...ਇਹ ਇਸ ਕਰਕੇ ਲਿਖਿਆ ਗਿਆ ਹੈ ਕਿ ਤੁਸੀਂ ਵਿਸ਼ਵਾਸ ਕਰੋ ਕਿ ਯਿਸੂ ਮਸੀਹ ਹੈ, ਪਰਮੇਸ਼ਰ ਦਾ ਪੁੱਤਰ ਅਤੇ ਇਹ ਵਿਸ਼ਵਾਸ ਕਰਕੇ ਤੁਸੀ ਉਸਦੇ ਨਾਮ ਤੋਂ ਜੀਵਨ ਪਾਉ।" (ਯਹੂੰਨਾ20:31)*

ਯਿਸੂ ਮਸੀਹ ਨੇ ਉਨ੍ਹਾਂ ਲੋਕਾਂ ਨੂੰ ਰਾਜ਼ੀ ਕਰ ਦਿੱਤਾ ਜਿੰਨ੍ਹਾਂ ਨੇ ਉਸਦੀ ਸ਼ਕਤੀ ਤੇ ਭਰੋਸਾ ਕੀਤਾ, ਉਸਨੇ ਉਨ੍ਹਾਂ ਦੀ ਉਨ੍ਹਾਂ ਕਾਰਜਾਂ ਵਿੱਚ ਸਹਾਇਤਾ ਕੀਤੀ ਜੋ ਉਹ ਦੇਖ ਸਕਦੇ ਸਨ, ਅਤੇ ਉਨ੍ਹਾਂ ਨੂੰ ਆਪਣੀ ਪਾਪ ਖਿਮਾਂ ਕਰਨ ਦੀ ਸ਼ਕਤੀ ਤੇ ਵਿਸ਼ਵਾਸ ਦਵਾਇਆ।

## (5) ਪਾਪ ਦੀ ਮਾਫ਼ੀ ਨੂੰ ਪ੍ਰਾਪਤ ਕਰਨ ਵਿਚ ਸਾਡਾ ਕੀ ਭਾਗ ਹੈ?

*ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੁਝ ਤੁਸੀਂ ਪ੍ਰਾਰਥਨਾ ਕਰ ਕੇ ਮੰਗੋ ਪਰਤੀਤ ਕਰੋ ਜੋ ਸਾਨੂੰ ਮਿਲ*

*ਗਿਆ ਤਾਂ ਤੁਹਾਨੂੰ ਮਿਲੇਗਾ। (ਮਰਕੁਸ 11:24)*

ਯਿਸੂ ਮਸੀਹ ਨੇ ਰੋਗੀ ਨੂੰ ਕਿਵੇਂ ਰਾਜੀ ਕੀਤਾ ਇਹ ਅਸੀ ਬਾਇਬਲ ਦੇ ਸਿੱਧੇ ਸਾਦੇ ਵਰਣਨ ਤੋਂ ਥੋੜਾ ਬਹੁਤ ਸਿੱਖ ਸਕਦੇ ਹਾਂ ਕਿ ਪਾਪਾਂ ਦੀ ਖਿਮਾਂ ਲਈ ਸਾਨੂੰ ਕਿਸ ਪ੍ਰਕਾਰ ਯਿਸੂ ਮਸੀਹ ਤੇ ਵਿਸ਼ਵਾਸ ਕਰਨਾ ਚਾਹੀਦਾ ਹੈ। ਆਉ ਅਸੀ ਬੈਤਸਦਾ ਦੇ ਅਪਾਹਜ ਦੀ ਕਹਾਣੀ ਵੱਲ ਧਿਆਣ ਦੇਈਏ। ਇਹ ਗਰੀਬ ਰੋਗੀ ਬਹੁਤ ਲਾਚਾਰ ਸੀ, ਅਠੱਤੀ ਸਾਲਾਂ ਤੋਂ ਉਸਨੇਂ ਆਪਣੇ ਹੁੱਥਾ ਪੈਰਾਂ ਤੋਂ ਕੰਮ ਨਹੀ ਸੀ ਲਿਆ, ਫਿਰ ਵੀ ਯਿਸੂ ਮਸੀਹ ਨੇ ਉਸਨੂੰ ਉਦੇਸ਼ ਦਿੱਤਾ, “ਉੱਠ ਆਪਣਾ ਬਿਸਤਰਾ ਚੁੱਕ ਕੇ ਤੁਰ,” ਰੋਗੀ ਕਹਿ ਸਕਦਾ ਸੀ, “ਹੇ ਪ੍ਰਭੂ ਪਹਿਲਾ ਮੈਨੂੰ ਰਾਜ਼ੀ ਕਰ ਦੇ ਫਿਰ ਮੈਂ ਤੇਰੇ ਬਚਨ ਦਾ ਪਾਲਣ ਕਰਾਂਗਾ” ਪ੍ਰੰਤੂ ਨਹੀ ਉਸਨੇ ਯਿਸੂ ਮਸੀਹ ਦੇ ਬਚਨਾਂ ਤੇ ਭਰੋਸਾ ਕੀਤਾ ਅਤੇ ਵਿਸ਼ਵਾਸ ਕੀਤਾ ਕਿ ਉਹ ਰਾਜ਼ੀ ਹੋ ਚੁੱਕਾ ਹੈ ਅਤੇ ਉਸੇ ਵਕਤ ਹੱਥ ਪੈਰ ਮਾਰਨ ਲੱਗ ਪਿਆ, ਉਸ ਨੇ ਉੱਠ ਕੇ ਤੁਰਨ ਦੀ ਚੇਸ਼ਟਾ ਕੀਤੀ ਅਤੇ ਉਹ ਤੁਰ ਪਿਆ। ਉਸਨੇ ਯਿਸੂ ਮਸੀਹ ਦੇ ਬਚਨਾਂ ਤੇ ਪੂਰੇ ਵਿਸ਼ਵਾਸ ਨਾਲ ਤੁਰੰਤ ਅਮਲ ਕੀਤਾ। ਪਰਮੇਸ਼ਰ ਨੇ ਬਲ ਬਖਸ਼ਿਆ ਅਤੇ ਉਹ ਉਸ ਘੜੀ ਤੰਦਰੁਸਤ ਹੋ ਗਿਆ।

## (6) ਅਸੀਂ ਆਪਣੇ ਕੰਮਾਂ ਨਾਲ ਆਪਣੇ ਦਿਲ ਵਿਚ ਪਵਿੱਤਰਤਾ ਕਿਉਂ ਨਹੀਂ ਲਿਆ ਸਕਦੇ ਹਾਂ?

***" ਬੰਦੇ ਦਾ ਮਨ ਬਹੁਤ ਚਲਾਕ ਹੁੰਦਾ ਹੈ! ਹੋ ਸਕਦਾ ਹੈ ਕਿ ਮਨ ਰੋਗੀ ਹੋਵੇ ਅਤੇ ਕੋਈ ਸੱਚਮੁੱਚ ਇਸ ਨੂੰ ਨਾ ਸਮਝੇ। (ਯਰਮਿਆਹ 17:9)***

ਇਸ ਪ੍ਰਕਾਰ ਪਾਪੀ ਤੁਸੀਂ ਵੀ ਹੋਂ। ਤੁਸੀਂ ਆਪੇ ਆਪਣੇ ਪਿਛਲੇ ਪਾਪਾਂ ਦਾ ਪ੍ਰਾਸ਼ਚਿਤ ਨਹੀ ਕਰ ਸਕਦੇ। ਤੁਸੀਂ ਆਪਣੇ ਹਿਰਦੇ ਨੂੰ ਬਦਲ ਕੇ ਪਵਿੱਤਰ ਨਹੀ ਬਣਾ ਸਕਦੇ। ਪਰਮੇਸ਼ਰ ਯਿਸੂ ਮਸੀਹ ਦੁਆਰਾ ਇਹ ਸਭ ਤੁਹਾਡੇ ਲਈ ਕਰਨ ਨੂੰ ਤਿਆਰ ਹੈ। ਤੁਸੀਂ ਉਸਦੇ ਇਕਰਾਰ ਅਤੇ ਵਾਅਦੇ ਤੇ ਵਿਸ਼ਵਾਸ ਕਰੋ। ਆਪਣੇ ਪਾਪ ਸਵੀਕਾਰ ਕਰਕੇ ਆਪਣੇ ਆਪ ਨੂੰ ਉਸਦੇ ਹਵਾਲੇ ਕਰ ਦਿਉ। ਤੁਸੀਂ ਉਸ ਪ੍ਰਭੂ ਦੀ ਸੇਵਾ ਕਰਨ ਦੀ ਭਾਵਨਾਂ

ਬਣਾਉ। ਜਿੰਨੇ ਨਿਸ਼ਚੇ ਨਾਲ ਤੁਸੀਂ ਇਸ ਲਗਨ ਵਿੱਚ ਜਾਓਗੇ ਉਨੀਂ ਹੀ ਤੱਤਪਰਤਾ ਨਾਲ ਪਰਮੇਸ਼ਰ ਆਪਣਾ ਵਚਨ ਪੂਰਾ ਕਰੇਗਾ। ਜੇ ਤੁਸੀਂ ਪਰਮੇਸ਼ਰ ਦੇ ਵਾਅਦੇ ਤੇ ਵਿਸ਼ਵਾਸ ਕਰਦੇ ਹੋ ਇਹ ਵਿਸ਼ਵਾਸ ਕਿ ਤੁਹਾਨੂੰ ਖਿਮਾਂ ਮਿਲ ਚੁੱਕੀ ਹੈ, ਅਤੇ ਤੁਸੀਂ ਪਵਿੱਤਰ ਹੋ ਚੁੱਕੇ ਹੋਂ, ਤਾਂ ਪਰਮੇਸ਼ਰ ਆਪ ਇਹ ਪਰਮਾਣ ਦੇਵੇਗਾ ਕਿ ਤੁਸੀ ਅਰੋਗ ਤੇ ਸ਼ੁੱਧ ਹੋ ਚੁੱਕੇ ਹੋਂ। ਉਵੇਂ ਹੀ ਜਿਵੇਂ ਯਿਸੂ ਮਸੀਹ ਨੇ ਉਸ ਅਪਾਹਿਜ ਰੋਗੀ ਨੂੰ ਤੁਰੰਤ ਤੁਰਨ ਦਾ ਬਲ ਬਖਸ਼ਿਆ, ਜਦੋਂ ਉਸ ਰੋਗੀ ਨੇ ਇਹ ਵਿਸ਼ਵਾਸ ਕਰ ਲਿਆ ਕਿ ਉਹ ਰਾਜ਼ੀ ਹੋ ਚੁੱਕਾ ਹੈ। ਏਸੇ ਤਰ੍ਹਾਂ ਤੁਹਾਡਾ ਵਿਸ਼ਵਾਸ ਤੁਹਾਡੀ ਆਤਮਾਂ ਨੂੰ ਨਰੋਈ ਅਤੇ ਅਰੋਗ ਕਰ ਦੇਵੇਗਾ।

ਇਸ ਉਡੀਕ ਵਿੱਚ ਨਾ ਬੈਠੇ ਰਹੋ ਕਿ ਤੁਹਾਨੂੰ ਅਰੋਗ ਹੋਣ ਦਾ ਅਨੁਭਵ ਹੋਵੇਗਾ, ਪ੍ਰੰਤੂ ਇਹ ਕਹੋ, “ਮੈਂ ਵਿਸ਼ਵਾਸ ਕਰਦਾ ਹਾਂ, ਇਸ ਲਈ ਨਹੀ ਕਿ ਮੈਂ ਅਨੁਭਵ ਕੀਤਾ ਹੈ, ਬਲਕਿ ਇਸ ਲਈ ਕਿ ਪਰਮੇਸ਼ਰ ਨੇ ਵਾਅਦਾ ਕੀਤਾ ਹੈI”

**(7) ਜੇਕਰ ਅਸੀਂ ਵਿਸ਼ਵਾਸ ਵਿਚ ਪਰਮੇਸ਼ਰ ਤੋਂ ਮਾਫ਼ੀ ਮੰਗਦੇ ਹਾਂ ਤਾਂ ਕਿਉਂ ਭਰੋਸਾ ਕਰ ਸਕਦੇ ਹਨ ਕਿ ਅਸੀਂ ਇਸ ਨੂੰ ਪਾ ਲਿਆ ਹੈ?**

***ਸੋ ਜੇ ਤੁਸੀਂ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ ! (ਮੱਤੀ 7:11)***

ਯਿਸੂ ਮਸੀਹ ਕਹਿੰਦੇ ਹਨ, “ਜੋ ਕੁਝ ਤੁਸੀਂ ਪ੍ਰਾਰਥਨਾਂ ਕਰਕੇ ਮੰਗੋ ਪਰਤੀਤ ਕਰੋ ਕਿ ਤੁਹਾਨੂੰ ਮਿਲ ਗਿਆ ਹੈ ਤਾਂ ਤੁਹਾਨੂੰ ਮਿਲੇਗਾ” (ਮਰਕੁਸ 11:24)। ਨਿਰਸੰਦੇਹ ਇਸ ਪ੍ਰਤਿਗਿਆ ਦੀ ਇੱਕ ਸ਼ਰਤ ਹੈ- ਕਿ ਅਸੀ ਪਰਮੇਸ਼ਰ ਦੀ ਇੱਛਾ ਅਨੁਸਾਰ ਪ੍ਰਾਰਥਨਾ ਕਰੀਏ ਅਤੇ ਇਹ ਪਰਮੇਸ਼ਰ ਦੀ ਇੱਛਾ ਹੈ ਕਿ ਸਾਨੂੰ ਸਾਰੇ ਪਾਪਾਂ ਤੋਂ ਪਵਿੱਤਰ ਕਰ ਕੇ ਆਪਣੀ ਸੰਤਾਨ ਬਣਾਵੇ, ਅਤੇ ਸਾਨੂੰ ਪਵਿੱਤਰ ਜੀਵਨ ਜਿਉਂਣ ਯੋਗ ਬਣਾਏ। ਸੋ ਸਾਨੂੰ ਇਨ੍ਹਾਂ ਵਰਦਾਨਾਂ ਵਾਸਤੇ ਪ੍ਰਾਰਥਨਾ ਕਰਨੀ ਚਾਹੀਦੀ ਹੈ, ਅਤੇ ਪ੍ਰਤੀਤ ਕਰਨੀ ਚਾਹੀਦੀ ਹੈ, ਕਿ ਸਾਨੂੰ ਮਿਲ ਗਏ ਹਨ, ਅਤੇ ਪਰਮੇਸ਼ਰ ਦਾ ਸ਼ੁਕਰ ਕਰਨਾ ਚਾਹੀਦਾ ਹੈ ਇਸ ਮਿਹਰਬਾਨੀ

ਲਈ।ਇਹ ਸਾਡਾ ਵਿਸ਼ੇਸ਼ ਅਧਿਕਾਰ ਹੈ ਕਿ ਯਿਸੂ ਮਸੀਹ ਕੋਲ ਜਾ ਕੇ ਸ਼ੁੱਧ ਹੋ ਜਾਈਏ ਅਤੇ ਪਰਮੇਸ਼ਰ ਦੇ ਨੇਮ ਦੇ ਸਾਹਮਣੇ ਬਿਨਾਂ ਸ਼ਰਮ ਤੇ ਗਿਲਾਨੀ ਦੇ ਆਪਣੇ ਅਧਿਕਾਰ ਨਾਲ ਖੜੇ ਹੋ ਸਕੀਏ। ਸੋ ਹੁਣ ਉਨ੍ਹਾਂ ਲਈ ਜਿਹੜੇ ਯਿਸੂ ਮਸੀਹ ਵਿੱਚ ਹਨ ,ਸਜ਼ਾ ਦਾ ਹੁਕਮ ਨਹੀ ਹੈ ਕਿਉਂਕਿ ਜੀਵਨ ਦੇ ਆਤਮਾਂ ਦੀ ਸ਼ਰਾ ਨੇ ਮਸੀਹ ਯਿਸੂ ਵਿੱਚ ਮੈਨੂੰ ਪਾਪ ਆਤੇ ਮੌਤ ਦੀ ਸਜ਼ਾ ਤੋਂ ਮੁਕਤ ਕਰ ਦਿੱਤਾ ਹੈ।" (ਰੋਮੀਆ ਨੂੰ 8:1)

## (8) ਅਸੀਂ ਪਰਮੇਸ਼ਰ ਨਾਲ ਆਪਣਾ ਸੰਬੰਧ ਕਿਵੇਂ ਬਣਾ ਕੇ ਰੱਖ ਸਕਦੇ ਹਾਂ?

***ਸੋ ਜਿਵੇ ਤੁਸੀ ਯਿਸੂ ਮਸੀਹ ਨੂੰ ਪ੍ਰਭੂ ਕਰਕੇ ਮੰਨ ਲਿਆ ਉਸਦੇ ਵਿੱਚ ਹੀ ਰਹੋ (ਕਲੂਸੀਆ ਨੂੰ 2:6)***

ਹੁਣ ਜੇ ਤੁਸੀ ਆਪਣੇ ਆਪ ਦੇ ਨਹੀ ਹੋਂ, ਤੁਸੀਂ ਮੁੱਲ ਦੇ ਕੇ ਖਰੀਦੇ ਗਏ ਹੋਂ। "ਤੁਹਾਡਾ ਛੁਟਕਾਰਾ ਚਾਂਦੀ ਸੋਨੇ ਵਰਗੀਆ ਨਾਸ਼ਵੰਤ ਵਸਤੂਆਂ ਰਾਹੀ ਨਹੀ ਹੋਇਆਂ ਸਗੋਂ ਯਿਸੂ ਮਸੀਹ ਦੇ ਅਨਮੋਲ ਲਹੂ ਨਾਲ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈ ਸੀ।" (1 ਪਤਰਸ 1:18:19)। ਪਰਮੇਸ਼ਰ ਤੇ ਵਿਸ਼ਵਾਸ ਕਰਨ ਦੇ ਸਧਾਰਣ ਕਾਰਜ ਦੁਆਰਾ ਪਵਿੱਤਰ ਆਤਮਾਂ ਦੀ ਸ਼ਕਤੀ ਤੁਹਾਡੇ ਹਿਰਦੇ ਅੰਦਰ ਇੱਕ ਨਵੀਂ ਜੀਵਨ ਰੂਹ ਭਰ ਦਿੰਦੀ ਹੈ। ਤੁਸੀ ਨਵਜਾਤ ਬਾਲਕ ਦੀ ਨਿਆਈਂ ਪਰਮੇਸ਼ਰ ਦੇ ਪਰੀਵਾਰ ਵਿੱਚ ਨਵਾਂ ਜਨਮ ਲੈ ਲੈਂਦੇ ਹੋਂ ਅਤੇ ਉਹ ਤੁਹਾਨੂੰ ਉਵੇਂ ਹੀ ਪਿਆਰ ਕਰਦਾ ਹੈ ਜਿਵੇਂ ਆਪਣੇ ਪੁੱਤਰ ਨਾਲ।

ਹੁਣ ਤੁਸੀਂ ਆਪਣਾ ਆਪ ਯਿਸੂ ਮਸੀਹ ਦੇ ਚਰਨਾਂ ਵਿੱਚ ਅਰਪਣ ਕਰ ਦਿੱਤਾ ਹੈ ਤਾਂ ਪਿੱਛੇ ਨਾ ਹਟੋ। ਆਪਣੇ ਆਪ ਨੂੰ ਉਸ ਕੋਲੋਂ ਦੂਰ ਨਾ ਕਰੋ, ਸਗੋਂ ਪ੍ਰਤੀ ਦਿਨ ਇਹੋ ਕਹੋ, "ਮੈਂ ਯਿਸੂ ਮਸੀਹ ਦਾ ਹਾਂ ਅਤੇ ਮੈਂ ਆਪਾ ਉਸ ਨੂੰ ਅਰਪਣ ਕਰ ਦਿੱਤਾ ਹੈ" ਅਤੇ ਇਹੋ ਪ੍ਰਾਰਥਨਾ ਕਰਦੇ ਰਹੋ ਕਿ ਉਹ ਤੁਹਾਨੂੰ ਆਪਣੀ ਸ਼ਕਤੀ ਤੇ ਬਲ ਬਖਸ਼ ਕੇ ਆਪਣੀ ਮੇਹਰ ਵਿੱਚ ਰੱਖੇ। ਆਪਣੇ ਆਪ ਨੂੰ ਪਰਮੇਸ਼ਰ ਦੇ ਅਰਪਣ ਕਰਕੇ, ਉਸ ਉੱਪਰ ਪਰਤੀਤ ਕਰਕੇ, ਤੁਸੀਂ

ਉਸਦੀ ਸੰਤਾਨ ਬਣ ਗਏ ਹੋਂ ਅਤੇ ਤੁਹਾਡਾ ਜੀਵਨ ਉਸ ਵਿੱਚ ਹੀ ਰਹਿਣਾ ਚਾਹੀਦਾ ਹੈ।

**(9) ਜੋ ਯਿਸੂ ਮਸੀਹ ਕੋਲ ਆਉਂਦੇ ਹਾਂ ਉਹ ਉਨ੍ਹਾਂ ਨੂੰ ਕੀ ਦਿੰਦਾ ਹੈ?**

***ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। (ਮੱਤੀ 11:28)***

ਕਈ ਮਨੁੱਖ ਇਹ ਖਿਆਲ ਕਰਦੇ ਹਨ ਕਿ ਕੁਝ ਸਮਾਂ ਉਨ੍ਹਾਂ ਨੂੰ ਪ੍ਰੀਖਿਆ ਵਿੱਚ ਰਹਿ ਕੇ ਪਰਮੇਸ਼ਰ ਨੂੰ ਆਪਣਾ ਸੁਧਾਰ ਹੋ ਜਾਣ ਦਾ ਪ੍ਰਮਾਣ ਦੇਣਾ ਪਵੇਗਾ ਤਾਂ ਹੀ ਉਹ ਪਰਮੇਸ਼ਰ ਦੇ ਵਰਦਾਨਾ ਦਾ ਭਾਗੀ ਬਣ ਸਕਣਗੇ। ਪਰਮੇਸ਼ਰ ਦੇ ਅਸ਼ੀਰਵਾਦ ਦੀ ਮੰਗ ਉਨ੍ਹਾਂ ਨੂੰ ਪਹਿਲੋਂ ਕਰਨੀ ਚਾਹੀਦੀ ਹੈ ਕਿਉਂਕਿ ਉਸਦੀ ਮਹਿਰ ਤੇ ਯਿਸੂ ਮਸੀਹ ਦੀ ਸ਼ਕਤੀ ਉਨ੍ਹਾਂ ਦੇ ਨਿਤਾਣੇਪਣ ਤੇ ਦੁਰਬਲਤਾ ਵਿੱਚ ਸਹਾਈ ਹੋਵੇਗੀ ਅਤੇ ਇਸ ਤੋਂ ਬਿਨਾਂ ਉਹ ਪਾਪ ਦੀ ਦੁਸ਼ਟਤਾ ਦਾ ਮੁਕਾਬਲਾ ਨਹੀ ਕਰ ਸਕਦੇ ਅਤੇ ਨਾ ਹੀ ਕੋਈ ਸੁਧਾਰ ਆਪਣੇ ਵਿੱਚ ਲਿਆ ਸਕਦੇ ਹਨ। ਯਿਸੂ ਮਸੀਹ ਚਾਹੁੰਦਾ ਹੈ ਜਿਸ ਹਾਲਤ ਵਿੱਚ ਵੀ ਅਸੀ ਹਾਂ, ਲਾਚਾਰ, ਪਾਪੀ ਤੇ ਅਧਰਮੀ, ਅਸੀ ਉਸ ਉੱਤੇ ਨਿਰਭਰ ਹੋ ਕੇ ਉਸ ਕੋਲ ਆਈਏ। ਅਸੀਂ ਆਪਣੀ ਸਾਰੀ ਦੁਰਬਲਤਾ, ਮੂਰਖਤਾ ਅਤੇ ਪਾਪਮਈ ਹਾਲਤ ਵਿੱਚ ਆ ਕੇ ਉਸਦੇ ਚਰਨਾਂ ਵਿੱਚ ਡਿੱਗ ਕੇ ਪਸ਼ਚਾਤਾਪ ਕਰੀਏ, ਅਤੇ ਇਹ ਉਸਦੀ ਵਡਿਆਈ ਹੈ ਕਿ ਉਹ ਸਾਨੂੰ ਆਪਣੀ ਪ੍ਰੇਮ ਗਲਵਕੜੀ ਵਿੱਚ ਲੈ ਕੇ ਸਾਡੇ ਜ਼ਖਮਾਂ ਤੇ ਮਲ੍ਹਮ ਪੱਟੀ ਕਰਕੇ, ਸਾਨੂੰ ਸਾਰੀ ਅਪਵਿੱਤ੍ਰਤਾ ਤੋਂ ਸ਼ੁਧ ਕਰ ਦਿੰਦਾ ਹੈ।

**(10) ਪਰਮੇਸ਼ਰ ਨੇ ਹਰੇਕ ਤੋਬਾ ਕਰਨ ਵਾਲੇ ਪਾਪੀ ਨੂੰ ਕੀ ਭਰੋਸਾ ਦਿੱਤਾ ਹੈ?**

***" ਮੈਂ ਉਸ ਬੰਦੇ ਦੇ ਗਲੇ ਵਿੱਚ ਦਾਊਦ ਦੇ ਘਰ ਦੀਆਂ ਕੁੰਜੀਆਂ ਪਾ ਦਿਆਂਗਾ। ਜੇ ਉਹ ਕੋਈ ਦਰਵਾਜ਼ਾ ਖੋਲ੍ਹੇਗਾ ਖੋਲ੍ਹੇਗਾ ਤਾਂ ਉਹ ਦਰਵਾਜ਼ਾ ਖੁਲ੍ਹਿਆ ਰਹੇਗਾ। ਕੋਈ ਬੰਦਾ ਬੰਦਾ ਵੀ ਉਸਨੂੰ ਬੰਦ ਨਹੀਂ ਕਰ ਸਕੇਗਾ। ਜੇ ਉਹ ਕਿਸੇ***

*ਦਰਵਾਜ਼ੇ ਨੂੰ ਬੰਦ ਕਰ ਦੇਵੇਗਾ ਤਾਂ ਉਹ ਦਰਵਾਜ਼ਾ ਬੰਦ ਰਹੇਗਾ। ਕੋਈ ਬੰਦਾ ਉਸਨੂੰ ਖੋਲ੍ਹ ਨਹੀਂ ਸਕੇਗਾ। ਉਹ ਸੇਵਕ ਆਪਣੇ ਪਿਤਾ ਦੇ ਘਰ ਵਿਚਲੀ ਬਹੁਤ ਇੱਜ਼ਤ ਵਾਲੀ ਕੁਰਸੀ ਸਮਾਨ ਹੋਵੇਗਾ। (ਯਸਈਆਹ 44:22)*

ਇਹ ਐਸੀ ਮੰਜ਼ਿਲ ਹੈ ਜਿੱਥੇ ਪਹੁੰਚ ਕੇ ਹਜ਼ਾਰਾਂ ਅਸਫਲ ਹੋ ਜਾਂਦੇ ਹਨ; ਉਹ ਵਿਸ਼ਵਾਸ ਨਹੀ ਕਰਦੇ ਕਿ ਯਿਸੂ ਮਸੀਹ ਉਨ੍ਹਾਂ ਨੂੰ ਨਿੱਜੀ ਰੂਪ ਵਿੱਚ ਇੱਕ ਇੱਕ ਨੂੰ ਮੁਆਫ਼ ਕਰਦਾ ਹੈ। ਉਹ ਪਰਮੇਸ਼ਰ ਦੇ ਵਚਨ ਦੀ ਪਰਤੀਤ ਨਹੀ ਕਰਦੇ। ਜੋ ਮਨੁੱਖ ਪ੍ਰਾਰਥਨਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਉਨ੍ਹਾਂ ਦਾ ਇਹ ਵਿਸ਼ੇਸ਼ ਅਧਿਕਾਰ ਹੈ, ਅਤੇ ਉਨ੍ਹਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਹਰ ਪਾਪ ਦੀ ਖਿਮਾਂ ਉਨਾਂ ਲਈ ਬੇਮਲ ਹੈ। ਇਹ ਭਰਮ ਦੂਰ ਕਰ ਦਿਉ ਕਿ ਪਰਮੇਸ਼ਰ ਦੇ ਇਕਰਾਰ ਤੁਹਾਡੇ ਲਈ ਨਹੀਂ ਜਾਂ ਕਿਸੇ ਖ਼ਾਸ ਕਿਸਮ ਦੇ ਲੋਕਾਂ ਲਈ ਹਨ। ਇਹ ਇਕਰਾਰ ਹਰ ਪਸ਼ਚਾਤਾਪੀ ਮਨੁੱਖ ਲਈ ਹਨ। ਯਿਸੂ ਮਸੀਹ ਦੁਆਰਾ ਸ਼ਕਤੀ ਤੇ ਮਿਹਰ ਦੀ ਬਖਸ਼ਿਸ਼ ਹਰ ਵਿਸਵਾਸ਼ ਕਰਨ ਵਾਲੀ ਆਤਮਾਂ ਤੀਕ ਸੇਵਾਦਾਰ ਸਵਰਗੀ ਦੂਤਾਂ ਰਾਹੀ ਪਹੁੰਚਾਈ ਜਾਂਦੀ ਹੈ। ਕੋਈ ਵੀ ਐਸਾ ਨੀਚ ਪਾਪੀ ਨਹੀ ਜਿਸ ਨੂੰ ਯਿਸੂ ਮਸੀਹ ਦੁਆਰਾ ,ਜਿਸਨੇ ਕਿ ਉਸਦੇ ਵਾਸਤੇ ਪ੍ਰਾਣ ਦਿੱਤੇ ਸਨ ਸ਼ਕਤੀ, ਪਵਿੱਤ੍ਰਤਾ ਅਤੇ ਧਾਰਮਿਕਤਾ ਪ੍ਰਾਪਤ ਨਾ ਹੋ ਸਕੇ। ਯਿਸੂ ਮਸੀਹ ਹਰ ਸਮੇਂ ਇਸ ਉਡੀਕ ਵਿੱਚ ਬੈਠੇ ਹਨ ਕਿ ਉਹ ਵਿਸ਼ਵਾਸ ਕਰਨ ਵਾਲੇ ਲੋਕਾਂ ਦੇ ਪਾਪ ਦੀ ਲੱਥ ਪੱਥ ਨਾਲ ਗੰਦੇ ਕੱਪੜੇ ਉਤਾਰ ਕੇ ਉਨ੍ਹਾਂ ਨੂੰ ਧਾਰਮਿਕਤਾ ਦੇ ਉਜਲੇ ਅਤੇ ਚਿੱਟੇ ਚੋਲੇ ਪਵਾਉਣ। ਯਿਸੂ ਮਸੀਹ ਉਨ੍ਹਾਂ ਨੂੰ ਜੀਵਨ ਦਾਤ ਦੇਣਾ ਚਾਹੁੰਦੇ ਹਨ ਮ੍ਰਿਤੂ ਨਹੀ।

**(11) ਜੇਕਰ ਅਸੀਂ ਤੋਬਾ ਕਰਨ ਲਈ ਪਰਮੇਸ਼ਰ ਦੀ ਅਗਵਾਈ ਦਾ ਪਿੱਛਾ ਕਰਦੇ ਹਾਂ ਤਾਂ ਉਹ ਸਾਡੀ ਪਾਪ ਦੀ ਸਮੱਸਿਆ ਨਾਲ ਕਿਵੇਂ ਨਜਿੱਠਦਾ ਹੈ?**

*ਅਸੀਂ ਪਰਮੇਸ਼ੁਰ ਦੇ ਵਿਰੁੱਧ ਗੁਨਾਹ ਕੀਤੇ ਪਰ ਉਸਨੇ ਸਾਨੂੰ ਦੰਡ ਨਹੀਂ ਦਿੱਤਾ ਜਿਸਦੇ ਅਸੀਂ ਅਧਿਕਾਰੀ ਸਾਂ।*

***ਪਰਮੇਸ਼ੁਰ ਦਾ ਆਪਣੇ ਚੇਲਿਆਂ ਲਈ ਪਿਆਰ ਸਾਡੇ ਨਾਲੋਂ ਇਨਾ ਉੱਚਾ ਹੈ ਜਿੰਨਾ ਧਰਤੀ ਕੋਲੋਂ ਅਕਾਸ਼ ਉੱਚਾ ਹੈ। ਅਤੇ ਪਰਮੇਸ਼ੁਰ ਨੇ ਸਾਡੇ ਗੁਨਾਹ ਇਨੇ ਦੂਰ ਸੁੱਟ ਦਿੱਤੇ ਹਨ ਜਿੰਨਾ ਪਛਮ ਪੂਰਬ ਤੋਂ ਦੂਰ ਹੈ। (ਜ਼ਬੂਰ 103:10-12)***

ਪਰਮੇਸ਼ਰ ਸਾਡੇ ਨਾਲ ਐਸਾ ਵਰਤਾਊ ਨਹੀ ਕਰਦਾ ਜਿਵੇਂ ਸਧਾਰਣ ਮਨੁੱਖ ਇੱਕ ਦੂਜੇ ਨਾਲ ਕਰਦੇ ਹਨ। ਉਸਦੇ ਵਿਚਾਰਾਂ ਵਿੱਚ ਸਾਡੇ ਲਈ ਦਯਾ ਪ੍ਰੇਮ ਤੇ ਕੋਮਲ ਦਰਦ ਹੈ। ਉਹ ਕਹਿੰਦਾ ਹੈ, "ਦੁਸ਼ਟ ਆਪਣੇ ਰਾਹ ਨੂੰ ਤਿਆਗੇ ਅਤੇ ਬਰਿਆਰ ਆਪਣੇ ਖਿਆਲਾਂ ਨੂੰ ਜੇ ਉਹ ਯਹੋਵਾਹ ਵੱਲ ਮੁੜੇ ਤਾਂ ਯਹੋਵਾਹ ਉਸ ਉੱਪਰ ਰਹਿਮ ਕਰੇਗਾ, ਅਤੇ ਉਸ ਨੂੰ ਸੰਪੂਰਨ ਖਿਮਾਂ ਬਖਸ਼ੇਗਾ," "ਮੈਂ ਤੇਰੇ ਅਪਰਾਧਾਂ ਨੂੰ ਕਾਲੀ ਘਟਾ ਵਾਂਗ ਅਤੇ ਤੇਰੇ ਪਾਪਾਂ ਨੂੰ ਬੱਦਲਾਂ ਵਾਗੂ ਮਿਟਾ ਦਿੱਤਾ ਹੈ" ਯਸਾਯਾਹ 55:7,44,22.

ਮੈਨੂੰ ਮਰਨ ਵਾਲੇ ਦੀ ਮੌਤ ਨਾਲ ਖੁਸ਼ੀ ਨਹੀਂ ਹੁੰਦੀ, ਇਸ ਲਈ ਪਾਪਾਂ ਦਾ ਪਸ਼ਚਾਤਾਪ ਕਰੋ ਅਤੇ ਮੇਰੇ ਵੱਲ ਮੁੜੋ ਅਤੇ ਸਦੀਵੀ ਜੀਵਨ ਪਾਉ" (ਹਿਜ਼ਕੀਏਲ 18:32)। ਸ਼ੈਤਾਨ ਪਰਮੇਸ਼ਰ ਤੇ ਵਿਸ਼ਵਾਸ ਅਤੇ ਉਸਦੇ ਮਿਹਰ ਦੇ ਵਰਦਾਨ ਨੂੰ ਚੁਰਾ ਲੈਣ ਲਈ ਤਿਆਰ ਬੈਠਾ ਹੈ। ਉਹ ਮਨੁੱਖ ਦੀ ਆਤਮਾ ਵਿੱਚੋਂ ਆਸ਼ਾ ਤੇ ਰੱਬੀ ਜੋਤ ਦੀ ਹਰ ਕਿਰਨ ਮਿਟਾ ਦੇਣੀ ਚਾਹੁੰਦਾ ਹੈ ਪਰ ਤੁਸੀ ਉਸਨੂੰ ਐਸਾ ਕਦੀ ਵੀ ਨਾ ਕਰਨ ਦਿਉ। ਇਸ ਭਰਮ ਭੁਲਾਵੇ ਵਿੱਚ ਪਾਉਣ ਵਾਲੇ ਦੀ ਇੱਕ ਨਾ ਸੁਣੋ ਸਗੋਂ ਉਸਨੂੰ ਇਹ ਕਹੋ, "ਯਿਸੂ ਮਸੀਹ ਨੇ ਪ੍ਰਾਣ ਤਿਆਗੇ ਹਨ ਤਾਂ ਕਿ ਮੈਨੂੰ ਜੀਵਨ ਮਿਲੇ, ਉਹ ਮੈਨੂੰ ਪਿਆਰ ਕਰਦਾ ਹੈ ਅਤੇ ਉਹ ਨਹੀਂ ਚਾਹੁੰਦਾ ਕਿ ਮੇਰਾ ਨਾਸ਼ ਹੋਵੇ।

**(12) ਸਾਡੀ ਸਵਰਗੀ ਪਿਤਾ ਆਪਣੇ ਬੱਚਿਆਂ ਨਾਲ ਕਿਵੇਂ ਨਜਿੱਠਦਾ ਹੈ ਜੋ ਉਸ ਕੋਲ ਮੁੜ ਵਾਪਸ ਆਉਂਦੇ ਹਨ?**

*"ਉਹ ਅਜੇ ਬਹੁਤ ਦੂਰ ਹੀ ਸੀ ਕੀ ਉਸਦੇ ਪਿਤਾ ਨੇ ਉਸਨੂੰ ਦੇਖ ਲਿਆ ਕਿ ਉਸਦਾ ਨਾਲਾਇਕ ਪੁੱਤਰ ਵਾਪਿਸ ਆ ਰਿਹਾ ਹੈ, ਤਾਂ ਪਿਆਰ ਅਤੇ ਤਰਸ ਨਾਲ ਤੁਰ ਕੇ ਦੌੜ ਕੇ ਉਸਨੂੰ ਗਲੇ ਲਗਾ ਲਿਆ ਅਤੇ ਬਹੁਤ ਚੁੰਮਿਆ" (ਲੂਕਾ 15:18:20)*

ਮੇਰਾ ਪਿਤਾ ਪਰਮੇਸ਼ਰ ਬਹੁਤ ਕੋਮਲ, ਦਰਦੀ ਅਤੇ ਦਿਆਲੂ ਹੈ। ਭਾਵੇਂ ਮੈਂ ਗੁੰਮਰਾਹ ਹੋ ਕੇ ਉਸਦੇ ਪਿਆਰ ਦਾ ਤ੍ਰਿਸ਼ਕਾਰ ਕੀਤਾ ਹੈ ਅਤੇ ਉਹ ਅਸ਼ੀਰਵਾਦ ਜੋ ਉਸਨੇਂ ਮੈਨੂੰ ਦਿੱਤੇ ਸਨ, ਉਨ੍ਹਾਂ ਦਾ ਹੱਕ ਗੁਆ ਚੁੱਕਾ ਹਾਂ, ਪ੍ਰੰਤੂ ਮੈਂ ਫਿਰ ਉਠਾਂਗਾਂ। ਆਪਣੇ ਪਿਤਾ ਕੋਲ ਜਾਵਾਂਗਾ ਅਤੇ ਕਹਾਂਗਾ "ਮੈਂ ਸਵਰਗ ਦੇ ਵਿਰੁੱਧ ਅਤੇ ਤੇਰੀਆਂ ਅੱਖਾਂ ਸਾਹਮਣੇ ਪਾਪ ਕੀਤਾ ਹੈ, ਅਤੇ ਇਸ ਯੋਗ ਨਹੀ ਰਿਹਾ ਕਿ ਤੇਰਾ ਪੁੱਤਰ ਕਹਾਵਾਂ, ਮੈਨੂੰ ਆਪਣੇ ਤਨਖ਼ਾਹੀ ਨੌਕਰ ਦੀ ਤਰ੍ਹਾ ਰੱਖ ਲੈ।" ਅਤੇ ਜਿਵੇਂ ਕਿ ਬਾਈਬਲ ਦੇ ਦ੍ਰਿਸ਼ਟਾਂਤ ਵਿੱਚ ਲਿਖਿਆ ਹੈ ਕਿ ਕਿਵੇਂ ਅਵਾਰਾ ਕਪੁੱਤ੍ਰ ਦਾ ਸਵਾਗਤ ਹੋਇਆ।

ਭਾਵੇਂ ਇਹ ਦ੍ਰਿਸ਼ਟਾਂਤ ਬਹੁਤ ਕੋਮਲ ਅਤੇ ਹਿਰਦੇ ਵੇਧਕ ਹੈ, ਪਰ ਤਾਂ ਵੀ ਸਵਰਗੀ ਪਿਤਾ ਦੀ ਅਨੰਤ ਮਮਤਾ ਨੂੰ ਪ੍ਰਗਟਾਉਣ ਅਸਮਰੱਥ ਹੈ। ਪਰਮੇਸ਼ਰ ਆਪਣੇ ਨਬੀ ਦੁਆਰਾ ਇਹ ਪ੍ਰਗਟ ਕਰਦਾ ਹੈ, "ਮੈਂ ਤੇਰੇ ਨਾਲ ਸਦੀਵੀ ਪ੍ਰੇਮ ਕੀਤਾ ਇਸੇ ਲਈ ਮੈਂ ਪਿਆਰ ਭਰੀ ਮਮਤਾ ਨਾਲ ਤੈਨੂੰ ਆਪਣੇ ਵੱਲ਼ ਖਿੱਚਿਆ ਹੈ।" (ਯਰਮਿਆਹ 31:3)। ਪਾਪੀ ਭਾਵੇਂ ਅਜੇ ਪਿਤਾ ਦੇ ਘਰ ਕੋਲੋਂ ਦੂਰ ਹੀ ਹੋਵੇ ਅਤੇ ਆਪਣੀ ਧੰਨ ਸੰਪਤੀ ਨੂੰ ਪ੍ਰਦੇਸ ਵਿੱਚ ਗੁਆ ਰਿਹਾ ਹੋਵੇ, ਪਰ ਪਿਤਾ ਦਾ ਦਿਲ ਉਸ ਲਈ ਵਿਆਕੁਲ ਹੋ ਰਿਹਾ ਹੁੰਦਾ ਹੈ; ਅਤੇ ਪਿਤਾ ਪਰਮੇਸ਼ਰ ਕੋਲ ਵਾਪਿਸ ਮੁੜਨ ਦੀ ਹਰ ਇੱਛਾ ਜੋ ਉਸਦੀ ਆਤਮਾ ਵਿੱਚ ਜਾਗਦੀ ਹੈ, ਉਹ ਪਵਿੱਤਰ ਆਤਮਾ ਦੀ ਹੀ ਕੋਮਲ ਬੇਨਤੀ ਹੁੰਦੀ ਹੈ ਜੋ ਭੁੱਲੇ ਭੱਟਕੇ ਪਾਪੀ ਨੂੰ ਪਿਤਾ ਪਰਮੇਸ਼ਰ ਦੇ ਪ੍ਰੇਮਮਈ ਹਿਰਦੇ ਵੱਲ ਮੋਹਿਤ ਕਰ ਕਰਕੇ ਬੇਨਤੀ ਕਰ ਕਰਕੇ ਖਿੱਚਦੀ ਹੈ।

**(13) ਪ੍ਰਭੂ ਨੂੰ ਖੋਜਣ ਵਾਲਿਆਂ ਲਈ ਕਿਹੜਾ ਵਾਅਦਾ ਕੀਤਾ ਗਿਆ ਹੈ?**

*ਜੋ ਕੁਝ ਪਿਤਾ ਮੈਨੂੰ ਦਿੰਦਾ ਹੈ ਮੇਰੇ ਕੋਲ ਆਵੇਗਾ ਅਤੇ ਜੋ ਮੇਰੇ ਕੋਲ ਆਉਂਦਾ ਹੈ ਮੈਂ ਕਦੇ ਵੀ ਉਹ ਨੂੰ ਕੱਢ ਨਾ ਦਿਆਂਗਾ। (ਯੂਹੰਨਾ 6:37)*

ਬਾਇਬਲ ਦੇ ਇਨੇ ਬਹੁਮੁੱਲੇ ਇਕਰਾਰਾ ਦੇ ਸਾਹਵੇਂ ਕੀ ਤੁਸੀ ਅਜੇ ਵੀ ਸੰਦੇਹ ਨੂੰ ਅਵਸਰ ਦੇ ਸਕਦੇ ਹੋਂ? ਕੀ ਤੁਸੀ ਪ੍ਰਤੀਤ ਕਰ ਸਕਦੇ ਹੋ ਜਦੋਂ ਨਿਮਾਣਾਂ ਪਾਪੀ ਸ਼ਰਨ ਆਉਣਾ ਚਾਹੁੰਦਾ ਹੈ, ਪਾਪ ਛੱਡਣਾ ਚਾਹੁੰਦਾ ਹੈ, ਤਾਂ ਕੀ ਪਤਾ ਪਰਮੇਸ਼ਰ ਉਸ ਪਸ਼ਚਾਤਾਪੀ ਨੂੰ ਕਠੋਰਤਾ ਨਾਲ ਆਪਣੇ ਚਰਨਾਂ ਵਿੱਚ ਆਉਣ ਤੋਂ ਰੋਕੇਗਾ? ਐਸੇ ਵਿਚਾਰਾਂ ਨੂੰ ਦੂਰ ਰੱਖੋ। ਆਪਣੇ ਸਵਰਗੀ ਪਿਤਾ ਬਾਰੇ ਇਹੋ ਜਿਹੇ ਵਿਚਾਰ ਰੱਖਣ ਨਾਲੋਂ ਵਧਕੇ ਕੋਈ ਚੀਜ਼ ਵੀ ਤੁਹਾਡੀ ਆਤਮਾ ਨੂੰ ਅਸਹਿ ਚੋਟ ਨਹੀ ਪਹੁੰਚਾ ਸਕਦੀ। ਉਹ ਪਾਪ ਨੂੰ ਨਫਰਤ ਕਰਦਾ ਹੈ ਪਰ ਪਾਪੀ ਨੂੰ ਪਿਆਰ ਕਰਦਾ ਹੈ। ਉਸਨੇ ਯਿਸੂ ਮਸੀਹ ਦੇ ਰੂਪ ਵਿੱਚ ਆਪਾ ਵਾਰ ਦਿੱਤਾ ਤਾ ਕਿ ਜੋ ਵੀ ਉਸਤੇ ਵਿਸ਼ਵਾਸ ਕਰੇ, ਮੁਕਤੀ ਪਾਵੇ ਅਤੇ ਪਰਮੇਸ਼ਰ ਦੇ ਪ੍ਰਤਾਪੀ ਰਾਜ ਵਿੱਚ ਸਦੀਵੀ ਆਸ਼ੀਰਵਾਦ ਪਾਵੇ। ਹੋਰ ਇਸ ਤੋਂ ਜ਼ੋਰਦਾਰ ਅਤੇ ਕੋਮਲ ਸ਼ਬਦ ਕੀ ਹੋ ਸਕਦੇ ਹਨ ਜੋ ਉਸਨੇ ਸਾਨੂੰ ਆਪਣਾ ਪ੍ਰੇਮ ਪ੍ਰਗਟਾਉਣ ਲਈ ਚੁਣੇ “ਕੀ ਕੋਈ ਤੀਵੀਂ ਆਪਣੇ ਦੁੱਧ ਪੀਂਦੇ ਬੱਚੇ ਨੂੰ ਐਸਾ ਵਿਸਰਾ ਸਕਦੀ ਹੈ ਕਿ ਉਹ ਆਪਣੇ ਜਣੇ ਹੋਏ ਬੱਚੇ ਤੇ ਦਯਾ ਨਾ ਕਰੇ ਹੋ ਸਕਦਾ ਹੈ ਉਹ ਵਿਸਾਰ ਦੇਵੇ ਪਰ ਮੈਂ ਤੁਹਾਨੂੰ ਕਦੀ ਨਹੀ ਵਿਸਾਰ ਸਕਦਾ” (ਯਸਾਯਾਹ 49:15)I

ਜੇ ਤੁਸੀ ਭਰਮ ਭੁਲੇਖੇ ਵਿੱਚ ਪੈ ਕੇ ਡਗਮਗਾ ਰਹੇ ਹੋ ਤਾਂ ਉੱਪਰ ਵੱਲ ਵੇਖੋ, ਕਿਉਂਕਿ ਯਿਸੂ ਮਸੀਹ ਸਾਡਾ ਵਿਚੋਲਾ ਬਣ ਕੇ ਜੀਵਤ ਹੈ। ਸ਼ੁਕਰ ਹੈ ਉਸ ਪ੍ਰਭੂ ਦਾ ਜਿਸਨੇ ਆਪਣਾ ਪਿਆਰਾ ਪੁੱਤਰ ਸਾਨੂੰ ਇੱਕ ਵਰਦਾਨ ਦਾ ਤੋਹਫਾ ਦਿੱਤਾ ਅਤੇ ਇਹੋ ਪ੍ਰਾਰਥਨਾ ਕਰੋ ਕਿ ਉਸਦੀ ਕੁਰਬਾਨੀ ਵਾਲੀ ਮੌਤ ਤੁਹਾਡੇ ਲਈ ਨਿਸਫਲ ਨਾ ਹੋਵੇI

ਜਦੋਂ ਤੁਸੀ ਇਨ੍ਹਾਂ ਇਕਰਾਰਾਂ ਨੂੰ ਬਾਈਬਲ ਵਿੱਚ ਪੜ੍ਹੋ ਤਾਂ ਯਾਦ ਰੱਖੋ ਰੱਖੋ ਕੀ ਇਹ ਪਰਮੇਸ਼ਰ ਦੇ ਅਕਥਨੀਯ ਪਿਆਰ ਦਾ ਪ੍ਰਗਟਾਵਾ ਹੈ ਕਿ ਪਿਤਾ ਪਰਮੇਸ਼ਰ ਦੇ ਵਿਸ਼ਾਲ ਹਿਰਦੇ ਦਾ ਪ੍ਰੇਮ ਸਾਗਰ ਦੀ ਤਰ੍ਹਾਂ ਪਾਪੀ ਵੱਲ ਉਮਡ ਆਉਂਦਾ ਹੈ। “ਸਾਨੂੰ ਉਸਦੇ ਲਹੂ ਦੁਆਰਾ ਮੁਕਤੀ ਅਤੇ ਪਾਪਾਂ ਦੀ ਖਿਮਾਂ ਮਿਲੀ ਹੈ।” (ਅਫਸੀਆਂ 1:7)।

ਹਾਂ ਕੇਵਲ ਐਨੀ ਹੀ ਪ੍ਰਤੀਤ ਕਰੋ ਕਿ ਪਰਮੇਸ਼ਰ ਤੁਹਾਡਾ ਸਹਾਈ ਹੈ ਅਤੇ ਉਹ ਆਪਣੇ ਸਰੂਪ ਵਿੱਚ ਸਾਜੇ ਮਨੁੱਖ ਨੂੰ ਫਿਰ ਉਸੇ ਸਰੂਪ ਵਿੱਚ ਲਿਆਉਣਾ ਚਾਹੁੰਦਾ ਹੈ ਜੋ ਸ਼ੈਤਾਨ ਨੇ ਪਾਪ ਨਾਲ ਵਿਗਾੜ ਦਿੱਤਾ ਹੋਇਆ ਹੈ। ਜਦੋਂ ਤੁਸੀਂ ਪਸ਼ਚਾਤਾਪ ਕਰਕੇ ਪ੍ਰਭੂ ਦੀ ਸ਼ਰਨ ਵਿੱਚ ਆਉਂਦੇ ਹੋ ਤਾਂ ਉਹ ਤਰਸ ਪਿਆਰ ਤੇ ਖਿਮਾਂ ਲੈ ਕੇ ਤੁਹਾਡੇ ਕੋਲ ਆਉਂਦਾ ਹੈ।

**(14) ਪਰਮੇਸ਼ਰ ਦੇ ਲੋਕ ਕਿਹੜੇ ਸ਼ਾਨਦਾਰ ਵਾਅਦੇ ਦਾ ਦਾਅਵਾ ਕਰ ਸਕਦੇ ਹਨ?**

*ਯਹੋਵਾਹ ਅਤੇ ਓਸਦੀ ਫ਼ੌਜ ਦੂਰ ਦੁਰਾਡੇ ਦੇਸ਼ ਵੱਲੋਂ ਆ ਰਹੇ ਹਨ। ਉਹ ਦੁਮੇਲੋ ਪਾਰ ਤੋਂ ਆ ਰਹੇ ਹਨ। ਯਹੋਵਾਹ ਕਹਿਰ ਆਪਣਾ ਦਰਸਾਉਣ ਲਈ ਆਪਣੀ ਫ਼ੌਜ ਨੂੰ ਹਥਿਆਰ ਵਾਂਗ ਵਰਤੇਗਾ। ਇਹ ਫ਼ੌਜ ਸਾਰੇ ਦੇਸ਼ ਨੂੰ ਤਬਾਹ ਕਰ ਦੇਵੇਗੀ।" (ਯਸਈਆਹ 49:15)*

*ਤੁਸੀਂ ਮਾਇਆ ਦੇ ਲੋਭ ਤੋਂ ਰਹਿਤ ਰਹੋ। ਜੋ ਕੁਝ ਤੁਹਾਡੇ ਕੋਲ ਹੈ ਉਸ ਉੱਤੇ ਸੰਤੋਖ ਕਰੋ ਕਿਉਂ ਜੋ ਉਹ ਨੇ ਆਪ ਆਖਿਆ ਹੈ ਭਈ ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ। (ਇਬਰਾਨੀਆਂ 13:5)*

*ਜਿਵੇਂ ਮੈਂ ਪਰਮੇਸ਼ਰ ਦੇ ਵਚਨ ਨੂੰ ਪੜ੍ਹਿਆ ਹੈ, ਮੈਂ ਇਹ ਮਹਿਸੂਸ ਕੀਤਾ ਹੈ ਕਿ ਉਸਦਾ ਆਤਮਾ ਮੇਰੇ ਦਿਲ ਦੇ ਦਰਵਾਜ਼ੇ ਤੇ ਨੂੰ ਖੜਕਾ ਰਿਹਾ ਹੈI (ਪ੍ਰਕਾਸ਼ ਦੀ ਪੋਥੀ 3:20).*

*ਚੱਕਰ ਲਗਾਓ:     ਹਾਂ     ਅਨਿਸ਼ਚਿਤ*

*ਮੈਂ ਇਹ ਮਹਿਸੂਸ ਕਰਦਾ ਹਾਂ ਕਿ ਮੈਂ ਪਾਪੀ ਹਾਂ ਜਿਸ ਨੂੰ ਮੁਕਤੀਦਾਤਾ ਦੀ ਲੋੜ ਹੈ (ਰੋਮੀਆਂ 3:23)*

*ਚੱਕਰ ਲਗਾਓ:     ਹਾਂ     ਅਨਿਸ਼ਚਿਤ*

*ਮੈਂ ਹੈਰਾਨ ਹਾਂ ਕਿ ਪਰਮੇਸ਼ਰ ਨੇ ਮੈਨੂੰ ਪਾਪ ਤੋਂ ਬਚਾਉਣ ਲਈ ਆਪਣੇ ਪੁੱਤਰ ਯਿਸੂ ਮਸੀਹ ਨੂੰ ਭੇਜ ਕੇ ਆਪਣਾ*

*ਪਿਆਰ ਵਿਖਾਇਆ ਹੈ (ਯੂਹੰਨਾ 3:16, 17) ਅਤੇ ਮੈਂ ਜਾਣਦਾ ਹਾਂ ਕਿ ਸਿਰਫ ਉਹੀ ਮੁਕਤੀ ਦਾ ਦਰਵਾਜ਼ਾ ਹੈ (ਯੂਹੰਨਾ 10:9)*

*ਚੱਕਰ ਲਗਾਓ: ਹਾਂ ਅਨਿਸ਼ਚਿਤ*

*ਮੈਂ ਸਮਝਦਾ ਹਾਂ ਕਿ ਜੇਕਰ ਮੈਂ ਆਪਣੇ ਪੂਰੇ ਦਿਲ ਨਾਲ ਆਪਣੇ ਪਾਪਾਂ ਦਾ ਇਕਰਾਰ ਕਰਦਾ ਹਾਂ ਤਾਂ ਯਿਸੂ ਮਸੀਹ ਦਾ ਲਹੂ ਮੈਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰੇਗਾ (1 ਯੂਹੰਨਾ 1:9)*


*ਚੱਕਰ ਲਗਾਓ: ਹਾਂ ਅਨਿਸ਼ਚਿਤ*

ਜੇਕਰ ਤੁਸੀਂ ਉਪਰ ਵਾਲੇ ਸਵਾਲਾਂ ਲਈ “ਹਾਂ” ਕਿਹਾ ਹੈ ਤਾਂ ਮੈਂ ਤੁਹਾਨੂੰ ਤੁਹਾਡੇ ਜੀਵਨ ਦੇ ਮਹੱਤਵਪੂਰਣ ਫੈਂਸਲੇ ਲਈ ਸੱਦਾ ਦਿੰਦਾ ਹਾਂI ਵਿਸ਼ਵਾਸ ਦੁਆਰਾ ਤੁਸੀਂ ਯਿਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਕਰ ਸਕਦੇ ਹੋ ਅਤੇ ਆਪਣੇ ਜੀਵਨ ਵਿਚ ਉਸਦੀ ਮਹਾਨ ਸ਼ਾਂਤੀ, ਸ਼ਕਤੀ ਅਤੇ ਮਹਾਨ ਪਿਆਰ ਦਾ ਅਨੁਭਵ ਕਰ ਸਕਦੇ ਹਾਂI ਹੇਠ ਦਿੱਤੀ ਪ੍ਰਾਰਥਨਾ ਨੂੰ ਸੱਚੇ ਦਿਲ ਨਾਲ ਕਰੋ (ਯੂਹੰਨਾ John 1:12):

*“ਪਿਆਰ ਸਵਰਗੀ ਪਿਤਾ, ਮੈਂ ਜਾਣਦਾ ਹਾਂ ਕਿ ਮੈਂ ਪਾਪੀ ਹਾਂ ਅਤੇ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਆਪਣੇ ਪੁੱਤਰ ਮੇਰੇ ਲਈ ਮਰਨ ਲਈ ਭੇਜਿਆI ਮੈਂ ਵਿਸ਼ਵਾਸ ਵਿਚ ਯਿਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਕਰਦਾ ਹਾਂ ਅਤੇ ਉਸਦਾ ਲਹੂ ਮੇਰੇ ਸਾਰੇ ਪਾਪਾਂ ਨੂੰ ਢੱਕ ਲਵੇ (ਜਿਨ੍ਹਾਂ ਵੀ ਵਿਸ਼ੇਸ਼ ਹੋ ਸਕੇ)I ਮੈਂ ਆਪਣੇ ਬੁਰੇ ਰਾਹਾਂ ਤੋਂ ਹੱਟਣ ਦੀ ਚੋਣ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਤੁਸੀਂ ਮੇਰੇ ਜੀਵਨ ਦੇ ਪ੍ਰਭੂ ਬਣ ਜਾਓI ਯਿਸੂ ਮਸੀਹ ਦੇ ਨਾਮ ਵਿਚ ਮੰਗਦਾ ਹਾਂ, ਆਮੀਨ”*

ਮੁਬਾਰਕਾਂ! ਤੁਸੀਂ ਸ਼ਾਇਦ ਵੱਖਰਾ ਮਹਿਸੂਸ ਕਰੋ ਜਾਂ ਨਾ ਕਰੋ ਪਰ ਤੁਹਾਡੇ ਵਿਸ਼ਵਾਸ ਦੇ ਕਾਰਨ ਤੁਸੀਂ ਪਰਮੇਸ਼ਰ ਦੇ ਬੱਚੇ ਹੋ ਅਤੇ ਮਸੀਹ ਵਿਚ ਇਕ ਨਵੀਂ ਸ੍ਰਿਸ਼ਟੀ ਹੋ (ਰਸੂਲਾਂ ਦੇ ਕਰਤੱਬ 16:31)! ਹੁਣ, ਜਿਵੇਂ ਇਕ ਟਹਿਣੀ ਅੰਗੂਰ

ਦੀ ਵੇਲ ਵਿਚ ਬਣੀ ਰਹਿੰਦੀ ਹੈ, ਹਮੇਸ਼ਾਂ ਉਸ ਵਿਚ ਬਣੇ ਰਹੇ (ਯੂਹੰਨਾ 15:1-8) ਅਤੇ ਇਕ ਦਿਨ ਉਹ ਤੁਹਾਨੂੰ ਤੁਹਾਡੇ ਨਵੇਂ ਘਰ ਸਵਰਗ ਵਿਚ ਲੈ ਜਾਵੇਗਾ (ਯੂਹੰਨਾ 14:1-3)I



## ਪਾਠ 8
## ਪੈਰੋਕਾਰੀ ਦੀ ਪਰਖ

**(1) ਇਹ ਆਇਤ ਪਵਿੱਤਰ ਆਤਮਾ ਦੇ ਕੰਮ ਦੀ ਤੁਲਨਾ ਕਿਸ ਨਾਲ ਕਰਦੀ ਹੈ?**

***ਪੌਣ ਜਿੱਧਰ ਚਾਹੁੰਦੀ ਹੈ ਵੱਗਦੀ ਹੈ ਅਤੇ ਤੂੰ ਉਹਦੀ ਆਵਾਜ਼ ਸੁਣਦਾ ਹੈ, ਪਰ ਇਹ ਨਹੀ ਜਾਣਦਾ ਜੋ ਉਹ ਕਿੱਧਰੋਂ ਆਈਂ ਅਤੇ ਕਿੱਧਰੇ ਨੂੰ ਜਾਂਦੀ ਹੈ। ਹਰ ਕੋਈ ਜੋ ਆਤਮਾ ਤੋਂ ਜੰਮਿਆ ਹੈ,ਉਹ ਇਹੋ ਜਿਹਾ ਹੈI (ਯਹੂੰਨਾ 3:8)***

ਮਨੁੱਖ ਭਾਵੇਂ ਆਪਣੇ ਮਨ ਦੇ ਪਰਿਵਰਤਨ ਦਾ ਠੀਕ ਸਮਾਂ ਤੇ ਸਥਾਨ ਨਾ ਦੱਸ ਸਕੇ ਅਤੇ ਨਾ ਹੀ ਉਨ੍ਹਾਂ ਸਾਰੇ ਹਾਲਾਤ ਸਾ ਅੰਦਾਜ਼ਾ ਲਗਾ ਸਕੇ ਜਿਨ੍ਹਾਂ ਦੁਆਰਾ ਉਸ ਦਾ ਮਨ -ਪਰਿਵਰਤਨ ਹੋਇਆ ਸੀ, ਪ੍ਰੰਤੂ ਉਸਦਾ ਮਤਲਬ ਇਹ ਨਹੀ ਸੀ ਕਿ ਉਸ ਵਿੱਚ ਪਰਿਵਰਤਨ ਆਇਆ ਹੀ

ਨਹੀ। ਯਿਸੂ ਮਸੀਹ ਨੇ ਨਿਕੁਦੱਮਸ ਨੂੰ ਕਿਹਾ ਸੀ ਕਿ ਪਰਮੇਸ਼ਰ ਦੇ ਆਤਮਾ ਹਵਾ ਦੀ ਤਰ੍ਹਾਂ ਜੋ ਕਿ ਦਿਖਾਈ ਨਹੀਂ ਦੇਂਦੀ ਪਰ ਉਸਦਾ ਪ੍ਰਭਾਵ ਪ੍ਰਤੱਖ ਦਿਖਾਈ ਦੇਂਦਾ ਹੈ ਅਤੇ ਅਨੁਭਵ ਹੁੰਦਾ ਹੈ। ਇਵੇਂ ਹੀ ਪਰਮੇਸ਼ਰ ਦੀ ਆਤਮਾ (ਸ਼ਕਤੀ) ਦਾ ਕੰਮ ਮਨੁੱਖ ਦੇ ਹਿਰਦੇ ਵਿੱਚ ਹੁੰਦਾ ਹੈ। ਨਵਜੀਵਨ ਦੀ ਸ਼ਕਤੀ ਜਿਸਨੂੰ ਕੋਈ ਮਨੁੱਖੀ ਅੱਖ ਨਹੀ ਦੇਖ ਸਕਦੀ, ਆਤਮਾ ਵਿੱਚੋਂ ਇੱਕ ਨਵੀਂ ਜ਼ਿੰਦਗੀ ਉਤਪੰਨ ਕਰਦੀ ਹੈ ਅਤੇ ਪਰਮੇਸ਼ਰ ਦੇ ਸਰੂਪ ਵਿੱਚ ਇੱਕ ਨਵੇਂ ਮਨੁੱਖ ਨੂੰ ਜਨਮ ਦਿੰਦੀ ਹੈ। ਆਤਮਾ ਦਾ ਕੰਮ ਚੁੱਪ ਚਾਪ ਅਤੇ ਸੂਖਮ ਹੁੰਦਾ ਹੈ, ਪ੍ਰੰਤੂ ਸ਼ਕਤੀ (ਆਤਮਾ) ਦੁਆਰਾ ਹਿਰਦੇ ਵਿੱਚ ਨਵਜੀਵਨ ਨੇ ਪ੍ਰਵੇਸ਼ ਕੀਤਾ ਹੈ ਤਾਂ ਨਵਾਂ ਜੀਵਨ ਇਸ ਅਸਲੀਅਤ ਦੀ ਸਾਖੀ ਦੇਵੇਗਾ।

## (2) ਜੀਵਨ ਕਿਵੇਂ ਬਦਲਦਾ ਅਤੇ ਦਿਲ ਕਿਵੇਂ ਨਵਾਂ ਕੀਤਾ ਜਾਂਦਾ ਹੈ?

***ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ। (2 ਕੁਰਿੰਥੀਆਂ 5:17)***

ਅਸੀ ਆਪਣੇ ਹਿਰਦੇ ਵਿੱਚ ਪਰਿਵਰਤਨ ਲਿਆਉਣ ਲਈ ਜਾਂ ਇਸਨੂੰ ਪਰਮੇਸ਼ਰ ਦੇ ਅਨੁਕੂਲ ਕਰਨ ਲਈ ਕੁਝ ਨਹੀਂ ਕਰ ਸਕਦੇ: ਸਾਨੂੰ ਆਪਣੇ ਬਲ ਜਾਂ ਆਪਣੇ ਚੰਗੇ ਕੰਮਾਂ ਤੇ ਜ਼ਰਾ ਵੀ ਭਰੋਸਾ ਨਹੀ ਕਰਨਾ ਚਾਹੀਦਾ, ਸਾਡੇ ਜੀਵਨ ਦਾ ਢੰਗ ਹੀ ਇਹ ਪ੍ਰਗਟ ਕਰ ਦੇਵੇਗਾ ਕਿ ਸਾਡੇ ਇਰਾਦੇ ਵਿੱਚ ਪਰਮੇਸ਼ਰ ਦੀ ਮਿਹਰ ਦਾ ਵਾਸਾ ਹੈ ਕਿ ਨਹੀ। ਸਾਡੀਆਂ ਆਦਤਾਂ ਚੱਜ ਆਚਾਰੀ ਤੇ ਕੰਮ ਕਾਰ ਵਿੱਚੋਂ ਇੱਕ ਨਵਾਂ ਪਰਿਵਰਤਨ ਨਜ਼ਰ ਪਾਏਗਾ। ਬੀਤੇ ਜੀਵਨ ਅਤੇ ਵਰਤਮਾਨ ਜੀਵਨ ਵਿੱਚ ਇੱਕ ਅੰਤਰ ਸਪਸ਼ਟ ਦਿਖਾਈ ਦੇਵੇਗਾ। ਚਰਿੱਤਰ ਕਿਸੇ ਖਾਸ ਅਵਸਰ ਤੇ ਬੁਰਾਈ ਜਾਂ ਭਲਾਈ ਦੀ ਕ੍ਰਿਤ ਕਰਨ ਨਾਲ ਨਹੀਂ ਪ੍ਰਗਟ ਹੁੰਦਾ ਬਲਕਿ ਇਹ ਸੁਭਾਵਕ ਬੋਲਚਾਲ ਤੇ ਲੱਛਣਾਂ ਤੋਂ ਪ੍ਰਗਟ ਹੁੰਦਾ ਹੈ।

ਇਹ ਸੱਚ ਹੈ ਕਈ ਵਾਰ ਯਿਸੂ ਮਸੀਹ ਦੀ ਨਵਾਂ-ਜੀਵਨ ਦੇਣ ਵਾਲੀ ਸ਼ਕਤੀ ਤੋਂ ਬਗੈਰ ਹੀ ਮਨੁੱਖ ਦੇ ਬਾਹਰੀ ਵਰਤਾਓ ਵਿੱਚ ਸੁਧਾਰ ਆਉਣਾ ਸੰਭਵ ਹੈ।

ਦੂਸਰਿਆ ਦੀ ਨਜ਼ਰ ਵਿੱਚ ਮਾਣ ਅਤੇ ਰੋਅਬ ਪ੍ਰਾਪਤ ਕਰਨ ਦੀ ਲਾਲਸਾ ਕਈ ਵਾਰ ਜੀਵਨ ਨੂੰ ਸੁੱਚਜਾ ਬਣਾ ਦੇਂਦੀ ਹੈ। ਆਤਮ ਗੌਰਵ ਸਾਨੂੰ ਹਰ ਤਰ੍ਹਾਂ ਦੀ ਬੁਰਾਈ ਦਾ ਪ੍ਰਗਟਾਵਾ ਕਰਨ ਤੋਂ ਰੋਕੇਗਾ। ਇੱਕ ਸਵਾਰਥੀ ਹਿਰਦਾ ਵੀ ਦਾਨ ਪੁੰਨ ਕਰੇਗਾ, ਪ੍ਰੰਤੂ ਇਹ ਨਿਰਨਾਂ ਕਿਵੇਂ ਹੋ ਸਕੇਗਾ ਕਿ ਅਸੀ ਕਿਸਦੇ ਪੱਖ ਵਿੱਚ ਹਾਂ?

ਪ੍ਰਸ਼ਨ ਇਹ ਉੱਠਦਾ ਹੈ ਕਿ ਸਾਡੇ ਹਿਰਦੇ ਤੇ ਕਿਸਦਾ ਪ੍ਰਭਾਵ ਹੈ? ਸਾਡੇ ਵਿਚਾਰ ਕਿਸ ਨਾਲ ਸਹਿਮਤ ਹਨ? ਸਾਡੀ ਉੱਤਮ ਸ਼ਕਤੀ ਅਤੇ ਛੱਲਕਦਾ ਪਿਆਰ ਕਿਸ ਲਈ ਹੈ? ਜੇ ਅਸੀ ਯਿਸੂ ਮਸੀਹ ਦੇ ਹਾਂ ਤਾਂ ਸਾਡੇ ਵਿਚਾਰ ਉਸਦੇ ਨਾਲ ਹੋਣਗੇ ਅਤੇ ਸਾਡੇ ਮਧੁਰ ਖ਼ਿਆਲ ਉਸਦੇ ਬਾਰੇ ਹੋਣਗੇ। ਜੋ ਕੁਝ ਸਾਡੇ ਕੋਲ ਹੈ ਅਤੇ ਜੋ ਵੀ ਅਸੀ ਹਾਂ ਸਭ ਉਸ ਨੂੰ ਅਰਪਣ ਹੋਵੇਗਾ। ਅਸੀ ਉਸਦੇ ਸਰੂਪ ਵਿੱਚ ਢਲ਼ਣ ਲਈ, ਉਸਦੀ ਸ਼ਕਤੀ ਵਿੱਚ ਸਾਹ ਲੈਣ ਲਈ, ਉਸਦੀ ਮਰਜ਼ੀ ਦੇ ਅਨੁਕੂਲ ਹੋਣ ਲਈ ਅਤੇ ਹਰ ਕੰਮ ਵਿੱਚ ਉਸਨੂੰ ਖੁਸ਼ ਕਰਨ ਲਈ ਬਿਹਬਲ ਹੋਵਾਂਗੇI

**(3) ਤੁਹਾਡੇ ਚਰਿੱਤਰ ਵਿਚ ਹੋਵੇਗਾ ਜੋ ਇਹ ਸਬੂਤ ਹੋਵੇਗਾ ਕਿ ਤੁਸੀਂ ਸੱਚਮੁੱਚ ਨਵਾਂ ਜਨਮ ਪਾਇਆ ਹੈ?**

***ਪ੍ਰੇਮ, ਅਨੰਦ, ਸ਼ਾਂਤੀ, ਧੀਰਜ, ਸਹਿਣਸ਼ੀਲਤਾ, ਨਿਮ੍ਰਤਾ, ਭਲਾਈ, ਭਰੋਸਾ ਅਤੇ ਸੰਜਮ" (ਗਲਾਤੀਆਂ (ਗਲਾਤੀਆਂ ਨੂੰ 5:22,23)***

ਜੋ ਲੋਕ ਯਿਸੂ ਮਸੀਹ ਵਿੱਚ ਨਵਾਂ ਜੀਵਨ ਪਾ ਲੈਂਦੇ ਹਨ ਉਨ੍ਹਾਂ ਨੂੰ ਆਤਮਾ ਦੀ ਸ਼ਕਤੀ ਦੇ ਫਲ ਲੱਗਣਗੇ। ਹੁਣ ਉਹ ਪਹਿਲਾ ਦੀ ਤਰ੍ਹਾਂ ਲੋਭ ਲਾਲਚ ਵਿੱਚ ਆਪਣੇ ਆਪ ਨੂੰ ਨਹੀ ਸ਼ਿੰਗਾਰਣਗੇ, ਸਗੋਂ ਪਰਮੇਸ਼ਰ ਦੇ ਪੁੱਤਰ ਤੇ ਵਿਸ਼ਵਾਸ ਕਰਕੇ ਉਸਦੇ ਪੈਰ ਚਿੰਨ੍ਹਾਂ ਤੇ ਤੁਰਨਗੇ, ਆਪਣੇ ਆਪ ਵਿੱਚ ਉਸਦੇ ਪਵਿੱਤਰ ਚਰਿੱਤਰ ਦਾ ਝਲਕਾਰਾ ਦੇਖਣਗੇ ਜਿਵੇਂ ਕਿ ਉਹ ਆਪ ਪਵਿੱਤਰ ਹੈ। ਜਿੰਨ੍ਹਾਂ ਚੀਜ਼ਾਂ ਨੂੰ ਕਦੀ ਨਫਰਤ ਕਰਦੇ ਸਨ ਉਹ ਉਨ੍ਹਾਂ ਵਿੱਚ ਪ੍ਰੀਤ ਰੱਖਣਗੇ ਅਤੇ ਜਿੰਨ੍ਹਾਂ ਚੀਜ਼ਾਂ ਵਿੱਚ ਕਦੀ ਪ੍ਰੀਤ ਰੱਖਦੇ ਸਨ ਹੁਣ ਘ੍ਰਿਣਾ ਕਰਨਗੇ। ਹੰਕਾਰ ਅਤੇ ਸਵਾਰਥ ਦੇ ਅਧਿਕਾਰੀ ਦਿਲ ਦੇ ਨਿਰਮਾਣ ਅਤੇ ਮਸਕੀਨ ਹੋ ਜਾਣਗੇ। ਨਿਸਫਲ ਤੇ ਘਮੰਡੀ, ਗੰਭੀਰ ਅਤੇ ਸੰਕੋਚੀ ਬਣ

ਜਾਣਗੇ। ਸ਼ਰਾਬੀ ਸੰਜਮੀ ਅਤੇ ਲੰਪਟ ਪਵਿੱਤਰ ਤੇ ਸ਼ੁੱਧ ਹੋ ਜਾਣਗੇ। ਸੰਸਾਰ ਦੇ ਮਿਥਿਆ ਅਤੇ ਪਖੰਡ ਭਰੇ ਰੀਤਾਂ ਰਿਵਾਜ਼ਾਂ ਅਤੇ ਭੜਕਾਉ ਸ਼ਿੰਗਾਰਾਂ ਨੂੰ ਦੂਰ ਕਰ ਦਿੱਤਾ ਜਾਂਦਾ ਹੈ। ਮਸੀਹੀ ਲੋਕ ਕੇਵਲ "ਬਾਹਰੀ ਚਮਕ ਦਮਕ" ਦੀ ਅਭਿਲਾਸ਼ਾ ਨਹੀ ਰੱਖਦੇ ਪ੍ਰੰਤੂ "ਉਹ ਮਨ ਦੀ ਗੁਪਤ ਇਨਸਾਨੀਅਤ ਜਿਸ ਵਿੱਚ ਕੋਈ ਖੋਟ ਨਾ ਹੋਵੇ, ਮਨ ਦੀ ਨਿਰਾਸ਼ਤਾ ਅਤੇ ਗੰਭੀਰਤਾ ਦੇ ਅਵਿਨਾਸੀ ਸ਼ਿੰਗਾਰ ਨਾਲ ਸੁਸ਼ੋਭਤ ਰਹੇ" (ਪਤਰਸ 3:3,4)।

**(4) ਨਵਾਂ ਜੀਵਨ ਪਾਉਣ ਤੋਂ ਬਾਅਦ ਅਸੀਂ ਉਨ੍ਹਾਂ ਨਾਲ ਕੀ ਕਰਨ ਦੀ ਇੱਛਾ ਰੱਖਾਂਗੇ ਜਿਨ੍ਹਾਂ ਨਾਲ ਅਸੀਂ ਬੁਰਾ ਕੀਤਾ ਸੀ?**

***ਅਰ ਹੋਰ ਚੰਗੀ ਜਮੀਨ ਵਿੱਚ ਕਿਰਿਆ ਅਤੇ ਉੱਗ ਕੇ ਸੌ ਗੁਣਾ ਫਲਿਆ। ਉਹ ਇਹ ਗੱਲਾਂ ਕਹਿ ਕੇ ਉੱਚੀ ਉੱਚੀ ਬੋਲਿਆ ਭਈ ਜਿਹ ਦੇ ਸੁਣਨ ਦੇ ਕੰਨ ਹੋਣ ਸੋ ਸੁਣੇ ! (ਲੋਕਾ 19:8)***

ਸੱਚੇ ਪਸ਼ਚਾਤਾਪ ਦਾ ਕੋਈ ਪ੍ਰਮਾਣ ਨਹੀ ਜਦੋਂ ਤੱਕ ਜੀਵਨ ਵਿੱਚ ਸੁਧਾਰ ਨਾ ਆਵੇ। ਜੇਕਰ ਉਹ ਗਹਿਣੇ ਰੱਖੀ ਵਸਤੂ ਵਾਪਿਸ ਨਾ ਕਰ ਦੇਵੇ, ਚੋਰੀ ਤੇ ਲੁੱਟ ਦਾ ਮਾਲ ਮੋੜ ਦੇਵੇ, ਆਪਣੇ ਪਾਪਾਂ ਦਾ ਪ੍ਰਾਸ਼ਚਿਤ ਕਰ ਲਵੇ ਅਤੇ ਪਰਮੇਸ਼ਰ ਦੇ ਸਾਜੇ ਮਨੁੱਖਾ ਨੂੰ ਪਿਆਰ ਕਰੇ, ਫਿਰ ਪਾਪੀ ਨੂੰ ਪੂਰਾ ਭਰੋਸਾ ਕਰ ਲੈਣਾ ਚਾਹੀਦਾ ਹੈ ਕਿ ਉਹ ਮੌਤ ਦੀ ਵਿਨਾਸ਼ਕਾਰੀ ਘਾਟੀ ਪਾਰ ਕਰਕੇ ਜੀਵਨ ਦੀ ਮੰਜ਼ਿਲ ਤੇ ਪੁੰਚ ਗਿਆ ਹੈ।

ਜਦੋਂ ਅਸੀ ਪਾਪੀ, ਗਲਤੀਆਂ ਕਰਨ ਵਾਲੇ ਮਨੁੱਖ ਯਿਸੂ ਮਸੀਹ ਦੀ ਸ਼ਰਨ ਆ ਜਾਂਦੇ ਹਾਂ ਅਤੇ ਉਸ ਦੀ ਰੱਬੀ ਮਿਹਰ ਦੇ ਹਿੱਸੇਦਾਰ ਬਣ ਜਾਂਦੇ ਹਾਂ ਤਾਂ ਹਿਰਦੇ ਵਿੱਚੋਂ ਪ੍ਰੇਮ ਦਾ ਸੋਮਾਂ ਫੁੱਟ ਨਿਕਲਦਾ ਹੈ। ਹਰ ਬੋਝ ਹਲਕਾ ਲੱਗਣ ਲੱਗ ਜਾਂਦਾ ਹੈ ਕਿਉਂਕੀ ਉਹ ਸੂਲਾ ਜੋ ਯਿਸੂ ਮਸੀਹ ਸਾਡੇ ਤੇ ਰੱਖਦਾ ਹੈ ਉਹ ਹਲਕਾ ਹੈ। ਕਰਤੱਵ ਪਾਲਣ ਇੱਕ ਅਨੰਦ ਅਤੇ ਬਲੀਦਾਨ ਇੱਕ ਖੁਸ਼ੀ ਬਣ ਜਾਂਦਾ ਹੈ। ਜੋ ਸਾਗਰ ਪਹਿਲਾ ਗੁਪਤ ਅਤੇ ਅੰਧੇਰਾ ਨਜ਼ਰ ਆਉਂਦਾ ਸੀ ਹੁਣ ਧਾਰਮਿਕਤਾ ਦੇ ਸੂਰਜ ਦੀਆਂ ਕਿਰਣਾ ਨਾਲ ਰੌਸ਼ਨ ਲ਼ੱਗਦਾ ਹੈ।

**(5) ਉਸ ਪਿਆਰ ਦਾ ਸਰੋਤ ਕੌਣ ਹੈ ਜੋ ਮਸੀਹ ਦੀ ਕਿਰਪਾ ਨਾਲ ਨਵੇਂ ਬਣਾਏ ਦਿਲ ਤੋਂ ਵਹਿੰਦਾ ਹੈ?**

***ਅਤੇ ਪ੍ਰਭੂ ਤੁਹਾਡੇ ਇੱਕ ਦੂਏ ਨਾਲ ਅਤੇ ਸਭਨਾਂ ਮਨੁੱਖਾਂ ਨਾਲ ਪ੍ਰੇਮ ਕਰਨ ਨੂੰ ਵਧਾਵੇ ਅਤੇ ਬਹੁਤਾ ਕਰੇ, ਜਿਵੇਂ ਅਸੀਂ ਵੀ ਤੁਹਾਡੇ ਨਾਲ। (1 ਥੱਸਲੁਨੀਕੀਆਂ 3:12)***

ਯਿਸੂ ਮਸੀਹ ਦੇ ਚਰਿੱਤਰ ਦੀ ਮੋਹਿਕ ਖ਼ੂਬਸੂਰਤੀ ਉਸਦੇ ਚੇਲਿਆਂ ਵਿੱਚੋਂ ਨਜ਼ਰ ਆਏਗੀ। ਪਰਮੇਸ਼ਰ ਦੀ ਇੱਛਾ ਨੂੰ ਪੂਰਾ ਕਰਨਾ ਉਸਦੀ ਖੁਸ਼ੀ ਸੀ। ਪਰਮੇਸ਼ਰ ਨੂੰ ਪਿਆਰ ਕਰਨਾ ਅਤੇ ਉਸਦੀ ਮਹਿਮਾ ਤੇ ਗੌਰਵ ਕਰਨਾ ਹੀ ਸਾਡੇ ਮੁਕਤੀ ਦਾਤੇ ਯਿਸੂ ਮਸੀਹ ਦੇ ਜੀਵਨ ਦਾ ਆਧਾਰ ਸੀ। ਉਸਦੇ ਸਾਰੇ ਕੰਮ ਪਿਆਰ ਅਤੇ ਭਲਾਈ ਨਾਲ ਸੁਸ਼ੋਭਿਤ ਸਨ। ਪ੍ਰੇਮ ਪਰਮੇਸ਼ਰ ਦੀ ਦਾਤ ਹੈ ਅਤੇ ਜਿਸਨੇ ਹਿਰਦਾ ਪਰਮੇਸ਼ਰ ਨੂੰ ਅਰਪਣ ਨਹੀ ਕੀਤਾ ਉਸ ਵਿੱਚ ਪ੍ਰੇਮ ਨਹੀਂ ਉਪਜ ਸਕਦਾ। ਇਹ ਕੇਵਲ ਉਸ ਹਿਰਦੇ ਵਿੱਚੋਂ ਹੀ ਉਪਜਦਾ ਹੈ ਜਿਸ ਹਿਰਦੇ ਵਿੱਚ ਪ੍ਰਭੂ ਯਿਸੂ ਮਸੀਹ ਦਾ ਰਾਜ ਹੋਵੇ। "ਅਸੀ ਪ੍ਰੇਮ ਕਰਦੇ ਹਾਂ ਇਸ ਲਈ ਪਹਿਲਾਂ ਉਸਨੇ ਸਾਡੇ ਨਾਲ ਪਿਆਰ ਕੀਤਾ।" ਯੂਹੰਨਾ 4:19. ਰੱਬੀ ਮਿਹਰ ਨਾਲ ਨਵੀਨ ਹੋ ਚੁੱਕੇ ਹਿਰਦੇ ਦੇ ਹਰ ਕਰਤੱਵ ਦਾ ਅੰਸ਼ ਪਿਆਰ ਹੈ। ਇਹ ਚਰਿੱਤਰ ਵਿੱਚ ਸੁਧਾਰ ਲਿਆਉਂਦਾ ਹੈ, ਮਨੋਵੇਗਾਂ ਤੇ ਰਾਜ ਕਰਦਾ ਹੈ, ਵਾਸ਼ਨਾ ਨੂੰ ਕਾਬੂ ਰੱਖਦਾ ਹੈ, ਦੁਸ਼ਮਨੀ ਤੇ ਵੈਰ ਨੂੰ ਸ਼ਾਤ ਕਰਦਾ ਹੈ ਅਤੇ ਪ੍ਰੇਮ ਅਨੁਰਾਗਾਂ ਨੂੰ ਸ਼ਰਾਫਤ ਨਾਲ ਸਜਾਉਂਦਾ ਹੈ। ਜਦੋਂ ਇਸ ਪ੍ਰਕਾਰ ਦਾ ਪਿਆਰ ਆਤਮਾ ਵਿੱਚ ਨਿਵਾਜ ਹੋ ਜਾਏ ਤਾਂ ਜੀਵਨ ਨੂੰ ਮਿੱਠਾ ਅਤੇ ਮਧੁਰ ਬਣਾ ਦਿੰਦਾ ਹੈ ਅਤੇ ਆਲੇ ਦੁਆਲੇ ਦੇ ਸਭ ਲੋਕਾਂ ਤੇ ਨਿਰਮਲ ਪ੍ਰਭਾਵ ਪਾਉਂਦਾ ਹੈ।

**(6) ਅਸੀਂ ਆਪਣੇ ਪਿਆਰ ਨੂੰ ਪਰਮੇਸ਼ਰ ਨੂੰ ਦਿਖਾਉਣ ਲਈ ਕੀ ਕਰਨ ਦੀ ਇੱਛਾ ਕਰਾਂਗੇ?**

***ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਨਾ ਕਰੋਗੇ। (ਯੂਹੰਨਾ 14:15)***

**(7) ਮਸੀਹ ਦੀ ਸ਼ਕਤੀ ਦੁਆਰਾ, ਉਸ ਨਾਲ ਸਾਡੇ ਸੰਬੰਧ ਵਿਚ ਆਗਿਆਕਾਰੀ ਜ਼ਰੂਰੀ ਕਿਉਂ ਹੈ?**

***ਉਹ ਜਿਹੜਾ ਆਖਦਾ ਹੈ ਭਈ ਮੈਂ ਉਹ ਨੂੰ ਜਾਣਿਆ ਹੈ ਅਤੇ ਉਹ ਦੇ ਹੁਕਮਾਂ ਦੀ ਪਾਲਨਾ ਨਹੀਂ ਕਰਦਾ ਸੋ ਝੂਠਾ ਅਤੇ ਸਚਿਆਈ ਉਹ ਦੇ ਵਿੱਚ ਹੈ ਨਹੀਂ। (1 ਯੂਹੰਨਾ 2:4)***

ਦੋ ਵੱਡੀਆਂ ਗਲਤੀਆਂ ਹਨ ਜਿੰਨ੍ਹਾਂ ਕੋਲੋਂ ਪਰਮੇਸ਼ਰ ਦੇ ਪਿਆਰਿਆਂ ਨੂੰ ਵਿਸ਼ੇਸ਼ ਕਰਕੇ ਜੋ ਨਵੇਂ ਨਵੇਂ ਉਸਦੀ ਮਿਹਰ ਤੇ ਭਰੋਸਾ ਕਰਨ ਸਿੱਖੇ ਹੋਣ, ਬਚ ਕੇ ਰਹਿਣਾ ਚਾਹੀਦਾ ਹੈ। ਪਹਿਲੀ ਗਲਤੀ ਜਿਸਦੀ ਚਰਚਾ ਅੱਗੇ ਹੋ ਚੁੱਕੀ ਹੈ ਕਿ ਚੰਗੇ ਕੰਮਾਂ ਤੇ ਮਾਣ ਕਰਨਾ ਅਤੇ ਆਪਣੇ ਹੀਲੇ ਉਪਰਾਲਿਆਂ ਨਾਲ ਪਰਮੇਸ਼ਰ ਦੀ ਅਨੁਕੂਲਤਾ ਪ੍ਰਾਪਤ ਕਰਨ ਦੀ ਚੇਸ਼ਟਾ ਕਰਨੀ; ਜੋ ਮਨੁੱਖ ਕੇਵਲ ਕਰੜੇ ਨਿਯਮਾਂ ਦੀ ਪਾਲਣਾ ਕਰਕੇ ਆਪਣੇ ਕੰਮਾਂ ਦੁਆਰਾ ਪਵਿੱਤਰ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਉਹ ਵਿਅਰਥ ਚੇਸ਼ਟਾ ਵਿੱਚ ਸਮਾਂ ਗੁਆ ਰਿਹਾ ਹੈ। ਜੋ ਕੁਝ ਵੀ ਮਨੁੱਖ ਯਿਸੂ ਮਸੀਹ ਤੋਂ ਬਿਨਾਂ ਕਰਦਾ ਹੈ ਉਹ ਸਭ ਸਵਾਰਥ ਅਤੇ ਪਾਪ ਨਾਲ ਭਰਿਆ ਹੈ। ਇਹ ਕੇਵਲ ਯਿਸੂ ਮਸੀਹ ਦੀ ਹੀ ਰੱਬੀ ਮਿਹਰ ਹੈ ਜੋ ਵਿਸ਼ਵਾਸ ਰਾਹੀ ਸਾਨੂੰ ਪਵਿੱਤਰ ਬਣਾ ਸਕਦੀ ਹੈ। [ਯਿਰਮਿਯਾਹ 13:23]

ਇਸ ਗਲਤੀ ਤੋਂ ਵਿਪਰੀਤ ਇੱਕ ਹੋਰ ਖਤਰਨਾਕ ਗਲਤੀ ਇਹ ਹੈ ਕਿ ਕੇਵਲ ਯਿਸੂ ਮਸੀਹ ਤੇ ਵਿਸ਼ਵਾਸ ਕਰ ਲੈਣ ਨਾਲ ਮਨੁੱਖ ਰੱਬੀ ਨੇਮ ਤੋਂ ਮੁਕਤ ਹੋ ਜਾਂਦਾ ਹੈ ਅਤੇ ਕੇਵਲ ਵਿਸ਼ਵਾਸ ਕਰਨ ਨਾਲ ਹੀ ਅਸੀ ਯਿਸੂ ਮਸੀਹ ਦੀ ਮਿਹਰ ਦੇ ਭਾਗੀ ਬਣ ਜਾਂਦੇ ਹਾਂ ਅਤੇ ਸਾਨੂੰ ਆਪਣੀ ਮੁਕਤੀ ਲਈ ਹੋਰ ਕੁਝ ਕਰਨ ਦੀ ਵੀ ਲੋੜ ਨਹੀਂ।

**(8) ਜਦੋਂ ਅਸੀਂ ਨਵਾਂ ਜਨਮ ਲੈਂਦੇ ਹਾਂ ਤਾਂ ਯਿਸੂ ਮਸੀਹ ਨੇ ਸਾਡੇ ਅੰਦਰ ਕੀ ਕਰਨਾ ਦਾ ਵਾਅਦਾ ਕੀਤਾ ਹੈ?**

***"ਮੈਂ ਆਪਣੇ ਨੇਮਾਂ ਨੂੰ ਉਨ੍ਹਾਂ ਦੇ ਹਿਰਦਿਆਂ ਵਿੱਚ ਲਿਖ ਦੇਵਾਂਗਾ ਅਤੇ ਉਨ੍ਹਾਂ ਦੇ ਵਿਵੇਕ ਵਿੱਚ ਪਾ ਦੇਵਾਂਗਾ" (ਇਬਰਾਨੀਆਂ ਨੂੰ 10:16)***

ਪ੍ਰੰਤੂ ਜ਼ਰਾ ਧਿਆਨ ਨਾਲ ਵਿਚਾਰੋ, ਆਗਿਆ ਪਾਲਣ ਕਰਨਾ ਕੋਈ ਦਿਖਾਵੇ ਮਾਤਰ ਫਰਮਾਂ ਬਰਦਾਰੀ ਨਹੀ ,ਇਹ ਪਿਆਰ ਦੇ ਸੇਵਾ ਹੈ। ਪਰਮੇਸ਼ਰ ਦਾ ਰੱਬੀ ਨੇਮ ਉਸਦੀ ਫਿਤਰਤ ਦਾ ਪ੍ਰਗਟਾਵਾ ਹੈ, ਇਹ ਪਿਆਰ ਦੇ ਮਹਾਨ ਅਸੂਲਾਂ ਦਾ ਹੀ ਸਾਕਾਰ ਰੂਪ ਹੈ ਅਤੇ ਪਰਮੇਸ਼ਰ ਦੇ ਰਾਜ ਦੀ ਨੀਂਹ ਹੈ, ਸਵਰਗਾਂ ਵਿੱਚ ਅਤੇ ਧਰਤੀ ਉੱਪਰ। ਜੇ ਸਾਡੇ ਹਿਰਦੇ ਪਰਮੇਸ਼ਰ ਦੇ ਸਰੂਪ ਵਿੱਚ ਨਵੀਨ ਹੋ ਚੁੱਕੇ ਹਨ ਅਤੇ ਜੇ ਰੱਬੀ ਪਿਆਰ ਸਾਡੀ ਆਤਮਾ ਵਿੱਚ ਉਪਜ ਚੁੱਕਾ ਹੈ ਤਾਂ ਕੀ ਰੱਬ ਦਾ ਨੇਮ ਸਾਡੇ ਜੀਵਨ ਦਾ ਆਧਾਰ ਨਹੀ ਹੋਵੇਗਾ? ਜਦੋਂ ਪਿਆਰ ਦੇ ਅਸੂਲਾਂ ਦਾ ਬੀਜ ਆਤਮਾਂ ਵਿੱਚ ਬੀਜਿਆ ਜਾਏ ਅਤੇ ਜਦੋਂ ਮਨੁੱਖ ਆਪਣੇ ਕਰਤੇ ਦੇ ਸਰੂਪ ਵਿੱਚ ਨਵੀਨਤਾ ਪ੍ਰਾਪਤ ਕਰ ਲਵੇ ਤਾਂ ਨਵੀਂ ਪ੍ਰਤਿਗਿਆ ਦਾ ਇਕਰਾਰ ਪੂਰਾ ਹੋ ਜਾਂਦਾ ਹੈ, “ਮੈਂ ਆਪਣੇ ਨੇਮਾਂ ਨੂੰ ਉਨ੍ਹਾਂ ਦੇ ਹਿਰਦਿਆਂ ਵਿੱਚ ਲਿਖ ਦੇਵਾਂਗਾ ਅਤੇ ਉਨ੍ਹਾਂ ਦੇ ਵਿਵੇਕ ਵਿੱਚ ਪਾ ਦੇਵਾਂਗਾI” ਜੇਕਰ ਰੱਬੀ ਨੇਮ ਹਿਰਦੇ ਤੇ ਉਕਰਿਆ ਜਾਵੇ ਤਾਂ ਕੀ ਉਹ ਜੀਵਨ ਨੂੰ ਉਸਦੇ ਅਨੁਕੂਲ ਨਹੀਂ ਬਣਾਏਗਾ? ਆਗਿਆ ਪਾਲਣ, ਪ੍ਰੇਮ ਭਗਤੀ ਅਤੇ ਸੇਵਾ ਮੁਰੀਦ (ਪੈਰੋਕਾਰ) ਹੋ ਜਾਣ ਦਾ ਸੱਚਾ ਚਿੰਨ੍ਹ ਹੈ ਅਤੇ ਬਾਈਬਲ ਵਿੱਚ ਲਿਖਿਆ ਹੈ, “ਇਹ ਪਰਮੇਸ਼ਰ ਲਈ ਸਾਡੇ ਪਿਆਰ ਦਾ ਪ੍ਰਗਟਾਵਾ ਹੈ ਜੋ ਅਸੀ ਉਸਦੇ ਨੇਮਾਂ ਦਾ ਪਾਲਣ ਕਰਦੇ ਹਾਂ,” ਜੋ ਮਨੁੱਖ ਇਹ ਕਹੇ ਕਿ ਮੈਂ ਪਰਮੇਸ਼ਰ ਨੂੰ ਜਾਣਦਾ ਹਾਂ ਪਰ ਉਸਦੇ ਨੇਮਾਂ ਦਾ ਪਾਲਣ ਨਾ ਕਰੇ ਉਹ ਝੂਠਾ ਹੈ, ਅਤੇ ਸੱਚਾਈ ਉਸ ਵਿੱਚ ਨਹੀ। 1 ਯੂਹੰਨਾ 5:3:2:4. ਇਹ ਵਿਸ਼ਵਾਸ ਹੀ ਹੈ ਕੇਵਲ ਵਿਸ਼ਵਾਸ ਜੋ ਮਨੁੱਖ ਨੂੰ ਆਗਿਆ ਪਾਲਣ ਤੋਂ ਛੁਟਕਾਰਾ ਦਿਵਾਉਣ ਦੀ ਬਜਾਏ ਆਗਿਆ ਪਾਲਣ ਦੇ ਯੋਗ ਬਣਾ ਕੇ ਯਿਸੂ ਮਸੀਹ ਦੀ ਮਿਹਰ ਦਾ ਭਾਗੀ ਬਣਾਉਂਦਾ ਹੈ।

## (9) ਉਸ ਮਾਲਕ ਦਾ ਸੰਕੇਤ ਕੀ ਹੈ ਜਿਸ ਦੀ ਅਸੀਂ ਸੇਵਾ ਕਰਦੇ ਹਾਂ?

***ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ। ਭਲਾ, ਕੰਡਿਆਲਿਆਂ ਤੋਂ ਦਾਖ ਯਾ ਊਂਟਕਟਾਰਿਆਂ ਤੋਂ ਹੰਜੀਰ ਤੋੜਦੇ ਹਨ? (ਮੱਤੀ 7:16)***

*ਸੋ ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ। (ਮੱਤੀ 7:20)*

ਅਸੀ ਆਪਣੀ ਆਗਿਆ ਪਾਲਣ ਕਰਨ ਦੀ ਸ਼ਕਤੀ ਨਾਲ ਮੁਕਤੀ ਹਾਸਿਲ ਨਹੀ ਕਰ ਸਕਦੇ, ਕਿਉਂਕਿ ਮੁਕਤੀ ਪਰਮੇਸ਼ਰ ਦਾ ਬੇਨਿਆਜ ਵਰਦਾਨ ਹੈ ਜੋ ਕੇਵਲ ਵਿਸ਼ਵਾਸ ਕਰਨ ਵਾਲਿਆਂ ਨੂੰ ਹੀ ਬਖਸ਼ਿਆ ਜਾਂਦਾ ਹੈ ਪ੍ਰੰਤੂ ਆਗਿਆ ਪਾਲਣ ਕਰਨਾ ਵਿਸ਼ਵਾਸ ਦਾ ਹੀ ਫਲ ਹੈ। ਤੁਸੀ ਜਾਣਦੇ ਹੋਂ ਉਹ ਇਸ ਲਈ ਪ੍ਰਗਟ ਹੋਇਆ ਭਈ ਪਾਪਾਂ ਨੂੰ ਚੁੱਕ ਕੇ ਲੈ ਜਾਵੇ ਅਤੇ ਉਸਦੇ ਵਿੱਚ ਪਾਪ ਨਹੀ ਹੈ, ਹਰ ਕੋਈ ਜੋ ਉਸਦੇ ਵਿੱਚ ਕਾਇਮ ਹੈ ਪਾਪ ਨਹੀ ਕਰਦਾ ਅਤੇ ਹਰ ਕੋਈ ਜੋ ਪਾਪ ਕਰਦਾ ਹੈ ਉਸਨੇ ਉਸ ਨੂੰ ਨਹੀ ਵੇਖਿਆ ਅਤੇ ਨਾਂ ਹੀ ਜਾਣਿਆ ਹੈ।” 1 ਯੂਹੰਨਾ 3:5,6. ਇਹੋ ਹੀ ਸੱਚੀ ਕਸੌਟੀ (ਪਰਖ) ਹੈ ਜੇ ਅਸੀ ਯਿਸੂ ਮਸੀਹ ਵਿੱਚੋਂ ਕਾਇਮ ਹਾਂ ਅਤੇ ਜੇ ਪਰਮੇਸ਼ਰ ਦਾ ਪਿਆਰ ਸਾਡੇ ਵਿੱਚ ਵੱਸਦਾ ਹੈ ਤਾਂ ਸਾਡੇ ਅਨੁਭਵ ਸਾਡੇ ਵਿਚਾਰ, ਇਰਾਦੇ ਅਤੇ ਕਾਰਜ ਸਾਰੇ ਪਰਮੇਸ਼ਰ ਦੀ ਮਰਜ਼ੀ ਦੇ ਅਨੁਕੂਲ ਹੋਣਗੇ। ਜਿਵੇਂ ਕਿ ਉਨ੍ਹਾਂ ਦਾ ਵਰਨਣ ਪਵਿੱਤਰ ਆਦੇਸ਼ ਦੇ ਨਿਯਮਾਂ ਵਿੱਚ ਹੋਇਆ ਹੈ। “ਹੇ ਛੋਟੇ ਬੱਚਿਓ ਕੋਈ ਤੁਹਾਨੂੰ ਨਾ ਭਰਮਾਵੇ, ਜਿਹੜਾ ਧਰਮ ਕਰਦਾ ਹੈ ਉਹ ਧਰਮੀ ਹੈ ਜਿਵੇਂ ਪਰਮੇਸ਼ਰ ਧਰਮੀ ਹੈ।” 1 ਯੂਹੰਨਾ 3:7. ਧਾਰਮਿਕਤਾ ਪਰਮੇਸ਼ਰ ਦੇ ਪਵਿੱਤਰ ਅਸੂਲਾਂ ਤੋਂ ਪ੍ਰਗਟ ਹੁੰਦੀ ਹੈ। ਜਿਵੇਂ ਕਿ ਸਿਨਾਈ ਪਰਬੱਤ ਉੱਪਰ ਦਿੱਤੇ ਗਏ ਦਸ ਆਦੇਸ਼ਾ ਵਿੱਚ ਵਰਣਨ ਕੀਤੀ ਗਈ ਸੀ।

**(10) ਪ੍ਰਭੂ ਨੂੰ ਆਪਣਾ ਦਿਲ ਦੇਣ ਤੋਂ ਬਾਅਦ ਸਾਡੇ ਜੀਵਨ ਵਿਚ ਕਿਹੜੇ ਦੋ ਤੱਤ ਇਕੋ ਜਿਹੇ ਪ੍ਰਸਤੁਤ ਕੀਤੇ ਜਾਣੇ ਚਾਹੀਦੇ ਹਨ?**

*“ਪ੍ਰੰਤੂ ਵਿਸ਼ਵਾਸ ਜੇ ਅਮਲਾਂ ਤੋਂ ਖਾਲੀ ਹੈ ਤਾਂ ਉਹ ਮੁਰਦਾ ਮੁਰਦਾ ਹੈ” (ਯਾਕੂਬ 2:17)*

ਯਿਸੂ ਮਸੀਹ ਤੇ ਉਹ ਕਥਿਤ ਵਿਸ਼ਵਾਸ, ਜੋ ਮਨੁੱਖ ਨੂੰ ਪਰਮੇਸ਼ਰ ਦੀ ਆਗਿਆ ਪਾਲਣ ਕਰਨ ਤੋਂ ਛੁਟਕਾਰਾ ਦਿਵਾਉਂਦਾ ਹੈ, ਉਹ ਵਿਸ਼ਵਾਸ ਨਹੀ ਕੇਵਲ ਅਨੁਮਾਨ

ਮਾਤਰ ਕਲਪਣਾ ਹੈ। ਤੁਸੀਂ ਮਿਹਰ ਨਾਲ ਬਚਾਏ ਗਏ ਹੋਂ ਵਿਸ਼ਵਾਸ ਰਾਹੀਂI" ਅਫਸੀਆਂ 2:8. ਯਿਸੂ ਮਸੀਹ ਨੇ ਧਰਤੀ ਤੇ ਆਉਣ ਤੋਂ ਪਹਿਲਾਂ ਆਪਣੇ ਆਪ ਬਾਰੇ ਇੰਝ ਕਿਹਾ ਸੀ, "ਮੈਨੂੰ ਤੇਰੀ (ਪਰਮੇਸ਼ਰ) ਆਗਿਆ ਪਾਲਣ ਵਿੱਚ ਖੁਸ਼ੀ ਹੁੰਦੀ ਹੈ ,ਹੇ ਮੇਰੇ ਪਰਮੇਸ਼ਰ ਤੇਰੇ ਨੇਮ ਮੇਰੇ ਹਿਰਦੇ ਵਿੱਚ ਹਨ।" ਜ਼ਬੂਰਾਂ ਦੀ ਪੋਥੀ 40:8. ਅਤੇ ਫਿਰ ਦੋਬਾਰਾ ਸਵਰਗਾਂ ਵਿੱਚ ਜਾਣ ਤੋਂ ਪਹਿਲਾਂ ਉਸਨੇ ਐਲਾਨ ਕੀਤਾ ਸੀ, "ਮੈਂ ਆਪਣੇ ਪਿਤਾ ਪਰਮੇਸ਼ਰ ਦੇ ਆਦੇਸ਼ਾ ਦਾ ਪਾਲਣ ਕੀਤਾ ਹੈ ਅਤੇ ਉਸਦੇ ਪਿਆਰ ਵਿੱਚ ਕਾਇਮ ਰਿਹਾ ਹਾਂ।" ਯੂਹੰਨਾ 15:10. ਬਾਈਬਲ ਵਿੱਚ ਲਿਖਿਆ ਹੈ, "ਜੇਕਰ ਅਸੀ ਉਸਦੇ ਆਦੇਸ਼ਾਂ ਦਾ ਪਾਲਣ ਕਰਾਂਗੇ ਤਾਂ ਜਾਣਾਗੇ ਕਿ ਅਸੀ ਉਸਨੂੰ ਜਾਣਦੇ ਹਾਂ, ਜੋ ਕੋਈ ਇਹ ਕਹਿੰਦਾ ਹੈ ਕਿ ਮੈਂ ਉਸ ਵਿੱਚ ਕਾਇਮ ਹਾਂ, ਉਸਨੂੰ ਆਪ ਵੀ ਉਵੇਂ ਹੀ ਚੱਲਣਾ ਚਾਹੀਦਾ ਹੈ ਜਿਵੇਂ ਉਹ (ਪਰਮੇਸ਼ਰ) ਚਲਦਾ ਸੀ" (1ਯੂਹੰਨਾਂ 2:3-6)I

**(11) ਕਿਸ ਦੀ ਉਦਾਰਹਣ ਤੇ ਸਾਨੂੰ ਆਪਣੇ ਵਿਸ਼ਵਾਸ ਅਤੇ ਸੇਵਾ ਦੇ ਜੀਵਨ ਨੂੰ ਜੀਣਾ ਚਾਹੀਦਾ ਹੈ?**

***ਕਿਉਂਕਿ ਯਿਸੂ ਮਸੀਹ ਨੇ ਸਾਡੇ ਲਈ ਦੁੱਖ ਸਹੇ, ਸਾਡੇ ਲਈ ਆਪਣੀ ਮਿਸਾਲ ਕਾਇਮ ਕਰ ਦਿੱਤੀ ਕਿ ਅਸੀ ਵੀ ਉਸਦੇ ਪੈਰ ਚਿੰਨ੍ਹਾ ਤੇ ਚਲੀਏ। (1 ਪਤਰਸ 2:21)***

**(12) ਸਾਰੇ ਕਿਹੜੇ ਚਰਿੱਤਰ ਨੂੰ ਖੋਜਨਾ ਚਾਹੀਦਾ ਹੈ ਜਿਸ ਦਾ ਯਿਸੂ ਮਸੀਹ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਹੈ ਜੋ ਇਸ ਦੇ ਭੁੱਖੇ ਅਤੇ ਪਿਆਸੇ ਹਨ?**

***ਧੰਨ ਓਹ ਜਿਹੜੇ ਧਰਮ ਦੇ ਭੁੱਖੇ ਤੇ ਤਿਹਾਏ ਹਨ ਕਿਉਂ ਜੋ ਓਹ ਰਜਾਏ ਜਾਣਗੇ। (ਮੱਤੀ 5:6)***

ਅਨੰਤ ਜੀਵਨ ਦੀ ਪ੍ਰਾਪਤੀ ਲਈ ਜੋ ਸ਼ਰਤ ਪਹਿਲਾਂ ਸੀ ਉਹੋ ਹੁਣ ਵੀ ਹੈ। ਉਹੋ ਸ਼ਰਤ ਜੋ ਸਾਡੇ ਪ੍ਰਥਮ ਮਾਤਾ ਪਿਤਾ (ਅਦਮ ਤੇ ਹਵਾ) ਦੇ ਪਤਨ ਤੋਂ ਪਹਿਲਾਂ ਸਵਰਗ ਲੋਕ ਵਿੱਚੋਂ ਉਨ੍ਹਾਂ ਦੇ ਸਾਹਮਣੇ ਸੀ ਉਹੋ ਅੱਜ ਵੀ ਹੈ। ਰੱਬੀ ਨੇਮਾਂ ਦਾ ਪੂਰਣ ਤੌਰ ਤੇ ਪਾਲਣ ਕਰਨਾ ਅਤੇ ਸੰਪੂਰਣ ਧਾਰਮਿਕਤਾ, ਕਰ ਜੇ ਇਸ ਸ਼ਰਤ ਤੋਂ ਘੱਟ ਕਿਸੇ

ਵੀ ਸ਼ਰਤ ਤੇ ਅਨੰਤ ਜੀਵਨ ਦੀ ਪ੍ਰਾਪਤੀ ਹੋ ਜਾਏ ਤਾਂ ਸਾਰੀ ਸ੍ਰਿਸ਼ਟੀ ਦੀ ਖੁਸ਼ੀ ਤੇ ਸ਼ਾਂਤੀ ਖ਼ਤਰੇ ਵਿੱਚ ਪੈ ਜਾਏ। ਇੰਜ ਸਮਝੋ ਕਿ ਪਾਪ ਦਾ ਮਾਰਗ ਹਮੇਸ਼ਾ ਲਈ ਖੱਲ੍ਹ ਜਾਏ ਅਤੇ ਦੁੱਖ ਤੇ ਸੰਤਾਪ ਦਾ ਵਿਨਾਸ਼ਕਾਰੀ ਚੱਕਰ ਹਮੇਸ਼ਾ ਲਈ ਚਲਦਾ ਰਹੇ।

**(13) ਪਰਮੇਸ਼ਰ ਸਾਨੂੰ ਸਾਰਿਆਂ ਨੂੰ ਕਿਹੜੇ ਮੌਕੇ ਦਿੰਦਾ ਹੈ?**

***ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ ਅਮੋਲਕ ਅਤੇ ਵੱਡੇ ਵੱਡੇ ਵਾਇਦੇ ਦਿੱਤੇ ਹਨ ਭਈ ਤੁਸੀਂ ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਉਨ੍ਹਾਂ ਦੇ ਦੁਆਰਾ ਈਸ਼ੁਰੀ ਸੁਭਾਉ ਵਿੱਚ ਸਾਂਝੀ ਹੋ ਜਾਓ। (2 ਪਤਰਸ 1:4)***

**(14) ਮਸੀਹ ਦੇ ਲਹੂ ਦੁਆਰਾ ਕਿਹੜੀ ਦੋ ਭਾਗਾਂ ਦੀ ਦਾਤ ਪ੍ਰਦਾਨ ਕੀਤੀ ਗਈ ਹੈ ਜੋ ਉਸਦੀ ਕਿਰਪਾ ਨਾਲ ਧਾਰਮਿਕਤਾ ਨੂੰ ਦਿੰਦੀ ਹੈ?**

***ਜਿਹ ਦੇ ਵਿੱਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ, (ਅਫ਼ਸੀਆਂ 1:7)***

ਪਤਨ ਤੋਂ ਪਹਿਲਾਂ ਆਦਮ ਵਾਸਤੇ ਪਰਮੇਸ਼ਰ ਦੇ ਆਦੇਸ਼ਾਂ ਦਾ ਪਾਲਣ ਕਰਕੇ ਧਾਰਮਿਕ ਚਰਿੱਤਰ ਰੱਖਣਾ ਸੰਭਵ ਸੀ। ਪ੍ਰੰਤੂ ਉਹ ਅਸਫਲ ਹੋ ਗਿਆ ਅਤੇ ਉਸਦੇ ਪਾਪ ਕਾਰਣ ਸਾਡੀਆ ਸਾਰੀਆ ਪ੍ਰਕਿਤੀਆਂ ਦਾ ਵੀ ਪਤਨ ਹੋ ਗਿਆ ਅਤੇ ਅਸੀਂ ਆਪਣੇ ਯਤਨਾਂ ਨਾਲ ਆਪਣੇ ਆਪ ਨੂੰ ਧਰਮੀ ਨਹੀ ਬਣਾ ਸਕੇ ਕਿਉਂਕਿ ਅਸੀ ਪਾਪੀ ਅਤੇ ਅਪਵਿੱਤਰ ਰਹੇ ਚੁੱਕੇ ਹਾਂ। ਇਸ ਲਈ ਪੂਰੀ ਰੀਤ ਨਾਲ ਪਵਿੱਤਰ ਰੱਬੀ ਨੇਮ ਦਾ ਪਾਲਣ ਨਹੀ ਕਰ ਸਕਦੇ। ਸਾਡੇ ਵਿੱਚ ਉਹ ਪਵਿੱਤ੍ਰਤਾ ਜਮਾਂਦਰੂ ਤੌਰ ਤੇ ਨਹੀ ਰਹੀ ਜਿਸ ਦੇ ਬਲ ਤੇ ਅਸੀ ਪਵਿੱਤਰ ਰੱਬੀ ਨੇਮ ਦੀਆਂ ਮੰਗਾਂ ਦੀ ਪੂਰਤੀ ਕਰ ਸਕੀਏ, ਪ੍ਰੰਤੂ ਯਿਸੂ ਮਸੀਹ ਨੇ ਸਾਡੇ ਉਧਾਰ ਲਈ ਇੱਕ ਮਾਰਗ ਪ੍ਰਦਰਸ਼ਤ ਕਰ ਦਿੱਤਾ ਹੈ। ਉਹ ਸਾਡੀ ਇਸ ਧਰਤੀ ਤੇ ਉਨ੍ਹਾਂ ਸੰਕਟਾ ਤੇ ਭਰਮ ਭੁਲਾਵਿਆਂ ਦੇ ਵਿਚਕਾਰ ਆ ਕੇ ਰਿਹਾ, ਜਿੰਨ੍ਹਾਂ ਵਿੱਚ ਅਸੀ ਰਹਿ ਰਹੇ ਹਾਂ।

ਉਸਨੇ ਨਿਸ਼ਪਾਪ ਜੀਵਨ ਬਤੀਤ ਕੀਤਾ ਅਤੇ ਸਾਡੇ ਲਈ ਪ੍ਰਾਣ ਦੇ ਦਿੱਤੇ। ਹੁਣ ਉਹ ਸਾਡੇ ਸਾਰੇ ਪਾਪਾਂ ਦਾ ਬੋਝ ਚੁੱਕ ਕੇ ਅਤੇ ਸਾਨੂੰ ਆਪਣੀ ਧਾਰਮਿਕਤਾ ਬਖਸ਼ਣ ਦੀ ਪੇਸ਼ਕਸ਼ ਕਰਦਾ ਹੈ। ਜੇਕਰ ਤੁਸੀਂ ਉਸਨੂੰ ਆਪਣਾ ਜੀਵਣ ਅਰਪਣ ਕਰ ਦਿਉ ਅਤੇ ਉਸਨੂੰ ਆਪਣਾ ਮੁਕਤੀ ਦਾਤਾ ਤੇ ਬਚਾਉਣ ਵਾਲਾ ਮੰਨ ਲਵੋ ਤਾ ਭਾਵੇ ਕਿੰਨਾ ਵੀ ਪਾਪਮਈ ਤੁਹਾਡਾ ਜੀਵਨ ਹੋਵੇ, ਉਸਦੀ ਧਾਰਮਿਕਤਾ ਦੇ ਬਲ ਤੇ ਤੁਸੀਂ ਧਰਮੀ ਮੰਨ ਲਏ ਜਾਉਂਗੇ। ਯਿਸੂ ਮਸੀਹ ਦਾ ਨਿਹਕਲੰਕ ਚਰਿੱਤਰ ਤੁਹਾਡੇ ਕਲੰਕਿਤ ਚਰਿੱਤਰ ਦੇ ਸਥਾਨ ਤੇ ਹਾਮੀ ਭਰੇਗਾ ਅਤੇ ਤੁਸੀਂ ਪਰਮੇਸ਼ਰ ਦੇ ਸਾਹਮਣੇ ਇੰਝ ਸਵੀਕਾਰ ਕੀਤੇ ਜਾਉਂਗੇ ਜਿਵੇਂ ਤੁਸੀਂ ਕਦੀ ਕੋਈ ਪਾਪ ਕੀਤਾ ਹੀ ਨਹੀ।

**(15) ਮਸੀਹ ਵਿਚ ਸਾਡੇ ਦੁਬਾਰਾ ਜਨਮ ਲੈਣ ਦੇ ਅਨੁਭਵ ਤੋਂ ਬਾਅਦ, ਅਸੀਂ ਉਸ ਵਿਚ ਕਿਵੇਂ ਬਣੇ ਰਹਿੰਦੇ ਅਤੇ ਵੱਧਦੇ ਹਾਂ?**

***ਮੈਂ ਤਾਂ ਨਹੀ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜਿਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਮੈਂ ਭੋਗਦਾ ਹਾਂ ਉਹ ਪਰਮੇਸ਼ਵਰ ਦੇ ਪੁੱਤਰ ਉੱਤੇ ਵਿਸ਼ਵਾਸ ਨਾਲ ਭੋਗਦਾ ਹਾਂ ਜਿਸਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਕੁਰਬਾਨ ਕਰ ਦਿੱਤਾ। (ਗਲਾਤੀਆਂ ਨੂੰ 2:20)***

ਇਸਦੇ ਨਾਲੋਂ ਵੀ ਵਧਕੇ ਯਿਸੂ ਮਸੀਹ ਹਿਰਦੇ ਵਿੱਚ ਪਰਿਵਤਰਨ ਲਿਆ ਦੇਦਾਂ ਹੈ। ਉਹ ਕੇਵਲ ਵਿਸ਼ਵਾਸ ਕਰਨ ਨਾਲ ਤੁਹਾਡੇ ਹਿਰਦੇ ਵਿੱਚ ਆ ਕੇ ਵੱਸ ਜਾਂਦਾ ਹੈ। ਤੁਹਾਨੂੰ ਇਸ ਸਬੰਧ ਯਿਸੂ ਮਸੀਹ ਤੇ ਵਿਸ਼ਵਾਸ ਅਤੇ ਨਿਰੰਤਰ ਉਸਨੂੰ ਆਪਣੀ ਇੱਛਾ ਸਮਰਪਣ ਕਰਕੇ ਬਣਾਈ ਰੱਖਣਾ ਚਾਹੀਦਾ ਹੈ ਅਤੇ ਜਦੋਂ ਤੀਕ ਤੁਸੀਂ ਇੰਜ ਕਰਦੇ ਰਹੋਗੇ ਉਸਦੀ ਇੱਛਾ ਤੁਹਾਡੇ ਅੰਦਰ ਪਰਮੇਸ਼ਰ ਦੀ ਅਪਾਰ ਖੁਸ਼ੀ ਤੇ ਅਨੰਤ ਜੀਵਨ ਭਰਦੀ ਰਹੇਗੀ ਅਤੇ ਉਹ ਤੁਹਾਡੇ ਅੰਦਰ ਵੱਸ ਕੇ ਆਪਣੇ ਰੂਪ ਦਾ ਪ੍ਰਗਟਾਵਾ ਕਰਦਾ ਰਹੇਗਾ ਅਤੇ ਤੁਸੀਂ ਇਹ ਆਖੋਂਗੇ ਮੈਂ ਤਾਂ ਨਹੀ ਜੀਉਂਦਾ ਸਗੋਂ ਮਸੀਹ ਮੇਰੇ ਵਿੱਚ ਜਿਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿੱਚ ਮੈਂ ਭੋਗਦਾ ਹਾਂ ਉਹ ਪਰਮੇਸ਼ਵਰ ਦੇ

ਪੁੱਤਰ ਉੱਤੇ ਵਿਸ਼ਵਾਸ ਨਾਲ ਭੋਗਦਾ ਹਾਂ ਜਿਸਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਕੁਰਬਾਨ ਕਰ ਦਿੱਤਾ” ਗਲਾਤੀਆਂ ਨੂੰ 2:20. ਯਿਸੂ ਮਸੀਹ ਨੇ ਆਪਣੇ ਚੇਲਿਆਂ ਨੂੰ ਕਿਹਾ “ਇਹ ਤੁਸੀਂ ਨਹੀ ਜੋ ਬੋਲਦੇ ਹੋਂ ਪ੍ਰੰਤੂ ਪਿਤਾ ਪਰਮੇਸ਼ਰ ਦੀ ਆਤਮਾ ਤੁਹਾਡੇ ਵਿੱਚੋਂ ਬੋਲਦੀ ਹੈ।” ਮੱਤੀ 10:20. ਅਤੇ ਜਦ ਤੱਕ ਯਿਸੂ ਮਸੀਹ ਤੁਹਾਡੇ ਅੰਦਰ ਕੰਮ ਕਰਦਾ ਰਹੇਗਾ, ਤੁਸੀਂ ਵੀ ਉਹ ਆਤਮਾ ਪ੍ਰਗਟ ਕਰਦੇ ਰਹੋਂਗੇ। ਉਹੋ ਸ਼ੁਭ ਕੰਮ ਕਰੋਂਗੇ ਆਗਿਆ ਪਾਲਣ ਅਤੇ ਧਾਰਮਿਕਤਾ ਦੇ ਕੰਮ।

ਸੋ ਸਾਡੇ ਕੋਲ ਕੋਈ ਵੀ ਅਜਿਹੀ ਵਸਤੂ ਨਹੀਂ ਜਿਸਦਾ ਅਸੀ ਮਾਨ ਕਰ ਸਕੀਏ। ਆਤਮ ਗੌਰਵ ਲਈ ਸਾਡੇ ਕੋਲ ਕੋਈ ਕਾਰਣ ਨਹੀ। ਸਾਡੇ ਕੋਲ ਕੇਵਲ ਇੱਕੋ ਆਸ਼ਾ ਮਾਤਰ ਹੈ ਯਿਸੂ ਮਸੀਹ ਦੀ ਧਾਰਮਿਕਤਾ ਜੋ ਉਸਨੇ ਸਾਡੇ ਲੇਖੇ ਲਾਈ ਹੈ ਅਤੇ ਉਸਦੀ ਆਤਮਿਕ ਸ਼ਕਤੀ ਸਾਡੇ ਵਿੱਚੋਂ ਅਤੇ ਸਾਡੇ ਲਈ ਕੰਮ ਕਰਦੀ ਹੈ।

**(16) ਇਹ ਆਇਤ ਦਾ ਕਿਹੜਾ ਬਿਆਨ ਪ੍ਰਗਟ ਕਰਦਾ ਹੈ ਕਿ ਵਿਸ਼ਵਾਸ ਨਿਸ਼ਚਾ ਤੋਂ ਵੱਖਰਾ ਹੈ?**

***ਤੁਸੀਂ ਵਿਸ਼ਵਾਸ ਕਰਦੇ ਹੋ ਕਿ ਇਕ ਪਰਮੇਸ਼ਰ ਹੈI ਦੁਸ਼ਟ ਆਤਮਾਵਾਂ ਵੀ ਵਿਸ਼ਵਾਸ ਕਰਦੀਆਂ ਹਨ ਅਤੇ ਕੰਬਦੀਆਂ ਹਨ! (ਯਾਕੂਬ 2:19)***

ਜਦੋਂ ਅਸੀ ਵਿਸ਼ਵਾਸ ਦੀ ਗੱਲ ਕਰੀਏ ਇੱਕ ਅੰਤਰ ਹੈ। ਜੋ ਸਾਨੂੰ ਵਿਚਾਰ ਵਿੱਚ ਰੱਖਣਾ ਚਾਹੀਦਾ ਹੈ। ਇੱਕ ਐਸਾ ਵਿਸ਼ਵਾਸ ਵੀ ਹੈ ਜੋ ਪੂਰਨ ਤੌਰ ਤੇ ਸੱਚੇ ਵਿਸ਼ਵਾਸ ਨਾਲੋਂ ਭਿੰਨ ਹੈ। ਪਰਮੇਸ਼ਰ ਤੇ ਉਸਦੀ ਸ਼ਕਤੀ ਦੀ ਹੋਂਦ, ਉਸਦੇ ਅਟੱਲ ਵਚਨਾਂ ਦੀ ਸਚਾਈ ਕੁਝ ਐਸੇ ਪ੍ਰਮਾਣ ਹਨ ਜਿੰਨ੍ਹਾ ਦਾ ਸ਼ੈਤਾਨ ਤੇ ਉਸਦੇ ਚੇਲੇ ਵੀ ਖੰਡਨ ਨਹੀ ਕਰ ਸਕਦੇ। ਬਾਈਬਲ ਵਿੱਚ ਲਿਖਿਆ ਹੈ, “ਦੁਸ਼ਟ ਆਤਮਾਵਾਂ ਵੀ ਵਿਸ਼ਵਾਸ ਕਰਦੀਆਂ ਹਨ ਅਤੇ ਕੰਬਦੀਆਂ ਹਨ। ਪਰ ਇਹ ਵਿਸ਼ਵਾਸ ਨਹੀ।” ਜਿੱਥੇ ਕੇਵਲ ਪ੍ਰਮਸ਼ਵਰ ਦੇ ਬਚਨਾਂ ਤੇ ਵਿਸ਼ਵਾਸ ਹੀ ਨਹੀ ਸਗੋਂ ਇੱਛਾ ਦਾ ਵੀ ਸਮੱਰਪਣ, ਜਿੱਥੇ ਸਾਰਾ ਹਿਰਦਾ ਉਸਨੂੰ ਅਰਪਣ ਕਰ ਦਿੱਤਾ ਜਾਂਦਾ ਹੈ ਅਤੇ ਸਾਰੇ ਅਨੁਰਾਗ ਵੀ ਉਸ ਉੱਤੇ ਕੇਂਦ੍ਰਿਤ ਕਰ ਦਿੱਤੇ ਜਾਂਦੇ ਹਨ, ਉੱਥੇ ਵਿਸ਼ਵਾਸ

ਠਹਿਰਦਾ ਹੈ- ਉਹ ਵਿਸ਼ਵਾਸ ਜੋ ਪਿਆਰ ਦੇ ਅਸੂਲਾਂ ਤੇ ਅਮਲ ਕਰਦਾ ਹੈ ਅਤੇ ਆਤਮਾ ਨੂੰ ਪਵਿੱਤਰ ਕਰਦਾ ਹੈ। ਏਸੇ ਵਿਸ਼ਵਾਸ ਦੁਆਰਾ ਹਿਰਦਾ ਨਵੀਨ ਰੂਪ ਵਿੱਚ ਪ੍ਰਮੇਸਵਰ ਦੇ ਸਰੂਪ ਨੂੰ ਧਾਰਣ ਕਰ ਲੈਂਦਾ ਹੈ ਅਤੇ ਉਹ ਹਿਰਦਾ ਜੋ ਨਵੀਨ ਅਵਸਥਾ ਤੋਂ ਪਹਿਲਾ ਪਰਮੇਸ਼ਰ ਦੇ ਨੇਮ ਦੇ ਅਧੀਨ ਨਹੀ ਸੀ ਅਤੇ ਨਾ ਹੀ ਹੋ ਸਕਦਾ ਸੀ ਹੁਣ ਪਰਮੇਸ਼ਰ ਦੇ ਪਵਿੱਤਰ ਨੇਮਾਂ ਵਿੱਚ ਖੁਸ਼ੀ ਮਨਾਉਂਦਾ ਹੈ ਅਤੇ ਪੁਕਾਰ ਉੱਠਦਾ ਹੈ, “ਆਹਾ ਮੈਂ ਤੇਰੀ ਵਿਵਸਥਾ ਨਾਲ ਕਿੰਨੀ ਪ੍ਰੀਤ ਰੱਖਦਾ ਹਾਂ, ਦਿਨ ਭਰ ਮੈਂ ਉਸਦੇ ਵਿੱਚ ਲੀਨ ਰਹਿੰਦਾ ਹਾਂ।” ਜ਼ਬੂਰ 119:97. ਜ਼ਬੂਰਾਂ ਦੀ ਪੋਥੀ ਅਤੇ ਪਵਿੱਤਰ ਵਿਵਸਥਾ ਦੀ ਧਾਰਮਿਕਤਾ ਸਾਡੇ ਵਿਚ ਪੂਰਣ ਹੋ ਜਾਂਦੀ ਹੈ, ਜੋ ਸ਼ਰੀਰ ਦੇ ਅਨੁਸਾਰ ਨਹੀਂ ਬਲਕਿ ਆਤਮਾ ਦੇ ਅਨੁਸਾਰ ਚੱਲਦੇ ਹਨ।” ਰੋਮੀਆ ਨੂੰ 8:1.

## (17) ਕਿੰਨੇ ਚਿਰ ਤੱਕ ਯਿਸੂ ਮਸੀਹ ਧੀਰਜ ਨਾਲ ਸਾਡੇ ਚਰਿੱਤਰ ਨੂੰ ਸ਼ੁੱਧ ਕਰਦਾ ਰਹੇਗਾ?

***ਅਤੇ ਇਸ ਗੱਲ ਦੀ ਮੈਨੂੰ ਪਰਤੀਤ ਹੈ ਭਈ ਜਿਹ ਨੇ ਤੁਹਾਡੇ ਵਿੱਚ ਸ਼ੁਭ ਕੰਮ ਦਾ ਮੁੱਢ ਧਰਿਆ ਸੋ ਯਿਸੂ ਮਸੀਹ ਦੇ ਦਿਨ ਤੋੜੀ ਉਹ ਨੂੰ ਪੂਰਿਆਂ ਕਰੇਗਾ। (ਫ਼ਿਲਿੱਪੀਆਂ 1:6)***

ਕਈ ਲੋਕ ਐਸੇ ਵੀ ਹਨ ਜਿੰਨ੍ਹਾਂ ਨੂੰ ਯਿਸੂ ਮਸੀਹ ਦੀ ਖਿਮਾਂ ਕਰਨ ਵਾਲੀ ਸ਼ਕਤੀ ਦਾ ਗਿਆਨ ਹੋ ਗਿਆ ਹੈ ਅਤੇ ਉਹ ਵਾਸਤਵਿਕ ਤੌਰ ਤੇ ਪਰਮੇਸ਼ਰ ਦੇ ਬੱਚੇ ਬਣਨ ਦੇ ਚਾਹਵਾਨ ਹਨ, ਪਰ ਸਮਝਦੇ ਹਨ ਉਨ੍ਹਾਂ ਦਾ ਚਰਿੱਤਰ ਅਪੂਰਣ ਹੈ। ਉਨ੍ਹਾਂ ਦਾ ਜੀਵਨ ਔਗੁਣ ਭਰਿਆ ਹੈ ਅਤੇ ਉਹ ਇਸ ਭਰਮ ਵਿੱਚ ਪੈ ਜਾਂਦੇ ਹਨ ਕਿ ਸ਼ਾਇਦ ਉਨ੍ਹਾਂ ਦੇ ਹਿਰਦੇ ਪਵਿੱਤਰ ਆਤਮਾ ਨਾਲ ਨਵੀਨ ਨਹੀ ਹੋ ਸਕਦੇ। ਉਨ੍ਹਾਂ ਨੂੰ ਮੈਂ ਇਹ ਕਹਾਂਗੀ, “ਨਿਰਾਸ਼ ਹੋ ਕੇ ਪਿੱਛੇ ਨਾ ਹਟੋ। ਅਕਸਰ ਸਾਨੂੰ ਯਿਸੂ ਮਸੀਹ ਦੇ ਚਰਨਾਂ ਤੇ ਡਿੱਗ ਕੇ ਰੋਣਾ ਵੀ ਪੈਂਦਾ ਹੈ ਕਿਉਂਕਿ ਸਾਡੇ ਵਿੱਚ ਤਰੁਟੀਆਂ ਅਤੇ ਔਗੁਣ ਹਨ। ਪਰ ਸਾਨੂੰ ਨਿਰਾਸ਼ ਨਹੀ ਹੋਣਾ ਚਾਹੀਦਾ ਹੈ। ਦੁਸ਼ਮਣ (ਸ਼ੈਤਾਨ) ਸਾਡੇ ਤੇ ਕਾਬੂ ਪਾ ਵੀ ਲਵੇ, ਤਾਂ ਅਸੀ ਪਰਮੇਸ਼ਰ ਵੱਲੋਂ ਦੂਰ ਨਹੀ ਹਟਾਏ ਗਏ, ਨਾ ਹੀ ਅਸਵੀਕਾਰ ਹੋਏ ਜਾਂ ਤਿਰਸਕਾਰੇ ਗਏ ਹਾਂI

**(18) ਜੇਕਰ ਅਸੀਂ ਚਰਿੱਤਰ ਬਣਾਉਣ ਵਾਲੀ ਪ੍ਰਕਿਰਿਆ ਦੌਰਾਨ ਪਾਪ ਵਿਚ ਡਿੱਗ ਜਾਂਦੇ ਹਾਂ, ਤਾਂ ਅਸੀਂ ਕਿਹੜੇ ਸ਼ਾਨਦਾਰ ਵਾਅਦੇ ਦਾ ਦਾਅਵਾ ਕਰ ਸਕਦੇ ਹਾਂ?**

***ਹੇ ਬਾਲਕੋ ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖਦਾ ਹਾਂ ਕਿ ਤੁਸੀ ਪਾਪ ਨਾ ਕਰੋ ਅਤੇ ਜੇਕਰ ਕੋਈ ਪਾਪ ਕਰੇ ਵੀ ਤਾਂ ਪਿਤਾ ਪਰਮੇਸ਼ਰ ਕੋਲ ਸਾਡਾ ਇੱਕ ਸਹਾਇਕ ਹੈ ਅਰਥਾਤ ਯਿਸੂ ਮਸੀਹ। (ਯੂਹੰਨਾਂ 2:1)***

ਯਿਸੂ ਮਸੀਹ ਪਰਮੇਸ਼ਰ ਦੇ ਸੱਜੇ ਪਾਸੇ ਖੜਾ ਹੈ, ਜੋ ਸਾਡੇ ਲਈ ਵਿਚੋਲੇ ਦਾ ਕੰਮ ਕਰ ਰਿਹਾ ਹੈ। ਅਤੇ ਯਿਸੂ ਮਸੀਹ ਦੇ ਬਚਨਾਂ ਨੂੰ ਨਾ ਭੁਲਾਉ।" ਪਿਤਾ ਪਰਮੇਸ਼ਰ ਆਪ ਤੁਹਾਨੂੰ ਪਿਆਰ ਕਰਦਾ ਹੈ" (1ਯੂਹੰਨਾਂ 16:27)I ਆਪਣੇ ਵੱਲ ਮੁੜਦੇ ਦੇਖਣਾ ਚਾਹੁੰਦਾ ਹੈ। ਆਪਣੀ ਪਵਿੱਤਰਤਾ ਤੇ ਮਹਾਨਤਾ ਦਾ ਝਲਕਾਰਾ ਤੁਹਾਡੇ ਵਿੱਚ ਦੇਖਣਾ ਚਾਹੁੰਦਾ ਹੈ। ਤੁਸੀਂ ਕੇਵਲ ਆਪਾ ਉਸ ਨੂੰ ਸੱਮਰਪਣ ਕਰ ਦਿਉ, ਫਿਰ ਜਿਸਨੇ ਤੁਹਾਡੇ ਵਿੱਚ ਇਹ ਸ਼ੁਭ ਕੰਮ ਸ਼ੁਰੂ ਕੀਤਾ ਹੈ ਉਹ ਯਿਸੂ ਮਸੀਹ ਦੇ ਦਿਨ ਤੱਕ ਨਿਭਾਉਂਦਾ ਰਹੇਗਾ। ਹੋਰ ਵੀ ਤੀਬਰਤਾ ਨਾਲ ਪ੍ਰਾਰਥਨਾ ਕਰੋ ਅਤੇ ਪੂਰਣਤਾ ਨਾਲ ਵਿਸ਼ਵਾਸ ਕਰੋ। ਜਿਵੇਂ ਹੀ ਅਸੀ ਆਪਣੀ ਸ਼ਕਤੀ ਤੇ ਭਰੋਸਾ ਕਰਨਾ ਛੱਡ ਦੇਈਏ ਸਾਨੂੰ ਆਪਣੇ ਬਣਾਉਣ ਵਾਲੇ ਦੀ ਸ਼ਕਤੀ ਤੇ ਵਿਸ਼ਵਾਸ ਕਰ ਲੈਣਾ ਚਾਹੀਦਾ ਹੈ, ਅਤੇ ਉਸਦੀ ਵਡਿਆਈ ਕਰਨੀ ਚਾਹੀਦੀ ਹੈ ਜੋ ਸਾਡੇ ਨਰੋਏ ਰੰਗ ਰੂਪ ਦਾ ਸੋਮਾ ਹੈ।

**(19) ਨਵਾਂ ਜਨਮ ਲੈਣ ਅਤੇ ਵਧਣ ਦੀ ਪ੍ਰਕਿਰਿਆ ਵਿਚ ਹੋਣ ਤੋਂ ਬਾਅਦ ਅਸੀਂ ਕੀ ਮਹਿਸੂਸ ਕਰਾਂਗੇ?**

***ਅਸੀਂ ਸਾਰੇ ਹੀ ਪਾਪ ਨਾਲ ਨਾਪਾਕ ਹਾਂ। ਸਾਡੇ ਨੇਕ ਵੀ ਪਵਿੱਤਰ ਨਹੀਂ ਹਨ ਉਹ ਖੂਨ ਨਾਲ ਭਰੇ ਗੋਦੜੇ ਵਰਗੇ ਹਨ। ਅਸੀਂ ਸਾਰੇ ਹੀ ਮੁਰਦਾ ਪਤਿਆਂ ਵ੍ਰਰਗੇ ਹਾਂ। ਹਾਂ। ਸਾਡੇ ਪਾਪਾਂ ਨੇ ਸਾਨੂੰ ਹਵਾ ਵਾਂਗ ਉਡਾਇਆ ਹੈ। (ਯਸਈਆਹ 64:6)***

ਜਿਤਨਾ ਵੀ ਤੁਸੀਂ ਯਿਸੂ ਮਸੀਹ ਦੇ ਨਿਕਟ ਹੁੰਦੇ ਜਾਉਂਗੇ ਉਨ੍ਹੇ ਹੀ ਤੁਹਾਨੂੰ ਆਪਣੇ ਦੋਸ਼ ਨਜ਼ਰ ਆਉਂਦੇ

ਜਾਣਗੇ ਕਿਉਂਕਿ ਤੁਹਾਡੀ ਨਜ਼ਰ ਤੋਂ ਪਾਪ ਦਾ ਅੰਧੇਰਾ ਸਾਫ ਹੁੰਦਾ ਜਾਵੇਗਾ ਅਤੇ ਤੁਹਾਨੂੰ ਦੋਸ਼ ਤੇ ਤਰੁਟੀਆਂ ਯਿਸੂ ਮਸੀਹ ਦੇ ਸੰਪੂਰਨ ਚਰਿੱਤਰ ਸਾਹਮਣੇ ਹੋਰ ਵੀ ਵਿਸ਼ਾਲ ਅਤੇ ਸਪਸ਼ਟ ਰੂਪ ਵਿੱਚ ਨਜ਼ਰ ਆਉਂਦੇ ਜਾਣਗੇ। ਇਹ ਇੱਕ ਪਰਮਾਣ ਹੈ ਕਿ ਸ਼ੈਤਾਨ ਦੇ ਧੋਖੇ ਦਾ ਅਸਰ ਜਾਂਦਾ ਰਿਹਾ ਅਤੇ ਪਰਮੇਸ਼ਰ ਦੀ ਆਤਮਾ ਦਾ ਜੀਵਨ ਦਾਨ ਦੇਣ ਵਾਲਾ ਪ੍ਰਭਾਵ ਤੁਹਾਨੂੰ ਜਾਗ੍ਰਿਤ ਕਰ ਰਿਹਾ ਹੈ।

ਜੋ ਹਿਰਦਾ ਆਪਣੀ ਮਲੀਨਤਾ ਦਾ ਅਨੁਭਵ ਨਹੀਂ ਕਰਦਾ ਉਸ ਵਿੱਚ ਯਿਸੂ ਮਸੀਹ ਲਈ ਡੂੰਘਾ ਪਿਆਰ ਨਹੀ ਉਪਜ ਸਕਦਾ। ਜੋ ਆਤਮਾ ਯਿਸੂ ਮਸੀਹ ਦੀ ਮਿਹਰ ਨਾਲਪਰਿਵਰਤਨ ਹੋ ਚੁੱਕੀ ਹੈ, ਉਹ ਉਸਦੇ (ਪਰਮੇਸ਼ਰ) ਚਰਿੱਤਰ ਦੀ ਸ਼ਲਾਘਾ ਕਰੇਗੀ, ਪ੍ਰੰਤੂ ਜੇ ਸਾਨੂੰ ਆਪਣੇ ਚਰਿੱਤਰ ਦੀ ਕਰੂਪਤਾ ਨਜ਼ਰ ਨਾ ਆਏ ਤਾਂ ਨਿਰਸੰਦੇਹ ਇਹ ਪ੍ਰਮਾਣ ਹੈ ਕਿ ਸਾਨੂੰ ਅਜੇ ਯਿਸੂ ਮਸੀਹ ਦੀ ਮਹਾਨਤਾ ਤੇ ਸੁੰਦਰਤਾ ਦੀ ਝੱਲਕ ਨਹੀ ਵੱਜੀ।


ਜਿੰਨਾਂ ਵੀ ਅਸੀਂ ਆਪਣੇ ਚਰਿੱਤਰ ਅਤੇ ਜੀਵਨ ਵਿੱਚ ਸਲਾਹੁਣ ਯੋਗ ਗੁਣਾਂ ਦੀ ਘਾਟ ਦੇਖਾਂਗੇ ਉਤਨੀ ਹੀ ਸਾਡੀ ਸ਼ਰਧਾ ਆਪਣੇ ਮੁਕਤੀ ਦਾਤੇ ਦੇ ਚਰਿੱਤਰ ਦੀ ਸੁੰਦਰਤਾ ਅਤੇ ਉਸਦੀ ਮਹਾਨ ਪਵਿੱਤਰਤਾ ਤੇ ਵਧੇਗੀ। ਆਪਣੇ ਗੁਨਾਹਾਂ ਦਾ ਝਲਕਾਰਾ ਸਾਨੂੰ ਉਸ ਵੱਲ ਖਿੱਚ ਲੈ ਜਾਏਗਾ। ਜੋ ਖਿਮਾਂ ਦਿੰਦਾ ਹੈ ਅਤੇ ਜਦੋਂ ਸਾਡੀ ਆਤਮਾ ਨੂੰ ਸਾਡੀ ਬੇਬਸੀ ਦਾ ਗਿਆਨ ਹੋਵੇਗਾ ਤਾਂ ਉਹ ਯਿਸੂ ਮਸੀਹ ਤੱਕ ਪਹੁੱਚੇਗੀ: ਅਤੇ ਉਹ ਆਪਣੀ ਸ਼ਕਤੀ ਨਾਲ ਉਸ ਆਤਮਾ ਤੇ ਆਪਣੇ ਆਪ ਨੂੰ ਪ੍ਰਗਟ ਕਰੇਗਾ। ਸਾਡਾ ਗਿਆਨ ਜਿੰਨਾ ਵੀ ਸਾਨੂੰ ਯਿਸੂ ਮਸੀਹ ਦੀ ਲੋੜ ਦਾ ਅਹਿਸਾਸ ਕਰਾਕੇ ਉਸ ਵੱਲ ਅਤੇ ਪਰਮੇਸ਼ਰ ਦੇ ਬਚਨ ਵੱਲ ਲੈ ਜਾਏਗਾ, ਉਸਦੇ ਚਰਿੱਤਰ ਦਾ ਉਤਨਾਂ ਹੀ ਮਹਾਨ ਦ੍ਰਿਸ਼ਟੀਕੋਣ ਸਾਨੂੰ ਸਮਝ ਆਵੇਗਾ ਅਤੇ ਸੰਪੂਰਨ ਤੌਰ ਤੇ ਉਸਦੇ ਰੂਪ ਦਾ ਝਲਕਾਰਾ ਸਾਡੇ ਵਿੱਚੋਂ ਪਵੇਗਾ।

***ਉਸਦੀ ਕਿਰਪਾ ਦੁਆਰਾ, ਮੈਂ ਮਸੀਹ ਵਰਗੀ ਚਾਲ ਚੱਲਣ ਅਤੇ ਉਸ ਦੇ ਮੇਰੇ ਜੀਵਨ ਦੇ ਪ੍ਰਭੂ ਅਤੇ ਮਾਲਕ ਹੋਣ ਵਜੋਂ ਵਜੋਂ ਉਸ ਦਾ ਪਿੱਛਾ ਕਰਨਾ ਚੁਣਦਾ ਹਾਂI***

***ਚੱਕਰ ਲਗਾਓ: ਹਾਂ ਅਨਿਸ਼ਚਿਤ***

ਮੇਰੀ ਪ੍ਰਾਰਥਨਾ ਇਹ ਹੈ ਕਿ ਮੇਰੇ ਵਿਚ ਪਵਿੱਤਰ ਆਤਮਾ ਆਤਮਾ ਦੇ ਫਲ ਦਿਖਾਈ ਦੇਣ ਤਾਂ ਜੋ ਮੈਂ ਉਸਦਾ ਧਰਮੀ ਅਤੇ ਪਵਿੱਤਰ ਚਰਿੱਤਰ ਪ੍ਰਗਟ ਕਰ ਸਕਾਂ।

ਚੱਕਰ ਲਗਾਓ: ਹਾਂ ਅਨਿਸ਼ਚਿਤ



## ਪਾਠ 9
## ਮਸੀਹ ਵਿਚ ਪ੍ਰਪੱਕ ਹੋਣਾ

**(1) ਮਸੀਹ ਵਿਚ ਇਕ ਨਵੇਂ ਬੱਚੇ ਦੀ ਤਰ੍ਹਾਂ, ਅਸੀਂ ਇੱਛਾ ਕੀ ਹੋਣੀ ਚਾਹੀਦੀ ਹੈ ਕਿ ਮਸੀਹ ਨਾਲ ਸਾਡਾ ਸੰਬੰਧ ਹੋ ਵੱਧ ਸਕੇ?**

***ਨਵਿਆਂ ਜੰਮਿਆਂ ਹੋਇਆਂ ਬੱਚਿਆਂ ਵਾਂਗਰ ਆਤਮਕ ਅਤੇ ਖਾਲਸ ਦੁੱਧ ਦੀ ਲੋਚ ਕਰੋ ਭਈ ਤੁਸੀਂ ਓਸ ਨਾਲ ਮੁਕਤੀ ਲਈ ਵਧਦੇ ਜਾਓ। (1 ਪਤਰਸ 2:2)***

ਹਿਰਦੇ ਦੇ ਜਿਸ ਪਰਿਵਰਤਨ ਨਾਲ ਅਸੀ ਪਰਮੇਸ਼ਰ ਦੀ ਸੰਤਾਨ ਬਣ ਜਾਂਦੇ ਹਾਂ। ਉਸਨੂੰ ਬਾਈਬਲ ਵਿੱਚ ਜਨਮ ਕਹਿੰਦੇ ਹਨ। ਫਿਰ ਇਸਦੀ ਉਪਮਾਂ ਕਿਸਾਨ ਰਾਹੀ ਬੀਜੇ ਗਏ ਚੰਗੇ ਬੀਜ ਦੇ ਅੰਕੁਰ ਫੁੱਟਣ ਨਾਲ ਕੀਤੀ ਗਈ ਹੈ। ਇਸ ਪ੍ਰਕਾਰ ਉਹ ਸਾਰੇ ਜੋ ਨਵੇਂ ਨਵੇਂ ਯਿਸੂ ਮਸੀਹ ਵਿੱਚ ਪਰਿਵਰਤਨ ਹੋਏ ਹਨ ਉਹ ਨਵ ਜਨਮੇਂ ਬਾਲਕ ਦੀ ਨਿਆਈਂ ਹਨ ਪ੍ਰਪੱਕ ਹੋਣ ਲਈ ਇਸਤਰੀ ਪੁਰਸ਼ ਦੇ ਪੂਰੇ ਆਕਾਰ ਤੀਕ ਯਿਸੂ ਮਸੀਹ ਵਿੱਚI 1 ਪਤਰਸ 2:2;

ਅਫਸ਼ੀਆ ਨੂੰ 4:15. ਜਾਂ ਖੇਤ ਵਿੱਚ ਬੀਜੇ ਗਏ ਚੰਗੇ ਬੀਜ ਦੀ ਤਰ੍ਹਾਂ ਵਧਣਾਂ ਫੁਲਣਾਂ ਤੇ ਚੰਗੇ ਫਲ ਲਿਆਉਣਾ। ਨਬੀ ਯਸਾਯਾਹ ਕਹਿੰਦਾ ਹੈ, "ਉਹ ਧਰਮ ਦੇ ਬੂਟੇ ਕਹਿਲਾਉਂਣਗੇ ਯਹੋਵਾਹ ਦੇ ਲਾਏ ਹੋਏ ਤਾਂ ਕਿ ਉਸਦੀ (ਯਹੋਵਾਹ) ਮਹਿਮਾ ਪ੍ਰਗਟ ਹੋਵੇ।" ਯਸਾਯਾਹ 61:13. ਸੋ ਇਹ ਸੁਭਾਵਕ ਜੀਵਨ ਦੇ ਉਦਾਹਰਣ ਦਿੱਤੇ ਗਏ ਹਨ ਸਾਨੂੰ ਆਤਮਿਕ ਜੀਵਨ ਦੀ ਰਹੱਸ ਭਰਪੂਰ ਸੱਚਾਈ ਚੰਗੀ ਤਰ੍ਹਾਂ ਸਮਝਾਉਂਣ ਲਈ।

ਮਨੁੱਖ ਦੀ ਸਾਰੀ ਬੁੱਧੀ ਤੇ ਕਲਾ ਕੁਦਰਤ ਦੇ ਇੱਕ ਨਿੱਕੇ ਜਿਹੇ ਕਿਣਕੇ ਵਿੱਚ ਵੀ ਜੀਵਨ ਪੈਦਾ ਨਹੀ ਕਰ ਸਕਦੀ। ਇਹ ਕੇਵਲ ਪਰਮੇਸ਼ਰ ਦੀ ਹੀ ਜੀਵਨ ਸ਼ਕਤੀ ਹੈ ਜਿਸ ਦੁਆਰਾ ਸਾਰੇ ਜੀਵ ਤੇ ਬੂਟੇ ਜੀਵਤ ਹਨ ਅਤੇ ਇਸ ਪ੍ਰਕਾਰ ਮਨੁੱਖਾਂ ਦੇ ਹਿਰਦੇ ਵਿੱਚ ਆਤਮਿਕ ਜੀਵਨ ਪਰਮੇਸ਼ਰ ਵੱਲੋਂ ਦਿੱਤੇ ਗਏ ਨਵੇਂ ਜੀਵਨ ਨਾਲ ਉਤਪੰਨ ਹੁੰਦਾ ਹੈ। ਜਦੋਂ ਤੱਕ ਮਨੁੱਖ ਨੂੰ ਉੱਪਰੋਂ (ਪਰਮੇਸ਼ਰ ਵੱਲੋਂ) ਨਵਾਂ ਜੀਵਨ ਨਾ ਮਿਲੇ ਉਹ ਕਦੀ ਵੀ ਉਸ ਜੀਵਨ ਨੂੰ ਪ੍ਰਾਪਤ ਨਹੀ ਕਰ ਸਕਦਾ ਜਿਸਨੂੰ ਯਿਸੂ ਮਸੀਹ ਦੇਣ ਆਇਆ ਸੀ। ਯੂਹੰਨਾਂ 3:3.

**(2) ਅਸੀਂ ਖੁਦ ਆਤਮਿਕ ਪਰਿਪੱਕ ਹੋਣ ਦੇ ਯੋਗ ਕਿਉਂ ਨਹੀਂ ਹਾਂ?**

***ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਓਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸੱਕਦਾ ਇਸ ਲਈ ਜੋ ਆਤਮਕ ਰੀਤ ਨਾਲ ਉਨ੍ਹਾਂ ਦੀ ਜਾਚ ਕਰੀਦੀ ਹੈ। (1 ਕੁਰਿੰਥੀਆਂ 2:14)***

ਜੋ ਅਸੂਲ ਜੀਵਨ ਦਾ ਹੈ ਉਹੋ ਇਸ ਦੇ ਵਿਕਾਸ ਦਾ ਵੀ ਹੈ ਇਹ ਪਰਮੇਸ਼ਵਰ ਹੀ ਹੈ ਜੋ ਕਲੀਆ ਨੂੰ ਖਿੜਾਉਂਦਾ ਹੈ ਅਤੇ ਫੁੱਲਾ ਨੂੰ ਫਲਦਾਰ ਬਣਾਉਂਦਾ ਹੈ। ਇਹ ਉਸੇ ਦੀ ਸ਼ਕਤੀ ਹੈ ਜੋ ਬੀਜ ਦਾ ਵਿਕਾਸ ਹੁੰਦਾ ਹੈ, "ਪਹਿਲੋਂ ਅੰਕੁਰ, ਫਿਰ ਸਿੱਟਾ ਅਤੇ ਫਿਰ ਸਿੱਟੇ ਵਿੱਚ ਮਕਈ ਦਾ ਦਾਣਾ।" ਮਰਕੁਸ 4:28. ਅਤੇ ਨਬੀ ਹੋਸ਼ੇਆ ਨੇ ਇਸਰਾਏਲ ਬਾਰੇ ਕਿਹਾ,ਉਹ ਸੋਸਨ ਵਾਗੂੰ ਹਰਾ ਭਰਾ ਹੋਏਗਾ, ਅਤੇ ਅਨਾਜ ਦੀ ਤਰ੍ਹਾਂ ਵਧੇਗਾ ਅਤੇ ਦਾਖ ਦੀ ਨਿਆਈ ਫਲੇਗਾ।"

ਹੋਸ਼ੇਆ14:5,7. ਪੌਦੇ, ਫੁੱਲ ਅਤੇ ਬੂਟੇ ਆਪਣੀ ਸ਼ਕਤੀ, ਸਮਰਥਾ ਅਤੇ ਚੇਸ਼ਟਾ ਨਾਲ ਨਹੀ ਵੱਧਦੇ ਫੁੱਲਦੇ ਪ੍ਰੰਤੂ ਪਰਮੇਸ਼ਰ ਦੀ ਹੀ ਜੀਵਨ ਸ਼ਕਤੀ ਪਾ ਕੇ ਜੋ ਉਨ੍ਹਾਂ ਲਈ ਨਿਯੁਕਤ ਕੀਤੀ ਗਈ ਹੈ। ਬੱਚਾ ਆਪਣੇ ਹੀਲੇ, ਸ਼ਕਤੀ ਤੇ ਫਿਕਰ ਨਾਲ ਆਪਣੀ ਲੰਬਾਈ ਚੌੜਾਈ ਵਿੱਚ ਇੱਕ ਵਾਲ ਭਰ ਦਾ ਫਰਕ ਵੀ ਨਹੀ ਲਿਆ ਸਕਦਾ। ਇਸੇ ਪ੍ਰਕਾਰ ਤੁਸੀ ਵੀ ਆਪਣੀ ਚਿੰਤਾ ਜਾਂ ਯਤਨ ਨਾਲ ਆਤਮਿਕ ਬੁਧੀ ਨੂੰ ਵਿਕਸਤ ਨਹੀ ਕਰ ਸਕਦੇ।

**(3) ਇਕ ਪੌਦੇ ਦੇ ਵਧਣ ਲਈ ਪਾਲਣ-ਪੋਸ਼ਣ ਦੇ ਕਿਹੜੇ ਦੋ ਸਰੋਤ ਹਨ ਜਿਨ੍ਹਾਂ ਨੂੰ ਇਸ ਆਇਤ ਵਿਚ ਸਾਡੀ ਆਤਮਿਕ ਪਰਿਪੱਕਤਾ ਤੇ ਪ੍ਰਭੂ ਦੇ ਪ੍ਰਭਾਵ ਲਈ ਸੰਕੇਤਕ ਤੌਰ ਤੇ ਇਸਤੇਮਾਲ ਕੀਤਾ ਗਿਆ ਹੈ?**

***ਯਹੋਵਾਹ ਹੀ ਸਾਡਾ ਰਖਿਅਕ ਅਤੇ ਗੌਰਵਮਈ ਰਾਜਾ ਹੈ। ਪਰਮੇਸ਼ੁਰ ਸਾਨੂੰ ਮਿਹਰ ਅਤੇ ਮਹਿਮਾ ਨਾਲ ਅਸੀਸ ਦਿੰਦਾ ਹੈ। ਯਹੋਵਾਹ ਉਨ੍ਹਾਂ ਲੋਕਾਂ ਨੂੰ ਹਰ ਚੰਗੀ ਸ਼ੈਅ ਦਿੰਦਾ ਹੈ ਜਿਹੜੇ ਉਸਦੇ ਪਿਛੇ ਤੁਰਦੇ ਹਨ ਅਤੇ ਉਸਦਾ ਆਖਾ ਮੰਨਦੇ ਹਨ। (ਜ਼ਬੂਰ 84:11)***

***ਮੈਂ ਇਸਰਾਏਲ ਲਈ ਤ੍ਰੇਲ ਵਾਂਗ ਆਵਾਂਗਾ ਇਸਰਾਏਲ ਕੁਮੁਦਨੀ ਫ਼ੁੱਲ ਵਾਂਗ ਖਿਲੇਗਾ ਅਤੇ ਉਹ ਲਬਾਨੋਨ ਦੇ ਦਿਉਦਾਰ ਦੇ ਦ੍ਰਖਤਾਂ ਵਾਂਗ ਉਗ੍ਰਗੇਗਾ। (ਹੋ ਸੀਅ 14:5)***

ਪੌਦੇ ਅਤੇ ਬੱਚੇ ਆਪਣੇ ਆਲੇ ਦੁਆਲੇ ਦੀਆਂ ਪ੍ਰਿਸਥਿਤੀਆਂ- ਵਾਯੂ, ਧੁੱਪ ਤਦੇ ਹੀਅਤੇ ਭੋਜਨ-ਆਪਣੇ ਜੀਵਨ ਵਿੱਚ ਮਿਲਾਉਂਦੇ ਹਨ ਤਦੇ ਹੀ ਵੱਧਦੇ ਫੁੱਲਦੇ ਹਨ। ਜਿਵੇਂ ਇਹ ਕੁਦਰਤ ਦੇ ਵਰਦਾਨ ਪੌਦੇ ਅਤੇ ਜੀਵ ਜੰਤੂਆਂ ਲਈ ਹਨ ਉਵੇਂ ਹੀ ਯਿਸੂ ਮਸੀਹ ਉਨ੍ਹਾਂ ਜੋ ਉਸ ਤੇ ਭਰੋਸਾ ਰੱਖਦੇ ਹਨ। ਉਹ ਉਨ੍ਹਾਂ ਦਾ ਹੈ “ਸਦੀਵੀ ਉਜਾਲਾ, “ਸੂਰਜ ਤੇ ਢਾਲ” ਯਸਾਯਾਹ 60:19; ਜ਼ਬੂਰਾਂ ਦੀ ਪੋਥੀ 84:11. ਉਹ ਇਸਰਾਏਲ ਦੇ ਲਈ, ‘ਤੇਲ ਦੇ ਸਮਾਨ ਹੈ। ਉਸਦਾ ਉਤਰਨਾ ਵਰਖਾ ਦੀ ਨਿਆਈ ਹੋਵੇਗਾ ਜੋ ਘਾਹ ਦੇ ਵੱਢ ਉੱਤੇ ਪੈਂਦੀ ਹੈ, ਹੋਸ਼ੇਆ 14:5; ਜ਼ਬੂਰ 72:6. ਉਹ ਜੀਵਨ ਦਾ ਚਸਮਾ ਹੈ।,” ਜੀਵਨ ਦੀ ਰੋਟੀ ---- ਜੋ

ਸਵਰਗਾ ਵਿੱਚੋ ਉੱਤਰ ਕੇ ਜਗਤ ਨੂੰ ਜੀਵਨ ਦੇਂਦੀ ਹੈ।" ਯੂਹੰਨਾ 6:33.

ਆਪਣੇ ਪਿਆਰੇ ਪੁੱਤਰ ਦੇ ਬੇਮਿਸਾਲ ਤੋਹਫੇ ਨਾਲ ਪਰਮੇਸ਼ਰ ਨੇ ਸਾਰੇ ਜਗਤ ਨੂੰ ਆਪਣੀ ਮੇਹਰ ਦੀ ਬਖਸ਼ਿਸ਼ ਨਾਲ ਇੰਝ ਘੇਰ ਲਿਆ ਹੈ। ਐਨੀ ਵਾਸਤਵਿਕਤਾ ਨਾਲ, ਜਿਵੇ ਹਵਾ ਸਾਰੇ ਵਿਸ਼ਵ ਨੂੰ ਘੇਰਦੀ ਹੈ। ਜੋ ਕੋਈ ਵੀ ਇਸ ਪ੍ਰਾਣਦਾਇਕ ਵਾਯੂਮੰਡਲ ਵਿੱਚ ਸਾਹ ਲਵੇਗਾ, ਅਨੰਤ ਜੀਵਨ ਪਾਏਗਾ ਅਤੇ ਯਿਸੂ ਮਸੀਹ ਵਿੱਚ ਇਸਤਰੀ ਤੇ ਪੁਰਸ਼ ਦੇ ਪੂਰੇ ਆਕਾਰ ਤੱਕ ਵਧਦਾ ਜਾਏਗਾ।

ਜਿਸ ਪ੍ਰਕਾਰ ਸੂਰਜਮੁਖੀ ਦਾ ਫੁੱਲ ਸੂਰਜ ਵੱਲ ਘੁੰਮਦਾ ਰਹਿੰਦਾ ਹੈ ਤਾਂ ਕਿ ਜੋ ਤੇਜ਼ ਕਿਰਣਾਂ ਉਸਦੀ ਸੁੰਦਰਤਾ ਅਤੇ ਸੁਡੌਲਤਾ ਵਿੱਚ ਪੂਰਣਤਾ ਲਿਆਉਂਣ ਇਸੇ ਪ੍ਰਕਾਰ ਸਾਨੂੰ ਧਾਰਮਿਕਤਾ ਦੇ ਸੂਰਜ (ਯਿਸੂ ਮਸੀਹ) ਵੱਲ ਘੁੰਮਣਾ ਚਾਹੀਦਾ ਹੈ ਤਾਂ ਕਿ ਜੋ ਉਸਦੀ ਜੋਤ ਸਾਡੇ ਤੇ ਚਮਕੇ, ਅਤੇ ਸਾਡਾ ਚਾਲ ਚਲਣ ਉਸਦੀ ਸਮਾਨਤਾ ਵਿੱਚ ਵਿਕਾਸ ਕਰੇ।

## (4) ਅਸੀਂ ਯਿਸੂ ਵਿਚ ਨਿਰੰਤਰ ਕਿਵੇਂ ਵੱਧ ਸਕਦੇ ਹਾਂ ਅਤੇ ਚੰਗੇ ਫਲ ਪੈਦਾ ਕਿਵੇਂ ਕਰ ਸਕਦੇ ਹਾਂ?

***"ਤੁਸੀ ਮੇਰੇ ਵਿੱਚ ਸਮਾਏ ਰਹੋ ਤੇ ਮੈਂ ਤੁਹਾਡੇ ਵਿੱਚ,ਜਿਸ ਪ੍ਰਕਾਰ ਟਹਿਣੀ ਜੇ ਉਹ ਅੰਗੂਰ ਦੀ ਵੇਲ ਵਿੱਚ ਨਾ ਰਹੇ ਤਾਂ ਆਪਣੇ ਆਪ ਫਲ ਨਹੀ ਦੇ ਸਕਦੇ" (ਯੂਹੰਨਾ 15:5)***

ਯਿਸੂ ਸਾਨੂੰ ਸਿਖਾਉਂਦੇ ਹਨ ਕਿ ਪਵਿੱਤ੍ਰ ਜੀਵਨ ਲਈ ਤੁਸੀ ਯਿਸੂ ਮਸੀਹ ਉਂਜ ਹੀ ਨਿਰਭਰ ਹੋਂ ਜਿਵੇਂ ਕਿ ਟਹਿਣੀਆਂ ਫਲਣ ਫੁੱਲਣ ਬੂਟੇ ਤੇ ਜੜ ਤੇ ਨਿਰਭਰ ਹਨ। ਉਸ ਤੋ ਬਿਨਾਂ ਤੁਹਾਡਾ ਜੀਵਨ ਨਹੀ। ਤੁਹਾਡੇ ਵਿੱਚ ਐਨੀ ਸਮਰੱਥਾ ਨਹੀਂ ਕਿ ਤੁਸੀਂ ਭਰਮ ਭੁਲਾਵੇ ਤੇ ਬੁਰਾਈ ਦਾ ਟਾਕਰਾ ਕਰ ਸਕੋ ਅਤੇ ਮਿਹਰ, ਬਖਸ਼ਿਸ਼, ਪਵਿੱਤ੍ਰਤਾ ਵਿੱਚ ਵਧ ਫੁੱਲ ਸਕਦੇ ਹੋਂ। ਉਸਦੇ ਵਿੱਚੋ ਜੀਵਨ ਦੀ ਧਾਰਾ ਪ੍ਰਾਪਤ ਕਰਦੇ ਰਹਿਣ ਨਾਲ ਨਾ ਤੁਸੀ ਬੇਫਲ ਹੋਵੋਗੇ ਅਤੇ ਨਾ ਹੀ ਕੁਮਲਾਉਂਗੇ। ਤੁਸੀਂ ਨਦੀ ਕੰਡੇ ਲਗਾਏ ਹੋਏ ਬੂਟੇ ਦੀ ਤਰ੍ਹਾਂ ਵਧੋ ਫੁੱਲੋਂਗੇ। [ਜ਼ਬੂਰ 1:3]

**(5) ਸਾਡੇ ਵਿਸ਼ਵਾਸ ਦਾ ਸਰੋਤ ਕੌਣ ਹੈ ਅਤੇ ਸਾਡੇ ਮਸੀਹੀ ਜੀਵਨ ਦੇ ਅਨੁਭਵ ਦੌਰਾਨ ਇਹ ਕਿਵੇਂ ਵੱਧਦਾ ਹੈ?**

***ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ ਅਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। (ਇਬਰਾਨੀਆਂ 12:2)***

ਕਈਆਂ ਦੀ ਇਹ ਧਾਰਨਾ ਹੈ ਜੋ ਕੁਝ ਕਰਮ ਦਾ ਵੀ ਅੰਸ਼ ਹੈ ਜੋ ਆਪ ਕਰਨਾ ਚਾਹੀਦਾ ਹੈ। ਉਹ ਯਿਸੂ ਮਸੀਹ ਉੱਤੇ ਪਾਪਾਂ ਦੀ ਖਿਮਾਂ ਦਾ ਭਰੋਸਾ ਤਾਂ ਕਰਦੇ ਹਨ, ਪ੍ਰੰਤੂ ਹੁਣ ਉਹ ਆਪਣੀਆਂ ਚੇਸ਼ਟਾਵਾਂ ਰਾਹੀ ਪਵਿੱਤਰ ਜੀਵਨ ਬਸਰ ਕਰਨ ਦੇ ਹੀਲੇ ਕਰਦੇ ਹਨ। ਐਸੀਆ ਸਭ ਘਾਲਾਂ ਵਿਅਰਥ ਜਾਣਗੀਆਂ। ਯਿਸੂ ਮਸੀਹ ਕਹਿੰਦੇ ਹਨ, "ਮੇਰੇ ਬਿਨਾਂ ਤੁਸੀ ਕੁਝ ਵੀ ਨਹੀ ਕਰ ਸਕਦੇ।" ਸਾਡਾ ਮਿਹਰ ਵਿੱਚ ਫੱਲਦੇ ਰਹਿਣਾ, ਸਾਡਾ ਅਨੰਦ ਅਤੇ ਸਾਡੀ ਯੋਗਤਾ -ਸਾਰੇ ਯਿਸੂ ਮਸੀਹ ਨਾਲ ਸਾਡੇ ਮੇਲ ਮਿਲਾਪ ਉੱਤੇ ਨਿਰਭਰ ਹੈ। ਸਾਡਾ ਉਸਦੀ ਮਿਹਰ ਬਖਸ਼ਿਸ਼ ਵਿੱਚ ਵਧਣਾ ਫੁੱਲਣਾ, ਉਸਦੇ ਨਾਲ ਹਰ ਪਲ ਹਰ ਰੋਜ਼ ਇੱਕ ਮਿੱਕ ਰਹਿਣਾ, ਉਸਦੇ ਨਾਲ ਮੇਲ ਮਿਲਾਪ ਰੱਖਣ ਤੇ ਨਿਰਭਰ ਕਰਦਾ ਹੈ। ਉਹ ਕੇਵਲ ਸਾਡੇ ਵਿਸ਼ਵਾਸ ਦਾ ਕਰਤਾ ਹੀ ਨਹੀਂ ਸਗੋਂ ਸਜਾਉਣ ਵਾਲਾ ਵੀ ਹੈ। ਯਿਸੂ ਮਸੀਹ ਪ੍ਰਥਮ ਆਦਿ ਅਤੇ ਅੰਤ ਹੈ। ਉਹ ਹਰ ਵਕਤ ਸਾਡੇ ਨਾਲ ਹੈ, ਜੀਵਨ ਦੀ ਦੌੜ ਦੇ ਸ਼ੁਰੂ ਅਤੇ ਅੰਤ ਵਿੱਚ ਹੀ ਨਹੀ ਬਲਕਿ ਹਰ ਕਦਮ ਤੇ। ਦਾਊਦ ਨੇ ਕਿਹਾ ਸੀ, "ਮੈਂ ਸਦਾ ਹੀ ਯਹੋਵਾਹ ਨੂੰ ਆਪਣੇ ਅੱਗੇ ਰੱਖਿਆ ਹੈ, ਉਹ ਮੇਰੇ ਸੱਜੇ ਪਾਸੇ ਜੋ ਹੈ ਇਸ ਲਈ ਮੈਂ ਕਦੀ ਨਹੀ ਡੋਲਾਂਗਾ" ਜ਼ਬੂਰਾਂ ਦੀ ਪੋਥੀ 16:8.

**(6) ਅਸੀਂ ਨਿਰੰਤਰ ਯਿਸੂ ਮਸੀਹ ਵਿਚ ਕਿਵੇਂ ਬਣੇ ਰਹਿੰਦੇ ਹਾਂ?**

***ਸੋ ਜਿਵੇਂ ਤੁਸਾਂ ਮਸੀਹ ਯਿਸੂ ਪ੍ਰਭੁ ਨੂੰ ਕਬੂਲ ਕੀਤਾ ਤਿਵੇਂ ਉਹ ਦੇ ਵਿੱਚ ਚੱਲਦੇ ਜਾਓ। ਅਤੇ ਜੜ੍ਹ ਫੜ ਕੇ ਅਤੇ ਉਹ ਦੇ ਉੱਤੇ ਉਸਰ ਕੇ ਅਤੇ ਆਪਣੀ ਨਿਹਚਾ ਵਿੱਚ ਦ੍ਰਿੜ੍ਹ ਹੋ ਕੇ ਜਿਵੇਂ***

*ਤੁਹਾਨੂੰ ਉਪਦੇਸ਼ ਹੋਇਆ ਸੀ ਧੰਨਵਾਦ ਬਾਹਲਾ ਕਰਦੇ ਜਾਓ। (ਕੁਲੁੱਸੀਆਂ 2:6-7)*

ਜਿਵੇਂ ਤੁਸੀਂ ਮਸੀਹ ਨੂੰ ਗ੍ਰਹਿਣ ਕੀਤਾ ਹੈ ਉਵੇਂ ਹੀ ਉਸ ਵਿਚ ਚੱਲਦੇ ਜਾਓI ਇਬਰਾਨੀਆਂ 10:38. ਤੁਸੀ ਆਪਣੇ ਆਪ ਨੂੰ ਪਰਮੇਸ਼ਰ ਨੂੰ ਅਰਪਣ ਕੀਤਾ ਹੈ, ਪੂਰਣ ਤੌਰ ਤੇ ਉਸਦੇ ਬਣ ਗਏ ਹੋਂ, ਉਸਦੀ ਸੇਵਾ ਅਤੇ ਆਗਿਆ ਪਾਲਣ ਕਰਨ ਲਈ,ਅਤੇ ਤੁਸੀਂ ਯਿਸੂ ਮਸੀਹ ਨੂੰ ਆਪਣਾ ਸਹਾਇਕ ਮੰਨ ਲਿਆ ਹੈ ਤੁਸੀਂ ਆਪ ਆਪਣੇ ਪਾਪਾਂ ਦਾ ਪ੍ਰਾਸ਼ਚਿਤ ਨਹੀ ਕਰ ਸਕਦੇ ਅਤੇ ਨਾ ਹੀ ਹਿਰਦੇ ਵਿੱਚ ਪਰਿਵਰਤਨ ਲਿਆ ਸਕਦੇ ਹੋਂ; ਪ੍ਰੰਤੂ ਜਦੋਂ ਤੁਸੀ ਪਰਮੇਸ਼ਰ ਤੇ ਆਪਾ ਵਾਰ ਦੇਂਦੇ ਹੋਂ ਅਤੇ ਆਤਮ-ਸਮਰਪਣ ਕਰ ਦੇਂਦੇ ਹੋਂ ਤਾਂ ਯਿਸੂ ਮਸੀਹ ਦੇ ਨਾਮ ਤੇ ਵਿਸ਼ਵਾਸ ਕਰਨ ਕਰਕੇ ਇਹ ਸਭ ਕੁਝ ਪਰਮੇਸ਼ਰ ਤੁਹਾਡੇ ਲਈ ਕਰ ਦੇਂਦਾ ਹੈ। ਤੁਸੀ ਵਿਸ਼ਵਾਸ ਕਰਕੇ ਯਿਸੂ ਮਸੀਹ ਨੂੰ ਅਪਣਾਇਆ ਹੈ, ਵਿਸ਼ਵਾਸ ਕਰਕੇ ਹੀ ਉਸਦੇ ਵਿੱਚ ਵਧਦੇ ਜਾਉ-ਦੇਣਾ ਅਤੇ ਲੈਣਾ, ਆਪਾ ਅਰਪਣ ਕਰਦੇ ਰਹੋ ਅਤੇ ਮਿਹਰ ਬਖਸ਼ਿਸ਼ ਲੈਂਦੇ ਰਹੋ। ਤੁਹਾਨੂੰ ਸਭ ਕੁਝ ਦੇਣਾ ਪਏਗਾ ਤੁਹਾਡਾ ਦਿਲ, ਤੁਹਾਡੀ ਇੱਛਾ, ਤੁਹਾਡੀ ਕਾਰ ਸੇਵਾ ਸਭ ਕੁਝ ਉਸਨੂੰ ਦੇ ਦਿਓ ਅਤੇ ਉਸਦੀਆਂ ਸਾਰੀਆਂ ਸ਼ਰਤਾਂ ਦਾ ਪਾਲਣ ਕਰੋ ਅਤੇ ਤੁਹਾਨੂੰ ਉਹ ਸਭ ਕੁਝ ਅਪਨਾਉਣਾ ਹੋਏਗਾ। ਯਿਸੂ ਮਸੀਹ ਸਾਰੀਆਂ ਮਿਹਰਾਂ ਦਾ ਪੁੰਜ, ਤੁਹਾਡੇ ਹਿਰਦੇ ਵਿੱਚ ਸਮਾ ਜਾਏਗਾ, ਤੁਹਾਡੀ ਸ਼ਕਤੀ, ਤੁਹਾਡੀ ਧਾਰਮਿਕਤਾ ਅਤੇ ਤੁਹਾਡਾ ਸਦੀਵੀ ਸਹਾਇਕ ਬਣ ਕੇ-ਤੁਹਾਨੂੰ ਆਗਿਆ ਪਾਲਣ ਦੀ ਸ਼ਕਤੀ ਬਖਸ਼ਕੇ ਯੋਗ ਬਣਾਏਗਾ।

## (7) ਹਰੇਕ ਦਿਨ ਦੀ ਸ਼ੁਰੂਆਤ ਵਿਚ ਪ੍ਰਭੂ ਦੀ ਭਾਲ ਕਰਨਾ ਅਤੇ ਆਪਣੇ ਜੀਵਨ ਲਈ ਉਸਦੀ ਬੁੱਧ ਦੀ ਭਾਲ ਕਰਨਾ ਕਿਉਂ ਜ਼ਰੂਰੀ ਹੈ?

*ਪਿਆਰ ਕਰਦੀ ਹਾਂ ਮੈਂ ਉਨ੍ਹਾਂ ਲੋਕਾਂ ਨੂੰ ਜੋ ਪਿਆਰ ਮੈਨੂੰ ਕਰਦੇ। ਤੇ ਜੋ ਲੋਕ ਕਰਨਗੇ ਕਠਨ ਘਾਲਣਾ, ਮੈਨੂੰ ਲੱਭਣ ਲਈ ਲੱਭ ਲੈਣਗੇ ਮੈਨੂੰ ਉਹ। (ਅਮਸਾਲ 8:17)*

ਸਵੇਰੇ ਉੱਠ ਕੇ ਹਰ ਰੋਜ਼ ਆਪਣਾ ਆਪ ਪ੍ਰਮਾਤਮਾ ਨੂੰ ਅਰਪਣ ਕਰੋ; ਇਸ ਨੂੰ ਸਵੇਰ ਦਾ ਪ੍ਰਥਮ ਕਾਰਜ ਬਣਾਉ, ਤੁਹਾਡੀ ਪ੍ਰਾਰਥਨਾ ਇੰਜ ਹੋਵੇ, “ਹੇ ਸੱਚੇ ਪਿਤਾ ਪ੍ਰਮਾਤਮਾ ਮੈਨੂੰ ਪੂਰਣ ਤੌਰ ਤੇ ਆਪਣਾ ਲੈ, ਮੈਂ ਆਪਣੀਆਂ ਯੋਜਨਾਵਾਂ ਤੇਰੇ ਚਰਨਾਂ ਵਿੱਚ ਰੱਖਦਾ ਹਾਂ, ਮੈਨੂੰ ਅੱਜ ਆਪਣੀ ਸੇਵਾ ਵਿੱਚ ਲਾ ਲੈ, ਮੇਰੇ ਅੰਦਰ ਵਾਸ ਕਰ ਅਤੇ ਮੇਰੇ ਸਾਰੇ ਕਾਰਜ ਤੇਰੀ ਮੇਹਰ ਅੰਦਰ ਹੋਣ। ਇਹ ਰੋਜ਼ ਦਾ ਕੰਮ ਹੋਣਾ ਚਾਹੀਦਾ ਹੈ। ਹਰ ਸਵੇਰ ਸਾਰੇ ਦਿਨ ਵਾਸਤੇ ਆਪਣਾ ਆਪ ਪਰਮੇਸ਼ਰ ਨੂੰ ਅਰਪਣ ਕਰੋ। ਆਪਣੀਆਂ ਸਾਰੀਆਂ ਯੋਜਨਾਵਾਂ ਉਸ ਦੇ ਅਧੀਨ ਕਰੋ ਤਾਂ ਕਿ ਉਸਦੀ ਮਰਜ਼ੀ ਵਿੱਚ ਪੂਰੀਆਂ ਹੋਣ ਜਾਂ ਅਧੂਰੀਆਂ ਰਹਿਣ ਜਿਵੇਂ ਵੀ ਉਸਦਾ ਭਾਣਾ ਹੋਵੇ। ਇਸੇ ਕਾਰਨ ਦਿਨ-ਬ-ਦਿਨ ਤੁਸੀਂ ਆਪਣਾ ਜੀਵਨ ਪਰਮੇਸ਼ਰ ਦੇ ਹੱਥਾਂ ਵਿੱਚ ਸੌਂਪਦੇ ਜਾਉ ਅਤੇ ਤੁਹਾਡਾ ਜੀਵਨ ਵੱਧ ਤੋਂ ਵੱਧ ਯਿਸੂ ਮਸੀਹ ਦੇ ਜੀਵਨ ਵਿੱਚ ਚਲਦਾ ਜਾਏਗਾ।

**(8) ਸਾਡੇ ਦਿਲਾਂ ਵਿਚ ਸ਼ਾਂਤੀ ਨੂੰ ਬਣਾਏ ਰੱਖਣ ਦਾ ਤਰੀਕਾ ਕੀ ਹੈ?**

***ਯਹੋਵਾਹ ਜੀ, ਤਸੀ□ ਉਨ੍ਹਾਂ ਲੋਕਾਂ ਨੂੰ, ਜਿਹੜੇ ਤੁਹਾਡੇ ਉੱਤੇ ਨਿਰਭਰ ਕਰਦੇ ਨੇ ਅਤੇ ਜਿਹੜੇ ਤੁਹਾਡੇ ਉੱਤੇ ਕਰਦੇ ਨੇ ਸੱਚਾ ਅਮਨ ਦਿੰਦੇ ਹੋ।***
***ਇਸ ਲਈ, ਯਹੋਵਾਹ ਉੱਤੇ ਸਦਾ ਹੀ ਭਰੋਸਾ ਰੱਖੋ। ਕਿਉਂ ਕਿ ਤੁਹਾਡਾ ਸੁਰਖਿਅਤ ਟਿਕਾਣਾ ਸਦਾ ਲਈ ਯਹੋਵਾਹ ਯਾਹ ਅੰਦਰ ਹੈ! (ਯਸਈਆਹ 26:3-4)***

***ਪਰ ਅਸੀਂ ਸਭ ਅਣਕੱਜੇ ਮੁਖ ਨਾਲ ਪ੍ਰਭੁ ਦੇ ਤੇਜ ਦਾ ਮਾਨੋ ਮਾਨੋ ਸ਼ੀਸ਼ੇ ਵਿੱਚੋਂ ਪ੍ਰਤਿਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਤੀਕ ਜਿਵੇਂ ਪ੍ਰਭੁ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ। (2 ਕੁਰਿੰਥੀਆਂ 3:18)***

ਮਸੀਹ ਵਿੱਚ ਜੀਵਨ ਇੱਕ ਸ਼ਾਂਤੀ ਦਾ ਜੀਵਨ ਹੈ। ਇਸ ਜੀਵਨ ਵਿੱਚ ਭਾਵੇਂ ਮਸਤੀ ਦਾ ਅਹਿਸਾਸ ਨਾ ਹੋਵੇ ਪ੍ਰੰਤੂ ਅਨੰਤ ਸ਼ਾਂਤੀ-ਪੂਰਣ ਭਰੋਸਾ ਹੈ। ਤੁਹਾਡੀ ਆਸ਼ਾ ਤੁਹਾਡੇ ਆਪਣੇ ਵਿੱਚ ਨਹੀ। ਸਗੋਂ ਯਿਸੂ ਮਸੀਹ ਵਿੱਚ ਹੈ, ਤੁਹਾਡੀ ਦੁਰਬਲਤਾ ਉਸ ਦੀ ਸ਼ਕਤ ਵਿੱਚ ਸਮੋਈ ਗਈ

ਹੈ, ਤੁਹਾਡੀ ਅਗਿਆਨਤਾ ਉਸਦੀ ਸਿਆਣਪ ਵਿੱਚ ਅਤੇ ਤੁਹਾਡੀ ਹੀਣਤਾ ਉਸਦੀ ਮਹਾਨ ਸ਼ਕਤੀ ਵਿੱਚ ਸੰਯੁਕਤ ਹੋ ਜਾਂਦੀ ਹੈ। ਸੋ ਤੁਸੀ ਹੁਣ ਆਪਣੇ ਵੱਲ ਨਾ ਵੇਖੋ ਨਾ ਹੀ ਆਪਣੀ ਸਿਆਣਪ ਵੱਲ। ਆਪਣੇ ਸਵਾਰਥ ਤੇ ਭਰੋਸਾ ਨਾਂ ਰੱਖੋ, ਕੇਵਲ ਯਿਸੂ ਮਸੀਹ ਵੱਲ ਵੇਖੋ ਆਪਣੇ ਮਨ ਨੂੰ ਉਸਦੇ ਪ੍ਰੇਮ, ਉਸ ਦੀ ਸੁੰਦਰਤਾ ਅਤੇ ਉਸਦੇ ਚਰਿੱਤਰ ਦੀ ਸੰਪੂਰਨਤਾ ਤੇ ਕੇਂਦਰਿਤ ਕਰੋ। ਮਸੀਹ ਦਾ ਤਿਆਗ, ਮਸੀਹ ਦੀ ਮਸਕੀਨਤਾ, ਮਸੀਹ ਦੀ ਪਵਿੱਤ੍ਰਤਾ ਤੇ ਪਾਵਨਤਾ ਅਤੇ ਮਸੀਹ ਦਾ ਬੇਮਿਸਾਲ ਪਿਆਰ ਤੁਹਾਡੀ ਆਤਮਾ ਦੀ ਕਲਪਣਾ ਦਾ ਕੇਂਦਰ ਹੋਣਾ ਚਾਹੀਦਾ ਹੈ। ਕੇਵਲ ਉਸ ਨੂੰ ਪਿਆਰ ਕਰਕੇ ਉਸਦੀ ਨਕਲ ਕਰਕੇ, ਨਕਸ਼ ਕਦਮਾਂ ਤੇ ਤੁਰਕੇ ਅਤੇ ਪੂਰਣ ਤੌਰ ਤੇ ਉਸ ਉੱਤੇ ਨਿਰਭਰ ਹੋ ਕੇ ਹੀ ਤੁਸੀਂ ਉਸਦੇ ਸਰੂਪ ਵਿੱਚ ਢਲ ਸਕਦੇ ਹੋ।

**(9) ਪੂਰੀ ਮਨੁੱਖਤਾ ਨੂੰ ਯਿਸੂ ਮਸੀਹ ਨੇ ਕਿਹੜਾ ਸੱਦਾ ਦਿੱਤਾ ਹੈ?**

***ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। (ਮੱਤੀ 11:28)***

ਯਿਸੂ ਨੇ ਕਿਹਾ, "ਮੇਰੇ ਵਿੱਚ ਸਮਾਏ ਰਹੋ" ਇਨ੍ਹਾਂ ਸ਼ਬਦਾਂ ਵਿੱਚ ਵਿਸਰਾਮ, ਸਥਿਰਤਾ ਅਤੇ ਭਰੋਸੇ ਦਾ ਸੁਨੇਹਾ ਹੈ। ਫਿਰ ਉਹ ਸਾਨੂੰ ਸੱਦਾ ਦਿੰਦਾ ਹੈ "ਮੇਰੇ ਕੋਲ ਆਉ, ---- ਮੈਂ ਤੁਹਾਨੂੰ ਅਰਾਮ ਦੇਵਾਂਗਾ।" ਮੱਤੀ 11:28. ਭਜਨ ਲਿਖਣ ਵਾਲੇ ਦੇ ਸ਼ਬਦ ਵੀ ਇਹੋ ਭਾਵ ਪ੍ਰਗਟ ਕਰਦੇ ਹਨ, "ਯਹੋਵਾਹ ਦੇ ਅੱਗੇ ਚੁੱਪ ਚਾਪ ਰਹੋ ਅਤੇ ਧੀਰਜ ਨਾਲ ਉਡੀਕ ਰੱਖ" ਅਤੇ ਨਬੀ ਯਸਾਯਾਹ ਭਰੋਸਾ ਦਿਵਾਉਂਦਾ, "ਚੁੱਪ ਰਹਿਣ, ਸ਼ਾਂਤੀ ਅਤੇ ਭਰੋਸੇ ਵਿੱਚ ਤੁਹਾਡਾ ਬਲ ਹੋਵੇਗਾ।" ਜ਼ਬੂਰ 37:7; ਯਸ਼ਾਯਾਹ 30:15. ਇਸ ਪ੍ਰਕਾਰ ਦਾ ਵਿਸ਼ਰਾਮ ਆਲਸ ਤੇ ਗੈਰ ਜਿੰਮੇਵਾਰੀ ਵਿੱਚ ਨਹੀਂ ਮਿਲਦਾ ਕਿਉਂਕਿ ਪ੍ਰਾਣ ਦਾਤਾ ਦੇ ਸੱਦੇ ਵਿੱਚ ਵਿਸ਼ਰਾਮ ਦੀ ਪ੍ਰਤਿਗਿਆ ਮਿਹਨਤ ਦੀ ਕਾਰ ਕਰਨ ਵਿੱਚ ਹੈ: "ਮੇਰਾ ਜੂਲਾ ਆਪਣੇ ਉੱਤੇ ਲੈ ਲਉ; ----- ਅਤੇ

ਤੁਹਾਨੂੰ ਵਿਸ਼ਰਾਮ ਮਿਲੇਗਾ" ਜਿਹੜਾ ਹਿਰਦਾ ਯਿਸੂ ਮਸੀਹ ਵਿੱਚ ਜਿੰਨਾਂ ਵੀ ਪੂਰਨ ਵਿਸ਼ਰਾਮ ਕਰਦਾ ਹੈ ਉਨਾਂ ਹੀ ਉਤਸ਼ਾਹ ਦੇ ਨਾਲ ਯਿਸੂ ਲਈ ਘਾਲ ਕਰਦਾ ਹੈ।

**(10) ਮਸੀਹ ਨਾਲ ਸੰਘ ਅਤੇ ਸੰਮੇਲਨ ਤੋਂ ਸਾਨੂੰ ਵੱਖ ਕਰਨ ਲਈ ਸ਼ੈਤਾਨ ਦੁਆਰਾ ਪ੍ਰਸਤੁਤ ਕੀਤੇ ਗਏ ਕਿਹੜੇ ਤਿੰਨ ਤਰੀਕੇ ਹਨ?**

***ਅਤੇ ਦੁਨੀਆ ਦੀ ਚਿੰਤਾ ਅਰ ਧਨ ਦਾ ਧੋਖਾ ਅਰ ਹੋਰਨਾਂ ਚੀਜ਼ਾਂ ਦਾ ਲੋਭ ਆਣ ਕੇ ਬਚਨ ਨੂੰ ਦਬਾ ਲੈਂਦੇ ਹਨ ਅਤੇ ਉਹ ਅਫਲ ਰਹਿੰਦਾ ਹੈ। (ਮਰਕੁਸ 4:19)***

ਜਦੋਂ ਹਿਰਦਾ ਸਵਾਰਥੀ ਹੋ ਕੇ ਆਪਣੇ ਆਪ ਉੱਤੇ ਕੇਂਦ੍ਰਿਤ ਰਹੇ ਤਾਂ ਸ਼ਕਤੀ ਤੇ ਜੀਵਨ ਦੇ ਸੋਮੇ ਯਿਸੂ ਮਸੀਹ ਵੱਲੋਂ ਬੇਮੁੱਖ ਹੋ ਜਾਂਦਾ ਹੈ। ਸ਼ੈਤਾਨ ਦੀ ਨਿਰੰਤਰ ਇਹ ਕੋਸ਼ਿਸ਼ ਰਹਿੰਦੀ ਹੈ ਕਿ ਸਾਡਾ ਧਿਆਨ ਯਿਸੂ ਮਸੀਹ ਵੱਲੋਂ ਦੂਰ ਹਟਾਈ ਰੱਖੇ ਅਤੇ ਇਸ ਪ੍ਰਕਾਰ ਆਤਮਾ ਅਤੇ ਪ੍ਰਮਾਤਮਾ ਦੇ ਮੇਲ ਮਿਲਾਪ ਵਿੱਚ ਵਿਘਨ ਪਏ। ਸ਼ੈਤਾਨ ਮਨ ਨੂੰ ਸੰਸਾਰ ਦੇ ਭੋਗ ਬਿਲਾਸ, ਜੀਵਨ ਦੀਆਂ ਚਿੰਤਾਵਾਂ, ਘਬਰਾਹਟਾਂ, ਸ਼ੋਕ, ਦੂਸਰਿਆਂ ਦੇ ਔਗੁਣ ਜਾਂ ਆਪਣੇ ਹੀ ਦੋਸ਼ਾਂ ਤੇ ਤਰੁਟੀਆਂ ਇੱਕ ਇੱਕ ਤੇ ਜਾਂ ਸਭਨਾਂ ਤੇ ਕੇਂਦ੍ਰਿਤ ਕਰੀ ਰੱਖਦਾ ਹੈ। ਸ਼ੈਤਾਨ ਦੇ ਚੱਕਰ ਵਿੱਚ ਨਾ ਆਓ।

**(11) ਅਸੀਂ ਇਹ ਜਾਣਨ ਦੇ ਭਰੋਸੇ ਵਿਚ ਕਿਵੇਂ ਰਹਿ ਸਕਦੇ ਹਾਂ ਕਿ ਸਾਡੇ ਕੋਲ ਸਦੀਪਕ ਜੀਵਨ ਹੈ?**

***ਜਿਹ ਦੇ ਕੋਲ ਪੁੱਤ੍ਰ ਹੈ ਉਹ ਦੇ ਕੋਲ ਜੀਵਨ ਹੈ। ਜਿਹ ਦੇ ਕੋਲ ਪਰਮੇਸ਼ੁਰ ਦਾ ਪੁੱਤ੍ਰ ਨਹੀਂ ਹੈ ਉਹ ਦੇ ਕੋਲ ਜੀਵਨ ਵੀ ਵੀ ਨਹੀਂ। ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਲਿਖੀਆਂ ਅਰਥਾਤ ਤੁਹਾਨੂੰ ਜਿਹੜੇ ਪਰਮੇਸ਼ੁਰ ਦੇ ਪੁੱਤ੍ਰ ਦੇ ਨਾਮ ਉੱਤੇ ਉੱਤੇ ਨਿਹਚਾ ਕਰਦੇ ਹੋ ਭਈ ਤੁਸੀਂ ਜਾਣੋ ਜੋ ਸਦੀਪਕ ਜੀਵਨ ਤੁਹਾਨੂੰ ਮਿਲਿਆ ਹੈ। (1 ਯੂਹੰਨਾ 5:12-13)***

ਕਈ ਜੋ ਸੱਚੇ ਆਤਮ ਵਿਵੇਕੀ ਅਤੇ ਈਸ਼ਵਰ ਭਗਤ ਹੁੰਦੇ ਹਨ ਉਨ੍ਹਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦਾ ਧਿਆਨ ਉਨ੍ਹਾਂ ਦੀਆਂ ਦੁਰਬਲਤਾਵਾਂ ਤੇ ਤਰੁਟੀਆਂ ਤੇ ਕੇਂਦਰ ਕਰਾ

ਦਿੰਦਾ ਹੈ ਅਤੇ ਉਮੀਦ ਕਰਦਾ ਹੈ ਕਿ ਉਨ੍ਹਾਂ ਨੂੰ ਯਿਸੂ ਮਸੀਹ ਕੋਲੋਂ ਵਿਛੋੜ ਕੇ ਉਹ ਜਿੱਤ ਪ੍ਰਾਪਤ ਕਰ ਲਵੇਗਾ। ਸਾਨੂੰ ਸਵਾਰਥ ਕੋਲੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਫ਼ਜ਼ੂਲ ਡਰ ਅਤੇ ਚਿੰਤਾ ਨਹੀ ਕਰਨੀ ਚਾਹੀਦੀ ਕਿ ਅਸੀਂ ਬਚਾਏ ਜਾਵਾਂਗੇ ਜਾਂ ਨਹੀ। ਇਹ ਸਭ ਚੀਜ਼ਾਂ ਆਤਮਾ ਨੂੰ ਸ਼ਕਤੀਹੀਣ ਬਣਾ ਦਿੰਦੀਆਂ ਹਨ। ਪਰਮੇਸ਼ਰ ਅੱਗੇ ਆਤਮ ਸਮਰਪਣ ਕਰਦੇ ਰਹੋ ਅਤੇ ਉਸ ਉੱਤੇ ਭਰੋਸਾ ਰੱਖੋ। ਯਿਸੂ ਮਸੀਹ ਬਾਰੇ ਸੋਚੋ ਤੇ ਵਿਚਾਰੋ। ਆਪਾ ਉਸ ਵਿੱਚ ਭੁਲਾ ਦਿਉ। ਸਾਰੇ ਸੰਦੇਹ ਦੂਰ ਰੱਖੋ, ਡਰ ਦਾ ਤਿਆਗ ਕਰੋ; ਅਤੇ ਪ੍ਰਚਾਰਕ ਪੌਲੁਸ ਨਾਲ ਮਿਲਕੇ ਆਖੋ, "ਮੈਂ ਜ਼ਿੰਦਾ ਹਾਂ ਪ੍ਰੰਤੂ ਨਹੀਂ, ਯਿਸੂ ਮਸੀਹ ਮੇਰੇ ਵਿੱਚ ਜੀਵਤ ਹੈ: ਅਤੇ ਜੋ ਹੁਣ ਸਰੀਰ ਵਿੱਚ ਮੈਂ ਜੀਵਤ ਹਾਂ ਤਾਂ ਕੇਵਲ ਉਸ ਵਿਸ਼ਵਾਸ ਦੇ ਜੀਵਨ ਨਾਲ ਜੋ ਪ੍ਰਮਸ਼ਵਰ ਦੇ ਪੁੱਤਰ ਉੱਤੇ ਹੈI ਜਿਸਨੇ ਮੈਨੂੰ ਪਿਆਰ ਕੀਤਾ ਅਤੇ ਮੇਰੇ ਲਈ ਪ੍ਰਾਣ ਦਿੱਤੇ।" ਗਲਾਤੀਆਂ ਨੂੰ 2:20. ਪ੍ਰਭੂ ਵਿੱਚ ਵਿਸਰਾਮ ਕਰੋ ਜੇ ਤੁਸੀ ਆਪਣੇ ਆਪ ਨੂੰ ਉਸਦੇ ਹੱਥਾਂ ਵਿੱਚ ਦੇ ਦੇਵੋਂਗੇ, ਉਹ ਤੁਹਾਨੂੰ ਉਸ ਦੇ ਦੁਆਰਾ ਜਿਸਨੇ ਤੁਹਾਨੂੰ ਪ੍ਰੇਮ ਕੀਤਾ, ਜੇਤੂ ਤੋਂ ਵੀ ਵਧਕੇ ਗੌਰਵਤਾ ਨਾਲ ਪਾਰ ਲਗਾਏਗਾ।

## (12) ਉਨ੍ਹਾਂ ਨਾਲ ਕੀ ਹੋਵੇਗਾ ਜੋ ਇਕ ਸਮੇਂ ਧਰਮੀ ਸਨ ਅਤੇ ਉਨ੍ਹਾਂ ਨੇ ਪਾਪੀ ਰਾਹਾਂ ਵੱਲ ਵਾਪਸ ਜਾਣਾ ਚੁਣਿਆ?

***" ਹੁਣ, ਹੋ ਸਕਦਾ ਹੈ ਕਿ ਕੋਈ ਚੰਗਾ ਬੰਦਾ ਨੇਕੀ ਛੱਡ ਦੇਵੇ। ਹੋ ਸਕਦਾ ਹੈ ਕਿ ਉਹ ਆਪਣੀ ਜ਼ਿੰਦਗੀ ਤਬਦੀਲ ਕਰ ਲੇ ਅਤੇ ਉਹ ਸਾਰੀਆਂ ਭਿਆਨਕ ਗੱਲਾਂ ਕਰਨ ਲੱਗ ਜਾਵੇ ਜਿਹੜੀਆਂ ਮੰਦੇ ਬੰਦੇ ਨੇ ਅਤੀਤ ਵਿੱਚ ਕੀਤੀਆਂ ਸਨ, (ਉਹ ਮੰਦਾ ਬੰਦਾ ਤਾਂ ਤਬਦੀਲ ਹੋ ਗਿਆ ਸੀ ਇਸ ਲਈ ਉਹ ਜਿਉਂ ਸਕਦਾ ਹੈ!) ਇਸ ਲਈ ਜੇ ਕੋਈ ਚੰਗਾ ਬੰਦਾ ਬਦਲ ਜਾਂਦਾ ਹੈ ਅਤੇ ਬਦ ਬਣ ਜਾਂਦਾ ਹੈ, ਤਾਂ ਪਰਮੇਸ਼ੁਰ ਉਸਦੇ ਕੀਤੇ ਨੇਕ ਕੰਮਾਂ ਨੂੰ ਚੇਤੇ ਨਹੀਂ ਕਰੇਗਾ। ਪਰਮੇਸ਼ੁਰ ਇਹ ਗੱਲ ਚੇਤੇ ਰੱਖੇਗਾ ਕਿ ਉਹ ਉਸਦੇ ਵਿਰੁੱਧ ਹੋ ਗਿਆ ਸੀ ਅਤੇ ਪਾਪ ਕਰਨ ਲੱਗ ਪਿਆ ਸੀ। ਇਸ ਲਈ ਉਹ ਬੰਦਾ ਅਪਣੇ ਪਾਪਾਂ ਕਾਰਣ ਮਰੇਗਾ।" (ਹਿਜ਼ ਕੀ ਐਲ 18:24)***

ਜਦੋਂ ਯਿਸੂ ਮਸੀਹ ਨੇ ਮਨੁੱਖੀ ਜਾਮੇ ਵਿੱਚ ਜਨਮ ਲਿਆ ਤਾਂ ਉਸਨੇ ਮਨੁੱਖਤਾ ਨੂੰ ਆਪਣੇ ਪਿਆਰ ਦੀ ਐਸੀ ਜ਼ੰਜੀਰ ਨਾਲ ਬੰਨ੍ਹ ਲਿਆ ਜੋ ਕਿ ਕਿਸੇ ਵੀ ਸ਼ਕਤੀ ਨਾਲ ਨਹੀਂ ਟੁੱਟ ਸਕਦੀ,ਕੇਵਲ ਮਨੁੱਖ ਦੀ ਆਪਣੀ ਇੱਛਾ ਹੀ ਇਸਨੂੰ ਤੋੜ ਸਕਦੀ ਹੈ। [ਇਬਰਾਨੀਆਂ 10:29,39; ਕਹਾਉਤਾਂ 28:18]I ਸ਼ੈਤਾਨ ਹਮੇਸ਼ਾ ਮੋਹਿਕ ਤੇ ਭਰਮਾਣ ਵਾਲੀਆਂ ਵਸਤੂਆਂ ਸਾਨੂੰ ਲਲਚਾਉਣ ਲਈ ਸਾਡੇ ਰਾਹ ਵਿੱਚ ਲਿਆਏਗਾ ਕਿ ਅਸੀ ਇਸ ਪ੍ਰੇਮ ਬੰਧਨ ਨੂੰ ਤੋੜ ਕੇ ਯਿਸੂ ਮਸੀਹ ਤੋਂ ਵਿਛੜ ਜਾਈਏ। ਇੱਥੇ ਸਾਨੂੰ ਸਾਵਧਾਨ ਰਹਿਣ ਦੀ ਲੋੜ ਹੈ ਅਤੇ ਪ੍ਰਾਰਥਨਾਂ ਕਰਕੇ ਬਦੀ ਦੇ ਖਿਲਾਫ ਸੰਘਰਸ਼ ਕਰਕੇ ਡੋਲਣ ਤੋ ਬਚਣਾ ਚਾਹੀਦਾ ਹੈ ਕਿ ਸਾਨੂੰ ਕੋਈ ਭਰਮ ਭੁਲਾਵਾ ਦੂਸਰਾ ਸਵਾਮੀ ਸਵੀਕਾਰ ਨਾ ਕਰਨ ਦੇਵੇ ਕਿਉਂਕਿ ਅਸੀਂ ਹਮੇਸ਼ਾ ਕਿਸੇ ਦੀ ਵੀ (ਪਰਮੇਸ਼ਰ ਜਾਂ ਸ਼ੈਤਾਨ) ਚੋਣ ਕਰਨ ਲਈ ਸੁਤੰਤਰ ਬਣਾਏ ਗਏ ਹਾਂ। ਚੋਣ ਦਾ ਹੱਕ ਸਾਨੂੰ ਪਰਮੇਸ਼ਰ ਨੇ ਦਿੱਤਾ ਹੈ। ਪ੍ਰੰਤੂ ਜੇ ਅਸੀ ਆਪਣੀ ਨਜ਼ਰ ਯਿਸੂ ਮਸੀਹ ਤੇ ਟਿਕਾਈ ਰੱਖੀਏ ਤਾਂ ਉਹ ਸਾਡੀ ਰੱਖਿਆ ਕਰੇਗਾ। ਯਿਸੂ ਮਸੀਹ ਵੱਲ ਧਿਅਨ ਕਰਕੇ ਅਸੀਂ ਮਹਿਫੂਜ਼ ਰਹਿ ਸਕਦੇ ਹਾਂ। ਕੋਈ ਸ਼ਕਤੀ ਵੀ ਸਾਨੂੰ ਉਸ ਕੋਲੋਂ ਨਹੀਂ ਤੋੜ ਸਕਦੀ। ਨਿਰੰਤਰ ਉਸਦਾ ਪੱਲਾ ਫੜੀ ਰੱਖਣ ਅਤੇ ਉਸ ਉੱਤੇ ਨਜ਼ਰ ਟਿਕਾਈ ਰੱਖਣ ਨਾਲ ਅਸੀਂ ਪ੍ਰਭੂ ਦੀ ਸ਼ਕਤੀ ਦੇ ਤੇਜੱਸੇਵੀ ਪ੍ਰਤਾਪ ਨਾਲ ਉਸ ਦੇ ਸਰੂਪ ਵਿੱਚ ਬਦਲਦੇ ਜਾਂਦੇ ਹਾਂ। ਉਸੇ ਦਾ ਨੂਰ ਹੋ ਜਾਂਦੇ ਹਾਂ।" 2 ਕੁਰੰਥੀਆਂ ਨੂੰ 3:18.

### (13) ਜਦੋਂ ਅਸੀਂ ਮਸੀਹ ਦੀ ਪੁਕਾਰ ਸੁਣਦੇ ਹਾਂ ਤਾਂ ਅਸੀਂ ਉਸ ਨੂੰ ਕਿਵੇਂ ਲੱਭ ਸਕਦੇ ਹਾਂ?

***ਤੁਸੀਂ ਲੋਕ ਮੇਰੀ ਤਲਾਸ਼ ਕਰੋਗੇ। ਅਤੇ ਜਦੋਂ ਤੁਸੀਂ ਪੂਰੇ ਦਿਲ ਨਾਲ ਮੇਰੀ ਤਲਾਸ਼ ਕਰੋਗੇ ਤੁਸੀਂ ਮੈਨੂੰ ਲੱਭ ਲਵੋਗੇ। (ਯਰਮਿਆਹ 29:13)***

ਇਸੇ ਵਿਧੀ ਨਾਲ ਆਰੰਭਿਕ ਚੇਲਿਆਂ ਨੇ ਆਪਣੇ ਪਿਆਰੇ ਪ੍ਰਾਣਦਾਤਾ ਦੀ ਸਮਾਨਤਾ ਨੂੰ ਪ੍ਰਾਪਤ ਕੀਤਾ ਸੀ। ਜਦੋਂ ਉਨ੍ਹਾਂ ਚੇਲਿਆਂ ਨੇ ਯਿਸੂ ਦੇ ਬਚਨ ਸੁਣੇ ਤਾਂ ਉਨ੍ਹਾਂ ਨੂੰ ਉਸਦੀ ਲੋੜ ਦਾ ਅਨੁਭਵ ਹੋਇਆ। ਉਨ੍ਹਾਂ ਨੇ ਖੋਜ ਕੀਤੀ

ਅਤੇ ਉਸ ਨੂੰ ਪਾ ਲਿਆ, ਉਨ੍ਹਾਂ ਨੇ ਉਸਦਾ ਲੜ ਫੜ ਲਿਆ। ਉਹ ਉਸਦੇ ਨਾਲ ਨਾਲ ਹੋ ਤੁਰੇ, ਘਰਾਂ ਵਿੱਚ, ਖਾਣੇ ਦੀ ਮੇਜ਼ ਤੇ ਪ੍ਰਾਰਥਨਾਂ ਦੀ ਕੋਠੜੀ ਵਿੱਚ ਅਤੇ ਖੇਤਾਂ ਵਿੱਚ। ਉਹ ਉਸਦੇ ਨਾਲ ਇੰਜ ਰਹਿੰਦੇ ਸਨ ਜਿਵੇਂ ਚੇਲੇ ਉਸਤਾਦ ਨਾਲ ਅਤੇ ਉਸਦੇ ਕੋਮਲ ਤੇ ਪਵਿੱਤਰ ਸੱਚਾਈ ਦਾ ਸਬਕ ਰੋਜ਼ ਸੁਣਦੇ ਸਨ। ਉਹ ਦਾਸਾਂ ਦੀ ਤਰ੍ਹਾਂ ਆਪਣੇ ਸਵਾਮੀ ਦੀ ਆਗਿਆ ਪਾਲਣ ਕਰਨ ਲਈ ਤਤਪਰ ਰਹਿੰਦੇ। ਉਹ ਚੇਲੇ ਵੀ ਸਾਡੇ ਵਾਂਗ ਮਨੁੱਖ ਸਨ, "ਭਾਵਨਾਵਾਂ ਦੇ ਅਧੀਨ ਜਿਵੇਂ ਅਸੀ ਹਾਂ" ਯਾਕੂਬ 5:17. ਸਾਡੇ ਵਾਂਗ ਪਾਪ ਦੇ ਵਿਰੁੱਧ ਉਨ੍ਹਾਂ ਨੂੰ ਵੀ ਸੰਘਰਸ਼ ਕਰਨਾ ਪਿਆ ਸੀ ਉਨ੍ਹਾਂ ਨੂੰ ਵੀ ਉਸੇ ਸ਼ਕਤੀ ਤੇ ਮਿਹਰ ਦੀ ਲੋੜ ਸੀ ਜੋ ਸਾਨੂੰ ਹੈ (ਯਿਸੂ ਮਸੀਹ)I

**(14) ਇਸ ਵਚਨ ਵਿਚ ਕਿਹੜਾ ਬਿਆਨ ਜੋ ਦਰਸਾਉਂਦਾ ਹੈ ਕਿ ਪਰਮੇਸ਼ਰ ਦੇ ਲੋਕ ਪਰਤਾਵੇ ਨਾਲ ਸੰਘਰਸ਼ ਕਰਦੇ ਹਨ?**

***ਜਿਹੜੀ ਭਲਿਆਈ ਮੈਂ ਕਰਨਾ ਚਾਹੁੰਦਾ ਹਾਂ ਉਹ ਮੈਂ ਨਹੀਂ ਕਰਦਾ ਸਗੋਂ ਜਿਹੜੀ ਬੁਰਿਆਈ ਮੈਂ ਨਹੀਂ ਚਾਹੁੰਦਾ ਸੋਈ ਕਰਦਾ ਹਾਂ। (ਰੋਮੀਆਂ 7:19)***

ਸਭ ਤੋਂ ਪਿਆਰਾ ਚੇਲਾ ਯੂਹੰਨਾਂ, ਜੋ ਪ੍ਰਾਣ ਦਾਤਾ ਦੇ ਸਰੂਪ ਵਿੱਚ ਸਭ ਤੋਂ ਜ਼ਿਆਦਾ ਢਲਿਆ ਹੋਇਆ ਸੀ, ਉਸਨੂੰ ਵੀ ਕੁਦਰਤ ਵੱਲੋਂ ਇਹ ਚਰਿੱਤਰ ਦੀ ਖੂਬਸੂਰਤੀ ਨਹੀ ਸੀ ਮਿਲੀ। ਉਹ ਨਾ ਕੇਵਲ ਆਤਮ ਪ੍ਰਸ਼ੰਸਕ ਅਤੇ ਸਨਮਾਨ ਦਾ ਹੀ ਪ੍ਰੇਮੀ ਸੀ ਬਲਕਿ ਬਹੁਤ ਜਲਦਬਾਜ਼ ਤੇ ਨੁਕਸਾਨ ਹੋਣ ਤੇ ਕ੍ਰੋਧੀ ਅਤੇ ਬਦਲਾ ਲਊ ਵੀ ਬਣ ਜਾਂਦਾ ਹੁੰਦਾ ਸੀ। ਪ੍ਰੰਤੂ ਜਦੋਂ ਯਿਸੂ ਮਸੀਹ ਦਾ ਰੱਬੀ ਚਰਿੱਤਰ ਉਸਦੇ ਸਾਹਮਣੇ ਆਇਆ ਤਾਂ ਉਸਨੂੰ ਆਪਣੀਆ ਤਰੁੱਟੀਆਂ ਮਹਿਸੂਸ ਹੋਈਆਂ ਅਤੇ ਇਹ ਗਿਆਨ ਹੋ ਜਾਣ ਨਾਲ ਉਸਦਾ ਹਿਰਦਾ ਮਸਕੀਨ ਹੋ ਗਿਆ। ਜਦੋਂ ਉਸਨੇ ਰੱਬ ਦੇ ਪੁੱਤਰ ਦੇ ਰੋਜ਼ਾਨਾ ਜੀਵਨ ਵਿੱਚ ਸ਼ਕਤੀ ਤੇ ਸਹਿਣਸ਼ੀਲਤਾ, ਤਹੱਮਲ, ਸ਼ਕਤੀ, ਕੋਮਲਤਾ, ਰਾਜ ਪ੍ਰਤਾਪ ਅਤੇ ਨਿਰਮਾਣਤਾ ਇੱਕ ਮਿੱਕ ਹੋਈਆਂ ਦੇਖੀਆਂ ਤਾਂ ਉਸਦੀ ਆਤਮਾ ਯਿਸੂ ਦੀ ਵਡਿਆਈ ਅਤੇ ਪਿਆਰ ਨਾਲ ਭਰ ਗਈ। ਦਿਨ-ਬ-ਦਿਨ ਉਸਦਾ ਦਿਲ ਯਿਸੂ

ਵੱਲ ਖਿੱਚਿਆ ਤੁਰਿਆ ਗਿਆ ਅਤੇ ਅੰਤ ਵਿੱਚ ਆਪਣੇ ਸਵਾਮੀ ਦੇ ਪਿਆਰ ਵਿੱਚ ਉਸਨੂੰ ਆਪਾ ਭੁੱਲ ਗਿਆ ਅਤੇ ਆਪਣੇ ਸਵਾਮੀ ਦੇ ਪਿਆਰ ਵਿੱਚ ਹੀ ਉਹ ਗੁਆਚ ਗਿਆ। ਉਸਦੀ ਕ੍ਰੋਧਮਈ ਮਾਨਸਿਕ ਅਵਸਥਾ ਯਿਸੂ ਮਸੀਹ ਦੀ ਢਾਲਣ ਵਾਲੀ ਸ਼ਕਤੀ ਨਾਲ ਉਸਦਾ ਹਿਰਦਾ ਨਵੀਨ ਹੋ ਗਿਆ। ਯਿਸੂ ਮਸੀਹ ਦੇ ਪਿਆਰ ਦੇ ਪ੍ਰਭਾਵ ਨਾਲ ਉਸਦੇ ਚਰਿੱਤਰ ਵਿੱਚ ਪਰਿਵਰਤਨ ਤੇ ਸੁਧਾਰ ਆ ਗਿਆ। ਇਹ ਫਲ ਹੁੰਦਾ ਹੈ ਯਿਸੂ ਮਸੀਹ ਨਾਲ ਮੇਲ ਮਿਲਾਪ ਰੱਖਣ ਦਾ। ਜਦੋਂ ਯਿਸੂ ਮਸੀਹ ਹਿਰਦੇ ਵਿੱਚ ਸਮਾ ਜਾਏ ਤਾ ਸਾਰੀ ਫਿਤਰਤ ਵਿੱਚ ਸੁਧਾਰ ਤੇ ਪਰਿਵਰਤਨ ਆ ਜਾਂਦਾ ਹੈ। ਯਿਸੂ ਮਸੀਹ ਦੀ ਸ਼ਕਤੀ, ਉਸਦਾ ਪਵਿੱਤਰ ਪਿਆਰ ਹਿਰਦੇ ਨੂੰ ਕੋਮਲ ਬਣਾਉਂਦਾ ਹੈ, ਆਤਮਾ ਨੂੰ ਸੰਜਮੀ ਬਣਾਉਂਦਾ ਹੈ ਅਤੇ ਸਾਡੀਆਂ ਵਿਚਾਰ ਸ਼ਕਤੀਆਂ ਤੇ ਅਭਿਲਾਸ਼ਾਵਾਂ ਨੂੰ ਉੱਪਰ ਸਵਰਗ ਵੱਲ ਉਠਾ ਕੇ ਪ੍ਰਮਾਤਮਾ ਤੇ ਕੇਂਦ੍ਰਿਤ ਕਰਦਾ ਹੈ।

**(15) ਜਦੋਂ ਯਿਸੂ ਸਵਰਗ ਜਾ ਰਿਹਾ ਸੀ ਤਾਂ ਉਸਨੇ ਆਪਣੇ ਚੇਲਿਆਂ ਨਾਲ ਦਿਲਾਸੇ ਦਾ ਕਿਹੜਾ ਮਹਾਨ ਵਾਅਦਾ ਕੀਤਾ ਸੀ?**

***ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ। (ਮੱਤੀ 28:20)***

ਜਦੋਂ ਯਿਸੂ ਮਸੀਹ ਉੱਪਰ ਸਵਰਗ ਵੱਲ ਉਠਾਏ ਗਏ ਤਾਂ ਵੀ ਉਨ੍ਹਾਂ ਦੀ ਮੌਜੂਦਗੀ ਦਾ ਅਨੁਭਵ ਉਨ੍ਹਾਂ ਦੇ ਚੇਲਿਆ ਨੂੰ ਹੁੰਦਾ ਰਿਹਾ। ਇਹ ਮੌਜੂਦਗੀ ਦਾ ਭਾਵ ਵਿਅਕਤੀਗਤ ਰੂਪ ਵਿੱਚ ਪ੍ਰੇਮ ਭਰਪੂਰ ਅਤੇ ਜੋਤਮਈ ਸੀ। ਯਿਸੂ ਮਸੀਹ ਪ੍ਰਾਣ ਦਾਤਾ ਜੋ ਕਿ ਉਨ੍ਹਾਂ ਨਾਲ ਤੁਰਦਾ, ਬੋਲਦਾ ਅਤੇ ਪ੍ਰਾਰਥਨਾਂ ਕਰਦਾ ਹੁੰਦਾ ਸੀ, ਜੋ ਉਨ੍ਹਾਂ ਦੇ ਹਿਰਦਿਆਂ ਨੂੰ ਆਸ਼ਾ ਅਤੇ ਆਰਾਮ ਦਾ ਸੰਦੇਸ਼ ਦਿੰਦਾ ਸੀ ਅਤੇ ਜਦੋਂ ਉਨ੍ਹਾਂ ਦੇ ਸਾਹਮਣੇ ਉਹ ਸਵਰਗਾਂ ਨੂੰ ਲਿਜਾਇਆ ਗਿਆ ਤਾਂ ਸ਼ਾਂਤੀ ਦਾ ਸੁਨਾਹਾ ਅਜੇ ਵੀ ਉਸਦੇ ਕੋਮਲ ਬੁੱਲ੍ਹਾਂ ਤੇ ਸੀ ਅਤੇ ਜਦੋਂ ਸਵਰਗ ਦੂਤਾਂ ਨੇ ਬੱਦਲਾਂ ਵਿੱਚ ਉਸਨੂੰ ਜੀ ਆਇਆਂ ਕਿਹਾ ਤਾ ਉਸਦੀ

ਆਕਾਸ਼ ਬਾਣੀ ਦੀ ਗੂੰਜ ਉਸਦੇ ਚੇਲਿਆ ਨੂੰ ਸੁਣਾਈ ਦਿੱਤੀ, "ਦੇਖੋ, ਮੈਂ ਹਮੇਸ਼ਾ ਤੁਹਾਡੇ ਨਾਲ ਹਾਂ ਇਸ ਜਗਤ ਦੇ ਅੰਤ ਤੱਕ।" ਉਹ ਮਨੁੱਖ ਦੇ ਰੂਪ ਵਿੱਚ ਸਵਰਗਾਂ ਵੱਲ ਉਠਾਇਆ ਗਿਆ ਸੀ ਉਸਦੇ ਚੇਲੇ ਜਾਣ ਗਏ ਸਨ ਉਹ ਪਰਮੇਸ਼ਰ ਦੇ ਸਿੰਘਾਸਨ ਦੇ ਸਾਹਮਣੇ ਜਾ ਖੜ੍ਹਾ ਹੋਇਆ ਹੈ, ਉਨ੍ਹਾਂ ਦਾ ਮਿੱਤਰ ਅਤੇ ਮੁਕਤੀ ਦਾਤਾ; ਅਤੇ ਉਸਦੀ ਹਮਦਰਦੀ ਉਨ੍ਹਾਂ ਲਈ ਨਾ ਬਦਲਣ ਵਾਲੀ ਹੈ ਅਤੇ ਉਹ ਦੁਖੀ ਮਾਨਵਤਾ ਦਾ ਪ੍ਰਤੀਕ ਹੈ। ਉਹ ਪਰਮੇਸ਼ਰ ਦੇ ਸਾਹਮਣੇ ਆਪਣੇ ਬਹੁਮੁੱਲੇ ਪਵਿੱਤਰ ਲਹੂ ਦੇ ਗੁਣ ਪ੍ਰਸਤੁਤ ਕਰਕੇ ਆਪਣੇ ਘਾਇਲ ਹੱਥ ਪੈਰ ਉਸ ਮੁੱਲ ਦੇ ਰੂਪ ਵਿੱਚ ਦਿਖਾ ਰਿਹਾ ਹੈ, ਜੋ ਉਸਨੂੰ ਸ਼ੈਤਾਨੀ ਪੰਜੇ ਵਿੱਚ ਜਕੜੀ ਮਨੁੱਖਤਾ ਨੂੰ ਮੁਕਤ ਕਰਾਉਣ ਲਈ ਡੋਹਲਿਆ ਸੀ ਅਤੇ ਉਸਦੇ ਭਰੋਸਾ ਕਰਨ ਵਾਲੇ ਜਾਣਦੇ ਹਨ ਕਿ ਉਹ ਉਨ੍ਹਾਂ ਲਈ ਜਗ੍ਹਾ ਤਿਆਰ ਕਰਨ ਗਿਆ ਹੈ ਤਾਂ ਜੋ ਵਾਪਿਸ ਆ ਕੇ ਉਨ੍ਹਾਂ ਨੂੰ ਵੀ ਆਪਣੇ ਨਾਲ ਲੈ ਜਾ ਸਕੇ।

### (16) ਯਿਸੂ ਮਸੀਹ ਆਪਣੇ ਚੇਲਿਆਂ ਦੇ ਦਿਲਾਂ ਵਿਚ ਹਮੇਸ਼ਾਂ ਰਹਿਣ ਦੇ ਯੋਗ ਕਿਵੇਂ ਹੈ?

***"ਮੇਰਾ ਜਾਣਾ ਹੀ ਤੁਹਾਡੇ ਲਈ ਠੀਕ ਹੈ ਕਿਉਂਕਿ ਜਦ ਤੱਕ ਮੈਂ ਨਾ ਜਾਵਾਂਗਾ ਉਹ ਸਹਾਇਕ ਤੁਹਾਡੇ ਕੋਲ ਨਹੀ ਆਵੇਗਾ।" (ਯੂਹੰਨਾਂ 14:16)***

ਯਿਸੂ ਮਸੀਹ ਦੇ ਸਵਰਗਾਂ ਨੂੰ ਉਠਾਏ ਜਾਣ ਤੋਂ ਬਾਅਦ ਉਸਦੇ ਚੇਲੇ ਇੱਕਠੇ ਹੋਏ, ਉਹ ਆਪਣੀਆਂ ਪ੍ਰਾਰਥਨਾਵਾਂ ਪਿਤਾ ਪਰਮੇਸ਼ਰ ਅੱਗੇ ਪ੍ਰਸਤੁਤ ਕਰਨ ਦੇ ਚਾਹਵਾਨ ਸਨ ਯਿਸੂ ਮਸੀਹ ਦੇ ਨਾਮ ਤੇ। ਗੰਭੀਰ ਮੁਦਰਾ ਨਾਲ ਝੁਕ ਕੇ ਉਹ ਪ੍ਰਾਰਥਨਾਂ ਕਰਨ ਲੱਗੇ ਅਤੇ ਯਿਸੂ ਮਸੀਹ ਦੇ ਭਰੋਸੇ ਯੋਗ ਸ਼ਬਦ ਦੁਹਰਾਉਣ ਲੱਗੇ, "ਜੋ ਕੁਝ ਵੀ ਤੁਸੀਂ ਪਿਤਾ ਪਰਮੇਸ਼ਰ ਪਾਸੋਂ ਮੇਰੇ ਨਾਮ ਤੇ ਮੰਗੋਂਗੇ ਉਹ ਤੁਹਾਨੂੰ ਦੇਵੇਗਾ, ਤਾਂ ਕਿ ਤੁਹਾਡੀ ਖੁਸ਼ੀ ਪੂਰੀ ਹੋ ਜਾਏ।" ਯੂਹੰਨਾਂ 16:23,24. ਉਹ ਵਿਸ਼ਵਾਸ ਦੇ ਹੱਥ ਨੂੰ ਹੋਰ ਉੱਚਾ, ਹੋਰ ਉੱਚਾ ਕਰਦੇ ਗਏ, ਜ਼ੋਰਦਾਰ ਦਲੀਲ ਨਾਲ, "ਉਹ ਯਿਸੂ ਜੋ ਮਰ ਚੁੱਕਿਆ ਸੀ ਜੀ ਉੱਠਿਆ ਹੈ, ਅਤੇ ਉਹ ਪਰਮੇਸ਼ਰ ਦੇ ਸੱਜੇ ਪਾਸੇ ਬੈਠਾ ਹੈ ਜੋ ਸਾਡੇ ਲਈ ਬੇਨਤੀਆਂ ਕਰ ਰਿਹਾ ਹੈ।" ਰੋਮੀਆਂ ਨੂੰ 8:34. ਪੰਤੇਕੁਤਸ ਦਾ ਦਿਨ

ਸਹਾਇਕ ਦੇ ਆਗਮਨ ਦਾ ਦਿਨ ਸੀ, ਜਿਸ ਬਾਰੇ ਯਿਸੂ ਨੇ ਕਿਹਾ ਸੀ, "ਉਹ ਤੁਹਾਡੇ ਵਿੱਚ ਹੋਵੇਗਾ," ਅਤੇ ਫੇਰ ਯਿਸੂ ਨੇ ਕਿਹਾ, "ਮੇਰਾ ਜਾਣਾ ਹੀ ਤੁਹਾਡੇ ਲਈ ਠੀਕ ਹੈ ਕਿਉਂਕਿ ਜਦ ਤੱਕ ਮੈਂ ਨਾ ਜਾਵਾਂਗਾ ਉਹ ਸਹਾਇਕ ਤੁਹਾਡੇ ਕੋਲ ਨਹੀ ਆਵੇਗਾ।" ਯੂਹੰਨਾਂ 14:16-17. ਇਸ ਲਈ ਯਿਸੂ ਮਸੀਹ ਪਵਿੱਤਰ ਆਤਮਾ ਦੀ ਮੁਕਤੀ ਰਾਹੀ ਨਿਰੰਤਰ ਆਪਣੇ ਬੱਚਿਆ ਦੇ ਦਿਲਾਂ ਵਿੱਚ ਸਮਾਇਆ ਹੋਇਆ ਹੈ। ਪਵਿੱਤਰ ਆਤਮਾ ਰਾਹੀਂ ਯਿਸੂ ਮਸੀਹ ਦਾ ਮੇਲ ਮਿਲਾਪ ਉਸਦੇ ਚੇਲਿਆ ਨਾਲ ਹੋਰ ਵੀ ਡੂੰਘਾ ਹੋ ਗਿਆ ਜਦੋਂ ਉਹ ਉਨ੍ਹਾਂ ਦੇ ਨਾਲ ਸੀ ਉਸਤੋਂ ਵੀ ਜ਼ਿਆਦਾ। ਯਿਸੂ ਦੇ ਚੇਲਿਆ ਵਿੱਚੋਂ ਉਸਦਾ ਤੇਜ ਪ੍ਰਤਾਪ, ਪਿਆਰ ਤੇ ਸ਼ਕਤੀ ਟਪਕਦੀ ਸੀ, ਅਤੇ ਦੇਖਣ ਵਾਲੇ ਮਨੁੱਖ ਕਹਿੰਦੇ ਸਨ, "ਉਨ੍ਹਾਂ ਨੂੰ ਅਸਚਰਜ ਹੋਇਆ ਪਰ ਫਿਰ ਉਨ੍ਹਾਂ ਜਾਣਿਆ ਭਈ ਇਹ ਯਿਸੂ ਮਸੀਹ ਦੇ ਨਾਲ ਰਹੇ ਸਨ।" ਰਸੂਲਾਂ ਦੇ ਕਰਤੱਬ 4:13.

**(17) ਜਦੋਂ ਯਿਸੂ ਨੇ ਆਪਣੇ ਚੇਲਿਆਂ ਲਈ ਪ੍ਰਾਰਥਨਾ ਕੀਤੀ ਤਾਂ ਉਸ ਨੇ ਹੋਰ ਕਿਸ ਲਈ ਪ੍ਰਾਰਥਨਾ ਕੀਤੀ ਸੀ?**

***"ਮੈਂ ਕੇਵਲ ਇਨ੍ਹਾਂ ਲਈ ਹੀ ਨਹੀ ਪ੍ਰਾਰਥਨਾਂ ਕਰਦਾ, ਪਰ ਪਰ ਉਹ ਸਾਰੇ ਜੋ ਇਨ੍ਹਾਂ ਦੇ ਬਚਨ ਨਾਲ ਮੇਰੇ ਤੇ ਵਿਸ਼ਵਾਸ ਕਰਨਗੇ" (ਯੂਹੰਨਾਂ 17:20)***

ਜੋ ਕੁਝ ਉਸ ਸਮੇਂ ਯਿਸੂ ਮਸੀਹ ਆਪਣੇ ਚੇਲਿਆ ਲਈ ਸੀ, ਉਹ ਅੱਜ ਵੀ ਆਪਣੇ ਬੱਚਿਆ ਲਈ ਉਹੋ ਕੁਝ ਬਣਨ ਦੀ ਅਭਿਲਾਸ਼ਾ ਰੱਖਦਾ ਹੈ, ਉਸਨੇ ਚੇਲਿਆ ਦੇ ਛੋਟੇ ਜਿਹੇ ਜਥੇ ਨਾਲ, ਜੋ ਕਿ ਉਸਦੇ ਕੋਲ ਇੱਕਠਾ ਹੋਇਆ ਸੀI ਯਿਸੂ ਮਸੀਹ ਨੇ ਸਾਡੇ ਲਈ ਪ੍ਰਾਰਥਨਾਂ ਕੀਤੀ ਅਤੇ ਆਖਿਆ ਕਿ ਅਸੀਂ ਉਸ ਨਾਲ ਇੱਕ ਮਿੱਕ ਹੋ ਜਾਈਏ, ਜਿਵੇਂ ਉਹ ਆਪ ਪਿਤਾ ਪਰਮੇਸ਼ਰ ਨਾਲ ਇੱਕ ਮਿੱਕ ਹੈ। ਇਹ ਕੇਹਾ ਮੇਲ ਮਿਲਾਪ ਹੈ। ਆਪ ਮੁਕਤੀ ਦਾਤੇ ਨੇ ਆਪਣੇ ਬਾਰੇ ਕਿਹਾ, "ਪੁੱਤਰ ਆਪਣੇ ਆਪ ਕੁਝ ਨਹੀ ਕਰ ਸਕਦਾ, ਪਿਤਾ ਪਰਮੇਸ਼ਰ ਜੋ ਮੇਰੇ ਵਿੱਚ ਵੱਸਦਾ ਹੈ ਉਹ ਆਪਣੇ ਕਾਰਜ ਮੇਰੇ ਕੋਲੋਂ ਕਰਵਾਉਂਦਾ ਹੈ। ਯੂਹੰਨਾਂ 5:19, 14:10.

**(18) ਜੇਕਰ ਅਸੀਂ ਰੋਜ਼ਾਨਾਂ ਮਸੀਹ ਵਿਚ ਬਣੇ ਰਹਿੰਦੇ ਹਾਂ ਅਤੇ ਸੱਚਾਈ ਨੂੰ ਸਾਂਝਾ ਕਰਕੇ ਉਸ ਨਾਲ ਕੰਮ ਕਰਦੇ ਹਾਂ ਤਾਂ ਇਸ ਦਾ ਨਤੀਜਾ ਕੀ ਹੋਵੇਗਾ?**

***...“ਹਰ ਗੱਲ ਵਿੱਚ ਉਸਦੇ ਵਿੱਚ ਵਧਦੇ ਜਾਵਾਂਗੇ, ਜੋ ਕਿ ਸਾਡਾ ਸਿਰਤਾਜ ਹੈ-ਯਿਸੂ ਮਸੀਹ।” (ਅਫਸ਼ੀਆਂ ਨੂੰ 4:15)***

ਇਸ ਪ੍ਰਕਾਰ ਜੇ ਯਿਸੂ ਮਸੀਹ ਸਾਡੇ ਹਿਰਦੇ ਵਿੱਚ ਵੱਸ ਜਾਵੇ, ਤਾਂ ਉਹ ਸਾਡੇ ਅੰਦਰ ਆਪਣੀ ਇੱਛਾ ਦੇ ਕੰਮ ਕਰੇਗਾ, “ਆਪਣੀ ਇੱਛਾ ਅਤੇ ਖੁਸ਼ੀ ਭਰੇ ਕੰਮ।” ਫਿਲੀਪੀਆਂ ਨੂੰ 2:13. ਅਸੀਂ ਵੀ ਉਹ ਕਾਰਜ ਕਰ ਸਕਾਂਗੇ ਜੋ ਉਸਨੇ ਕੀਤੇ; ਅਸੀਂ ਉਸ ਦੀ ਸ਼ਕਤੀ ਦਾ ਪ੍ਰਗਟਾਵਾ ਕਰ ਸਕਾਂਗੇ। ਸੋ ਇਸ ਪ੍ਰਕਾਰ ਉਸਨੂੰ ਪਿਆਰ ਕਰਕੇ ਅਤੇ ਉਸ ਵਿੱਚ ਸਮਾ ਕੇ ਅਸੀ “ਹਰ ਗੱਲ ਵਿੱਚ ਉਸਦੇ ਵਿੱਚ ਵਧਦੇ ਜਾਵਾਂਗੇ, ਜੋ ਕਿ ਸਾਡਾ ਸਿਰਤਾਜ ਹੈ-ਯਿਸੂ ਮਸੀਹ।”

***ਮੈਂ ਮਹਿਸੂਸ ਕਰਦਾ ਹਾਂ ਕਿ ਜਦੋਂ ਮੈਂ ਮਸੀਹ ਕੋਲ ਆਉਂਦਾ ਹਾਂ, ਮੈਂ ਇਕ ਪਰਿਪੱਕਤਾ ਦੀ ਪ੍ਰਿਕਿਰਿਆ ਵਿਚ ਆਉਂਦਾ ਆਉਂਦਾ ਹਾਂ ਜੋ ਉਹ ਮੇਰੇ ਜੀਵਨ-ਕਾਲ ਦੇ ਦੌਰਾਨ ਮੇਰੇ ਵਿਚ ਕਰਦਾ ਹੈI***

***ਚੱਕਰ ਲਗਾਓ: ਹਾਂ ਅਨਿਸ਼ਚਿਤ***

***ਮਸੀਹ ਨਾਲ ਮੇਰੇ ਸੰਬੰਧ ਵਿਚ ਮੈਂ ਕੁਝ ਵੀ ਨਹੀਂ ਕਰ ਸਕਦਾ ਹਾਂ: ਨਾ ਚਿੰਤਾ ਨਾ ਕੰਮ, ਜੋ ਮੇਰੀ ਆਤਮਿਕ ਪਰਿਪੱਕਤਾ ਵਿਚ ਵਾਧਾ ਕਰ ਸਕੇI***

***ਚੱਕਰ ਲਗਾਓ: ਹਾਂ ਅਨਿਸ਼ਚਿਤ***

***ਮੈਂ ਉਸ ਨੂੰ ਖੋਜਣ ਅਤੇ ਉਸਦੇ ਜੀਵਨ ਦੇਣ ਵਾਲੇ ਮਾਹੌਲ ਵਿਚ ਆਪਣਾ ਕੰਮ ਕਰਨਾ ਚੁਣਦਾ ਹਾਂ ਤਾਂ ਜੋ ਉਹ ਮੇਰੀ ਵਧਣ ਵਿਚ ਮਦਦ ਕਰੇI***

***ਚੱਕਰ ਲਗਾਓ: ਹਾਂ ਅਨਿਸ਼ਚਿਤ***



## ਪਾਠ 10
## ਕਿਰਤ ਅਤੇ ਜੀਵਨ

**(1) ਯਿਸੂ ਮਸੀਹ ਸਾਨੂੰ ਕਿਹੜੇ ਸਵਰਗੀ ਸਿਧਾਂਤਾਂ ਦਾ ਪਿੱਛਾ ਕਰਨ ਲਈ ਕਹਿੰਦਾ ਹੈ?**

***ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇੱਕ ਦੂਏ ਨੂੰ ਪਿਆਰ ਕਰੋ ਅਰਥਾਤ ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ ਤਿਵੇਂ ਤੁਸੀਂ ਇੱਕ ਦੂਏ ਨੂੰ ਪਿਆਰ ਕਰੋ। (ਯੂਹੰਨਾ 13:34)***

ਪ੍ਰਮਾਤਮਾ ਹੀ ਸਾਰੀ ਸ਼੍ਰਿਸ਼ਟੀ ਦੇ ਜੀਵਨ, ਅਨੰਦ ਅਤੇ ਪ੍ਰਕਾਸ਼ ਦਾ ਨਿਕਾਸ ਹੈ। ਸੂਰਜ ਦੀਆਂ ਰੌਸ਼ਨ ਕਿਰਨਾਂ ਦੀ ਤਰ੍ਹਾਂ ਤਾਜ਼ੇ ਸੋਮੇ ਵਿੱਚੋ ਫੁੱਟਦੀਆਂ ਹੋਈਆਂ ਪਾਣੀ ਦੀਆਂ ਧਾਰਾਂ ਦੀ ਤਰ੍ਹਾਂ, ਪਰਮੇਸ਼ਰ ਦੀ ਮਿਹਰ ਦੇ ਵਰਦਾਨ ਉਸਦੇ ਸਾਰੇ ਜੀਵਾਂ ਲਈ ਹਨ। ਜਿੱਥੇ ਵੀ ਮਨੁੱਖ ਦੇ ਹਿਰਦਿਆਂ ਵਿੱਚ ਪਰਮੇਸ਼ਰ ਦੀ ਆਤਮਾ ਦਾ ਨਿਵਾਸ ਹੋਵੇਗਾ ਉਨ੍ਹਾਂ ਹਿਰਦਿਆਂ ਵਿੱਚੋਂ ਪਿਆਰ ਅਤੇ ਅਸੀਸਾਂ ਦਾ ਚਸ਼ਮਾ ਹਰ ਇੱਕ ਲਈ ਵਹਿ ਤੁਰੇਗਾ।

ਪਤਿਤ ਮਨੁੱਖ ਦੇ ਉੱਧਾਰ ਤੇ ਮੁਕਤੀ ਵਿੱਚ ਸਾਡੇ ਮੁਕਤੀ ਦਾਤਾ ਨੂੰ ਅਨੰਦ ਮਿਲਦਾ ਸੀ। ਇਸ ਮਹਾਨ ਕਾਰਜ ਲਈ ਉਸਨੇ ਆਪਣੇ ਪ੍ਰਾਣਾ ਨੂੰ ਵੀ ਪਿਆਰਾ ਨਹੀ

ਸਮਝਿਆ ਅਤੇ ਲੱਜਿਆ ਦੀ ਪਰਵਾਹ ਨਾ ਕਰਦੇ ਹੋਏ ਸੂਲੀ ਦੀ ਵੇਦਨਾ ਸਹੀ। ਇਸੇ ਤਰ੍ਹਾਂ ਦੂਸਰਿਆਂ ਦੀ ਭਲਾਈ ਕਰਨ ਵਿੱਚ ਸਵਰਗੀ ਦੂਤ ਵੀ ਰੁੱਝੇ ਹੋਏ ਹਨ। ਇਸ ਵਿੱਚ ਉਨ੍ਹਾਂ ਦੀ ਖੁਸ਼ੀ ਹੈ। ਅਭਾਗੇ, ਬਦਨਸੀਬ, ਚਰਿੱਤਰਹੀਣ ਅਤੇ ਨੀਵੇਂ ਮਨੁੱਖ, ਜਿੰਨਾਂ ਲਈ ਕੁਝ ਕਰਨਾ ਸਵਾਰਥੀ ਹਿਰਦੇ ਵਾਲੇ ਲੋਕ ਹੀਣਤਾ ਦਾ ਕਾਰਣ ਸਮਝਦੇ ਹਨ, ਉਨ੍ਹਾਂ ਦੀ ਭਲਾਈ ਕਰਨਾ ਨਿਸ਼ਪਾਪ ਸਵਰਗੀ ਦੂਤਾਂ ਦਾ ਕੰਮ ਹੈ। ਯਿਸੂ ਮਸੀਹ ਦੀ ਆਪਾ ਵਾਰਨ ਵਾਲੇ ਪਿਆਰ ਦੀ ਸ਼ਕਤੀ ਸਾਰੇ ਸਵਰਗ ਵਿੱਚ ਵਿਆਪ ਰਹੀ ਹੈ ਅਤੇ ਇਹੋ ਸਵਰਗੀ ਵਿਸਮਾਦ ਦਾ ਮੂਲ ਤੱਤ ਹੈ। ਇਹੋ ਸ਼ਕਤੀ ਯਿਸੂ ਮਸੀਹ ਦੇ ਸੱਚੇ ਚੇਲਿਆਂ ਵਿੱਚ ਹੋਵੇਗੀ ਅਤੇ ਉਨ੍ਹਾਂ ਦੇ ਹਰ ਕਾਰਜ ਵਿੱਚ ਜੋ ਉਹ ਕਰਨਗੇ।

ਜਦੋਂ ਯਿਸੂ ਮਸੀਹ ਦਾ ਪਿਆਰ ਹਿਰਦੇ ਵਿੱਚ ਸਥਾਪਿਤ ਹੋ ਜਾਏ ਤਾਂ ਮਿੱਠੀ ਸੁਗੰਧੀ ਦੀ ਤਰ੍ਹਾਂ ਇਹ ਛੁਪ ਨਹੀ ਸਕਦਾ। ਇਸਦਾ ਪਵਿੱਤਰ ਪ੍ਰਭਾਵ ਉਨ੍ਹਾਂ ਸਾਰਿਆ ਤੇ ਪਏਗਾ ਜਿੰਨਾਂ ਨਾਲ ਅਸੀ ਮਿਲਦੇ ਵਰਤਦੇ ਹਾਂ। ਯਿਸੂ ਮਸੀਹ ਦੀ ਸ਼ਕਤੀ ਹਿਰਦੇ ਵਿੱਚ ਵਗਦੇ ਚਸ਼ਮੇਂ ਦੀ ਤਰ੍ਹਾਂ ਹੈ ਜੋ ਸਭ ਨੂੰ ਠੰਡਕ ਪੁਚਾਉਂਦਾ ਹੈ ਅਤੇ ਉਹ ਜੋ ਵਿਨਾਸ਼ ਦੇ ਰਾਹ ਤੇ ਖੜੇ ਹਨ ਉਨ੍ਹਾਂ ਨੂੰ ਜੀਵਨ ਜਲ ਪੀਣ ਲਈ ਉਤਸਕ ਕਰਦਾ ਹੈ।

## (2) ਯਿਸੂ ਮਸੀਹ ਧਰਤੀ ਤੇ ਕਿਉਂ ਆਇਆ ਸੀ?

***"ਜਿਵੇਂ ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੀ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ।" (ਮੱਤੀ 22:28)***

ਯਿਸੂ ਮਸੀਹ ਲਈ ਪਿਆਰ, ਮਨੁੱਖਤਾ ਨੂੰ ਉੱਚਾ ਉਠਾਉਂਣ ਅਤੇ ਉਸ ਦੀ ਭਲਾਈ ਦੇ ਕਾਰਜਾਂ ਦੀ ਚਾਹ ਤੋਂ ਪ੍ਰਗਟ ਹੋਵੇਗੇ, ਜਿਵੇਂ ਯਿਸੂ ਮਸੀਹ ਨੇ ਕੀਤਾ ਸੀ ਇਸ ਪਿਆਰ ਨਾਲ ਸਵਰਗੀ ਪਿਤਾ ਪਰਮੇਸ਼ਰ ਦੇ ਬਣਾਏ ਅਤੇ ਉਸਦੀ ਰੱਖਿਆ ਵਿੱਚ ਰਹਿੰਦੇ ਸਾਰੇ ਜੀਵਾਂ ਪ੍ਰਤੀ ਕਰੁਣਾਂ ਅਤੇ ਹਮਦਰਸੀ ਪੈਦਾ ਹੋਵੇਗੀ।

ਸਾਡੇ ਮੁਕਤੀ ਦਾਤੇ ਯਿਸੂ ਦਾ ਧਰਤੀ ਤੇ ਜੀਵਨ ਆਰਾਮ ਅਤੇ ਸਵਾਰਥ ਦਾ ਜੀਵਨ ਨਹੀ ਸੀ, ਪ੍ਰੰਤੂ ਉਸਨੇ ਪਾਪ ਵਿੱਚੋਂ ਡਿੱਗੀ ਮਨੁੱਖਤਾ ਦੀ ਮੁਕਤੀ ਲਈ ਡੱਟ ਕੇ ਉੱਦਮ ਤੇ ਅਣਥੱਕ ਯਤਨਾਂ ਨਾਲ ਸੰਘਰਸ਼ ਕੀਤਾ। ਖੁਰਲੀ (ਜਿੱਥੇ ਯਿਸੂ ਨੇ ਜਨਮ ਲਿਆ ਸੀ) ਤੋਂ ਲੈ ਕੇ ਕੈਲਵਰੀ (ਸੂਲੀ ਦਾ ਸਥਾਨ) ਤੱਕ ਉਸਨੇ ਆਤਮ ਤਿਆਗ ਦਾ ਮਾਰਗ ਅਪਣਾਇਆ ਅਤੇ ਕਸ਼ਟਪੂਰਣ ਯਾਤਰਾਵਾਂ, ਕਰੜੇ ਕਾਰਜਾਂ ਅਤੇ ਥਕਾ ਦੇਣ ਵਾਲੀਆਂ ਚਿੰਤਾਵਾਂ ਤੇ ਮੁਸ਼ਕਤਾਂ ਵੱਲੋਂ ਕਦੀ ਮੂੰਹ ਮੋੜਨ ਦਾ ਯਤਨ ਨਾ ਕੀਤਾ। ਉਸਨੇ ਕਿਹਾ, "ਜਿਵੇਂ ਮਨੁੱਖ ਦਾ ਪੁੱਤਰ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੀ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ।" ਇਹੋ ਇੱਕ ਉਸਦੇ ਜੀਵਨ ਦਾ ਵੱਡਾ ਮਨੋਰਥ ਸੀ। ਇਸ ਮਹਾਨ ਉਦੇਸ਼ ਦੇ ਸਾਹਮਣੇ ਹੋਰ ਕੁਝ ਵੀ ਉਸ ਲਈ ਮਹਤੱਤਾ ਨਹੀਂ ਸੀ ਰੱਖਦਾ। ਪਰਮੇਸ਼ਰ ਦੀ ਇੱਛਾ ਦਾ ਪਾਲਣ ਕਰਨਾ ਅਤੇ ਆਪਣਾ ਫਰਜ਼ ਪੂਰਾ ਕਰਨਾ ਹੀ ਉਸਦਾ ਖਾਣ ਪੀਣ ਸੀ। ਉਸਦੀ ਮਿਹਨਤ ਤੇ ਕਿਰਤ ਵਿੱਚ ਸਵਾਰਥ ਅਤੇ ਸਵੈਹਿਤ ਲਈ ਕੋਈ ਥਾਂ ਨਹੀਂ ਸੀ।

**(3) ਜਦੋਂ ਅਸੀਂ ਮਸੀਹ ਦੀ ਕਿਰਪਾ ਵਿਚ ਯੂਹੰਨਾ ਦੀ ਤਰ੍ਹਾਂ ਹਿੱਸਾ ਲੈਂਦੇ ਹਾਂ ਤਾਂ ਪਵਿੱਤਰ ਆਤਮਾ ਕਿਹੜੀ ਗਵਾਹੀ ਦੇਣ ਵਿਚ ਸਾਡੀ ਮਦਦ ਕਰੇਗਾ?**

***ਦੂਜੇ ਦਿਨ ਯਿਸੂ ਨੂੰ ਆਪਣੀ ਵੱਲ ਆਉਂਦਾ ਵੇਖ ਕੇ ਉਸ ਨੇ ਆਖਿਆ, ਵੇਖੋ ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ! (ਯੂਹੰਨਾ 1:29)***

ਇਸ ਲਈ ਉਹ ਸਾਰੇ ਜੋ ਯਿਸੂ ਮਸੀਹ ਦੀ ਮਿਹਰ ਦੇ ਭਾਗੀ ਹਨ, ਉਨ੍ਹਾਂ ਨੂੰ ਕੋਈ ਵੀ ਕੁਰਬਾਨੀ ਦੇਣ ਲਈ ਹਰ ਵੇਲੇ ਤਿਆਰ ਰਹਿਣਾ ਚਾਹੀਦਾ ਹੈ ਤਾਂ ਜੋ ਹੋਰ ਦੂਸਰੇ ਮਨੁੱਖ ਵੀ ਜਿਨ੍ਹਾਂ ਲਈ ਯਿਸੂ ਮਸੀਹ ਨੇ ਪ੍ਰਾਣ ਦਿੱਤੇ ਹਨ ਸਵਰਗੀ ਵਰਦਾਨਾ ਦੇ ਭਾਗੀ ਬਣ ਸਕਣ। ਉਹ ਲੋਕ ਜਗਤ ਨੂੰ ਸੁਧਾਰਨ, ਉਨੱਤ, ਉਜੱਲ ਕਰਨ ਲਈ ਜੋ ਕੁਝ ਵੀ ਕਰ ਸਕਦੇ ਹਨ ਕਰਨਗੇ। ਜੇਕਰ ਹਿਰਦੇ ਵਿੱਚ ਅਜਿਹੀ ਭਾਵਨਾ ਉਤੱਪਨ ਹੋ ਗਈ ਹੈ ਤਾਂ ਸਮਝੋ ਸੱਚਮੁੱਚ

ਹੀ ਕਾਇਆ ਪਲਟ ਹੋ ਗਈ ਹੈ। ਜਿਉਂ ਹੀ ਮਨੁੱਖ ਯਿਸੂ ਮਸੀਹ ਦੀ ਸ਼ਰਨ ਆਉਂਦਾ ਹੈ, ਉਸਦੇ ਹਿਰਦੇ ਵਿੱਚ ਇੱਕ ਪ੍ਰਬਲ ਖਾਹਿਸ਼ ਪੈਦਾ ਹੋ ਜਾਂਦੀ ਹੈ ਦੂਸਰਿਆਂ ਨੂੰ ਜਤਾਉਣ ਦੀ ਕਿ ਉਸਨੇ ਕਿੰਨਾਂ ਉੱਤਮ ਅਤੇ ਪਰਮ-ਸਰੇਸ਼ਟ ਦੋਸਤ ਲੱਭ ਲਿਆ ਹੈ - ਯਿਸੂ ਮਸੀਹ, ਉਦਾਰ ਅਤੇ ਪੁਨੀਤ ਕਰਨ ਵਾਲੀ ਸਚਾਈ ਉਸ ਮਨੁੱਖ ਦੇ ਹਿਰਦੇ ਵਿੱਚ ਛੁਪ ਨਹੀ ਸਕਦੀ। ਜੇ ਅਸੀ ਯਿਸੂ ਮਸੀਹ ਦੀ ਧਾਰਮਿਕਤਾ ਦਾ ਚੋਲਾ ਪਾ ਲਿਆ ਹੈ ਅਤੇ ਉਸ ਦੀ ਅੰਤਰੀਵ ਸਮਾਉਣ ਵਾਲੀ ਸ਼ਕਤੀ ਦੇ ਅਨੰਦ ਨਾਲ ਸਾਡਾ ਹਿਰਦਾ ਲਬਰੇਜ਼ ਹੋ ਚੁੱਕਾ ਹੈ ਤਾਂ ਅਸੀ ਚੁੱਪ ਨਹੀ ਰਹਿ ਸਕਦੇ। ਜੇ ਅਸੀਂ ਪ੍ਰਭੂ ਦੀ ਭਲਾਈ ਅਤੇ ਦਿਆਲਤਾ ਦੇਖ ਲਈ ਹੈ ਅਤੇ ਇਸ ਦਾ ਰਸ ਮਾਣ ਲਿਆ ਹੈ ਤਾਂ ਅਸੀ ਇਸਦਾ ਵਰਨਣ ਕੀਤੇ ਬਗੈਰ ਨਹੀਂ ਰਹਿ ਸਕਦੇ। ਜਿਵੇਂ ਫਿਲਪ ਨੇ ਪ੍ਰਾਣਦਾਤਾ ਨੂੰ ਲੱਭ ਲਿਆ ਸੀ, ਅਸੀ ਵੀ ਦੂਸਰਿਆਂ ਨੂੰ ਉਸਦੀ ਹਜ਼ੂਰੀ ਵਿੱਚ ਬੁਲਾਵਾਂਗੇ, ਅਸੀਂ ਉਨ੍ਹਾਂ ਅੱਗੇ ਯਿਸੂ ਮਸੀਹ ਦੇ ਗੁਣ ਗਾਣ ਕਰਾਂਗੇ ਅਤੇ ਆਉਣ ਵਾਲੇ ਜਗਤ ਦੀਆਂ ਵਾਸਤਵਿਕ ਸੱਚਾਈਆਂ ਵੱਲ ਉਨ੍ਹਾਂ ਦਾ ਧਿਆਨ ਦਿਵਾਵਾਂਗੇ। ਜਿਸ ਮਾਰਗ ਤੇ ਯਿਸੂ ਚੱਲਿਆ ਸੀ ਉਸ ਤੇ ਚੱਲਣ ਦੀ ਸਾਡੇ ਅੰਦਰ ਤੀਬਰ ਇੱਛਾ ਹੋਵੇਗੀ। ਇੱਕ ਐਸੀ ਸਰਗਰਮ ਇੱਛਾ ਜਾਗ੍ਰਿਤ ਹੋਵੇਗੀ ਕਿ ਉਹ ਸਾਰੇ ਜੋ ਸਾਡੇ ਆਸ ਪਾਸ ਹੋਣਗੇ ਅਤੇ ਸਮਝ ਜਾਣਗੇ, "ਪਰਮੇਸ਼ਰ ਦੇ ਚੋਲੇ ਨੂੰ ਦੇਖੋ, ਜੋ ਜਗਤ ਦੇ ਪਾਪ ਚੁੱਕ ਲੈ ਜਾਂਦਾ ਹੈ।"

### (4) ਦੂਸਰਿਆਂ ਲਈ ਸਵੈ-ਕੇਂਦਰਿਤ ਕੰਮ ਕਰਨ ਦਾ ਕੀ ਨਤੀਜਾ ਹੈ?

***ਇੱਕ ਮਿਹਰਬਾਨ ਆਦਮੀ ਤਰਕ੍ਕੀ ਕਰੇਗਾ, ਜਿਹੜਾ ਆਦਮੀ ਹੋਰਨਾਂ ਦੀ ਪਿਆਸ ਬੁਝਾਉਂਦਾ, ਉਸਦੀ ਖੁਦ ਦੀ ਪਿਆਸ ਬੁਝ ਜਾਂਦੀ ਹੈ। (ਅਮਸਾਲ 11:25)***

ਦੂਸਰਿਆਂ ਦੀ ਭਲਾਈ ਲਈ ਜੋ ਕੰਮ ਅਸੀ ਕਰਾਂਗੇ ਉਹ ਸਾਡੀ ਭਲਾਈ ਦਾ ਕਾਰਜ ਬਣੇਗਾ। ਸਾਨੂੰ ਮੁਕਤੀ ਦੀ ਯੋਜਨਾਂ ਲਈ ਕੰਮ ਕਰਨ ਦਾ ਹਿੱਸੇਦਾਰ ਬਨਾਉਣਾ ਪਰਮੇਸ਼ਰ ਦਾ ਪ੍ਰਯੋਜਨ ਸੀ। ਪਰਮੇਸ਼ਰ ਨੇ ਮਨੁੱਖ ਨੂੰ ਰੱਬੀ ਫਿਤਰਤ ਦੇ ਭਾਗੀ ਹੋਣ ਦਾ ਵਿਸ਼ੇਸ਼ ਅਧਿਕਾਰ ਦਿੱਤਾ ਹੈ ਤਾਂ ਕਿ ਉਹ ਵੀ ਦੂਸਰਿਆਂ ਨੂੰ ਇਸੇ ਵਰਦਾਨ ਦੀ

ਬਖਸ਼ਿਸ਼ ਦੇ ਭਾਗੀ ਬਣਾ ਸਕਣ। ਇਹ ਸਭ ਤੋਂ ਵੱਡਾ ਸਨਮਾਨ ਅਤੇ ਸਭ ਤੋਂ ਵੱਡੀ ਖੁਸ਼ੀ ਹੈ ਜੋ ਪਰਮੇਸ਼ਰ ਮਨੁੱਖਾ ਨੂੰ ਪ੍ਰਦਾਨ ਕਰਦਾ ਹੈ। ਜੋ ਇਸ ਪ੍ਰਕਾਰ ਪ੍ਰੇਮ ਦੇ ਕਾਰਜ ਵਿੱਚ ਭਾਈਵਾਲ ਬਣ ਜਾਂਦੇ ਹਨ, ਉਹ ਸਿਰਜਣਹਾਰ ਦੇ ਬਹੁਤ ਨਜ਼ਦੀਕ ਆ ਜਾਂਦੇ ਹਨ।

ਜੇ ਪਰਮੇਸ਼ਰ ਚਾਹੁੰਦਾ ਤਾਂ ਸ਼ੁਭ ਸਮਾਚਾਰ ਦਾ ਸੰਦੇਸ਼ ਅਤੇ ਪ੍ਰੇਮ ਕਾਰਜ ਸਭ ਸਵਰਗ ਦੂਤਾਂ ਨੂੰ ਸੌਂਪ ਦਿੰਦਾ। ਆਪਣੇ ਮਨੋਰਥ ਨੂੰ ਪੂਰਾ ਕਰਣ ਲਈ ਪਰਮੇਸ਼ਰ ਕੋਈ ਵੀ ਸਾਧਨ ਵਰਤ ਸਕਦਾ ਸੀ, ਪ੍ਰੰਤੂ ਆਪਣੇ ਅਸੀਮ ਪਿਆਰ ਵਿੱਚ ਸਾਂਝੀਵਾਲ ਬਣੀਏ ਯਿਸੂ ਮਸੀਹ ਅਤੇ ਸਵਰਗੀ ਦੂਤਾਂ ਨਾਲ, ਤਾਂ ਕਿ ਅਸੀ ਉਸਦੇ ਵਰਦਾਨ ਖੁਸ਼ੀਆ ਅਤੇ ਆਤਮਿਕ ਉਡਾਰੀ ਦੇ ਹਿੱਸੇਦਾਰ ਬਣ ਸਕੀਏ, ਜੋ ਕਿ ਕੇਵਲ ਨਿਸ਼ਕਾਮ ਸੇਵਾ ਦੇ ਕੰਮਾਂ ਨਾਲ ਨਸੀਬ ਹੋ ਸਕਦਾ ਹੈ।

**(5) ਯਿਸੂ ਮਸੀਹ ਨੇ ਆਪਣੇ ਆਪ ਨੂੰ ਬਲੀਦਾਨ ਕਰਨ ਦੀ ਕਿਹੜੀ ਉਦਾਹਰਣ ਦਿੱਤੀ ਹੈ?**

***"ਜੋ ਧਨੀ ਸੀ, ਪ੍ਰੰਤੂ ਤੁਹਾਡੀ ਖਾਤਿਰ ਕੰਗਾਲ ਬਣਿਆ ਤਾਂ ਤਾਂ ਕਿ ਉਸਦੇ ਕੰਗਾਲ ਹੋ ਜਾਣ ਨਾਲ ਤੁਸੀਂ ਧਨੀ ਹੋ ਜਾਉ" (2 ਕੁਰਿੰਥੀਆਂ 8:9)***

ਯਿਸੂ ਮਸੀਹ ਦੇ ਕਲੇਸ਼ ਤੇ ਦੁੱਖਾ ਦੇ ਸਹਿਯੋਗੀ ਬਣ ਕੇ ਅਸੀ ਉਸ ਨਾਲ ਹਮਦਰਦੀ ਕਰਦੇ ਹਾਂ। ਦੂਸਰਿਆਂ ਦੇ ਕਲਿਆਣ ਲਈ ਆਤਮ ਤਿਆਗ ਦਾ ਹਰ ਇੱਕ ਕਾਰਜ ਦਾਨੀ ਦੇ ਹਿਰਦੇ ਦੀ ਉਦਾਰਤਾ ਦੀ ਭਾਵਨਾ ਨੂੰ ਬਲ ਦਿੰਦਾ ਹੈ ਅਤੇ ਜਗਤ ਦੇ ਉਦਾਰ ਕਰਤਾ ਨਾਲ ਉਸ ਦੀ ਮਿੱਤਰਤਾ ਨੂੰ ਹੋਰ ਵੀ ਸੰਮਲਿਤ ਕਰਦਾ ਹੈ, "ਜੋ ਧਨੀ ਸੀ, ਪ੍ਰੰਤੂ ਤੁਹਾਡੀ ਖਾਤਿਰ --- ਕੰਗਾਲ ਬਣਿਆ ਤਾਂ ਕਿ ਉਸਦੇ ਕੰਗਾਲ ਹੋ ਜਾਣ ਨਾਲ ਤੁਸੀਂ ਧਨੀ ਹੋ ਜਾਉI" ਅਤੇ ਸਾਡਾ ਜੀਵਨ ਤਾਂ ਹੀ ਮਿਹਰ ਬਖਸ਼ਿਸ਼ ਨਾਲ ਭਰਪੂਰ ਹੁੰਦਾ ਹੈ ਜੇਕਰ ਅਸੀ ਪਰਮੇਸ਼ਰ ਦੀ ਸਿਰਹਨਾਂ ਦੇ ਉਦੇਸ਼ ਨੂੰ ਪੂਰਾ ਕਰੀਏ।

ਜੇਕਰ ਤੁਸੀਂ ਉਹੋ ਕਾਰਜ ਕਰੋਂਗੇ ਜੋ ਯਿਸੂ ਮਸੀਹ ਨੇ ਆਪਣੇ ਚੇਲਿਆਂ ਲਈ ਨਿਯੁਕਤ ਕੀਤੇ ਸਨ ਜਿੰਨਾਂ

ਦੁਆਰਾ ਮਨੁੱਖਾ ਦੇ ਮਨ ਜਿੱਤ ਕੇ ਯਿਸੂ ਦੀ ਸ਼ਰਨ ਵਿੱਚ ਲਿਆਏ ਜਾਣ, ਤਾਂ ਤੁਹਾਨੂੰ ਤਜ਼ਰਬੇ ਅਤੇ ਉੱਚੇ ਰੱਬੀ ਗਿਆਨ ਦੀ ਲੋੜ ਭਾਸੇਗੀ ਅਤੇ ਤੁਹਾਨੂੰ ਧਾਰਮਿਕਤਾ ਦੀ ਭੁੱਖ ਤੇ ਪਿਆਸ ਬਿਹਬਲ ਕਰੇਗੀ; ਤੁਸੀਂ ਪਰਮੇਸ਼ਰ ਅੱਗੇ ਅਰਜੋਈ ਕਰੋਂਗੇ ਅਤੇ ਤੁਹਾਡੇ ਵਿਸ਼ਵਾਸ ਹੋਰ ਵੀ ਅਟੱਲ ਹੋ ਜਾਏਗਾ ਅਤੇ ਤੁਹਾਡੀ ਆਤਮਾ ਮੁਕਤੀ ਦੇ ਚਸ਼ਮੇ ਵਿੱਚੋਂ ਡੂੰਘੇ ਅੰਮ੍ਰਿਤ ਦੇ ਘੁਟ ਭਰੇਗੀ। ਅਚਾਨਕ ਵਿਰੋਧ ਅਤੇ ਕਠਿਨ ਪ੍ਰੀਖਿਆਵਾਂ ਦੁਆਰਾ ਤੁਸੀਂ ਬਾਈਬਲ ਅਤੇ ਪ੍ਰਾਰਥਨਾ ਵੱਲ ਲਗ ਜਾਓਂਗੇ। ਤੁਸੀਂ ਯਿਸੂ ਮਸੀਹ ਦੀ ਮਿਹਰ ਅਤੇ ਗਿਆਨ ਵਿੱਚ ਵਧਦੇ ਜਾਓਗੇ ਅਤੇ ਤੁਹਾਨੂੰ ਡੂੰਘੀ ਨੇੜਤਾ ਦਾ ਅਨੁਭਵ ਹੁੰਦਾ ਜਾਏਗਾI

**(6) ਦੂਸਰਿਆਂ ਕੋਲ ਜਾਣ ਦੀ ਇੱਛਾ ਸਾਨੂੰ ਕੌਣ ਦਿੰਦਾ ਹੈ?**

*ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ। (ਫ਼ਿਲਿੱਪੀਆਂ 2:13)*

## (7) ਜਿਹੜੇ ਦੂਸਰੇ ਦੇ ਭਲੇ ਲਈ ਆਪਣੇ ਆਪ ਨੂੰ ਕੰਮ ਕਰਨ ਦਿੰਦੇ ਹਨ ਉਨ੍ਹਾਂ ਨੂੰ ਕਿਹੜੀ ਅਸੀਸ ਮਿਲੇਗੀ?

*ਤੁਹਾਨੂੰ ਭੁੱਖੇ ਲੋਕਾਂ ਉੱਤੇ ਦੁੱਖ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਭੋਜਨ ਦੇਣਾ ਚਾਹੀਦਾ ਹੈ। ਤੁਹਾਨੂੰ ਮੁਸੀਬਤ ਵਿੱਚ ਫ਼ਸੇ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ - ਅਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਫ਼ੇਰ ਤੁਹਾਡੀ ਰੌਸ਼ਨੀ ਹਨੇਰੇ ਵਿੱਚ ਵੀ ਚਮਕੇਗੀ, ਅਤੇ ਤੁਹਾਨੂੰ ਕੋਈ ਉਦਾਸੀ ਮਹਿਸੂਸ ਨਹੀਂ ਹੋਵੇਗੀ। ਤੁਸੀਂ ਸਿਖਰ ਦੁਪਿਹਰੇ ਦੀ ਧੁੱਪ ਵਾਂਗ ਚਮਕੋਗੇ। ਯਹੋਵਾਹ ਹਮੇਸ਼ਾ ਤੁਹਾਡੀ ਅਗਵਾਈ ਕਰੇਗਾ। ਉਹ ਖੁਸ਼ਕ ਧਰਤੀਆਂ ਵਿੱਚ ਤੁਹਾਡੀ ਰੂਹ ਨੂੰ ਸੰਤੁਸ਼ਟ ਕਰੇਗਾ। ਯਹੋਵਾਹ ਤੁਹਾਡੀਆਂ ਹੱਡੀਆਂ ਵਿੱਚ ਤਾਕਤ ਭਰੇਗਾ। ਤੁਸੀਂ ਉਸ*

*ਬਾਗ਼ ਵਰਗੇ ਹੋਵੋਗੇ ਜਿਸਨੂੰ ਬਹੁਤ ਪਾਣੀ ਮਿਲਦਾ ਹੈ। ਤੁਸੀਂ ਉਸ ਝਰਨੇ ਵਾਂਗ ਹੋਵੋਗੇ ਜਿੱਥੇ ਹਮੇਸ਼ਾ ਪਾਣੀ ਰਹਿੰਦਾ ਹੈ। (ਯਸਈਆਹ 58:10-11)*

ਪਰਸਵਾਰਥ ਦੀ ਭਾਵਨਾ ਚਰਿੱਤਰ ਵਿੱਚ ਸੁਘੜਤਾ, ਸਥਿੱਰਤਾ ਅਤੇ ਮਸੀਹ ਵਾਂਗ ਮਧੁਰਤਾ ਪ੍ਰਦਾਨ ਕਰਦੀ ਹੈ ਅਤੇ ਇਸ ਦੇ ਅਧਿਕਾਰੀ ਨੂੰ ਸ਼ਾਂਤੀ ਅਤੇ ਸੁਖ ਪਹੁੰਚਾਂਦੀ ਹੈ। ਚੰਗੇ ਕੰਮਾਂ ਅਤੇ ਭਲਾਈ ਕਰਨ ਲਈ ਤਾਂਘ ਵਧ ਜਾਂਦੀ ਹੈ। ਆਲਸ,ਸਵਾਰਥ ਅਤੇ ਸੁਸਤੀ ਲਈ ਕੋਈ ਥਾਂ ਨਹੀ ਰਹਿੰਦੀ। ਜੋ ਮਸੀਹੀ ਗੁਣਾਂ ਤੇ ਅਮਲ ਕਰਨਗੇ ਉਹ ਪਰਮੇਸ਼ਰ ਦੇ ਕੰਮਾਂ ਲਈ ਦ੍ਰਿੜ ਅਤੇ ਸਥਿਰ ਹੋ ਜਾਣਗੇ। ਉਨ੍ਹਾਂ ਦਾ ਆਤਮਿਕ ਗਿਆਨ ਪ੍ਰਤੱਖ ਅਤੇ ਸਪਸ਼ਟ ਹੋਵੇਗਾ, ਉਨ੍ਹਾਂ ਦਾ ਵਿਸ਼ਵਾਸ ਸਥਿਰ ਅਤੇ ਵਿਕਸਤ ਹੋਣ ਵਾਲਾ ਹੋਵੇਗਾ, ਅਤੇ ਉਨ੍ਹਾਂ ਦੀ ਪ੍ਰਾਰਥਨਾਂ ਵੀ ਸ਼ਕਤੀਸ਼ਾਲੀ ਹੋਵੇਗੀ। ਉਨ੍ਹਾਂ ਦੀ ਆਤਮਿਕ ਸ਼ਕਤੀ ਪਰਮੇਸ਼ਰ ਦੇ ਪਵਿੱਤ੍ਰ ਸਪਰਸ਼ ਨਾਲ ਆਤਮਾ ਦੇ ਮੇਲ ਮਿਲਾਪ ਵਿੱਚ ਲੀਨ ਹੋ ਜਾਂਦੀ ਹੈ। ਜੋ ਲੋਕ ਦੂਸਰਿਆ ਦੇ ਕਲਿਆਣ ਲਈ ਆਪਣੇ ਆਪ ਨੂੰ ਪਰਸਵਾਰਥ ਵੱਲ ਲਾ ਦੇਂਦੇ ਹਨ ਅਸਲ ਵਿੱਚ ਉਹ ਆਪਣੀ ਮੁਕਤੀ ਦੇ ਕਾਰਜ ਨੂੰ ਹੀ ਪੂਰਣ ਕਰਦੇ ਹਨ।

**(8) ਪਵਿੱਤਰ ਆਤਮਾ ਦੁਆਰਾ ਦਿੱਤੇ ਗਏ ਕਿਹੜੇ ਦੋ ਕੰਮ ਸਾਡੇ ਮਹਾਨ ਆਤਮਿਕ ਵਾਧੇ ਦਾ ਕਾਰਨ ਹੋਣਗੇ?**

*ਪਰ ਜਿਹ ਨੇ ਪੂਰੀ ਸ਼ਰਾ ਨੂੰ ਅਰਥਾਤ ਅਜ਼ਾਦੀ ਦੀ ਸ਼ਰਾ ਨੂੰ ਗੌਹ ਨਾਲ ਵੇਖਿਆ ਅਤੇ ਵੇਖਦਾ ਰਹਿੰਦਾ ਹੈ ਉਹ ਇਹੋ ਜਿਹਾ ਸੁਣਨ ਵਾਲਾ ਨਹੀਂ ਜਿਹੜਾ ਭੁੱਲ ਜਾਵੇ ਸਗੋਂ ਕਰਮ ਦਾ ਕਰਤਾ ਹੋ ਕੇ ਆਪਣੇ ਕੰਮ ਵਿੱਚ ਧੰਨ ਹੋਵੇਗਾ। (ਯਾਕੂਬ 1:25)*

ਰੱਬੀ ਮਿਹਰ ਵਿੱਚ ਵਧਣ ਫੁੱਲਣ ਦਾ ਇੱਕੋ ਇੱਕ ਰਸਤਾ ਇਹ ਹੈ ਕਿ ਅਸੀਂ ਉਹੋ ਕਾਰਜ, ਜਿਸਦਾ ਆਦੇਸ਼ ਮਸੀਹ ਨੇ ਸਾਨੂੰ ਕਰਨ ਲਈ ਦਿੱਤਾ ਹੈ, ਨਿਰਸਵਾਰਥ ਰੂਪ ਵਿੱਚ ਕਰਦੇ ਜਾਈਏ ਅਰਥਾਤ ਜਿੱਥੋਂ ਤੱਕ ਵੀ ਹੋ ਸਕੇ ਆਪਣੇ ਵਿੱਤ ਅਨੁਸਾਰ ਲੋੜਵੰਦਾ ਦੀ ਮੱਦਦ ਕਰਦੇ

ਜਾਈਏ ਅਤੇ ਉਨ੍ਹਾਂ ਨੂੰ ਅਸੀਸਾਂ ਦਿੰਦੇ ਜਾਈਏ। ਕਸਰਤ ਅਤੇ ਅਭਿਆਸ ਕਰਨ ਨਾਲ ਸ਼ਕਤੀ ਵਧਦੀ ਹੈ ,ਜੀਵਨ ਦੀ ਸ਼ਰਤ ਹੀ ਕਾਰ ਕਰਦੇ ਰਹਿਣਾ ਹੈ।

ਜੋ ਲੋਕ ਉਦਾਸ ਹੋ ਕੇ ਮਸੀਹੀ ਜੀਵਨ ਦੀਆਂ ਬਖਸ਼ਿਸ਼ਾਂ ਸਵੀਕਾਰ ਕਰ ਲੈਂਦੇ ਹਨ, ਪ੍ਰੰਤੂ ਯਿਸੂ ਮਸੀਹ ਲਈ ਕੁਝ ਵੀ ਨਹੀ ਕਰਦੇ, ਉਹ ਕਰਮਹੀਣ ਜੀਵਨ ਜਿਉਂਦੇ ਹਨ। ਉਹ ਬਿਨਾਂ ਮਿਹਨਤ ਮਜ਼ਦੂਰੀ ਤੋਂ ਰੋਟੀ ਖਾ ਕੇ ਜੀਵਨ ਗੁਜ਼ਾਰਨ ਦੀ ਕੋਸ਼ਿਸ਼ ਕਰ ਰਹੇ ਹਨ। ਆਤਮਿਕ ਅਤੇ ਸੁਭਾਵਿਕ ਤੌਰ ਤੇ ਇਸ ਦਾ ਨਤੀਜਾ ਵਿਨਾਸ਼ਕਾਰੀ ਅਤੇ ਪਤਿਤ ਹੁੰਦਾ ਹੈ। ਜੋ ਮਨੁੱਖ ਕਸਰਤ ਅਤੇ ਹੱਡ ਗੋਡੇ ਹਿਲਾਉਣ ਤੋਂ ਇਨਕਾਰੀ ਹੁੰਦਾ ਹੈ, ਸ਼ੀਘਰ ਹੀ ਉਹ ਸ਼ਕਤੀਹੀਣ ਹੋ ਹਾਇਗਾ ਅਤੇ ਉਨ੍ਹਾਂ ਅੰਗਾ ਨੂੰ ਹਿਲਾਉਣ ਯੋਗ ਨਹੀਂ ਰਹੇਗਾ, ਇਵੇਂ ਹੀ ਜੋ ਮਸੀਹੀ ਰੱਬੀ ਬਖਸ਼ਿਸ਼ ਨਾਲ ਮਿਲੀਆ ਸ਼ਕਤੀਆਂ ਨਹੀਂ ਵਰਤੇਗਾ, ਉਹ ਨਾ ਕੇਵਲ ਯਿਸੂ ਮਸੀਹ ਵਿੱਚ ਪਲਰਨ ਵਿੱਚ ਹੀ ਨਾਕਾਮਯਾਬ ਰਹੇਗਾ ਸਗੋਂ ਜਿਹੜੀ ਸ਼ਕਤੀ ਉਸ ਕੋਲ ਹੈ ਉਹ ਵੀ ਜਾਂਦੀ ਰਹੇਗੀ।

### (9) ਮਸੀਹ ਨੇ ਆਪਣੀ ਕਲੀਸਿਯਾ ਨੂੰ ਕਿਹੜਾ ਮਿਸ਼ਨ ਦਿੱਤਾ ਹੈ?

***ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤ੍ਰ ਅਤੇ ਪਵਿੱਤ੍ਰ ਆਤਮਾ ਦੇ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ।***
***ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ। (ਮੱਤੀ 28:19-20)***

ਯਿਸੂ ਮਸੀਹ ਦੀ ਕਲਿਸੀਆ ਮਾਨਵਤਾ ਦੇ ਉਦਾਰ ਲਈ ਪਰਮੇਸ਼ਵਰ ਵੱਲੋਂ ਸਥਾਪਿਤ ਕੀਤੀ ਹੋਈ ਏਜੰਸੀ ਹੈ। ਇਸ ਦਾ ਕੰਮ ਹੈ ਸ਼ੁਭ ਸਮਾਚਾਰ ਨੂੰ ਜਗਤ ਵਿੱਚ ਪਹੁੰਚਾਉਣਾ ਅਤੇ ਸਾਰੇ ਮਸੀਹੀਆਂ ਉੱਤੇ ਇਸ ਸ਼ੁਭ ਕੰਮ ਦੀ ਜ਼ਿੰਮੇਦਾਰੀ ਹੈ। ਹਰ ਇੱਕ ਨੂੰ ਆਪਣੀ ਯੋਗਤਾ ਅਤੇ ਅਵਸਰ ਅਨੁਸਾਰ ਪ੍ਰਾਣਦਾਤਾ ਦੇ ਮਿਸ਼ਨ ਨੂੰ ਪੂਰਾ ਕਰਨਾ ਚਾਹੀਦਾ ਹੈ। ਯਿਸੂ ਮਸੀਹ ਦਾ ਅਸੀਮ ਪਿਆਰ ਜੋ ਉਸਨੇ

ਸਾਨੂੰ ਦਰਸਾਇਆ ਹੈ, ਇਹ ਸਾਨੂੰ ਉਨ੍ਹਾਂ ਸਾਰਿਆਂ ਦਾ ਕਰਜਾਈ ਬਣਾ ਦਿੰਦਾ ਹੈ ਜੋ ਉਸਨੂੰ ਨਹੀ ਜਾਣਦੇ। ਸਾਡਾ ਪਰਮ ਫਰਜ਼ ਹੈ ਹਰ ਇੱਕ ਨੂੰ ਯਿਸੂ ਮਸੀਹ ਦੇ ਪਿਆਰ ਦਾ ਸੁਨੇਹਾ ਦੇ ਕੇ ਇਸ ਕਰਜ਼ ਤੋਂ ਸੁਰਖਰੂ ਹੋਣਾ। ਪਰਮੇਸ਼ਰ ਨੇ ਸਾਨੂੰ ਕੇਵਲ ਸਾਡੇ ਲਈ ਹੀ ਰੋਸ਼ਨੀ ਨਹੀ ਦਿੱਤੀ ਪ੍ਰੰਤੂ ਦੂਸਰਿਆਂ ਨੂੰ ਰਾਹ ਦਿਖਾਉਣ ਲਈ ਵੀ।

ਜੇਕਰ ਯਿਸੂ ਮਸੀਹ ਨੂੰ ਮੰਨਣ ਵਾਲੇ ਆਪਣੇ ਕਰਤੱਵ ਨੂੰ ਪੂਰੀ ਤਰ੍ਹਾਂ ਨਿਭਾਉਣ ਤਾਂ ਜਿੱਥੇ ਅੱਜ ਇੱਕ ਪ੍ਰਚਾਰਕ ਸੱਚੇ ਰੱਬ ਤੋਂ ਇਨਕਾਰੀ ਬੁੱਤ ਪੂਜ ਅਤੇ ਨਾਸਤਿਕ ਜਾਤੀਆਂ ਦੀ ਧਰਤੀ ਤੇ ਸ਼ੁਭ ਸਮਾਚਾਰ ਸੁਣਾ ਰਿਹਾ ਹੈ ਅਤੇ ਯਿਸੂ ਦੇ ਪਿਆਰ ਦਾ ਪ੍ਰਚਾਰ ਕਰ ਰਿਹਾ ਹੈ ਉੱਥੇ ਇੱਕ ਹਜ਼ਾਰ ਪ੍ਰਚਾਰਕ ਹੁੰਦੇ ਹਨ ਅਤੇ ਉਹ ਸਾਰੇ ਜੋ ਆਪ ਪ੍ਰਚਾਰ ਵਿੱਚ ਹਿੱਸਾ ਲੈਣ ਦੇ ਅਯੋਗ ਹਨ, ਉਹ ਆਪਣੇ ਰੁਪਏ ਪੈਸੇ, ਹਮਦਰਦੀ ਅਤੇ ਪ੍ਰਾਰਥਨਾ ਨਾਲ ਹਿੱਸਾ ਲੈ ਲੈਂਦੇ ਅਤੇ ਮਸੀਹੀ ਮੁਲਕਾਂ ਵਿੱਚ ਹੋਰ ਸਰਗਰਮੀ ਅਤੇ ਮਿਹਨਤ ਨਾਲ ਆਤਮਾਵਾਂ ਨੂੰ ਯਿਸੂ ਮਸੀਹ ਦੀ ਸ਼ਰਣ ਲਿਆਉਂਣ ਦਾ ਕਾਰਜ ਹੁੰਦਾ।

## (10) ਮਸੀਹੀ ਹੋਣ ਦੇ ਨਾਤੇ, ਸਾਨੂੰ ਕਿੱਥੇ ਕੰਮ ਕਰਨ ਲਈ ਬੁਲਾਇਆ ਗਿਆ ਹੈ?

***"ਜੋ ਕੋਈ ਜਿਸ ਹਾਲ ਵਿੱਚ ਵੀ ਬੁਲਾਇਆ ਗਿਆ ਹੈ। ਉਸੇ ਹਾਲ ਵਿੱਚ ਪਰਮੇਸ਼ਰ ਵਿੱਚ ਸਮਾਇਆ ਰਹੇ।" (1 ਕੁਰੰਥੀਆਂ ਨੂੰ 7:24)***

ਜੇ ਯਿਸੂ ਮਸੀਹ ਲਈ ਕੰਮ ਕਰਨ ਦੇ ਫਰਜ਼ ਦੀ ਸਾਨੂੰ ਪਹਿਚਾਣ ਹੋ ਜਾਏ ਤਾਂ ਕਿਸੇ ਦੂਰ ਦੇਸ਼ ਜਾਂ ਭਾਂਤ ਭਾਂਤ ਜਾਤੀਆ ਕੋਲ ਜਾਣ ਦੀ ਸਾਨੂੰ ਲੋੜ ਨਹੀ ਅਤੇ ਨਾ ਹੀ ਆਪਣੇ ਘਰ ਦੇ ਤੰਗ ਘੇਰੇ ਨੂੰ ਛੱਡਣ ਦੀ। ਅਸੀ ਇਹ ਕਾਰਜ ਆਪਣੇ ਘਰ ਦੇ ਦਾਇਰੇ ਵਿੱਚ ਵੀ ਕਰ ਸਕਦੇ ਹਾਂ। ਉਨ੍ਹਾਂ ਲੋਕਾਂ ਨਾਲ ਜਿੰਨਾਂ ਨੂੰ ਅਸੀ ਮਿਲਦੇ ਵਰਤਦੇ ਹਾਂ ਅਤੇ ਕਾਰ-ਵਿਹਾਰ ਕਰਦੇ ਹਾਂ।

ਧਰਤੀ ਉੱਤੇ ਯਿਸੂ ਮਸੀਹ ਦੇ ਜੀਵਨ ਦਾ ਵੱਡਾ ਭਾਗ ਨਾਜ਼ਰਤ ਵਿੱਚ ਤਰਖਾਣ ਦੀ ਦੁਕਾਨ ਤੇ ਸਬਰ ਤੇ ਸੰਤੋਖ ਨਾਲ ਕੰਮ ਕਰਦਿਆ ਬੀਤਿਆ। ਜਦੋਂ ਜੀਵਨ ਦਾਤਾ ਕਿਸਾਨਾਂ ਅਤੇ ਮਜ਼ਦੂਰਾਂ ਦੇ ਨਾਲ ਨਾਲ ਬਿਨਾਂ ਜਾਣ

ਪਹਿਚਾਣ ਅਤੇ ਸਤਿਕਾਰ ਦੇ ਤੁਰਦਾ ਅਤੇ ਗੱਲਬਾਤ ਕਰਦਾ ਹੁੰਦਾ ਤਾਂ ਸੇਵਾਦਾਰ ਸਵਰਗੀ ਦੂਤ ਦਾ ਸਾਇਆ ਉਸ ਦੇ ਨਾਲ ਹੁੰਦਾ। ਉਹ ਆਪਣੀ ਮਮੂਲੀ ਦੁਕਾਨ ਤੇ ਕੰਮ ਕਰਦਾ ਵੀ ਉਤਨੇ ਹੀ ਵਿਸ਼ਵਾਸ ਨਾਲ ਆਪਣੇ ਮਿਸ਼ਨ ਦੀ ਪੂਰਤੀ ਕਰਦਾ ਜਿਵੇਂ ਕਿ ਉਹ ਗਲੀਲੀ ਵਿੱਚ ਬਿਮਾਰਾਂ ਨੂੰ ਰਾਜ਼ੀ ਕਰਦਾ ਅਤੇ ਭਿਆਨਕ ਤੂਫਾਨੀ ਲਹਿਰਾਂ ਉੱਤੇ ਤੁਰਦਾ। ਇਸੇ ਪ੍ਰਕਾਰ ਅਸੀ ਨੀਵੇਂ ਤੋਂ ਨੀਵੇਂ ਕੰਮ ਅਤੇ ਛੋਟੀ ਤੋਂ ਛੋਟੀ ਪਦਵੀ ਤੇ ਵੀ ਯਿਸੂ ਮਸੀਹ ਦੇ ਨਾਲ ਤੁਰ ਸਕਦੇ ਹਾਂ ਅਤੇ ਉਸਦੇ ਕੰਮ ਕਰ ਸਕਦੇ ਹਾਂ।

ਪ੍ਰਚਾਰਕ ਪੌਲੁਸ ਕਹਿੰਦਾ ਹੈ, "ਜੋ ਕੋਈ ਜਿਸ ਹਾਲ ਵਿੱਚ ਵੀ ਪੁਕਾਰਿਆ ਗਿਆ ਹੈ। ਉਸੇ ਹਾਲ ਵਿੱਚ ਪਰਮੇਸ਼ਰ ਵਿੱਚ ਸਮਾਇਆ ਰਹੇ।" ਵਪਾਰੀ ਐਸੀ ਤਰ੍ਹਾਂ ਵਪਾਰ ਚਲਾਏ ਕਿ ਉਸਦੀ ਇਮਾਨਦਾਰੀ ਨਾਲ ਉਸਦੇ ਸਵਾਮੀ (ਪਰਮੇਸ਼ਰ) ਦੀ ਵਡਿਆਈ ਹੋਵੇ। ਜੇਕਰ ਉਹ ਯਿਸੂ ਮਸੀਹ ਦਾ ਸੱਚਾ ਚੇਲਾ ਹੈ ਤਾਂ ਉਸਦੇ ਧਰਮ ਅਤੇ ਕਰਮ, ਹਰ ਕੰਮ ਵਿੱਚ ਯਿਸੂ ਮਸੀਹ ਦੀ ਸ਼ਕਤੀ ਦੂਸਰਿਆਂ ਨੂੰ ਨਜ਼ਰ ਆਏਗੀ। ਇੱਕ ਮਿਸਤਰੀ ਵੀ ਉਸਦਾ (ਯਿਸੂ) ਇੱਕ ਉਦੱਮੀ ਅਤੇ ਵਿਸ਼ਵਾਸੀ ਪ੍ਰਤਿਨਿਧ ਬਣ ਸਕਦਾ ਹੈ, ਜਿਸਨੇ ਗਲੀਲੀ ਦੀਆਂ ਪਹਾੜੀਆਂ ਵਿੱਚ ਜੀਵਨ ਦੇ ਨਿਮਾਣੇ ਕਾਰਜਾਂ ਲਈ ਘਾਲ ਘਾਲੀ। ਹਰ ਕੋਈ ਜੋ ਮਸੀਹ ਦਾ ਨਾਮ ਲੈਂਦਾ ਹੈ, ਐਸੇ ਕੰਮ ਕਰੇ ਕਿ ਲੋਕ ਉਸਦੇ ਭਲੇ ਕੰਮਾਂ ਨੂੰ ਦੇਖ ਕੇ ਉਸਦੇ ਸਿਰਜਣਹਾਰੇ ਅਤੇ ਮੁਕਤੀ ਦਾਤੇ ਦੀ ਵਡਿਆਈ ਅਤੇ ਮਹਿਮਾ ਕਰਨ।

**(11) ਭਾਵੇਂ ਅਸੀਂ ਉਨ੍ਹਾਂ ਨੂੰ ਦੀਨ ਸਮਝਦੇ ਸਕਦੇ ਹਾਂ, ਪਰ ਸਾਡੀਆਂ ਯੋਗਤਾਵਾਂ ਨੂੰ ਮਸੀਹ ਦੀ ਸੇਵਾ ਲਈ ਵਰਤਣਾ ਕਿਉਂ ਮਹੱਤਵਪੂਰਣ ਹੈ?**

***ਹਰੇਕ ਟਹਿਣੀ ਜਿਹੜੀ ਮੇਰੇ ਵਿੱਚ ਹੈ ਅਰ ਫਲ ਨਹੀਂ ਦਿੰਦੀ ਉਹ ਉਸ ਨੂੰ ਲਾਹ ਸੁੱਟਦਾ ਹੈ ਅਤੇ ਹਰੇਕ ਜੋ ਫਲ ਦਿੰਦੀ ਹੈ ਉਹ ਉਸ ਨੂੰ ਛਾਂਗਦਾ ਹੈ ਤਾਂ ਜੋ ਹੋਰ ਵੀ ਫਲ ਦੇਵੇ। (ਯੂਹੰਨਾ 15:2)***

ਕਈ ਲੋਕ ਆਪਣੀ ਯੋਗਤਾ ਦੇ ਵਰਦਾਨਾਂ ਨੂੰ ਯਿਸੂ ਮਸੀਹ ਦੀ ਸੇਵਾ ਵਿੱਚ ਲਾਉਣ ਦਾ ਇਹ ਬਹਾਨਾਂ ਕਰਦੇ

ਹਨ ਕਿ ਦੂਸਰਿਆਂ ਕੋਲ ਉਨ੍ਹਾਂ ਨਾਲੋਂ ਜ਼ਿਆਦਾ ਯੋਗਤਾ ਅਤੇ ਵਸੀਲੇ ਹਨ। ਉਨ੍ਹਾਂ ਦੀ ਇਹ ਧਾਰਣਾ ਬਣ ਜਾਂਦੀ ਹੈ ਕਿ ਕੇਵਲ ਉਨ੍ਹਾਂ ਲੋਕਾਂ ਨੂੰ ਹੀ ਪਰਮੇਸ਼ਰ ਦੀ ਸੇਵਾ ਵਿੱਚ ਯੋਗਤਾ ਅਰਪਣ ਕਰਨ ਦੀ ਜ਼ਰੂਰਤ ਹੈ ਜੋ ਖਾਸ ਤੌਰ ਤੇ ਇਸ ਯੋਗ ਹੋਣ। ਕਈਆਂ ਦੀ ਤਾਂ ਇੱਥੇ ਤੱਕ ਧਾਰਣਾ ਬਣ ਜਾਂਦੀ ਹੈ ਕਿ ਯੋਗਤਾ ਅਤੇ ਵਡਿਆਈ ਕੇਵਲ ਕਿਸੇ ਖਾਸ ਸ਼੍ਰੇਣੀ ਦੇ ਭਾਗਸ਼ਾਲੀ ਲੋਕਾਂ ਨੂੰ ਹੀ ਨਸੀਬ ਹੁੰਦੀ ਹੈ ਅਤੇ ਆਮ ਲੋਕ ਇਸ ਤੋ ਵੰਚਿਤ ਹੀ ਰਹਿੰਦੇ ਹਨ। ਇਸ ਲਈ ਉਹ ਕਿਸੇ ਵੀ ਕਰੜੀ ਘਾਲਣਾ ਜਾਂ ਪੁਰਸਕਾਰ ਵਿੱਚ ਹਿੱਸਾ ਲੈ ਸਕਦੇ ਪ੍ਰੰਤੂ ਬਾਈਬਲ ਵਿੱਚ ਦਿੱਤੇ ਗਏ ਦ੍ਰਿਸ਼ਟਾਂਤਾ ਵਿੱਚ ਐਸਾ ਨਹੀ ਲਿਖਿਆ ਗਿਆ। ਜਦੋਂ ਘਰ ਦੇ ਸਵਾਮੀ ਨੇ ਆਪਣੇ ਦਾਸਾਂ ਨੂੰ ਬੁਲਾਇਆ ਤਾਂ ਹਰ ਇੱਕ ਨੂੰ ਉਸਨੇ ਕੰਮ ਸੌਂਪ ਦਿੱਤਾ।

**(12) ਜਦੋਂ ਪਰਮੇਸ਼ਰ ਲਈ ਪਿਆਰ ਸਾਡੇ ਦਿਲ ਨੂੰ ਭਰਦਾ ਹੈ ਤਾਂ ਅਸੀਂ ਜੀਵਨ ਦੇ ਛੋਟੇ ਕੰਮਾਂ ਕਿਵੇਂ ਕਰਾਂਗੇ?**

***ਅਤੇ ਮਨੁੱਖਾਂ ਦੇ ਰਿਝਾਉਣ ਵਾਲਿਆਂ ਵਾਂਙੁ ਵਿਖਾਵੇ ਦੀ ਨੌਕਰੀ ਨਾ ਸਗੋਂ ਮਸੀਹ ਦਿਆਂ ਦਾਸਾਂ ਵਾਂਙੁ ਜੀ ਲਾ ਕੇ ਪਰਮੇਸ਼ੁਰ ਦੀ ਇੱਛਿਆ ਪੂਰੀ ਕਰੋ***
***ਅਤੇ ਮਨ ਲਾ ਕੇ ਟਹਿਲ ਕਰੋ ਜਿਵੇਂ ਪ੍ਰਭੁ ਦੀ ਅਤੇ ਨਾ ਮਨੁੱਖਾਂ ਦੀ। (ਅਫ਼ਸੀਆਂ 6:6-7)***

ਜੀਵਨ ਦੇ ਨੀਵੇਂ ਤੋ ਨੀਵੇਂ ਕੰਮ ਅਸੀ ਪੂਰੀ ਪ੍ਰੇਮ ਭਾਵਨਾ ਨਾਲ ਕਰ ਸਕਦੇ ਹਾਂ, ਜਿਵੇਂ ਕਿ ਪ੍ਰਭੂ ਲਈ ਕਰ ਰਹੇ ਹਾਂ।" [ਕੁਲੱਸੀਆ ਨੂੰ 3:23]। ਜੇਕਰ ਪਰਮੇਸ਼ਰ ਦਾ ਪਿਆਰ ਹਿਰਦੇ ਵਿੱਚ ਸਮਾਇਆ ਹੋਵੇ ਤਾਂ ਉਹ ਜੀਵਨ ਵਿੱਚੋਂ ਪ੍ਰਗਟ ਹੋਵੇਗਾ। ਮਸੀਹ ਦੀ ਮਧੁਰ ਸੁਗੰਧੀ ਸਾਨੂੰ ਘੇਰ ਲਏਗੀ ਅਤੇ ਸਾਡਾ ਪ੍ਰਭਾਵ ਉਸਦੀ ਵਡਿਆਈ ਅਤੇ ਆਸ਼ੀਰਵਾਦ ਨਾਲ ਭਰਪੂਰ ਹੋਵੇਗਾI

**(13) ਜੇਕਰ ਪਰਮੇਸ਼ਰ ਨਾਲ ਸਾਡਾ ਸੰਬੰਧ ਸਹੀ ਹੈ ਤਾਂ ਸਾਰੀਆਂ ਚੀਜ਼ਾਂ ਵਿਚ ਸਾਡੀ ਕੀ ਪ੍ਰੇਰਨਾ ਹੋਵੇਗੀ?**

***ਜੋ ਕੁਝ ਤੁਸੀਂ ਕਰੋ ਸੋ ਚਿੱਤ ਲਾ ਕੇ ਪ੍ਰਭੁ ਦੇ ਲਈ ਕਰੋ, ਨਾ ਨਾ ਮਨੁੱਖਾਂ ਦੇ ਲਈ। (ਕੁਲੁੱਸੀਆਂ 3:23)***

ਤੁਹਾਨੂੰ ਪਰਮੇਸ਼ਰ ਦੇ ਕਾਰਜ ਕਰਨ ਲਈ ਕਿਸੇ ਸ਼ਾਨਦਾਰ ਅਵਸਰ ਜਾਂ ਕਿਸੇ ਖਾਸ ਉੱਤਮ ਯੋਗਤਾ ਦੀ ਉਡੀਕ ਕਰਨ ਦੀ ਲੋੜ ਨਹੀਂ। ਨਾ ਹੀ ਤੁਹਾਡੇ ਮਸਤਕ ਵਿੱਚ ਇਹ ਵਿਚਾਰ ਆਉਂਣਾ ਚਾਹੀਦਾ ਹੈ ਕਿ ਸੰਸਾਰ ਤੁਹਾਡੇ ਬਾਰੇ ਕੀ ਸੋਚੇਗਾ। ਜੇਕਰ ਤੁਹਾਡਾ ਰੋਜ਼ਾਨਾਂ ਜੀਵਨ ਤੁਹਾਡੇ ਵਿਸ਼ਵਾਸ ਦੀ ਪਵਿੱਤ੍ਰਤਾ ਅਤੇ ਸਚਾਈ ਦਾ ਪ੍ਰਤੀਕ ਹੈ ਅਤੇ ਦੂਸਰਿਆਂ ਨੂੰ ਇਹ ਨਿਸ਼ਚਾ ਹੋ ਜਾਏ ਕਿ ਤੁਸੀਂ ਉਨ੍ਹਾਂ ਦੇ ਹਿਤੈਸ਼ੀ ਹੋ ਅਤੇ ਭਲਾ ਕਰਨ ਦੀ ਭਾਵਨਾਂ ਰੱਖਦੇ ਹੋ ਤਾਂ ਤੁਹਾਡੀ ਸੰਪੂਰਨ ਘਾਲ ਕਦੀ ਵੀ ਅਜਾਈਂ ਨਹੀਂ ਜਾਏਗੀ।

## (14) ਵਿਸ਼ਵਾਸ ਅਤੇ ਸਾਂਝਾ ਕਰਨ ਦੇ ਜੀਵਨ ਦਾ ਨਤੀਜਾ ਕੀ ਹੋਵੇਗਾ?

***ਪਰ ਗੱਲ ਇਹ ਹੈ ਭਈ ਜਿਹੜਾ ਘੱਟ ਬੀਜਦਾ ਹੈ ਉਹ ਘੱਟ ਵੱਢੇਗਾ ਅਤੇ ਜਿਹੜਾ ਖੁਲ੍ਹੇ ਦਿਲ ਬੀਜਦਾ ਹੈ ਉਹ ਖੁਲ੍ਹੇ ਦਿਲ ਵੱਢੇਗਾ। (2 ਕੁਰਿੰਥੀਆਂ 9:6)***

ਯਿਸੂ ਮਸੀਹ ਦੇ ਮਸਕੀਨ ਤੋਂ ਮਸਕੀਨ ਅਤੇ ਦੀਨ ਤੋਂ ਦੀਨ ਚੇਲੇ ਵੀ ਦੂਸਰਿਆਂ ਲਈ ਆਸ਼ੀਰਵਾਦ ਬਣ ਸਕਦੇ ਹਨ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਾ ਹੋਵੇ ਕਿ ਉਹ ਕੋਈ ਖ਼ਾਸ ਭਲਾਈ ਦਾ ਕੰਮ ਕਰ ਰਹੇ ਹਨ, ਪ੍ਰੰਤੂ ਆਪਣੇ ਅਨਜਾਣੇ ਪ੍ਰਭਾਵ ਨਾਲ ਉਹ ਦੂਸਰਿਆਂ ਤੇ ਅਸੀਸਾਂ ਦੀ ਨਦੀ ਵਹਾ ਦਿੰਦੇ ਹਨ ਜੋ ਕਿ ਹੋਰ ਵੀ ਡੂੰਘੀ ਅਤੇ ਚੌੜੀ ਹੁੰਦੀ ਜਾਂਦੀ ਹੈ ਅਤੇ ਇਸ ਦਾ ਸ਼ੁਭ ਅਸੀਸਾਂ ਭਰਿਆ ਨਤੀਜਾ ਉਹ ਅੰਤਿਮ ਪੁਰਸਕਾਰ ਦੇ ਦਿਨ ਤੋਂ ਪਹਿਲਾਂ ਕਦੀ ਵੀ ਨਹੀਂ ਜਾਣ ਸਕਦੇ। ਉਨ੍ਹਾਂ ਨੂੰ ਇਹ ਅਨੁਭਵ ਨਹੀਂ ਹੁੰਦਾ ਕਿ ਉਹ ਕੋਈ ਵੱਡਾ ਸ਼ੁਭ ਕਾਰਜ ਕਰ ਰਹੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਸਫਲਤਾ ਲਈ ਕੋਈ ਚਿੰਤਾ ਜਾਂ ਫਿਕਰ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਨੂੰ ਚੁੱਪ ਚਾਪ ਪਰਮੇਸ਼ਰ ਦੇ ਸੌਂਪੇ ਕਾਰਜ ਸੱਚਾਈ ਨਾਲ ਕਰਦੇ ਤੁਰੇ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਜੀਵਨ ਵਿਅਰਥ ਨਹੀ ਜਾਏਗਾ। ਉਨ੍ਹਾਂ ਦੀ ਆਤਮਾ ਨਿੱਤ ਯਿਸੂ ਦੀ ਸਮਾਨਤਾ ਵਿੱਚ ਵੱਧਦੀ ਜਾਏਗੀ। ਉਹ ਇਸ ਜੀਵਨ ਵਿੱਚ ਪਰਮੇਸ਼ਰ ਦੇ ਕਾਰਜਾਂ ਵਿੱਚ ਸਾਂਝੀਵਾਲ ਹਨ ਅਤੇ ਇੰਝ ਉਹ ਆਪਣੇ ਆਪ ਨੂੰ ਹੋਰ ਉੱਤਮ ਵਡਿਆਈ ਦੇ

ਕਾਰਜਾਂ ਦੇ ਯੋਗ ਅਤੇ ਆਉਂਣ ਵਾਲੇ ਜੀਵਨ ਦੀ ਅਨੰਤ ਖੁਸ਼ੀ ਲਈ ਤਿਆਰ ਕਰ ਰਹੇ ਹਨ।

*ਮੈਂ ਯਿਸੂ ਦਾ ਧੰਨਵਾਦ ਕਰਦਾ ਹਾਂ ਕਿ ਉਸਨੇ ਮਨੁੱਖਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਵਰਗ ਦੀ ਮਹਿਮਾ ਨੂੰ ਛੱਡ ਦਿੱਤਾI*


*ਚੱਕਰ ਲਗਾਓ:     ਹਾਂ          ਅਨਿਸ਼ਚਿਤ*

*ਮੈਂ ਪਵਿੱਤਰ ਆਤਮਾ ਨੂੰ ਪ੍ਰਾਰਥਨਾ ਕਰਦਾ ਹੈ ਕਿ ਉਹ ਸੁਸਮਾਚਾਰ ਦਾ ਪ੍ਰਚਾਰ ਕਰਨ ਦੀ ਯਿਸੂ ਦੀ ਉਦਾਹਰਣ ਉਦਾਹਰਣ ਦਾ ਪਿੱਛਾ ਕਰਨ ਲਈ ਮੇਰੀ ਅਗਵਾਈ ਕਰੇ: ਪਹਿਲਾਂ ਲੋਕਾਂ ਨਾਲ ਮਿਲਣ ਅਤੇ ਮਿੱਤਰ ਬਣਨ; ਦੂਸਰਾ, ਉਨ੍ਹਾਂ ਦੀਆਂ ਭੌਤਿਕ ਜ਼ਰੂਰਤਾਂ ਲਈ ਤਰਸ ਦਿਖਾਉਣ ਅਤੇ ਉਨ੍ਹਾਂ ਦਾ ਭਰੋਸਾ ਜਿੱਤਨ; ਅਤੇ ਫਿਰ ਖੁਸ਼ਖਬਰੀ ਦਾ ਪ੍ਰਚਾਰ ਉਨ੍ਹਾਂ ਨੂੰ ਦੱਸਣ ਵਿਚI*

*ਚੱਕਰ ਲਗਾਓ:     ਹਾਂ          ਅਨਿਸ਼ਚਿਤ*

*ਮੈਂ ਮਹਿਸੂਸ ਕਰ ਰਿਹਾ ਹਾਂ ਕਿ ਆਤਮਿਕ ਅਸੀਸਾਂ ਅਤੇ ਪਰਿਪੱਕਤਾ ਉਨ੍ਹਾਂ ਕੋਲ ਆਵੇਗੀ ਜੋ ਦੂਸਰਿਆਂ ਦੀ ਸੇਵਾ ਸੇਵਾ ਕਰਨਗੇI ਮੈਂ ਆਪਣਾ ਜੀਵਨ ਪਰਮੇਸ਼ਰ ਦੀ ਸੇਵਾ ਲਈ ਸਮਰਪਿਤ ਕਰਦਾ ਹਾਂ ਅਤੇ ਪ੍ਰਾਰਥਨਾ ਕਰਦਾ ਹਾਂ ਕਿ ਉਹ ਦੂਸਰਿਆਂ ਦੀ ਸੇਵਾ ਕਰਨ ਵਿਚ ਮੇਰੀ ਅਗਵਾਈ ਕਰੇI*

*ਚੱਕਰ ਲਗਾਓ:     ਹਾਂ          ਅਨਿਸ਼ਚਿਤ*



## ਪਾਠ 11
## ਪਰਮੇਸ਼ਰ ਦਾ ਗਿਆਨ

### (1) ਕਿਹੜਾ ਮੌਜੂਦਾ ਸਰੋਤ ਹੈ ਜੋ ਪਰਮੇਸ਼ਰ ਅਤੇ ਉਸਦੀ ਮਹਾਨ ਮਹਿਮਾ ਨੂੰ ਪ੍ਰਗਟ ਕਰਦਾ ਹੈ?

***ਸਵਰਗ ਪਰਮੇਸ਼ੁਰ ਦੀ ਮਹਿਮਾ ਬਾਰੇ ਗੱਲਾਂ ਕਰਦੇ ਹਨ। ਅਕਾਸ਼ ਉਨ੍ਹਾਂ ਚੰਗਿਆਂ ਚੀਜ਼ਾਂ ਬਾਰੇ ਦਸ੍ਸਦੇ ਹਨ ਜਿਹੜੀਆਂ ਪਰਮੇਸ਼ੁਰ ਦੇ ਹਥੀ ਸਾਜੀਆਂ ਗਈਆਂ ਹਨ। (ਜ਼ਬੂਰ 19:1)***

ਪਰਮੇਸ਼ਰ ਅਨੇਕਾਂ ਤਰੀਕੀਆਂ ਨਾਲ ਆਪਣੇ ਆਪ ਨੂੰ ਸਾਡੇ ਤੇ ਪ੍ਰਗਟ ਕਰਦਾ ਹੈ ਅਤੇ ਸਾਨੂੰ ਆਪਣੇ ਸੰਪਰਕ ਵਿੱਚ ਲਿਆਉਂਣਾ ਚਾਹੁੰਦਾ ਹੈ। ਕੁਦਰਤ ਨਿਰੰਤਰ ਤੌਰ ਤੇ ਸਾਡੀਆਂ ਗਿਆਨ ਇੰਦ੍ਰੀਆਂ ਨੂੰ ਸੁਨੇਹੇ ਦੇਂਦੀ ਰਹਿੰਦੀ ਹੈ। ਪਰਮੇਸ਼ਰ ਦੇ ਹੱਥਾਂ ਦੀ ਕਾਰੀਗਰੀ ਅਤੇ ਉਸਦੀ ਮਹਿਮਾ ਉਸ ਲਈ ਖੁੱਲ੍ਹੇ ਹਿਰਦਿਆਂ ਨੂੰ ਪ੍ਰਭਾਵਿਤ ਕਰਦੀ ਹੈ। ਪਰਮੇਸ਼ਰ ਲਈ ਖੁੱਲ੍ਹੇ ਕੰਨ ਕੁਦਰਤ ਦੀਆਂ ਵਸਤੂਆਂ ਦੁਆਰਾ ਪਰਮੇਸ਼ਰ ਦੇ ਸੰਦੇਸ਼ਾ ਨੂੰ ਸੁਣ ਅਤੇ ਸਮਝ ਸਕਦੇ ਹਨ। ਹਰੇ ਹਰੇ ਖੇਤ, ਉੱਚੇ ਉੱਚੇ ਦਰਖਤ, ਫੁੱਲ ਅਤੇ ਕਲੀਆਂ, ਮਸਤ ਚਾਲ ਤੁਰਦੇ ਬੱਦਲ, ਰਿਮਝਿਮ ਕਰਦੀ ਵਰਖਾ, ਕਲ ਕਲ ਵਗਦੀ ਨਦੀ, ਆਕਾਸ਼ ਦੇ ਮਹਾਨ ਅਤੇ ਪ੍ਰਭਾਵ ਪੂਰਣ ਨਛੱਤਰ (ਚਿੰਨ, ਸੂਰਜ, ਤਾਰੇ) ਇਹ

ਸਾਰੇ ਸਾਡੇ ਹਿਰਦਿਆ ਨਾਲ ਗੱਲਾ ਕਰਦੇ ਹਨ ਅਤੇ ਸਾਨੂੰ ਸੁਨੇਹਾ ਦੇਂਦੇ ਹਨ, "ਆਉ ਉਸ ਸਿਰਜਣਹਾਰ ਨੂੰ ਜਿਸਨੇ ਸਭ ਕੁਝ ਸਾਜਿਆ ਹੈ, ਉਸਨੂੰ ਪਛਾਣੀਏI"

ਸਾਡੇ ਪ੍ਰਾਣਦਾਤਾ ਨੇ ਆਪਣੇ ਬਹੁਮੁੱਲੇ ਪਾਠ ਦਾ ਗਿਆਨ ਕੁਦਰਤ ਦੀਆਂ ਵਸਤੂਆਂ ਨਾਲ ਸੰਬੰਧਿਤ ਕਰਕੇ ਸਾਨੂੰ ਸਮਝਾਇਆ ਸੀ। ਪਰਬਤ, ਘਾਟੀਆ ਅਤੇ ਸਰੋਵਰ ਦਰਖਤ, ਪੰਛੀ ਅਤੇ ਫੁੱਲ, ਸੋਹਣਾ ਸਜੀਲਾ ਆਕਾਸ਼ ਅਤੇ ਰੋਜ਼ਾਨਾਂ ਜੀਵਨ ਦੀਆਂ ਘਟਨਾਵਾਂ ਅਤੇ ਆਲਾ ਦੁਆਲਾ, ਸਭ ਸਚਾਈ ਦੇ ਬਚਨਾਂ ਨਾਲ ਜੁੜੇ ਹੋਏ ਸਨ ਤਾਂ ਕਿ ਉਸਦੀ (ਯਿਸੂ) ਸਿੱਖਿਆ ਤੇ ਗਿਆਨ ਕਠਿਨ ਅਤੇ ਰੁਝੇਵਿਆਂ ਭਰੇ ਜੀਵਨ ਵਿੱਚ ਵੀ ਮਨੁੱਖ ਨੂੰ ਯਾਦ ਰਹਿਣ।

ਪਰਮੇਸ਼ਰ ਚਾਹੁੰਦਾ ਹੈ ਉਸਦੇ ਬੱਚੇ ਉਸਦੇ ਕੰਮਾਂ ਦੀ ਸਰਾਹਨਾ ਕਰਨ ਅਤੇ ਅਤੇ ਜਿਸ ਸਾਧਾਰਣ ਸੁੰਦਰਤਾ ਨਾਲ ਉਸਨੇ ਸਾਡੀ ਧਰਤੀ ਨੂੰ ਸੁਸ਼ੋਭਿਤ ਕੀਤਾ ਹੈ ਉਸਦਾ ਅਨੰਦ ਮਾਨਣ। ਉਹ (ਪਰਮੇਸ਼ਰ) ਸੁੰਦਰਤਾ ਦਾ ਪ੍ਰੇਮੀ ਹੈ, ਪ੍ਰੰਤੂ ਬਾਹਰੀ ਸੁੰਦਰਤਾ ਤੋਂ ਵਧ ਕੇ ਉਹ ਚਰਿੱਤ੍ਰ ਦੀ ਖੂਬਸੂਰਤੀ ਦਾ ਪ੍ਰੇਮੀ ਹੈ: ਉਹ ਚਾਹੁੰਦਾ ਹੈ ਅਸੀਂ ਆਪਣੇ ਸਰਿੱਤਰ ਨੂੰ ਫੁੱਲਾਂ ਜਿਹੀ ਪਵਿੱਤਰ, ਕੋਮਲ, ਸਰਲ ਅਤੇ ਗੰਭੀਰ ਅਦਾ ਨਾਲ ਸ਼ਿੰਗਾਰੀਏ ਅਤੇ ਸਜਾਈਏ।

## (2) ਸਾਡੇ ਵਿਅਸਤ ਜੀਵਨ ਵਿਚ ਅਸੀਂ ਪਰਮੇਸ਼ਰ ਨੂੰ ਕਿਵੇਂ ਦੇਖ ਅਤੇ ਸਾਡੇ ਨਾਲ ਗੱਲ ਕਰਦੇ ਨੂੰ ਸੁਣ ਸਕਦੇ ਹਾਂ?

***ਜੇਕਰ ਕੋਈ ਚੀਜ਼ ਤੁਹਾਨੂੰ ਪਰੇਸ਼ਾਨ ਕਰਦੀ ਹੈ। ਜਦੋਂ ਤੁਸੀਂ ਗੁੱਸੇ ਹੁੰਦੇ ਹੋ, ਪਾਪ ਨਾ ਕਰੋ। ਜਦੋਂ ਤੁਸੀਂ ਆਪਣੇ ਬਿਸਤਰੇ ਤੇ ਲੇਟਦੇ ਹੋ ਇਨ੍ਹਾਂ ਗੱਲਾਂ ਬਾਰੇ ਸੋਚ ਵਿਚਾਰ ਕਰੋ ਅਤੇ ਫ਼ੇਰ ਨਿਸ਼ਚਿੰਤ ਹੋ ਜਾਉ। (ਜ਼ਬੂਰ 4:4)***

ਜੇਕਰ ਅਸੀ ਧਿਆਨ ਨਾਲ ਸੁਣੀਏ ਅਤੇ ਵਿਚਾਰੀਏ ਤਾਂ ਪਰਮੇਸ਼ਰ ਦੀ ਸਿਰਜਣਾਂ ਦੇ ਕੰਮ ਸਾਨੂੰ ਆਗਿਆ ਪਾਲਣ ਅਤੇ ਵਿਸ਼ਵਾਸ ਧਾਰਨ ਦੇ ਬਹੁਮੁੱਲੇ ਸਬਕ ਸਿਖਾਉਂਦੇ ਹਨ। ਜੁਗਾਂ ਜੁਗਾਂਤਰਾਂ ਤੋਂ ਆਕਾਸ਼ ਵਿੱਚ ਆਪਣੇ ਪੰਥ ਤੇ ਚੱਲਣ ਵਾਲੇ ਅਣਗਿਣਤ ਤਾਰਿਆਂ ਤੋਂ ਲੈ ਕੇ ਪ੍ਰਿਥਵੀ ਦੇ ਪ੍ਰਮਾਣੂ ਅਤੇ ਕੁਦਰਤ

ਦੀਆਂ ਸਭ ਅਦਭੁੱਤ ਵਸਤੂਆਂ ਜਿੰਨਾਂ ਦੀ ਕੋਈ ਸਾਰ ਨਹੀ ਜਾਣ ਸਕਦਾ, ਸਭ ਸਿਰਜਣਹਾਰ ਕਰਤਾਰ ਦੇ ਹੁਕਮ ਵਿੱਚ ਚੱਲ ਰਹੇ ਹਨ ਅਤੇ ਪਰਮੇਸ਼ਰ ਹਰ ਜੀਵ ਅਤੇ ਵਸਤੂ ਜੋ ਉਸਨੇ ਪੈਦਾ ਕੀਤੇ ਹਨ ਉਨ੍ਹਾਂ ਦਾ ਪਾਲਣ ਪੌਸ਼ਣ ਅਤੇ ਰੱਖਿਆ ਕਰਦਾ ਹੈ।

**(3) ਪਰਮੇਸ਼ਰ ਨੇ ਜੋ ਕੁਝ ਵੀ ਬਣਾਇਆ ਹੈ ਉਸ ਲਈ ਆਪਣੀ ਦਇਆ ਕਿਵੇਂ ਪ੍ਰਗਟ ਕਰਦਾ ਹੈ?**

***ਭਲਾ, ਇੱਕ ਪੈਸੇ ਨੂੰ ਦੋ ਚਿੜੀਆਂ ਨਹੀਂ ਵਿਕਦੀਆਂ? ਅਤੇ ਉਨ੍ਹਾਂ ਵਿੱਚੋਂ ਇੱਕ ਭੀ ਤੁਹਾਡੇ ਪਿਤਾ ਦੀ ਮਰਜੀ ਬਿਨਾ ਧਰਤੀ ਉੱਤੇ ਨਹੀਂ ਡਿੱਗਦੀ। (ਮੱਤੀ 10:29,***

ਜੋ ਪਰਮੇਸ਼ਰ ਅਣਗਿਣਤ ਅਤੇ ਅਸੰਖਾਂ ਖੰਡਾਂ ਅਤੇ ਬ੍ਰਹਿਮੰਡਾਂ ਨੂੰ ਸੰਭਾਲਦਾ ਹੈ, ਉਹ ਉਸ ਛੋਟੀ ਜਿਹੀ ਭੂਰੀ ਚਿੜੀ ਦਾ ਵੀ ਧਿਆਨ ਰੱਖਦਾ ਹੈ ਜੋ ਨਿਰਭੈ ਹੋ ਕੇ ਆਪਣੇ ਮਾਸੂਮ ਗੀਤ ਗਾਉਂਦੀ ਰਹਿੰਦੀ ਹੈ। ਜਦੋਂ ਮਨੁੱਖ ਆਪਣੇ ਰੋਜ਼ਾਨਾ ਮਿਹਨਤ ਮੁਸ਼ਕਤ ਦੇ ਕੰਮਾਂ ਲਈ ਨਿਕਲਦੇ ਹਨ, ਅਰਦਾਸਾਂ ਵਿੱਚ ਲੀਨ ਹੁੰਦੇ ਹਨ, ਜਦੋਂ ਰਾਤੀ ਸੌਣ ਲਈ ਲੰਮੇ ਪੈਦੇ ਹਨ ਅਤੇ ਜਦੋਂ ਸਵੇਰੇ ਸੌਂ ਕੇ ਉੱਠਦੇ ਹਨ, ਜਦੋਂ ਧੰਨਵਾਨ ਮਨੁੱਖ ਆਪਣੇ ਮਹਿਲਾਂ ਵਿੱਚ ਪਰੀਤੀ ਭੋਜਨ ਦਾ ਆਨੰਦ ਮਾਣਦਾ ਹੈ, ਜਦੋਂ ਗਰੀਬ ਮਨੁੱਖ ਆਪਣੇ ਬੱਚਿਆਂ ਨੂੰ ਇੱਕਠਿਆ ਕਰਕੇ ਰੁੱਖੀ ਸੁੱਕੀ ਰੋਟੀ ਵੰਡਦਾ ਹੈ ਤਾਂ ਸਵਰਗੀ ਪਿਤਾ ਪਰਮੇਸ਼ਰ ਹਰ ਇੱਕ ਨੂੰ ਕੋਮਲ ਦ੍ਰਿਸ਼ਟੀ ਨਾਲ ਦੇਖਦਾ ਹੈ। ਕੋਈ ਵੀ ਕਿਰਦਾ ਹੰਝੂ ਐਸਾ ਨਹੀਂ ਜੋ ਪਰਮੇਸ਼ਰ ਨੂੰ ਨਜ਼ਰ ਨਾ ਆਏ। ਕੋਈ ਵੀ ਐਸੀ ਮੁਸਕਰਾਹਟ ਨਹੀਂ ਜਿਸ ਵੱਲ ਪਰਮੇਸ਼ਰ ਦਾ ਧਿਆਨ ਨਹੀਂ ਜਾਂਦਾ।

**(4) ਜਦੋਂ ਅਸੀਂ ਪ੍ਰਭੂ ਨੂੰ ਪਿਆਰ ਕਰਦੇ ਹਾਂ ਅਤੇ ਆਪਣੇ ਜੀਵਨਾਂ ਨੂੰ ਉਸਦੇ ਹੱਥਾਂ ਵਿਚ ਸੌਂਪਦੇ ਹਾਂ ਤਾਂ ਸਾਡੇ ਕੋਲ ਕਿਹੜੀ ਸੁਰੱਖਿਆ ਹੁੰਦੀ ਹੈ?**

***ਅਸੀਂ ਜਾਣਦੇ ਹਾਂ ਭਈ ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ੁਰ***

*ਦੀ ਮਨਸ਼ਾ ਦੇ ਅਨੁਸਾਰ ਸੱਦੇ ਹੋਏ ਹਨ। (ਰੋਮੀਆਂ 8:28)*

ਜੇਕਰ ਅਸੀ ਪੂਰਨ ਤੌਰ ਤੇ ਇਨ੍ਹਾਂ ਗੱਲਾਂ ਦੀ ਪ੍ਰਤੀਤ ਕਰ ਲਈਏ ਤਾਂ ਸਾਰੀਆਂ ਵਿਅਰੱਥ ਚਿੰਤਾਵਾਂ ਮਿਟ ਜਾਣ। ਸਾਡਾ ਜੀਵਨ ਕਦੀ ਵੀ ਨਿਰਾਸ਼ਤਾ ਅਤੇ ਉਦਾਸੀ ਭਰਪੂਰ ਨਾ ਹੋਵੇ ਜਿਵੇਂ ਹੁਣ ਹੈ, ਜੇਕਰ ਅਸੀਂ ਹਰ ਗੱਲ ਵੱਡੀ ਜਾਂ ਛੋਟੀ ਹਰ ਚਿੰਤਾ ਪਰਮੇਸ਼ਰ ਦੇ ਹੱਥ ਸੌਂਪ ਦੇਈਏ ਜੋ ਕਿ ਅਸੰਖਾ ਚਿੰਤਾਵਾਂ ਨਾਲ ਵੀ ਕਦੀ ਚਿੰਤਾਤੁਰ ਨਹੀਂ ਹੁੰਦਾ ਅਤੇ ਨਾ ਹੀ ਉਨ੍ਹਾਂ ਦੇ ਭਾਰ ਨਾਲ ਘਬਰਾਉਂਦਾ ਹੈ ਅਤੇ ਫਿਰ ਸਾਨੂੰ ਉਹ ਆਤਮਿਕ ਸੁੱਖ ਸੰਤੋਖ ਪ੍ਰਾਪਤ ਹੋ ਸਕਦਾ ਹੈ ਜਿਸ ਲਈ ਲੋਕ ਜੁਗਾਂ ਤੋਂ ਸਹਿਕ ਰਹੇ ਹਨ।

**(5) ਪਰਮੇਸ਼ਰ ਛੁਟਕਾਰਾ ਪਾਏ ਹੋਏ ਆਪਣੇ ਬੱਚਿਆਂ ਦੇ ਲਾਭ ਲਈ ਕੀ "ਸਭ ਕੁਝ" ਕਰੇਗਾ ਜੋ ਇੰਨਾ ਮਹਾਨ ਹੋਵੇਗਾ ਜਿਸ ਦੀ ਕਲਪਨਾ ਵੀ ਨਹੀਂ ਕਰ ਸਕਦੇ ਹਾਂ?**

***ਅਤੇ ਉਹ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਬੋਲਿਆ, ਵੇਖ, ਮੈਂ ਸੱਭੋ ਕੁਝ ਨਵਾਂ ਬਣਾਉਂਦਾ ਹਾਂ, ਅਤੇ ਓਨ ਆਖਿਆ, ਲਿਖ, ਕਿਉਂ ਜੋ ਇਹ ਬਚਨ ਨਿਹਚਾ ਜੋਗ ਅਤੇ ਸਤ ਹਨ। (ਪਰਕਾਸ਼ ਦੀ ਪੋਥੀ 21:5)***

ਜੇਕਰ ਤੁਹਾਡੀਆਂ ਗਿਆਨ ਇੰਦ੍ਰੀਆਂ ਇਸ ਪ੍ਰਿਥਵੀ ਦੀ ਲੁਭਾਉਂਣ ਵਾਲੀ ਸੁੰਦਰਤਾ ਤੇ ਐਸੀਆਂ ਮੁਗਧ ਹੋ ਜਾਂਦੀਆਂ ਹਨ ਤਾਂ ਜ਼ਰਾ ਆਉਣ ਵਾਲੇ ਸੰਸਾਰ ਦਾ ਵਿਚਾਰ ਕਰ ਕੇ ਦੇਖੋ ਜਿਸ ਵਿੱਚ ਪਾਪ ਅਤੇ ਮੌਤ ਦਾ ਨਾਂ ਮਾਤਰ ਵੀ ਨਹੀ ਹੋਵੇਗਾ, ਜਿੱਥੇ ਕੁਦਰਤ ਦੇ ਹਸੀਨ ਮੁੱਖੜੇ ਤੇ ਸ਼ਰਾਪ ਦਾ ਕੋਈ ਪਰਛਾਵਾ ਨਹੀ ਹੋਵੇਗਾ। ਜ਼ਰਾ ਆਪਣੀ ਸੋਚ-ਕਲਪਣਾ ਵਿੱਚ ਜੀਵਨ ਮੁੱਕਤੀ ਪਾਉਂਣ ਵਾਲਿਆਂ ਦੇ ਘਰਾਂ ਦਾ ਚਿੱਤਰ ਬਣਾਉ ਅਤੇ ਯਾਦ ਰੱਖੋ ਉਹ ਤੁਹਾਡੀ ਕਲਪਣਾ ਦੀ ਅਤਿ ਮਨੋਹਰ ਝਾਕੀ ਨਾਲੋਂ ਵੀ ਜ਼ਿਆਦਾ ਮਹਿਮਾ ਭਰਪੂਰ ਹੋਵੇਗਾ। ਕੁਦਰਤ ਵਿੱਚ ਪਰਮੇਸ਼ਰ ਦੇ ਜੋ ਭਿੰਨ ਭਿੰਨ ਵਰਦਾਨਾਂ ਦੀ ਮਹਿਮਾਂ ਅਸੀ ਦੇਖਦੇ ਹਾਂ ਉਹ ਕੇਵਲ ਇੱਕ ਫਿੱਕੀ ਜਿਹੀ ਜੋਤ ਵਾਂਗ (ਪਾਪ ਦੇ ਕਾਰਣ) ਹੀ ਨਜ਼ਰ ਆਉਂਦੀ ਹੈ। ਬਾਈਬਲ ਵਿੱਚ ਇਹ ਲਿਖਿਆ ਹੈ, "ਜੋ ਅੱਖਾਂ ਨੇ ਨਹੀ ਦੇਖਿਆ,

ਕੰਨਾਂ ਨੇ ਨਹੀਂ ਸੁਣਿਆ ਅਤੇ ਜੋ ਗੱਲਾਂ ਕਦੀ ਮਨੁੱਖ ਦੇ ਚਿੱਤ ਵਿੱਚ ਵੀ ਨਹੀਂ ਆ ਸਕਦੀਆਂ, ਉਹੋ ਪਰਮੇਸ਼ਰ ਨੇ ਆਪਣੇ ਪਿਆਰ ਕਰਣ ਵਾਲਿਆ ਲਈ ਤਿਆਰ ਕੀਤੀਆ ਹਨ।” 1 ਕੁਰੰਥੀਆਂ 2:9.

ਕਵੀਆਂ ਅਤੇ ਪ੍ਰਕਿਤੀ ਦੇ ਗਿਆਨੀਆਂ ਨੇ ਪ੍ਰਕਿਤੀ ਬਾਰੇ ਅਨੇਕਾਂ ਪ੍ਰਸੰਗ ਲਿਖੇ ਹਨ, ਪ੍ਰੰਤੂ ਮਸੀਹ ਇਸ ਧਰਤੀ ਦੀ ਸੁੰਦਰਤਾ ਦਾ ਰਸ ਪ੍ਰਭੂ ਦੀ ਵਡਿਆਈ ਤੇ ਪ੍ਰਸ਼ੰਸਾ ਕਰਕੇ ਮਾਣਦਾ ਹੈ, ਕਿਉਂਕਿ ਉਹ ਆਪਣੇ ਪਿਤਾ ਪਰਮੇਸ਼ਰ ਦੇ ਹੱਥਾਂ ਦੀ ਕਾਰੀਗਰੀ ਨੂੰ ਪਹਿਚਾਣਦਾ ਹੈ ਅਤੇ ਉਸਦੇ ਆਪਾਰ ਪ੍ਰੇਮ ਨੂੰ ਫੁੱਲਾਂ ਅਤੇ ਦਰਖਤਾਂ ਵਿੱਚੋਂ ਨਿਹਾਰਦਾ ਹੈ। ਜੋ ਮਨੁੱਖ ਪਰਬਤ, ਘਾਟੀ, ਨਦੀ ਅਤੇ ਸਮੁੰਦਰ ਨੂੰ ਮਨੁੱਖਾ ਪ੍ਰਤੀ ਪਰਮੇਸ਼ਰ ਦੇ ਅਸੀਮ ਪਿਆਰ ਦਾ ਪ੍ਰਗਟਾਵਾ ਨਹੀਂ ਮੰਨਦਾ, ਉਹ ਕਦੀ ਵੀ ਕੁਦਰਤ ਦੇ ਇਨ੍ਹਾਂ ਅਦਭੁੱਤ ਵਰਦਾਨਾਂ ਦੀ ਮਹੱਤਤਾ ਨੂੰ ਪੂਰਣ ਤੌਰ ਤੇ ਅਨੁਭਵ ਨਹੀਂ ਕਰ ਸਕਦਾ ਅਤੇ ਨਾ ਹੀ ਇਨ੍ਹਾਂ ਦੀ ਪ੍ਰਸ਼ੰਸਾ ਕਰ ਸਕਦਾ ਹੈI

**(6) ਜਦੋਂ ਅਸੀਂ ਪਵਿੱਤਰ ਆਤਮਾ ਨਾਲ ਸੁਰ ਵਿਚ ਹੁੰਦੇ ਹਾਂ ਤਾਂ ਪਰਮੇਸ਼ਰ ਬਾਰੇ ਕਿਹੜੇ ਸਿਧਾਂਤ ਪ੍ਰਗਟ ਹੁੰਦੇ ਹਨ?**

***ਪਰਮੇਸੁਰ ਨਿਆਂਕਾਰ ਹੋਣ ਅਤੇ ਚੰਗੀਆਂ ਗੱਲਾਂ ਕਰਨ ਨੂੰ ਪਿਆਰ ਕਰਦਾ ਹੈ। ਧਰਤੀ ਉੱਤੋ ਯਹੋਵਾਹ ਦਾ ਸੱਚਾ ਪਿਆਰ ਭਰਪੂਰ ਹੈ। (ਜ਼ਬੂਰ 33:5)***

ਪਰਮੇਸ਼ਰ ਸਾਡੇ ਨਾਲ ਆਪਣੇ ਦੈਵੀ ਕਾਰਜਾਂ ਅਤੇ ਆਪਣੀ ਆਤਮਾ ਦੀ ਸ਼ਕਤੀ ਦੇ ਪ੍ਰਭਾਵ ਨਾਲ ਬੋਲਦਾ ਹੈ। ਆਪਣੀਆਂ ਪ੍ਰਿਸਥਿਆਂ ਅਤੇ ਵਾਤਾਵਰਣ ਵਿੱਚ ਅਤੇ ਆਪਣੇ ਆਲੇ ਦੁਆਲੇ ਦਿਨ ਪ੍ਰਤੀ ਦਿਨ ਤਬਦੀਲੀਆਂ ਨਾਲ ਅਸੀ ਬਹੁਮੁੱਲੇ ਸ਼ਬਦ ਸਿੱਖ ਸਕਦੇ ਹਾਂ ਜੇ ਸਾਡੇ ਹਿਰਦੇ ਨਿਰਣਾਂ ਕਰਨ ਲਈ ਖੁੱਲ੍ਹੇ ਹੋਣ।

**(7) ਬਾਈਬਲ ਵਿਚ ਪੁਰਖਿਆਂ ਅਤੇ ਨਬੀਆਂ ਦੇ ਅਨੁਭਵ ਕਿਉਂ ਲਿਖੇ ਗਏ ਹਨ?**

***ਕਿਉਂਕਿ ਜੋ ਕੁਝ ਅੱਗੇ ਲਿਖਿਆ ਗਿਆ ਸੋ ਸਾਡੀ ਸਿੱਖਿਆ ਦੇ ਲਈ ਲਿਖਿਆ ਗਿਆ ਭਈ ਅਸੀਂ ਧੀਰਜ ਤੋਂ***

*ਅਤੇ ਧਰਮ ਪੁਸਤਕ ਦੇ ਦਿਲਾਸੇ ਤੋਂ ਆਸਾ ਰੱਖੀਏ। (ਰੋਮੀਆਂ 15:4)*

ਪਰਮੇਸ਼ਰ ਸਾਡੇ ਨਾਲ ਆਪਣੇ ਬਚਨ ਦੁਆਰਾ ਗੱਲ ਕਰਦਾ ਹੈ। ਏਥੇ ਉਸਦੇ ਚਰਿੱਤਰ ਦੇ ਪ੍ਰਕਾਸ਼ ਦਾ ਪ੍ਰਤੱਖ ਗਿਆਨ ਮਨੁੱਖਾ ਨਾਲ ਉਸਦੇ ਵਰਤਾਰੇ ਦਾ ਵਰਣਨ ਅਤੇ ਮਨੁੱਖਾ ਦੇ ਉੱਧਾਰ ਦੇ ਵਿਸ਼ਾਲ ਕਾਰਜ ਦਾ ਪਤਾ ਲੱਗਦਾ ਹੈ। ਇੱਥੋਂ ਹੀ ਸਾਨੂੰ ਸਾਡੇ ਪ੍ਰਾਚੀਨ ਪਿਤਾ ਪਿਤਾਮ ਨਬੀਆਂ ਅਤੇ ਮਹਾਂਪੁਰਖਾਂ ਦੇ ਇਤਿਹਾਸ ਦਾ ਪਤਾ ਲਗਦਾ ਹੈ ਉਹ ਵੀ, "ਸਾਡੇ ਸਮਾਨ ਹੀ ਦੁੱਖ ਸੁੱਖ ਭੋਗੀ ਮਨੁੱਖ ਸਨ।" ਯਾਕੂਬ 5:17. ਅਸੀਂ ਦੇਖਦੇ ਹਾਂ ਕਿਵੇਂ ਉਹ ਵੀ ਸਾਡੀ ਤਰ੍ਹਾਂ ਹੀ ਨਿਰਾਸ਼ਾ ਵਿੱਚ ਵੀ ਸੰਘਰਸ਼ ਕਰਦੇ ਰਹੇ, ਕਿਵੇਂ ਉਹ ਸਾਡੀ ਤਰ੍ਹਾਂ ਕਠਿਨ ਪ੍ਰੀਖਿਆ ਵਿੱਚੋਂ ਲੰਘੇ ਪਰ ਫਿਰ ਵੀ ਹੌਸਲਾ ਕਰਕੇ ਉੱਠੇ ਅਤੇ ਪਰਮੇਸ਼ਰ ਦੀ ਮਿਹਰ ਬਖਸ਼ਿਸ਼ ਨਾਲ ਭਰੋਸਾ ਰੱਖ ਕੇ ਵਿਜੈ ਪਾਈ। ਅਤੇ ਉਨ੍ਹਾਂ ਦੀ ਸਫਲਤਾ ਨੂੰ ਦੇਖ ਕੇ ਸਾਨੂੰ ਵੀ ਧਾਰਮਿਕਤਾ ਦੇ ਸੰਗਰਾਮ ਵਿੱਚ ਉਤਸ਼ਾਹ ਮਿਲਦਾ ਹੈ।

ਜਦੋਂ ਅਸੀਂ ਪੜ੍ਹਦੇ ਹਾਂ ਕਿ ਉਨ੍ਹਾਂ ਦੇ ਅਨਮੋਲ ਤਜ਼ਰਬਿਆਂ ਅਤੇ ਘਾਲਾਂ ਨਾਲ ਜੋ ਪ੍ਰੇਮ ਦੀ ਰੌਸ਼ਨੀ ਅਤੇ ਵਰਦਾਨ ਉਨ੍ਹਾਂ ਨੂੰ ਬਖਸ਼ਿਸ਼ ਵਿੱਚ ਮਿਲੇ ਅਤੇ ਮਿਹਰ ਦੀ ਇਸ ਬਖਸ਼ਿਸ਼ ਨਾਲ ਉਨ੍ਹਾਂ ਨੇ ਕਿੰਨੇ ਕਲਿਆਣਕਾਰੀ ਕਾਰਜ ਕੀਤੇ ਅਤੇ ਜਿਸ ਰੱਬੀ ਸ਼ਕਤੀ ਨੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਉਹੋ ਸ਼ਕਤੀ ਸਾਡੇ ਅੰਦਰ ਵੀ ਉਤਸ਼ਾਹ ਦੀ ਇੱਕ ਪਵਿੱਤਰ ਜੋਤ ਜਗਾਉਂਦੀ ਹੈ ਅਤੇ ਇੱਕ ਉਮੰਗ ਪੈਦਾ ਕਰਦੀ ਹੈ ਕਿ ਉਨ੍ਹਾਂ ਵਾਂਗ ਹੀ ਸਾਡਾ ਚਰਿੱਤਰ ਵੀ ਹੋਵੇ- ਉਨ੍ਹਾਂ ਵਾਂਗ ਹੀ ਪਰਮੇਸ਼ਰ ਦੇ ਨਾਲ ਨਾਲ ਕਦਮ ਮਿਲਾ ਕੇ ਚੱਲਣ ਵਾਲਾ ਚਰਿੱਤਰ।

## (8) ਬਾਈਬਲ ਦਾ ਅਧਿਐਨ ਕਰਨ ਦੁਆਰਾ ਕਿਹੜੀਆਂ ਦੋ ਵਿਸ਼ੇਸ਼ ਅਸੀਸਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ?

*"ਇਹ ਉਹੋ ਗੱਲਾਂ ਹਨ ਜੋ ਮੇਰੀ ਗਵਾਹ ਦੇਂਦੀਆ ਹਨ ਮੁਕਤੀ ਦਾਤਾ, ਜਿਸ ਉੱਪਰ ਸਾਡੀ ਅਨੰਤ ਜੀਵਨ ਦੀ ਆਸ਼ਾ ਕੇਂਦ੍ਰਿਤ ਹੈI" (ਯੂਹੰਨਾਂ 5:39)*

ਯਿਸੂ ਮਸੀਹ ਨੇ ਧਰਮ ਸ਼ਾਸਤਰ ਦੇ ਪੁਰਾਣੇ ਨੇਮ ਦੀ ਬਾਣੀ ਵਿੱਚ ਜੋ ਗੱਲਾਂ ਕਹੀਆਂ ਹਨ ਉਹ ਨਵੇਂ ਨੇਮ ਦੇ ਅਨੁਸਾਰ ਬਿਲਕੁਲ ਸੱਚੀਆਂ ਹਨ। "ਇਹ ਉਹੋ ਗੱਲਾਂ ਹਨ ਜੋ ਮੇਰੀ ਗਵਾਹ ਦੇਂਦੀਆ ਹਨ" ਮੁਕਤੀ ਦਾਤਾ, ਜਿਸ ਉੱਪਰ ਸਾਡੀ ਅਨੰਤ ਜੀਵਨ ਦੀ ਆਸ਼ਾ ਕੇਂਦ੍ਰਿਤ ਹੈ। ਹਾਂ, ਸਾਰੀ ਬਾਈਬਲ ਯਿਸੂ ਦਾ ਵਰਣਨ ਕਰਦੀ ਹੈ। ਉਤਪਤ ਦੇ ਪ੍ਰਥਮ ਉਲੇਖ ਤੋਂ ਲੈ ਕੇ, "ਜੋ ਕੁਝ ਵੀ ਉਤਪੰਨ ਹੋਇਆ, ਉਸ ਵਿੱਚੋਂ ਕੋਈ ਚੀਜ਼ ਵੀ ਉਸਤੋਂ (ਯਿਸੂ) ਬਿਨਾਂ ਉਤਪੰਨ ਨਾ ਹੋਈ" ਅੰਤਿਮ ਬਚਨ ਤੱਕ, "ਦੇਖੋ, ਮੈਂ ਸ਼ੀਘਰ ਹੀ ਆਉਂਣ ਵਾਲਾ ਹਾਂ" ਯੂਹੰਨਾਂ 1:3; ਪ੍ਰਕਾਸ਼ ਦੀ ਪੋਥੀ 22:12. ਸਾਰੀ ਬਾਈਬਲ ਵਿੱਚ ਅਸੀਂ ਉਸਦੇ ਕੰਮ ਦਾ ਵਰਣਨ ਪੜ੍ਹਦੇ ਹਾਂ ਅਤੇ ਉਸ ਦੀ ਬਾਣੀ ਨੂੰ ਸੁਣਦੇ ਹਾਂ ਜੇ ਤੁਸੀਂ ਯਿਸੂ ਮਸੀਹ ਨੂੰ ਪਛਾਣ ਗਏ ਹੋਂ ਤਾਂ ਪਵਿੱਤਰ ਸ਼ਾਸ਼ਤਰ ਦੀ ਬਾਣੀ ਨੂੰ ਪੜ੍ਹੋ ਅਤੇ ਮੰਨੋI

**(9) ਪਰਮੇਸ਼ਰ ਦੇ ਵਚਨ ਦਾ ਅਧਿਐਨ ਅਤੇ ਇਸ ਤੇ ਧਿਆਨ ਕਰਕੇ ਉਸ ਨੂੰ ਜਾਣਨਾ ਕਿਉਂ ਜ਼ਰੂਰੀ ਹੈ?**

***ਤਦ ਯਿਸੂ ਨੇ ਉਨ੍ਹਾਂ ਨੂੰ ਆਖਿਆ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੇ ਤੁਸੀਂ ਮਨੁੱਖ ਦੇ ਪੁੱਤ੍ਰ ਦਾ ਮਾਸ ਨਾ ਖਾਓ ਅਤੇ ਉਹ ਦਾ ਲਹੂ ਨਾ ਪੀਓ ਤਾਂ ਤੁਹਾਡੇ ਵਿੱਚ ਜੀਉਣ ਨਹੀਂ ਹੈ। ਜੀਉਦਾਤਾ ਤਾਂ ਆਤਮਾ ਹੈ। ਮਾਸ ਤੋਂ ਕੁਝ ਲਾਭ ਨਹੀਂ। ਜਿਹੜੀਆਂ ਗੱਲਾਂ ਮੈਂ ਤੁਹਾਨੂੰ ਆਖੀਆਂ ਹਨ ਓਹ ਆਤਮਾ ਹਨ ਅਤੇ ਜੀਉਣ ਹਨ।***
***(ਯੂਹੰਨਾਂ 6:53,63)***

ਆਪਣੇ ਹਿਰਦੇ ਨੂੰ ਪਰਮੇਸ਼ਰ ਦੇ ਬਚਨਾਂ ਨਾਲ ਭਰਪੂਰ ਕਰ ਦਿਉ। ਪਰਮੇਸ਼ਰ ਦੇ ਬਚਨ ਜੀਵਨ ਦਾ ਅੰਮ੍ਰਿਤ ਹਨ, ਜੋ ਤੁਹਾਡੇ ਹਿਰਦੇ ਦੀ ਤੱਪਦੀ ਪਿਆਸ ਮਿਟਾਉਂਦੇ ਹਨ। ਇਹ ਸਵਰਗਾਂ ਵੱਲੋਂ ਜੀਵਨ ਦੀ ਰੋਟੀ ਹੈ। ਯਿਸੂ ਮਸੀਹ ਨੇ ਐਲਾਨ ਕੀਤਾ ਹੈ, "ਜਦ ਤੱਕ ਤੁਸੀਂ ਮਨੁੱਖ ਦੇ ਪੁੱਤਰ ਦਾ ਮਾਸ ਨਾ ਖਾਉ ਅਤੇ ਉਸਦਾ ਲਹੂ ਨਾ ਪੀਵੋ। ਤੁਹਾਡੇ ਵਿੱਚ ਜੀਵਨ ਨਹੀਂ।" ਯੂਹੰਨਾ 6:53. ਜੋ ਅਸੀ ਖਾਂਦੇ ਅਤੇ ਪੀਂਦੇ ਹਾਂ, ਉਸਦੇ ਨਾਲ ਸਾਡਾ ਸਰੀਰ ਬਣਦਾ ਹੈ। ਸੋ ਜਿਵੇਂ ਇਹ ਸੁਭਾਵਕ ਅਸੂਲ ਸਰੀਰ ਲਈ ਹੈ ਆਤਮਾ ਲਈ ਵੀ ਹੈ: ਅਰਥਾਤ ਜਿਸ

ਵਸਤੂ ਦੀ ਅਸੀਂ ਅਰਾਧਨਾ ਕਰਾਂਗੇ, ਜਿਸ ਨਾਲ ਲਿਵ ਜੋੜਾਂਗੇ ਉਹ ਸਾਡੀ ਆਤਮਿਕ ਪ੍ਰਕਿਤੀ ਨੂੰ ਸੁਰ ਕਰਕੇ ਸ਼ਕਤੀਸ਼ਾਲੀ ਬਣਾਏਗੀ। ਪਰਮੇਸ਼ਰ ਦੀ ਲਿਵ ਸਾਨੂੰ ਪਰਮੇਸ਼ਰ ਵਿੱਚ ਲੀਨ ਕਰੇਗੀ ।

**(10) ਪੌਲੁਸ ਦੀ ਤਰ੍ਹਾਂ ਬਾਈਬਲ ਦੇ ਕਿਹੜੇ ਮਹਾਨ ਵਿਸ਼ੇ ਤੇ ਸਾਨੂੰ ਰਹਿਣਾ ਅਤੇ ਉਸ ਨੂੰ ਸਾਂਝਾ ਕਰਨਾ ਚਾਹੀਦਾ ਹੈ?**

***ਕਿਉਂ ਜੋ ਮੈਂ ਇਹ ਠਾਣ ਲਿਆ ਭਈ ਯਿਸੂ ਮਸੀਹ ਸਗੋਂ ਸਲੀਬ ਦਿੱਤੇ ਹੋਏ ਮਸੀਹ ਤੋਂ ਬਿਨਾ ਤੁਹਾਡੇ ਵਿੱਚ ਕਿਸੇ ਹੋਰ ਗੱਲ ਨੂੰ ਨਾ ਜਾਣਾਂ। (1 ਕੁਰਿੰਥੀਆਂ 2:2)***

ਮੁਕਤੀ ਇੱਕ ਐਸਾ ਦਿਲਚਸਪ ਵਿਸ਼ਾ ਹੈ ਜਿਸ ਨੂੰ ਜਾਣਨ ਦੀ ਇੱਛਾ ਸਵਰਗ ਦੂਤ ਵੀ ਰੱਖਦੇ ਹਨ; ਇਹ ਮੁਕਤ ਹੋਏ ਮਨੁੱਖਾ ਦੇ ਸੰਗੀਤ ਅਤੇ ਵਗਿਆਨ ਦਾ ਸਰੋਤ ਨਿਰੰਤਰ ਅਤੇ ਸਦੀਵੀ, ਯੁੱਗਾਂ ਤੱਕ ਬਣਿਆ ਰਹੇਗਾ। ਕੀ ਇਸ ਵਿਸ਼ੇ ਤੇ ਪੂਰਣ ਧਿਆਨ ਦੇਣਾ ਅਤੇ ਵਿਚਾਰਨਾ ਜ਼ਰੂਰੀ ਨਹੀ? ਯਿਸੂ ਮਸੀਹ ਦੀ ਅਸੀਮ ਕਰੁਣਾ ਅਤੇ ਪ੍ਰੇਮ, ਸਾਡੇ ਲਈ ਦਿੱਤੀ ਗਈ ਕੁਰਬਾਨੀ, ਸਾਡੀ ਗੰਭੀਰ ਸ਼ਾਂਤ ਵਿਚਾਰਾਂ ਦੀ ਮੰਗ ਕਰਦੇ ਹਨ। ਸਾਨੂੰ ਆਪਣੇ ਪਿਆਰੇ ਮੁਕਤੀ ਦਾਤੇ ਅਤੇ ਪੰਚ ਦੇ ਚਰਿੱਤਰ ਵੱਲ ਧਿਆਨ ਮਾਰਨਾ ਚਾਹੀਦਾ ਹੈ। ਸਾਨੂੰ ਉਸਦੇ ਸੰਦੇਸ਼ ਉਦੇਸ਼ ਵਿੱਚ ਲਿਵਲੀਨ ਹੋਣਾ ਚਾਹੀਦਾ ਹੈ। ਜੋ ਆਪਣੇ ਮਨੁੱਖਾ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਉਂਣ ਆਇਆ ਸੀ। ਜਦੋਂ ਅਸੀਂ ਇਨ੍ਹਾਂ ਸਵਰਗੀ ਵਿਸ਼ਿਆਂ ਤੇ ਆਪਣਾ ਧਿਆਨ ਕੇਦ੍ਰਿਤ ਕਰਾਂਗੇ ਤਾਂ ਸਾਡਾ ਪ੍ਰੇਮ ਅਤੇ ਵਿਸ਼ਵਾਸ ਹੋਰ ਵੀ ਦ੍ਰਿੜ ਹੋ ਜਾਏਗਾ, ਸਾਡੀਆਂ ਆਰਦਾਸਾਂ ਪਰਮੇਸ਼ਰ ਨੂੰ ਹੋਰ ਵੀ ਵੱਧ ਮਨਜ਼ੂਰ ਹੋਣਗੀਆਂ ਕਿਉਂਕਿ ਉਹ ਵੱਧ ਤੋਂ ਵੱਧ ਪ੍ਰੇਮ ਅਤੇ ਵਿਸ਼ਵਾਸ ਨਾਲ ਹੋਣਗੀਆਂ। ਉਹ ਸੁੰਘੜਤਾ ਅਤੇ ਤੀਬਰਤਾ ਭਰਪੂਰ ਹੋਣਗੀਆਂ। ਐਸੇ ਮਨੁੱਖਾ ਦਾ ਯਿਸੂ ਮਸੀਹ ਤੇ ਨਿਰੰਤਰ ਭਰੋਸਾ ਬਣਿਆ ਰਹੇਗਾ ਅਤੇ ਉਹ ਪ੍ਰਤੀ ਦਿਨ ਉਸ ਜੀਵਨ ਸ਼ਕਤੀ ਦਾ ਅਨੁਭਵ ਕਰਨਗੇ

ਜਿਸਦੇ ਦੁਆਰਾ ਪਰਮੇਸ਼ਰ ਦੀ ਸ਼ਰਣ ਆਉਣ ਵਾਲੇ ਦਾ ਪੂਰਨ ਰੂਪ ਵਿੱਚ ਉਧਾਰ ਹੋ ਸਕਦਾ ਹੈ।

**(11) ਸਾਡੇ ਚਰਿੱਤਰ ਨੂੰ ਸ਼ਕਤੀ ਦੇਣ ਲਈ ਬਾਈਬਲ ਸਾਨੂੰ ਕਿਸ ਤਰ੍ਹਾਂ ਦੇ ਪ੍ਰਭਾਵ ਬਾਰੇ ਦੱਸਦੀ ਹੈ?**

***ਮੁਕਦੀ ਗੱਲ, ਹੇ ਭਰਾਵੋ, ਜਿਹੜੀਆਂ ਗੱਲਾਂ ਸੱਚੀਆਂ ਹਨ, ਜਿਹੜੀਆਂ ਆਦਰ ਜੋਗ ਹਨ, ਜਿਹੜੀਆਂ ਜਥਾਰਥ ਹਨ, ਜਿਹੜੀਆਂ ਸ਼ੁੱਧ ਹਨ, ਜਿਹੜੀਆਂ ਸੁਹਾਉਣੀਆਂ ਹਨ, ਜਿਹੜੀਆਂ ਨੇਕ ਨਾਮੀ ਦੀਆਂ ਹਨ, ਜੇ ਕੁਝ ਗੁਣ ਹੈ ਅਤੇ ਜੇ ਕੁਝ ਸੋਭਾ ਹੈ ਤਾਂ ਇਨ੍ਹਾਂ ਗੱਲਾਂ ਦੀ ਵਿਚਾਰ ਕਰੋ। (ਫ਼ਿਲਿੱਪੀਆਂ 4:8)***

**(12) ਜਦੋਂ ਅਸੀਂ ਪਰਮੇਸ਼ਰ ਦੇ ਵਚਨ ਤੇ ਧਿਆਨ ਕਰਨ ਨਾਲ ਉਸ ਦਾ ਗਿਆਨ ਅਤੇ ਉਸਦੀ ਪਵਿੱਤਰਤਾ ਪਾਉਂਦੇ ਹਾਂ ਤਾਂ ਇਸ ਦਾ ਸਾਡੇ ਉੱਤੇ ਅਤੇ ਦੂਸਰਿਆਂ ਲਈ ਸਾਡੀ ਗਵਾਹੀ ਤੇ ਕੀ ਪ੍ਰਭਾਵ ਹੋਵੇਗਾ?**

***ਕੋਈ ਆਪਣੇ ਆਪ ਨੂੰ ਧੋਖਾ ਨਾ ਦੇਵੇ। ਜੇ ਕੋਈ ਤੁਹਾਡੇ ਵਿੱਚ ਆਪਣੇ ਆਪ ਨੂੰ ਇਸ ਜੁੱਗ ਵਿਖੇ ਗਿਆਨੀ ਸਮਝਦਾ ਹੈ ਤਾਂ ਉਹ ਮੂਰਖ ਬਣੇ ਭਈ ਗਿਆਨੀ ਹੋ ਜਾਵੇ। (2 ਕੁਰਿੰਥੀਆਂ 3:18)***

ਜਦੋਂ ਅਸੀ ਇਕਾਗਰ ਚਿੱਤ ਹੋ ਕੇ ਮੁਕਤੀਦਾਤੇ ਦੀ ਸੰਪੂਰਨਤਾ ਦਾ ਧਿਆਨ ਕਰਦੇ ਹਾਂ ਤਾਂ ਸਾਡੇ ਅੰਦਰ ਇੱਕ ਤੀਬਰ ਇੱਛਾ ਉਤਪੰਨ ਹੁੰਦੀ ਹੈ ਕਿ ਅਸੀਂ ਵੀ ਸੰਪੂਰਣ ਤੌਰ ਤੇ ਬਦਲ ਕੇ ਉਸਦੇ ਪਵਿੱਤਰ ਆਕਾਰ ਵਿੱਚ ਨਵੇਂ ਬਣ ਜਾਈਏ। ਸਾਡੀ ਆਤਮਾਂ ਵਿੱਚ ਇੱਕ ਭੁੱਖ ਚਮਕੇਗੀ ਅਤੇ ਪਿਅਸ ਜਾਗ੍ਰਿਤ ਹੋਵੇਗੀ। ਉਸਦੀ ਤਰ੍ਹਾਂ ਹੀ ਬਣ ਜਾਣ ਦੀ ਜਿਸਦੀ ਅਸੀ ਆਰਾਧਨਾ ਕਰਦੇ ਹਾਂ। ਜਿਉਂ ਜਿਉਂ ਸਾਡੇ ਵਿਚਾਰ ਯਿਸੂ ਤੇ ਕੇਂਦ੍ਰਿਤ ਹੁੰਦੇ ਜਾਣਗੇ ਤਿਉਂ ਤਿਉਂ ਅਸੀਂ ਉਸਦੇ ਗੁਣ ਦੂਸਰਿਆਂ ਅੱਗੇ ਗਾਵਾਂਗੇ ਅਤੇ ਸਾਰੇ ਜਗਤ ਵਿੱਚ ਅਸੀ ਉਸ ਨੂੰ ਪ੍ਰਗਟ ਕਰਾਂਗੇ।

**(13) ਪਰਮੇਸ਼ਰ ਦਾ ਵਚਨ ਕਿਸ ਨੂੰ ਪ੍ਰਕਾਸ਼ਿਤ ਅਤੇ ਬੁੱਧੀਮਾਨ ਬਣਾਵੇਗਾ?**

*ਯਹੋਵਾਹ ਦੇ ਉਪਦੇਸ਼ ਸੰਪੂਰਣਤਾ ਸ਼ੁਧ ਹਨ। ਇਹ ਪਰਮੇਸ਼ੁਰ ਦੇ ਲੋਕਾਂ ਨੂੰ ਨਵੀਂ ਤਕਤ ਬਖਸ਼ਦੇ ਹਨ। ਯਹੋਵਾਹ ਦਾ ਕਰਾਰ ਭਰੋਸੇਯੋਗ ਹੈ। ਅਤੇ ਇਹ ਆਮ ਲੋਕਾਂ ਨੂੰ ਸਿਆਣੇ ਬਣਾਉਂਦਾ ਹੈ। (ਜ਼ਬੂਰ 19:7)*

ਬਾਈਬਲ ਕੇਵਲ ਵਿਦਵਾਨ ਮਨੁੱਖਾ ਲਈ ਹੀ ਨਹੀਂ ਲਿਖੀ ਗਈ, ਇਹ ਸਗੋਂ ਆਮ ਸਧਾਰਣ ਮਨੁੱਖਾਂ ਲਈ ਲਿਖੀ ਗਈ ਹੈ। ਇਸ ਵਿੱਚ ਮੁਕਤੀ ਲਈ ਜ਼ਰੂਰੀ ਅਤੇ ਮਹਾਨ ਸੱਚਾਈਆਂ ਸਿਖਰ ਦੁਪਿਹਰ ਵਾਂਗ ਦਰਸਾਈਆਂ ਗਈਆਂ ਹਨ; ਕੋਈ ਵੀ ਭੁੱਲ ਕੇ ਸੱਚਾਈ ਦੇ ਰਸਤੇ ਤੋਂ ਨਹੀਂ ਭਟਕੇਗਾ, ਕੇਵਲ ਉਹੋ ਜੋ ਪਰਮੇਸ਼ਰ ਦੀ ਸਪਸ਼ਟ ਰੂਪ ਵਿੱਚ ਦਿਖਾਈ ਗਈ ਰਾਹ ਛੱਡ ਕੇ ਆਪਣੇ ਵਿਚਾਰਾਂ ਨਾਲ ਬਣਾਈ ਗਈ ਰਾਹ ਤੇ ਚੱਲਣਗੇ।

## (14) ਪਰਮੇਸ਼ਰ ਦੇ ਵਚਨ ਦਾ ਵਿਅਕਤੀਗਤ ਅਧਿਐਨ ਕਿਉਂ ਜ਼ਰੂਰੀ ਹੈ?

*ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਪਰਵਾਨ ਅਤੇ ਅਜਿਹਾ ਕਾਰੀਗਰ ਠਹਿਰਾਉਣ ਦਾ ਜਤਨ ਕਰ ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ ਸਚਿਆਈ ਦੇ ਬਚਨ ਦਾ ਜਥਾਰਥ ਵਖਿਆਨ ਕਰਨ ਵਾਲਾ ਹੋਵੇ। (2 ਤਿਮੋਥਿਉਸ 2:15)*

ਸਾਨੂੰ ਪਵਿੱਤਰ ਸ਼ਾਸ਼ਤਰ ਬਾਰੇ ਕਿਸੇ ਮਨੁੱਖ ਦੀ ਨਿੱਜੀ ਵਿਆਖਿਆ ਤੇ ਭਰੋਸਾ ਨਹੀਂ ਕਰਨਾ ਚਾਹੀਦਾ, ਸਗੋਂ ਪਰਮੇਸ਼ਰ ਦੇ ਬਚਨਾਂ ਨੂੰ ਆਪ ਪੜ੍ਹਨਾਂ ਤੇ ਵਿਚਾਰਨਾ ਚਾਹੀਦਾ ਹੈ। ਜੇਕਰ ਅਸੀਂ ਦੂਸਰਿਆਂ ਦੇ ਵਿਚਾਰਾਂ ਦਾ ਆਸਰਾ ਲਵਾਂਗੇ ਤਾਂ ਸਾਡੀਆਂ ਸੋਚ ਸ਼ਕਤੀਆਂ ਹੀਣ ਅਤੇ ਸਾਡੀ ਯੋਗਤਾ ਸੌੜੀ ਹੋ ਜਾਏਗੀ। ਚੰਗੇਰੀਆਂ ਦਿਮਾਗੀ ਸ਼ਕਤੀਆਂ ਦੇ ਵਿਕਾਸ ਵਿੱਚ ਰੁਕਾਵਟ ਪੈ ਜਾਏਗੀ, ਜੇਕਰ ਉਨ੍ਹਾਂ ਨੂੰ ਧਿਆਨ ਦੇਣ ਯੋਗ ਵਿਸ਼ਿਆਂ ਤੇ ਕੇਂਦ੍ਰਿਤ ਕਰਕੇ ਚਾਲੂ ਨਾ ਰੱਖਿਆ ਜਾਏ ਤਾਂ ਪਰਮੇਸ਼ਰ ਦੇ ਬਚਨਾਂ ਦਾ ਡੂੰਘਾ ਤੱਤ ਸਮਝਣ ਦੀ ਯੋਗਤਾ ਉਨ੍ਹਾਂ ਵਿੱਚ ਖਤਮ ਹੋ ਜਾਏਗੀ। ਦਿਮਾਗੀ ਸ਼ਕਤੀ ਤਦ ਹੀ ਵਿਕਸਤ ਹੋਵੇਗੀ ਜੇਕਰ ਇਸ ਨੂੰ ਬਾਈਬਲ ਦੇ ਵਿਸ਼ਿਆਂ ਦਾ ਤੱਤ ਅਤੇ

ਸ਼ਲੋਕਾਂ ਨਾਲ ਸ਼ਲੋਕਾਂ ਦੀ ਅਤੇ ਆਤਮਿਕ ਗੱਲਾਂ ਨਾਲ ਆਤਮਾਂ ਦੀ ਤੁਲਣਾ ਕਰਨ ਵਿੱਚ ਲੀਨ ਰੱਖਿਆ ਜਾਵੇ।

ਬੁੱਧੀ ਦੇ ਵਿਕਾਸ ਲਈ ਬਾਈਬਲ ਦੇ ਸ਼ਲੋਕਾਂ ਨੂੰ ਧਿਆਨ ਨਾਲ ਪੜ੍ਹਨ ਵਿਚਾਰਨ ਤੋਂ ਵਧਕੇ ਹੋਰ ਕੋਈ ਲਾਭਦਾਇਕ ਸਾਧਨ ਨਹੀ। ਹੋਰ ਕੋਈ ਵੀ ਪੁਸਤਕ ਜਾਂ ਗ੍ਰੰਥ ਐਸਾ ਸ਼ਕਤੀਸ਼ਾਲੀ ਨਹੀਂ ਜੋ ਵਿਚਾਰਧਾਰਾ ਨੂੰ ਉੱਨਤ ਕਰਕੇ ਦਿਮਾਗੀ ਸ਼ਕਤੀਆਂ ਨੂੰ ਬਲਵੰਤ ਬਣਾਏ। ਜਿਵੇਂ ਕਿ ਬਾਈਬਲ ਦੀਆਂ ਵਿਸ਼ਾਲ ਅਤੇ ਚੰਗੇਰੀਆਂ ਠੋਸ ਸੱਚਾਈਆਂ ਕਰ ਸਕਦੀਆਂ ਹਨ। ਜੇਕਰ ਪਰਮੇਸ਼ਰ ਦੇ ਬਚਨਾਂ ਨੂੰ ਉਸੇ ਧਿਆਨ ਨਾਲ ਪੜ੍ਹਿਆ ਜਾਏ ਜਿਵੇਂ ਕਿ ਜ਼ਰੂਰੀ ਹੈ ਤਾਂ ਮਨੁੱਖਾਂ ਦੇ ਦਿਮਾਗਾਂ ਵਿੱਚ ਐਸੀ ਵਿਸ਼ਾਲਤਾ, ਚਰਿੱਤਰ ਵਿੱਚ ਐਸਾ ਸਾਊਪੁਣਾ ਅਤੇ ਇਰਾਦਿਆਂ ਵਿੱਚ ਅਜਿਹੀ ਦ੍ਰਿੜਤਾ ਆ ਜਾਏ ਜਿਸਨੂੰ ਕਿ ਅੱਜ ਦੇ ਜ਼ਮਾਨੇ ਵਿੱਚ ਪ੍ਰਾਪਤ ਕਰਨਾ ਬਹੁਤ ਦੁਰਲੱਭ ਅਤੇ ਅਸੰਭਵ ਹੈI

## (15) ਕਿਸ ਤਰ੍ਹਾਂ ਦਾ ਅਧਿਐਨ ਸਾਨੂੰ ਜ਼ਿਆਦਾ ਲਾਭ ਦੇਵੇਗਾ?

***ਮੈਂ ਤੁਹਾਡੀਆਂ ਸਿਖਿਆਵਾਂ ਦਾ ਅਧਿਐਨ ਬੜੇ ਧਿਆਨ ਨਾਲ ਕਰਦਾ ਹਾਂ। ਕਿਉ? ਤਾਂ ਜੋ ਮੈਂ ਤੁਹਾਡੇ ਵਿਰੁੱਧ ਗੁਨਾਹ ਨਾ ਕਰ ਸਕਾਂ। (ਜ਼ਬੂਰ 119:11)***

ਪ੍ਰੰਤੂ ਬਾਈਬਲ ਦੇ ਸ਼ਲੋਕਾਂ ਨੂੰ ਕੇਵਲ ਉੱਡਦੀ ਨਜ਼ਰ ਨਾਲ ਹੀ ਪੜ੍ਹ ਲੈਣ ਦਾ ਫਾਇਦਾ ਬਹੁਤ ਘੱਟ ਹੋਵੇਗਾ। ਇਸ ਤਰ੍ਹਾਂ ਭਾਵੇਂ ਤੁਸੀਂ ਸਾਰੀ ਬਾਈਬਲ ਨੂੰ ਆਦਿ ਤੋਂ ਅੰਤ ਤੱਕ ਪੜ੍ਹ ਲਵੋ ਤਾਂ ਵੀ ਤੁਸੀਂ ਇਸਦਾ ਸੁੰਦਰ ਚਮਤਕਾਰ ਆਤੇ ਡੂੰਘਾ ਰੱਹਸਮਈ ਮਤਲਬ ਨਹੀਂ ਸਮਝ ਸਕੋਂਗੇ। ਕਿਸੇ ਵਿਸ਼ੇਸ਼ ਅਤੇ ਦ੍ਰਿੜ ਇਰਾਦੇ ਤੋਂ ਬਿਨਾਂ ਅਧਿਆਏ ਮਗਰੋਂ ਅਧਿਆਏ ਬਾਈਬਲ ਪੜ੍ਹਦੇ ਜਾਣ ਨਾਲੋਂ ਕੇਵਲ ਇੱਕ ਵਾਕ ਦਾ ਅਧਿਐਨ ਕਰਦੇ ਜਾਣਾ, ਜਦ ਤੱਕ ਉਸਦਾ ਅਰਥ ਤੁਹਾਡੇ ਦਿਮਾਗ ਵਿੱਚ ਸਪਸ਼ਟ ਨਾ ਹੋ ਜਾਏ ਅਤੇ ਉਸਦਾ

ਸੰਬੰਧ ਮੁਕਤੀ ਦੀ ਯੋਜਨਾਂ ਨਾਲ ਪ੍ਰਤੱਖ ਨਾਂ ਹੋ ਜਾਏ, ਜ਼ਿਆਦਾ ਲਾਭਦਾਇਕ ਅਤੇ ਕੀਮਤੀ ਹੈ।

ਆਪਣੀ ਬਾਈਬਲ ਆਪਣੇ ਕੋਲ ਰੱਖੋ। ਜਦੋਂ ਵੀ ਤੁਹਾਨੂੰ ਮੌਕਾ ਮਿਲੇ ਉਸ ਨੂੰ ਪੜ੍ਹੋ, ਵਿਚਾਰੋ ਅਤੇ ਇਸਦੀ ਸਿੱਖਿਆ ਨੂੰ ਮਨ ਵਿੱਚ ਵਸਾਉ। ਸੜਕ ਤੇ ਤੁਰਦੇ ਸਮੇਂ ਵੀ ਤੁਸੀਂ ਬਾਈਬਲ ਵਿੱਚੋ ਇੱਕ ਵਾਕ ਪੜ੍ਹ ਕੇ ਇਸ ਵਿੱਚ ਲਿਵਲੀਨ ਹੋ ਕੇ ਇਸ ਨੂੰ ਮਨ ਵਿੱਚ ਵਸਾ ਸਕਦੇ ਹੋਂ।

**(16) ਜੇਕਰ ਅਸੀਂ ਬਾਈਬਲ ਦੀਆਂ ਡੂੰਘੀਆਂ ਸੱਚਾਈਆਂ ਨੂੰ ਧਿਆਨ ਵਿਚ ਰੱਖਦੇ ਹਾਂ ਤਾਂ ਸਾਨੂੰ ਬਾਈਬਲ ਅਧਿਐਨ ਨੂੰ ਕਿਵੇਂ ਕਰਨਾ ਚਾਹੀਦਾ ਹੈ?**

***ਇਸ ਲਈ ਯਹੋਵਾਹ ਉਨ੍ਹਾਂ ਨਾਲ ਇਸ ਤਰ੍ਹਾਂ ਗੱਲ ਕਰਦਾ ਕਰਦਾ ਹੈ ਜਿਵੇਂ ਉਹ ਬੱਚੇ ਹੋਣ: ਇੱਥੇ ਆਦੇਸ਼, ਉੱਥੇ ਆਦੇਸ਼। ਇੱਥੇ ਨੇਮ, ਉੱਥੇ ਨੇਮ। ਇੱਥੇ ਸਬਕ, ਉੱਥੇ ਸਬਕ। " (ਯਸਈਆਹ 28:10)***

ਸੱਚੇ ਉਤਸ਼ਾਹ, ਧਿਆਨ, ਪ੍ਰਾਰਥਨਾ ਅਤੇ ਪਰਮੇਸ਼ਰ ਅੱਗੇ ਬੇਨਤੀ ਕਰਕੇ ਬਾਈਬਲ ਪੜ੍ਹਨ ਤੋਂ ਬਿਨਾਂ ਅਸੀਂ ਗਿਆਨ ਹਾਸਿਲ ਨਹੀ ਕਰ ਸਕਦੇ। ਸ਼ਾਸ਼ਤਰ ਦੇ ਕਈ ਭਾਗ ਐਸੇ ਸਰਲ ਹਨ ਕਿ ਸਮਝਣ ਵਿੱਚ ਗਲਤੀ ਨਹੀਂ ਹੋ ਸਕਦੀ, ਪ੍ਰੰਤੂ ਕਈ ਭਾਗ ਐਸੇ ਗਹਿਰੇ ਹਨ ਜੋ ਕੇਵਲ ਉਪਰੋਂ ਪੜ੍ਹ ਲੈਣ ਨਾਲ ਸਮਝ ਨਹੀਂ ਆਉਂਦੇ। ਹਰ ਵਾਕ ਦੀ ਦੂਸਰੇ ਵਾਕ ਨਾਲ ਤੁਲਣਾ ਕਰਨੀ ਚਾਹੀਦੀ ਹੈ। ਬਹੁਤ ਸਾਵਧਾਨੀ ਨਾਲ ਨਿਮ੍ਰਤਾ ਸਹਿਤ ਪ੍ਰਾਰਥਨਾ ਕਰਕੇ ਖੋਜ ਕਰਨੀ ਚਾਹੀਦੀ ਹੈ; ਅਤੇ ਇਸ ਤਰਾਂ ਕੀਤਾ ਅਧਿਐਨ ਫਲਦਾਇਕ ਹੋਵੇਗਾ। ਜਿਵੇਂ ਖਾਣਾਂ ਵਿੱਚ ਕੰਮ ਕਰਨ ਵਾਲਾ ਮਜ਼ਦੂਰ ਧਰਤੀ ਦੀ ਤਹਿ ਹੇਠਾਂ ਛਿਪੀ ਕੀਮਤੀ ਧਾਤ ਦੀ ਨਸ ਲੱਭ ਲੈਂਦਾ ਹੈ, ਇਵੇਂ ਹੀ ਜੋ ਮਨੁੱਖ ਦ੍ਰਿੜਤਾ ਭਰੀ ਧੁਨ ਨਾਲ ਪਰਮੇਸ਼ਰ ਦੇ ਬਚਨਾਂ ਦੇ ਛਿਪੇ ਖਜ਼ਾਨੇ ਦੀ ਖੋਜ ਕਰਦਾ ਹੈ, ਉਹ ਸਚਾਈ ਦੇ ਅਨਮੋਲ ਖਜ਼ਾਨੇ ਨੂੰ ਲੱਭ ਲੈਂਦਾ ਹੈ, ਜੋ ਕਿ ਲਾਪਰਵਾਹ ਖੋਜੀ ਦੀ ਨਜ਼ਰ ਵਿੱਚ ਨਹੀ ਆ ਸਕਦੇ। ਜੋ ਪ੍ਰੇਰਨਾਂ ਦੇ ਸ਼ਬਦਾਂ ਦੀ ਵਿਚਾਰਧਾਰਾ ਮਨ ਵਿੱਚੋਂ ਵਹਿ ਤੁਰੇ ਤਾਂ ਉਹ ਜੀਵਨ ਦੇ ਚਸ਼ਮੇ ਵਿੱਚੋਂ ਵਗਦੀ ਨਦੀ ਦੇ ਸਮਾਨ ਬਣ ਜਾਂਦੀ ਹੈ।

## (17) ਬਾਈਬਲ ਦੇ ਅਧਿਐਨ ਤੋਂ ਪਹਿਲਾਂ ਪ੍ਰਾਰਥਨਾ ਅਤੇ ਪਵਿੱਤਰ ਆਤਮਾ ਦਾ ਪ੍ਰਕਾਸ਼ਨ ਮੰਗਣਾ ਕਿਉਂ ਜ਼ਰੂਰੀ ਹੈ?

***" ਯਹੂਦਾਹ, ਮੇਰੇ ਅੱਗੇ ਪ੍ਰਾਰਥਨਾ ਕਰ। ਮੈਂ ਤੇਰੀ ਪ੍ਰਾਰਥਨਾ ਪ੍ਰਾਰਥਨਾ ਸੁਣਾਂਗਾ। ਮੈਂ ਤੈਨੂੰ ਬਹੁਤ ਮਹੱਤਵਪੂਰਣ ਭੇਤ ਦੱਸਾਂਗਾ। ਤੂੰ ਇਹ ਗੱਲਾਂ ਪਹਿਲਾਂ ਕਦੇ ਨਹੀਂ ਸੁਣੀਆਂ। (ਯਰਮਿਆਹ 33:3)***

ਬਾਈਬਲ ਕਦੀ ਵੀ ਪ੍ਰਾਰਥਨਾ ਤੋਂ ਬਿਨਾਂ ਨਹੀਂ ਪੜ੍ਹਨੀ ਚਾਹੀਦੀ। ਇਸਦੇ ਪੱਤਰਿਆਂ ਨੂੰ ਖ੍ਹੋਲਣ ਤੋਂ ਪਹਿਲਾਂ ਪਰਮੇਸ਼ਰ ਦੇ ਪਵਿੱਤਰ ਆਤਮਾ ਦੇ ਪ੍ਰਕਾਸ਼ ਲਈ ਬੇਨਤੀ ਕਰਨੀ ਚਾਹੀਦੀ ਹੈ ਅਤੇ ਇਹ ਸਾਨੂੰ ਦਿੱਤਾ ਜਾਏਗਾ। ਜਦੋਂ ਨੈਥੇਨੀਅਲ ਯਿਸੂ ਮਸੀਹ ਕੋਲ ਆਇਆ ਤਾ ਮੁਕਤੀ ਦਾਤੇ ਨੇ ਪੁਕਾਰਿਆ, “ਦੇਖੋ ਇਹ ਸੱਚਾ ਇਸਰਾਇਲੀ ਹੈ, ਇਸਦੇ ਵਿੱਚ ਕੱਪਟ ਨਹੀ।” ਨੈਥੇਨੀਅਲ ਨੇ ਕਿਹਾ, “ਤੁਸੀ ਮੈਂਨੂੰ ਕਦੋਂ ਦੇ ਜਾਣਦੇ ਹੋਂ?” ਤਾਂ ਯਿਸੂ ਮਸੀਹ ਨੇ ਉੱਤਰ ਦਿੱਤਾ, “ਉਸ ਤੋਂ ਪਹਿਲਾ ਜਦੋਂ ਫਿਲਿਪਾਸ ਨੇ ਤੈਨੂੰ ਬੁਲਾਇਆ ਸੀ, ਜਦੋਂ ਤੂੰ ਅੰਜੀਰ ਦੇ ਦਰਖ਼ਤ ਹੇਠਾਂ ਸੁੱਤਾ ਸੈਂ,ਮੈਂ ਤੈਨੂੰ ਦੇਖਿਆ ਸੀ।” ਯੂਹੰਨਾ 1:47:48. ਅਤੇ ਯਿਸੂ ਮਸੀਹ ਉਵੇਂ ਹੀ ਸਾਨੂੰ ਪ੍ਰਾਰਥਨਾ ਦੇ ਗੁਪਤ ਅਸਥਾਨਾਂ ਤੇ ਦੇਖੇਗਾ ਜਦੋਂ ਅਸੀਂ ਉਸ ਅੱਗੇ ਗਿਆਨ ਅਤੇ ਪ੍ਰਕਾਸ਼ ਲਈ ਅਰਜੋਈ ਕਰਾਂਗੇ ਕਿ ਸਾਨੂੰ ਸੱਚਾਈ ਦਾ ਮਾਰਗ ਮਿਲੇ। ਨੂਰੀ ਲੋਕ ਤੋਂ ਆ ਕੇ ਸਵਰਗ ਦੂਤ ਉਨ੍ਹਾਂ ਦਾ ਸਾਥ ਦੇਣਗੇ ਜੋ ਅਧੀਨਤਾ ਨਾਲ ਰੱਬੀ ਰਾਹਨੁਮਾਈ ਲਈ ਬੇਨਤੀ ਕਰਨਗੇ।

## (18) ਕਿਸ ਦੁਆਰਾ ਪਰਮੇਸ਼ਰ ਦੀ ਸੱਚਾਈ ਪ੍ਰਗਟ ਕੀਤੀ ਜਾਂਦੀ ਹੈ?

***ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ। (ਯੂਹੰਨਾ 16:13)***

ਪਵਿੱਤਰ ਆਤਮਾ ਮੁਕਤੀ ਦਾਤੇ ਦਾ ਸਨਮਾਨ ਕਰਦਾ ਹੈ। ਉਸਦਾ ਪਵਿੱਤਰ ਕੰਮ ਹੈ ਮਸੀਹ ਨੂੰ ਪ੍ਰਗਟ ਕਰਨਾ, ਉਸ ਦੀ ਧਾਰਮਿਕਤਾ ਦੀ ਪਵਿੱਤਰਤਾ ਅਤੇ ਉਸ ਮਹਾਨ ਮੁਕਤੀ ਨੂੰ ਜੋ ਉਸਦੇ ਦੁਆਰਾ ਸਾਨੂੰ ਮਿਲਦੀ ਹੈ। ਯਿਸੂ ਮਸੀਹ ਕਹਿੰਦੇ ਹਨ, "ਉਹ ਮੇਰੀ ਵਡਿਆਈ ਕਰੇਗਾ,ਕਿਉਂ ਜੋ ਉਹ ਮੇਰੀਆਂ ਗੱਲਾਂ ਵਿੱਚੋਂ ਲੈ ਕੇ ਤੁਹਾਨੂੰ ਦੱਸੇਗਾ।" ਯੂਹੰਨਾਂ 16:44. ਕੇਵਲ ਸੱਚਾਈ ਦੀ ਸ਼ਕਤੀ ਹੀ ਰੱਬੀ ਸੱਚਾਈ ਸਿਖਾਉਣ ਲਈ ਸਾਡੀ ਪ੍ਰਭਾਵਸ਼ਾਲੀ ਉਸਤਾਦ ਹੈ। ਪਰਮੇਸ਼ਰ ਨੂੰ ਮਨੁੱਖ ਜਾਤੀ ਤੇ ਕਿੰਨੀ ਸ਼ਰਧਾ ਤੇ ਆਦਰ ਹੈ ਕਿ ਉਸਨੇ ਉਨ੍ਹਾਂ ਲਈ ਮਰਨ ਵਾਸਤੇ ਆਪਣਾ ਪੁੱਤਰ ਦੇ ਦਿੱਤਾ, 'ਯਿਸੂ ਮਸੀਹ' ਅਤੇ ਆਪਣੀ ਆਤਮਿਕ ਸ਼ਕਤੀ ਮਨੁੱਖ ਦਾ ਉਸਤਾਦ ਅਤੇ ਰਾਹਨੁਮਾ ਬਣਾ ਦਿੱਤਾ।

*ਪਰਮੇਸ਼ਰ ਦੇ ਵਚਨ ਵਿਚ ਮੈਂ ਗਿਆਨ, ਦ੍ਰਿੜਤਾ, ਦਿਲਾਸਾ ਅਤੇ ਆਸ ਪਾਉਂਦਾ ਹਾਂ। ਮੈਂ ਉਸ ਤੋਂ ਇਸ ਦਾ ਅਧਿਐਨ ਕਰਨ ਦੀ ਬਲਦੀ ਇੱਛਾ ਮੰਗਦਾ ਹਾਂ ਤਾਂ ਜੋ ਮੈਂ ਉਸਦੀ ਸੱਚਾਈ ਨੂੰ ਆਪਣੇ ਦਿਲ ਵਿਚ ਜਮ੍ਹਾ ਕਰਾਂ ਅਤੇ ਅਤੇ ਪਾਪ ਨਾ ਕਰਾਂ।*

*ਚੱਕਰ ਲਗਾਓ: ਹਾਂ ਅਨਿਸ਼ਚਿਤ*

*ਮੈਂ ਪਵਿੱਤਰ ਆਤਮਾ ਨੂੰ ਮੇਰਾ ਅਧਿਆਪਕ ਹੋਣ ਅਤੇ ਮੈਨੂੰ ਇਕ ਅਧੀਨ ਦਿਲ ਦੇਣ ਦੀ ਪ੍ਰਾਰਥਨਾ ਕਰਦਾ ਹਾਂ। ਮੈਂ ਬੁੱਧ ਲਈ ਪ੍ਰਾਰਥਨਾ ਕਰਦਾ ਹਾਂ ਤਾਂ ਜੋ ਸਹੀ-ਸਹੀ ਪੜ੍ਹ ਪੜ੍ਹ ਸਕਾਂ ਅਤੇ ਸੱਚ ਨੂੰ ਜਾਣ ਸਕਾਂ।*

*ਚੱਕਰ ਲਗਾਓ: ਹਾਂ ਅਨਿਸ਼ਚਿਤ*

*ਪ੍ਰਭੂ ਨੂੰ ਮੇਰੇ ਦਿਲ, ਮਨ ਅਤੇ ਆਤਮਾ ਨਾਲ ਭਾਲਣਾ ਮੇਰਾ ਉਦੇਸ਼ ਹੈ। ਪਵਿੱਤਰ ਆਤਮਾ ਦੀ ਅਗਵਾਈ ਨੂੰ ਸਮਝਣਾ ਮੇਰੇ ਦਿਲ ਦੀ ਇੱਛਾ ਹੈ ਤਾਂ ਜੋ ਮੈਂ ਉਸ ਚਾਨਣ ਦਾ ਪਿੱਛਾ ਕਰ ਸਕਾਂ ਜੋ ਬਾਈਬਲ ਸਦੀਪਕ ਰਾਹ ਤੇ ਪਾਉਂਦੀ ਹੈ।*

*ਚੱਕਰ ਲਗਾਓ: ਹਾਂ ਅਨਿਸ਼ਚਿਤ*



## ਪਾਠ 12
## ਪ੍ਰਾਰਥਨਾ ਦਾ ਵਿਸ਼ੇਸ਼ ਅਧਿਕਾਰ

### (1) ਪ੍ਰਾਰਥਨਾ ਦੁਆਰਾ ਪਰਮੇਸ਼ਰ ਨਾਲ ਸੰਬੰਧ ਬਹੁਤ ਜ਼ਰੂਰੀ ਕਿਉਂ ਹੈ?

***ਫ਼ੇਰ ਤੁਸੀਂ ਲੋਕ ਮੇਰਾ ਨਾਮ ਲਵੋਗੇ। ਤੁਸੀਂ ਮੇਰੇ ਕੋਲ ਆਵੋ□ਗੇ ਅਤੇ ਮੇਰੇ ਅੱਗੇ ਪ੍ਰਾਰਥਨਾ ਕਰੋਗੇ। ਅਤੇ ਮੈਂ ਤੁਹਾਨੂੰ ਸੁਣਾਂਗਾ। (ਯਰਮਿਆਹ 29:12)***

ਪ੍ਰਕ੍ਰਿਤੀ, ਵਚਨ (ਅਗਮ ਗਿਆਨ) ਆਪਣੇ ਪੂਰਵ ਵਿਧਾਨ ਅਤੇ ਸ਼ਕਤੀ (ਪਵਿੱਤ੍ਰ ਆਤਮਾ) ਰਾਹੀ ਪਰਮੇਸ਼ਰ ਸਾਡੇ ਨਾਲ ਗੱਲਬਾਤ ਕਰਦਾ ਹੈ। ਪ੍ਰੰਤੂ ਇਹ ਸਭ ਕਾਫੀ ਨਹੀ। ਸਾਨੂੰ ਵੀ ਆਪਣੀਆਂ ਹਿਰਦਿਆਂ ਨੂੰ ਉਸ ਅੱਗੇ ਖੋ੍ਲਣਾ ਤੇ ਪ੍ਰਗਟਾਉਣਾ ਚਾਹੀਦਾ ਹੈ। ਆਤਮਿਕ ਜੀਵਨ ਅਤੇ ਸ਼ਕਤੀ ਲਈ ਸਵਰਗੀ ਪਿਤਾ ਨਾਲ ਸਾਡੀ ਵਾਸਤਵਿਕ ਲਿਵਲੀਨਤਾ ਦਾ ਹੋਣਾ ਅਤਿ ਜ਼ਰੂਰੀ ਹੈ। ਸਾਡਾ ਅੰਤਹਕਰਣ ਉਸ ਵੱਲ ਖਿੱਚਿਆ ਜਾਣਾ ਚਾਹੀਦਾ ਹੈ, ਸਾਨੂੰ ਉਸਦੇ ਕਾਰਜਾਂ ਦੀ ਅਰਾਧਨਾਂ ਕਰਨੀ ਚਾਹੀਦੀ ਹੈ, ਉਸਦੀ ਕ੍ਰਿਪਾ ਦੀ,ਉਸਦੀਆਂ ਮਿਹਰਾਂ ਦੀ, ਪ੍ਰੰਤੂ ਇੰਨਾਂ ਹੀ ਪੂਰੇ ਤੌਰ ਤੇ ਕਾਫੀ ਨਹੀ, ਉਸ ਵਿੱਚ ਲਿਵਲੀਨ ਹੋਣ ਲਈ, ਉਸ ਪਰਮੇਸ਼ਰ ਨਾਲ ਵਾਰਤਾਲਾਪ ਕਰਨ ਅਤੇ

ਮੇਲਜੋਲ ਰੱਖਣ ਲਈ ਸਾਨੂੰ ਆਪਣੇ ਵਾਸਤਵਿਕ ਜੀਵਨ ਦੇ ਵਿਸ਼ੇ ਤੇ ਉਸ ਨਾਲ ਖੁੱਲ੍ਹੀ ਗੱਲਬਾਤ ਕਰਨੀ ਪਵੇਗੀ।

ਅਸਲ ਵਿੱਚ ਪ੍ਰਾਰਥਨਾ ਪਰਮੇਸ਼ਰ ਦੇ ਸਾਹਮਣੇ ਆਪਣੇ ਹਿਰਦੇ ਨੂੰ ਖ੍ਹੋਲਣ ਦਾ ਢੰਗ ਹੈ। ਜਿਵੇਂ ਅਸੀ ਕਿਸੇ ਮਿੱਤਰ ਸਾਹਮਣੇ ਦਿਲ ਦੀ ਗੱਲ ਕਰ ਲੈਂਦੇ ਹਾਂ ਇਸ ਲਈ ਨਹੀ ਕਿ ਸਾਨੂੰ ਪਰਮੇਸ਼ਰ ਨੂੰ ਦੱਸਣ ਦੀ ਲੋੜ ਹੈ ਕਿ ਅਸੀਂ ਕੀ ਹਾਂ, ਬਲਕਿ ਇਸ ਲਈ ਕਿ ਅਸੀਂ ਆਪਣੇ ਆਪ ਨੂੰ ਉਸਦੀ ਰਹਿਮਤ ਦੇ ਯੋਗ ਬਣਾ ਸਕੀਏ। ਪ੍ਰਾਰਥਨਾ ਪ੍ਰਮਾਤਮਾਂ ਨੂੰ ਉਪਰੋਂ ਉਤਾਰ ਕੇ ਸਾਡੇ ਕੋਲ ਨਹੀਂ ਲੈ ਆਉਂਦੀ ਸਗੋਂ ਸਾਨੂੰ ਉਠਾ ਕੇ ਪਰਮੇਸ਼ਰ ਤੱਕ ਪਹੁੰਚਾ ਦਿੰਦੀ ਹੈ।

**(2) ਜਦੋਂ ਅਸੀਂ ਪ੍ਰਾਰਥਨਾ ਦੁਆਰਾ ਯਿਸੂ ਮਸੀਹ ਕੋਲ ਆਉਂਦੇ ਹਾਂ ਤਾਂ ਉਸ ਨੂੰ ਸਾਨੂੰ ਕੀ ਕਰਨ ਦਾ ਸੱਦਾ ਦਿੱਤਾ ਹੈ?**

***ਅਤੇ ਆਪਣੀ ਸਾਰੀ ਚਿੰਤਾ ਓਸ ਉੱਤੇ ਸੁਟ ਛੱਡੋ ਕਿਉਂ ਜੋ ਉਹ ਨੂੰ ਤੁਹਾਡਾ ਫ਼ਿਕਰ ਹੈ। (1 ਪਤਰਸ 5:7)***

ਜਦੋਂ ਯਿਸੂ ਮਸੀਹ ਇਸ ਧਰਤੀ ਤੇ ਸੀ ਤਾਂ ਉਸਨੇ ਆਪਣੇ ਚੇਲਿਆਂ ਨੂੰ ਪ੍ਰਾਰਥਨਾ ਕਰਨ ਦਾ ਢੰਗ ਸਿਖਾਇਆ। ਉਸਨੇ ਉਨ੍ਹਾਂ ਨੂੰ ਆਦੇਸ਼ ਦਿੱਤਾ ਕਿ ਉਹ ਆਪਣੀਆਂ ਰੋਜ਼ਾਨਾਂ ਜੀਵਨ ਲੋੜਾਂ ਪਰਮੇਸ਼ਰ ਦੇ ਸਾਹਮਣੇ ਰੱਖਣ ਅਤੇ ਆਪਣੀਆਂ ਸਾਰੀਆਂ ਚਿੰਤਾਵਾਂ ਉਸਦੇ ਭਰੋਸੇ ਤੇ ਛੱਡ ਦੇਣ। ਅਤੇ ਜੋ ਤੱਸਲੀ ਯਿਸੂ ਮਸੀਹ ਨੇ ਉਨ੍ਹਾਂ ਨੂੰ ਦਿਵਾਈ ਕਿ ਉਨ੍ਹਾਂ ਦੀਆਂ ਅਰਜੋਈਆਂ ਪ੍ਰਵਾਨ ਹੋਣਗੀਆਂ ਉਹੋ ਤਸੱਲੀ ਸਾਡੇ ਲਈ ਵੀ ਹੈ।

**(3) ਜਦੋਂ ਮਸੀਹ ਧਰਤੀ ਉੱਤੇ ਸੀ ਤਾਂ ਉਸਨੇ ਪ੍ਰਾਰਥਨਾ ਵਿਚ ਪਿਤਾ ਨਾਲ ਸੰਬੰਧ ਲਈ ਕਿਹੜੀ ਉਦਾਹਰਣ ਦਿੱਤੀ ਸੀ?**

***ਉਹ ਵੱਡੇ ਤੜਕੇ ਕੁਝ ਰਾਤ ਰਹਿੰਦਿਆਂ ਉੱਠ ਕੇ ਨਿੱਕਲਿਆ ਅਰ ਇੱਕ ਉਜਾੜ ਥਾਂ ਵਿੱਚ ਜਾ ਕੇ ਉੱਥੇ ਪ੍ਰਾਰਥਨਾ ਕੀਤੀ। (ਮਰਕੁਸ 1:35)***

ਯਿਸੂ ਮਸੀਹ ਖੁਦ ਆਪ ਜਦੋਂ ਮਨੁੱਖਾ ਵਿੱਚ ਰਹਿੰਦਾ ਸੀ ਅਕਸਰ ਪ੍ਰਾਰਥਨਾ ਵਿੱਚ ਹੀ ਲੀਨ ਰਹਿੰਦਾ ਸੀ। ਸਾਡੇ ਮੁਕਤੀ ਦਾਤੇ ਨੇ ਆਪਣੇ ਆਪ ਨੂੰ ਸਾਡੀਆਂ ਕਮਜ਼ੋਰੀਆਂ ਅਤੇ ਦੁਰਬਲਤਾਵਾਂ ਵਿੱਚ ਅਭੇਦ ਕੀਤਾ। ਸਾਡੀ ਥਾਂ ਤੇ ਇੱਕ ਸਵਾਲੀ ਅਤੇ ਅਰਜੋਈ ਕਰਨ ਵਾਲਾ ਬਣਕੇ ਪਿਤਾ ਪਰਮੇਸ਼ਰ ਕੋਲੋਂ ਨਵੀਂ ਸ਼ਕਤੀ ਤੇ ਬਲ ਦਾ ਦਾਨ ਮੰਗਿਆ ਤਾਂ ਜੋ ਹਰ ਫਰਜ਼ ਅਤੇ ਕਠਿਨ ਘਾਲਣਾਂ ਵਿੱਚ ਤਿਆਰ ਬਰ ਤਿਆਰ ਹੋ ਕੇ ਤੱਤਪਰ ਰਹੇ। ਉਹ ਸਾਡੇ ਕਾਰਜਾਂ ਵਿੱਚ ਸਾਡੀ ਉਦਾਹਰਣ ਹੈ। ਉਹ ਸਾਡੀਆਂ ਦੁਰਬਲਤਾਵਾਂ ਵਿੱਚ ਸਾਡਾ ਭਾਈਵਾਲ ਹੈ, ਉਹ ਸਭ ਗੱਲਾਂ ਵਿੱਚ ਸਾਡੇ ਵਾਂਗ ਪਰਖਿਆ ਗਿਆ, ਪ੍ਰੰਤੂ ਨਿਸ਼ਪਾਪ ਹੋਣ ਦੇ ਕਾਰਨ ਉਸਦੀ ਪ੍ਰਕ੍ਰਿਤੀ ਬੁਰਾਈ ਤੋਂ ਹਮੇਸ਼ਾ ਦੂਰ ਰਹੀ; ਉਸਨੇ ਪਾਪ ਭਰੇ ਜਗਤ ਵਿੱਚ ਕਠਿਨ ਸੰਘਰਸ਼ ਕੀਤੇ ਅਤੇ ਮਾਨਸਿਕ ਤਸੀਹੇ ਸਹੇ। ਉਸਨੇ ਮਨੁੱਖੀ ਜਾਮੇ ਵਿੱਚ ਪ੍ਰਾਰਥਨਾ ਨੂੰ ਇੱਕ ਜ਼ਰੂਰੀ ਅੰਗ ਅਤੇ ਤਸੱਲੀ ਦਾ ਸਾਧਨ ਬਣਾਇਆ। ਉਸਨੂੰ ਆਪਣੇ ਪਿਤਾ ਪਰਮੇਸ਼ਰ ਨਾਲ ਮੇਲ ਜੋਲ ਕੇ ਵਾਰਤਾਲਾਪ ਕਰਕੇ ਇੱਕ ਅਕਹਿ ਖੁਸ਼ੀ ਅਤੇ ਆਰਾਮ ਮਿਲਦਾ। ਜੇਕਰ ਮਨੁੱਖਾਂ ਦੇ ਮੁਕਤੀ ਦਾਤੇ ਪਰਮੇਸ਼ਰ ਦੇ ਪੁੱਤਰ ਨੂੰ ਪ੍ਰਾਰਥਨਾ ਦੀ ਇੰਨੀ ਲੋੜ ਸੀ ਤਾਂ ਸਾਡੇ ਵਰਗੇ ਕਮਜ਼ੋਰ ਪਾਪੀ ਅਤੇ ਨਾਸ਼ਮਾਨ ਮਨੁੱਖਾਂ ਨੂੰ ਕਿੰਨੀ ਤੀਬਰਤਾ ਨਾਲ ਨਿਰੰਤਰ ਅਰਦਾਸਾਂ ਦੀ ਲੋੜ ਹੈ।

## (4) ਅਸੀਂ ਪ੍ਰਾਰਥਨਾ ਵਿਚ ਪਰਮੇਸ਼ਰ ਕੋਲ ਕਿਵੇਂ ਆਉਂਦੇ ਹਾਂ?

***ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ। (ਇਬਰਾਨੀਆਂ 4:16)***

ਸਾਡਾ ਸਵਰਗੀ ਪਿਤਾ ਆਪਣੀਆਂ ਅਸੀਸਾਂ ਅਤੇ ਮਿਹਰਾਂ ਦੀ ਭਰਪੂਰ ਵਰਖਾ ਸਾਡੇ ਤੇ ਵਰਸਾਉਣ ਲਈ ਉਡੀਕ ਕਰਦਾ ਰਹਿੰਦਾ ਹੈ। ਇਹ ਸਾਡਾ ਸੁਭਾਗ ਹੈ ਕਿ ਇਸ ਅਪਾਰ ਪ੍ਰੇਮ ਦੇ ਚਸ਼ਮੇ ਵਿੱਚੋਂ ਜਿੰਨਾਂ ਦਿਲ ਚਾਹੇ ਪੀਂਦੇ ਜਾਈਏ। ਇਹ ਕਿੰਨੀ ਅਚੰਭੇ ਦੀ ਗੱਲ ਹੈ ਕਿ ਅਸੀ

ਪ੍ਰਾਰਥਨਾ ਵਿੱਚ ਕਿੰਨਾਂ ਘੱਟ ਮਨ ਲਗਾਉਂਦੇ ਹਾਂ। ਪਰਮੇਸ਼ਰ ਆਪਣੀ ਦੀਨ ਤੋਂ ਦੀਨ ਸੰਤਾਨ ਦੀ ਸੱਚੀ ਪ੍ਰਾਰਥਨਾ ਸੁਣਨ ਲਈ ਹਰ ਪਲ ਤਿਆਰ ਅਤ ਖਾਹਿਸ਼ਮੰਦ ਰਹਿੰਦਾ ਹੈ ਤਾਂ ਵੀ ਅਸੀ ਆਪਣੀਆਂ ਮਨੋਕਾਮਨਾਂਵਾਂ ਪਰਮੇਸ਼ਰ ਦੇ ਸਾਹਮਣੇ ਰੱਖਣ ਤੋਂ ਸੰਕੋਚ ਕਰਦੇ ਹਾਂ। ਦੇਵਦੂਤ ਨਿਤਾਣੇ, ਬੇਸਹਾਰਾ ਅਤੇ ਪਾਪ ਵਿੱਚ ਜਕੜੇ ਮਨੁੱਖਾਂ ਬਾਰੇ ਕੀ ਸੋਚਦੇ ਹੋਣਗੇ ਜਦ ਕਿ ਪਰਮੇਸ਼ਰ ਦਾ ਅਪਾਰ ਪ੍ਰੇਮ ਨਾਲ ਭਰਪੂਰ ਹਿਰਦਾ ਉਨ੍ਹਾਂ ਲਈ ਬਿਹਬਲ ਅਤੇ ਉਸ ਤੋਂ ਵੀ ਜ਼ਿਆਦਾ ਮਿਹਰ ਬਖਸ਼ਿਸ਼ ਉਨ੍ਹਾਂ ਨੂੰ ਦੇਣ ਲਈ ਤਿਆਰ ਹੈ ਜਿੰਨੀ ਕਿ ਉਹ ਮੰਗ ਅਤੇ ਸੋਚ ਵੀ ਨਹੀਂ ਕਰ ਸਕਦੇ, ਪਰ ਅਫ਼ਸੋਸ ਉਹ ਪ੍ਰਾਰਥਨਾ ਦੀ ਕਿੰਨੀ ਥੋੜੀ ਲੋੜ ਅਨੁਭਵ ਕਰਦੇ ਹਨ ਅਤੇ ਕਿੰਨਾਂ ਥੋੜਾ ਵਿਸ਼ਵਾਸ ਹੈ ਉਨ੍ਹਾਂ ਦਾ?

ਸਵਰਗ ਦੂਤ ਪਰਮੇਸ਼ਰ ਦੇ ਸਾਹਮਣੇ ਝੁਕਣ ਵਿੱਚ ਅਨੰਦ ਮਨਾਉਂਦੇ ਹਨ। ਉਹ ਉਸਦੇ ਨੇੜੇ ਆਉਣ ਵਿੱਚ ਖੁਸ਼ੀ ਸਮਝਦੇ ਹਨ। ਉਹ ਪਰਮੇਸ਼ਰ ਨਾਲ ਵਰਤਾਲਾਪ ਅਤੇ ਮੇਲਜੋਲ ਕਰਨ ਵਿੱਚ ਅਪਾਰ ਖੁਸ਼ੀ ਮਨਾਉਂਦੇ ਹਨ, ਪ੍ਰੰਤੂ ਇਹ ਅਸਚਰਜ ਦੀ ਗੱਲ ਹੈ ਕਿ ਪਰਮੇਸ਼ਰ ਦੇ ਧਰਤੀ ਦੇ ਬੱਚੇ ਜਿੰਨ੍ਹਾਂ ਨੂੰ ਉਸਦੀ ਸਹਾਇਤਾ ਦੀ ਇੰਨੀ ਲੋੜ ਹੈ ਅਤੇ ਜੋ ਕੇਵਲ ਪਰਮੇਸ਼ਰ ਹੀ ਦੇ ਸਕਦਾ ਹੈ, ਉਹ ਪਰਮੇਸ਼ਰ ਦੀ ਸ਼ਕਤੀ ਦੇ ਪ੍ਰਕਾਸ਼ ਤੋ਼ ਬਗੈਰ ਹੀ ਤੁਰਨਾ ਚਾਹੁੰਦੇ ਹਨ ਅਤੇ ਪਰਮੇਸ਼ਰ ਦੀ ਸੰਗਤ ਤੇ ਹਜ਼ੂਰੀ ਤੋਂ ਦੂਰ ਰਹਿ ਕੇ ਹੀ ਤ੍ਰਿਪਤ ਹਨ।

## (5) ਪਰਤਾਵੇ ਤੇ ਜਿੱਤ ਪਾਉਣ ਦੀਆਂ ਦੋ ਕੁੰਜੀਆਂ ਕਿਹੜੀਆਂ ਹਨ?

***ਜਾਗੋ ਅਤੇ ਪ੍ਰਾਰਥਨਾ ਕਰੋ ਜੋ ਤੁਸੀਂ ਪਰਤਾਵੇ ਵਿੱਚ ਨਾ ਪਓ। ਆਤਮਾ ਤਾਂ ਤਿਆਰ ਹੈ ਪਰ ਸਰੀਰ ਕਮਜ਼ੋਰ ਹੈ। (ਮੱਤੀ 26:41)***

ਜੋ ਪ੍ਰਾਰਥਨਾ ਤੋਂ ਅਵੇਸਲੇ ਹੋ ਜਾਂਦੇ ਹਨ, ਸ਼ੈਤਾਨ ਉਨ੍ਹਾਂ ਨੂੰ ਆਪਣੇ ਅੰਧਕਾਰ ਵਿੱਚ ਘੇਰ ਲੈਂਦਾ ਹੈ। ਉਨ੍ਹਾਂ ਦੇ ਕੰਨਾਂ ਨੂੰ ਵੈਰੀ ਦੀ ਘੁਸਰ ਮੁਸਰ ਭਰਮਾ ਕੇ ਪਾਪ ਕਰਨ ਲਈ ਉਸਕਾਉਂਦੀ ਹੈ ਅਤੇ ਇਹ ਸਭ ਤਾਂ ਹੁੰਦਾ ਹੈ ਕਿ ਉਹ ਪਰਮੇਸ਼ਰ ਵੱਲੋਂ ਮਿਲੀ ਰੱਬੀ ਬਖ਼ਸ਼ਿਸ਼ ਪ੍ਰਾਰਥਨਾ ਦਾ

ਵਿਸ਼ੇਸ਼ ਅਧਿਕਾਰ ਵਰਤੋਂ ਵਿੱਚ ਨਹੀਂ ਲਿਆਉਂਦੇ। ਪਰਮੇਸ਼ਰ ਦੇ ਪੁੱਤਰ ਅਤੇ ਪੁੱਤਰੀਆਂ ਪ੍ਰਾਰਥਨਾ ਕਰਨ ਤੋਂ ਇੰਨਾਂ ਸੰਕੋਚ ਕਿਉਂ ਕਰਦੇ ਹਨ, ਜਦੋਂ ਕਿ ਪ੍ਰਾਰਥਨਾ ਵਿਸ਼ਵਾਸ ਦੇ ਹੱਥਾ ਵਿੱਚ ਇੱਕ ਕੁੰਜੀ ਹੈ ਜਿਸ ਨਾਲ ਸਵਰਗ ਦੇ ਖਜ਼ਾਨੇ ਖੁੱਲ੍ਹ ਸਕਦੇ ਹਨ, ਜਿੱਥੇ ਸਰਬ ਸ਼ਕਤੀਮਾਨ ਪਰਮੇਸ਼ਰ ਦੇ ਅਸੰਖਾਂ ਸਾਧਨ ਸਾਂਭ ਕੇ ਰੱਖੇ ਹੋਏ ਹਨ?

ਨਿਰੰਤਰ ਪ੍ਰਾਰਥਨਾ ਕਰਨ ਅਤੇ ਸਾਵਧਾਨੀ ਨਾਲ ਜਾਗਦੇ ਰਹਿਣ ਤੋਂ ਬਿਨਾਂ ਅਸੀਂ ਲਾਪਰਵਾਹ ਹੋ ਕੇ ਸੱਚਾਈ ਦੇ ਮਾਰਗ ਤੋਂ ਭਟਕ ਕੇ ਖ਼ਤਰੇ ਵਿੱਚ ਪੈ ਜਾਂਦੇ ਹਾਂ। ਸਾਡਾ ਵੈਰੀ ਨਿਰੰਤਰ ਤਨੋ ਮਨੋ ਜ਼ੋਰ ਲਗਾ ਕੇ ਸਾਨੂੰ ਪ੍ਰਾਸ਼ਚਿਤ ਕਰਕੇ ਪਰਮੇਸ਼ਰ ਦੀ ਕ੍ਰਿਪਾ ਮਿਹਰ ਤੱਕ ਪਹੁੰਚਣ ਤੋਂ ਰੋਕਦਾ ਹੈ, ਤਾਂ ਜੋ ਅਸੀਂ ਸੱਚੀਆਂ ਅਰਜੋਈਆਂ ਅਤੇ ਵਿਸ਼ਵਾਸ ਨਾਲ ਪ੍ਰਭੂ ਦੀ ਮਿਹਰ ਸ਼ਕਤੀ ਨਾ ਹਾਸਿਲ ਕਰ ਲਈਏ, ਜੋ ਸਾਡੇ ਲਈ ਹਰ ਪਾਪ ਤੇ ਭਰਮ ਭੁਲਾਵੇ ਵਿੱਚ ਢਾਲ਼ ਦਾ ਕੰਮ ਕਰਦੀ ਹੈ।

**(6) ਦਾਊਦ ਦੀ ਤਰ੍ਹਾਂ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਪਾਉਣ ਲਈ ਸਾਡੀ ਆਤਮਿਕ ਹਾਲਤ ਕਿਹੋ ਜਿਹੀ ਹੋਣੀ ਚਾਹੀਦੀ ਹੈ?**

***ਹੇਪਰਮੇਸ਼ੁਰ, ਤੁਸੀਂ ਮੇਰੇ ਪਰਮੇਸ਼ੁਰ ਹੋ। ਮੈਂ ਬੇਸਬਰੀ ਨਾਲ ਤੁਹਾਡਾ ਇੰਤਜ਼ਾਰ ਕਰ ਰਿਹਾ ਹਾਂ। ਮੇਰੀ ਰੂਹ ਅਤੇ ਮੇਰਾ ਸ਼ਰੀਰ ਤੁਹਾਡੇ ਪਿਆਸੇ ਹਨ, ਜਿਵੇਂ ਬੰਜਰ ਜ਼ਮੀਨ ਪਾਣੀ ਤੋਂ ਬਿਨਾ ਹੁੰਦੀ ਹੈ। (ਜ਼ਬੂਰ 63:1)***

ਨਿਰਸੰਦੇਹ ਕੁਝ ਸ਼ਰਤਾਂ ਹਨ ਜਿੰਨ੍ਹਾਂ ਦੁਆਰਾ ਅਸੀਂ ਆਸ਼ਾ ਕਰ ਸਕਦੇ ਹਾਂ ਕਿ ਪਰਮੇਸ਼ਰ ਸਾਡੀਆਂ ਅਰਦਾਸਾਂ ਸੁਣਦਾ ਅਤੇ ਪੂਰੀਆਂ ਕਰਦਾ ਹੈ। ਸਭ ਤੋਂ ਪਹਿਲੀ ਇਹ ਹੈ ਕਿ ਸਾਨੂੰ ਸਾਡੇ ਮਨ ਵਿੱਚ ਉਸ ਤੋਂ ਮੱਦਦ ਲੈਣ ਦੀ ਲੋੜ ਅਨੁਭਵ ਹੋਵੇ। ਉਸਦਾ ਇੱਕ ਰਾਹ ਹੈ, “ਮੈਂ ਪਿਆਸੇ ਤੇ ਜਲ ਅਤੇ ਸੋਕੇ ਵਾਲੀ ਧਰਤੀ ਤੇ ਧਾਰਾਂ ਵਰਸਾਵਾਂਗਾI” (ਯਸਾਯਾਹ 44:3)। ਜੋ ਧਰਮ ਦੇ ਭੁੱਖੇ ਅਤੇ ਪਿਆਸੇ ਹਨ ਅਤੇ ਜੋ ਪਰਮੇਸ਼ਰ ਨੂੰ ਖੋਜਦੇ ਹਨ, ਉਹ ਭਰੋਸਾ ਰੱਖਣ ਕਿ ਸੰਤੁਸ਼ਟ ਹੋਣਗੇ। ਹਿਰਦੇ ਨੂੰ ਪਰਮੇਸ਼ਰ

ਦੀ ਸ਼ਕਤੀ ਦੇ ਪ੍ਰਭਾਵ ਲਈ ਖੁੱਲ੍ਹਾਂ ਰੱਖਣਾ ਚਾਹੀਦਾ ਹੈ, ਨਹੀਂ ਤਾਂ ਪ੍ਰਭੂ ਦੀਆਂ ਅਸੀਸਾਂ ਨਹੀ ਮਿਲਣਗੀਆਂ।

**(7) ਸਾਡੀਆਂ ਪ੍ਰਾਰਥਨਾਵਾਂ ਦਾ ਜਵਾਬ ਪਾਉਣ ਲਈ ਸਾਨੂੰ ਕਿਹੜੇ ਤਿੰਨ ਕਦਮ ਚੁੱਕਣੇ ਚਾਹੀਦੇ ਹਨ?**

***ਮੈਂ ਤੁਹਾਨੂੰ ਆਖਦਾ ਹਾਂ, ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ, ਢੂੰਡੋ ਤਾਂ ਤੁਹਾਨੂੰ ਲੱਭੇਗਾ, ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ। (ਲੋਕਾ 11:9)***

ਸਾਡੀ ਭਾਰੀ ਜ਼ਰੂਰਤ ਵੀ ਇੱਕ ਵੱਡੀ ਦਲੀਲ ਹੈ ਜੋ ਸਾਡੇ ਲਈ ਮਿੱਠਾ ਬੋਲ ਕੇ ਬੇਨਤੀ ਕਰਦੀ ਹੈ, ਪ੍ਰੰਤੂ ਇਨ੍ਹਾਂ ਗੱਲਾ ਨੂੰ ਸੰਪੂਰਨ ਕਰਨ ਲਈ ਪਰਮੇਸ਼ਰ ਨੂੰ ਲੱਭਣਾ ਚਾਹੀਦਾ ਹੈ। ਉਹ ਕਹਿੰਦਾ ਹੈ, "ਮੰਗੋ ਤੇ ਤੁਹਾਨੂੰ ਮਿਲੇਗਾ" ਅਤੇ ਜਿਸਨੇ ਆਪਣੇ ਪੁੱਤਰ ਨੂੰ ਵੀ ਨਾ ਬਚਾਇਆ ਸਗੋਂ ਸਾਡੇ ਸਭ ਦੇ ਲਈ ਦੇ ਦਿੱਤਾ, ਉਹ ਉਸਦੇ ਨਾਲ ਸਾਨੂੰ ਹੋਰ ਸਭ ਕੁਝ ਵੀ ਕਿਉਂ ਨਹੀ ਦੇਵੇਗਾ" ਮੱਤੀ 7:7; ਰੋਮੀਆਂ ਨੂੰ 8:32.

**(8) ਬਗਾਵਤ ਸਾਡੀਆਂ ਪ੍ਰਾਰਥਨਾਵਾਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?**

***ਜਿਹੜਾ ਵਿਅਕਤੀ ਨੇਮ ਤੋਂ ਹਟ ਜਾਂਦਾ, ਉਸ ਦੀਆਂ ਪ੍ਰਾਰਥਾਨਵਾਂ ਵੀ ਪਰਮੇਸ਼ੁਰ ਲਈ ਘ੍ਰਿਣਿਤ ਹਨ। (ਅਮਸਾਲ 28:9)***

ਜਾਣ ਬੁੱਝ ਕੇ ਜੇਕਰ ਅਸੀ ਆਪਣੇ ਹਿਰਦੇ ਵਿੱਚ ਪਾਪ ਛੁਪਾਈ ਰੱਖੀਏ, ਜੇਕਰ ਅਸੀਂ ਜਾਣਕੇ ਕਿਸੇ ਪਾਪ ਨਾਲ ਲਿਪਟੇ ਰਹੀਏ ਤਾਂ ਪਰਮੇਸ਼ਰ ਸਾਡੀ ਪੁਕਾਰ ਨਹੀਂ ਸੁਣੇਗਾ; ਪ੍ਰੰਤੂ ਪਸ਼ਚਾਤਾਪੀ ਅਤੇ ਆਜਿਜ਼ ਆਤਮਾ ਦੀ ਪ੍ਰਾਰਥਨਾ ਹਮੇਸ਼ਾ ਮਨਜ਼ੂਰ ਹੁੰਦੀ ਹੈ। ਜਦੋਂ ਸਾਰੀਆਂ ਪ੍ਰਤੱਖ ਬੁਰਾਈਆਂ ਠੀਕ ਕਰ ਲਈਆਂ ਜਾਣ ਤਾਂ ਸਾਨੂੰ ਪ੍ਰਤੀਤ ਕਰ ਲੈਣੀ ਚਾਹੀਦੀ ਹੈ ਕਿ ਪਰਮੇਸ਼ਰ ਸਾਡੀਆਂ ਬੇਨਤੀਆਂ ਦਾ ਉੱਤਰ ਦੇਵੇਗਾ।

ਸਾਡੇ ਚੰਗੇ ਕੰਮ ਅਤੇ ਗੁਣ ਸਾਨੂੰ ਪਰਮੇਸ਼ਰ ਦੀ ਕ੍ਰਿਪਾ ਦਾ ਪਾਤਰ ਬਣਾਉਂਣ ਦੀ ਸ਼ਿਫਾਰਿਸ਼ ਨਹੀਂ ਕਰਨਗੇ; ਇਹ

ਕੇਵਲ ਯਿਸੂ ਮਸੀਹ ਦੀ ਹੀ ਯੋਗਤਾ ਹੈ ਜੋ ਸਾਨੂੰ ਬਚਾਏਗੀ, ਉਸਦਾ ਲਹੂ ਸਾਨੂੰ ਪਵਿੱਤਰ ਕਰੇਗਾ; ਪ੍ਰੰਤੂ ਫਿਰ ਵੀ ਸਾਨੂੰ ਆਪਣੀ ਮੰਜ਼ੂਰੀ ਦੀ ਸ਼ਰਤ ਪੂਰੀ ਕਰਨ ਲਈ ਇੱਕ ਕੰਮ ਕਰਨਾ ਪਵੇਗਾI

**(9) ਸਾਡੀਆਂ ਪ੍ਰਾਰਥਨਾਵਾਂ ਦੇ ਜਵਾਬ ਪਾਉਣ ਲਈ ਅਗਲਾ ਤੱਤ ਕਿਹੜਾ ਹੈ?**

***ਜੋ ਕੁਝ ਤੁਸੀਂ ਪ੍ਰਾਰਥਨਾਂ ਕਰਕੇ ਮੰਗੋਂਗੇ ਪ੍ਰਤੀਤ ਕਰ ਲਉ ਲਉ ਕਿ ਮਿਲ ਗਿਆ ਹੈ; ਅਤੇ ਉਹ ਤੁਹਾਡੇ ਲਈ ਹੋ ਜਾਏਗਾ।" (ਮਰਕੁਸ 11:24)***

ਪ੍ਰਾਰਥਨਾਂ ਸਵੀਕਾਰ ਕਰਾਉਣ ਦੀ ਦੂਸਰੀ ਸ਼ਰਤ ਹੈ ਵਿਸ਼ਵਾਸ, "ਪਰਮੇਸ਼ਰ ਕੋਲ ਆਉਣ ਵਾਲਿਆਂ ਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਉਹ ਹੈ ਅਤੇ ਉਨ੍ਹਾਂ ਨੂੰ ਫਲ ਦਿੰਦਾ ਹੈ ਜੋ ਉਸਨੂੰ ਲਗਨ ਨਾਲ ਖੋਜਦੇ ਹਨ।" ਇਬਰਾਨੀਆਂ ਨੂੰ 11:6. ਕੀ ਅਸੀ ਉਸਦੇ ਵਚਨ ਦਾ ਪੂਰਾ ਵਿਸ਼ਵਾਸ ਕਰਦੇ ਹਾਂ? ਇਹ ਪ੍ਰਤਿਗਿਆ ਅਸੀਮ ਅਤੇ ਵਿਸ਼ਾਲ ਹੈ ਪ੍ਰੰਤੂ ਜਿਸਨੇ ਵਾਅਦਾ ਕੀਤਾ ਹੈ ਉਹ ਸੱਚਾ ਅਤੇ ਵਫਾਦਾਰ ਹੈ।

ਜਦੋਂ ਅਸੀਂ ਉਨ੍ਹਾਂ ਵਸਤੂਆਂ ਨੂੰ ਪ੍ਰਾਪਤ ਨਹੀ ਕਰ ਸਕਦੇ ਤਾਂ ਵੀ ਭਰੋਸਾ ਰੱਖਣਾ ਚਾਹੀਦਾ ਹੈ ਕਿ ਪਰਮੇਸ਼ਰ ਸਾਡੀਆਂ ਅਰਦਾਸਾਂ ਸੁਣਦਾ ਹੈ ਅਤੇ ਉਹ ਜ਼ਰੂਰ ਦੇਵੇਗਾ। ਅਸੀ ਗਲਤੀਆਂ ਕਰਨ ਵਾਲੇ ਮਨੁੱਖ ਦੂਰ ਦ੍ਰਿਸ਼ਟੀ ਨਹੀਂ ਅਤੇ ਕਈ ਵਾਰ ਐਸੀਆਂ ਚੀਜ਼ਾਂ ਦੀ ਮੰਗ ਕਰਦੇ ਹਾਂ ਜੋ ਸਾਡੇ ਲਈ ਅਸ਼ੀਰਵਾਦ ਨਾ ਬਣ ਸਕਣਗੀਆਂ। ਸੋ ਸਾਡਾ ਸਵਰਗੀ ਪਿਤਾ ਆਪਣੇ ਪਿਆਰ ਵਿੱਚ ਸਾਡੀ ਪ੍ਰਾਰਥਨਾਂ ਦਾ ਉੱਤਰ ਸਾਨੂੰ ਉਹੋ ਚੀਜ਼ਾਂ ਦੇ ਕੇ ਦੇਂਦਾ ਹੈ ਜੋ ਸਾਡੇ ਲਈ ਕਲਿਆਨਕਾਰੀ ਅਤੇ ਭਲਾਈ ਲਈ ਹੋਣ। ਜੇਕਰ ਰੱਬੀ ਰੌਸ਼ਨੀ ਨਾਲ ਸਾਡੇ ਆਤਮਿਕ ਨੇਤਰ ਖ੍ਹੋਲ ਦਿੱਤੇ ਜਾਂਦੇ ਅਤੇ ਹਰ ਚੀਜ਼ ਨੂੰ ਆਦਿ ਤੋਂ ਅੰਤ ਤੱਕ ਦੇਖ ਸਕਦੇ ਤਾਂ ਅਸੀ ਵੀ ਉਨ੍ਹਾਂ ਚੀਜ਼ਾਂ ਦੀ ਹੀ ਕਾਮਨਾ ਕਰਦੇ ਜੋ ਪਰਮੇਸ਼ਰ ਸਾਨੂੰ ਦਿੰਦਾ ਹੈ।

ਜਦੋਂ ਸਾਨੂੰ ਆਪਣੀਆਂ ਅਰਦਾਸਾਂ ਦਾ ਉੱਤਰ ਮਿਲਦਾ ਨਜ਼ਰ ਨਾ ਆਏ ਤਾਂ ਸਾਨੂੰ ਪਰਮੇਸ਼ਰ ਦੀ ਪ੍ਰਤਿਗਿਆ ਨਾਲ ਹੋਰ ਵੀ ਲਿਪਟ ਜਾਣਾ ਚਾਹੀਦਾ ਹੈ: ਕਿਉਂਕਿ

ਉੱਤਰ ਦਾ ਸਮਾਂ ਜ਼ਰੂਰ ਆਇਗਾ ਅਤੇ ਸਾਨੂੰ ਉਹ ਵਰਦਾਨ ਜ਼ਰੂਰ ਮਿਲਣਗੇ ਜਿੰਨ੍ਹਾਂ ਦੀ ਸਾਨੂੰ ਬਹੁਤ ਜ਼ਰੂਰਤ ਹੈ। ਪ੍ਰੰਤੂ ਇਹ ਦਆਵਾ ਕਿ ਸਾਡੀ ਪ੍ਰਾਰਥਨਾਂ ਦਾ ਉੱਤਰ ਸਦਾ ਉਸੇ ਤਰੀਕੇ ਨਾਲ ਮਿਲਣਾ ਚਾਹੀਦਾ ਹੈ ਜਿਵੇਂ ਅਸੀਂ ਮੰਗ ਕੀਤੀ ਹੈ ਤਾਂ ਇਹ ਸਾਡੀ ਗੁਸਤਾਖੀ ਹੈ। ਪਰਮੇਸ਼ਰ ਐਨਾਂ ਬੁੱਧੀਮਾਨ ਹੈ ਕਦੀ ਗ਼ਲਤੀ ਨਹੀ ਕਰਦਾ ਅਤੇ ਐਨਾਂ ਦਿਆਲੂ ਹੈ ਕਿ ਸਿੱਧੇ ਰੱਸਤੇ ਤੇ ਚੱਲਣ ਵਾਲਿਆਂ ਨੂੰ ਕਿਸੇ ਵੀ ਭਲੀ ਚੀਜ਼ ਤੋਂ ਵਾਂਝਿਆ ਨਹੀ ਰੱਖਦਾ।

**(10) ਜੇਕਰ ਅਸੀਂ ਆਪਣੇ ਅਧੀਨ ਅਤੇ ਭਰੋਸੇ ਵਾਲੇ ਵਿਸ਼ਵਾਸ ਵਿਚ ਪਰਮੇਸ਼ਰ ਅੱਗੇ ਸਾਡੀਆਂ ਜ਼ਰੂਰਤਾਂ ਨੂੰ ਰੱਖਦੇ ਹਾਂ ਤਾਂ ਅਸੀਂ ਕਿਹੜੇ ਮਹਾਨ ਵਾਅਦੇ ਦਾ ਦਾਅਵਾ ਕਰ ਸਕਦੇ ਹਾਂ?**

***Now this is the confidence that we have in Him, that if we ask anything according to His will, He hears us. And ਅਤੇ ਉਹ ਦੇ ਅੱਗੇ ਜੋ ਸਾਨੂੰ ਦਿਲੇਰੀ ਹੈ ਸੋ ਇਹ ਹੈ ਭਈ ਜੇ ਅਸੀਂ ਉਹ ਦੀ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਭਈ ਜੋ ਕੁਝ ਮੰਗਦੇ ਹਾਂ ਉਹ ਸਾਡੀ ਸੁਣਦਾ ਹੈ ਤਾਂ ਏਹ ਵੀ ਜਾਣਦੇ ਹਾਂ ਭਈ ਮੰਗੀਆਂ ਹੋਈਆਂ ਵਸਤਾਂ ਜਿਹੜੀਆਂ ਅਸਾਂ ਓਸ ਤੋਂ ਮੰਗੀਆਂ ਹਨ ਓਹ ਸਾਨੂੰ ਪਰਾਪਤ ਹੋ ਜਾਂਦੀਆਂ ਹਨ। (1 ਯੂਹੰਨਾ 5:14-15)***

ਜੇਕਰ ਆਸੀ ਸੰਦੇਹ ਅਤੇ ਭੈ ਨੂੰ ਹਿਰਦੇ ਵਿੱਚ ਥਾਂ ਦੇਈਏ ਅਤੇ ਜਿੰਨ੍ਹਾਂ ਚੀਜ਼ਾਂ ਨੂੰ ਸਾਡੀ ਦੂਰ ਦ੍ਰਿਸ਼ਟੀ ਦੇਖ ਸਮਝ ਨਹੀਂ ਸਕਦੀ ਉਨ੍ਹਾਂ ਨੂੰ ਵਿਸ਼ਵਾਸ ਤੋਂ ਬਿਨਾਂ ਹੀ ਸੁਲਝਾਉਂਨ਼ ਦੀ ਕੋਸ਼ਿਸ਼ ਕਰੀਏ ਤਾਂ ਉਲਝਣਾਂ ਹੋਰ ਵੀ ਵਧੇਰੀਆਂ ਅਤੇ ਗਹਿਰੀਆਂ ਹੋ ਜਾਣਗੀਆਂ। ਜੇਕਰ ਅਸੀ ਅਪਣੇ ਆਪ ਨੂੰ ਬੇਸਹਾਰੇ ਅਤੇ ਪਰਾਧੀਨ ਸਮਝ ਕੇ, ਜਿਵੇਂ ਕਿ ਅਸੀ ਹਾਂ, ਪਰਮੇਸ਼ਰ ਕੋਲ ਆ ਕੇ ਅਧੀਨਗੀ ਅਤੇ ਭਰੋਸੇਯੋਗ ਵਿਸ਼ਵਾਸ ਨਾਲ ਆਪਣੀਆਂ ਲੋੜਾਂ ਉਸ ਜਾਣੀ ਜਾਣ ਪ੍ਰਮਾਤਮਾਂ ਅੱਗੇ

ਰੱਖੀਏ ਜੋ ਕਿ ਸਭ ਕੁਝ ਦੇਖਦਾ ਹੈ ਜੋ ਸ੍ਰਿਸ਼ਟੀ ਵਿੱਚ ਹੋ ਰਿਹਾ ਹੈ ਅਤੇ ਜੋ ਹਰ ਚੀਜ਼ ਤੇ ਆਪਣੀ ਇੱਛਾ ਅਤੇ ਬਚਨ ਨਾਲ ਰਾਜ ਕਰਦਾ ਹੈ ਤਾਂ ਉਹ ਸਾਡੀ ਪੁਕਾਰ ਸੁਣਦਾ ਹੈ ਅਤੇ ਸੁਣੇਗਾ ਅਤੇ ਸਾਡੇ ਹਿਰਦਿਆਂ ਵਿੱਚ ਆਪਣੇ ਪ੍ਰਕਾਸ਼ ਦਾ ਨੂਰ ਚਮਕਾਏਗਾ।

ਸੱਚੀ ਪ੍ਰਾਰਥਨਾਂ ਦੁਆਰਾ ਸਾਡਾ ਸੰਬੰਧ ਪਰਮੇਸ਼ਰ ਦੇ ਅੰਤਹਕਰਣ ਨਾਲ ਜੁੜ ਜਾਂਦਾ ਹੈ ਭਾਵੇ ਉਸ ਵਕਤ ਸਾਨੂੰ ਕੋਈ ਪ੍ਰਤੱਖ ਪ੍ਰਮਾਣ ਨਜ਼ਰ ਨਾ ਆਵੇ ਜਦੋਂ ਸਾਡੇ ਉੱਧਾਰ ਕਰਤਾ ਦਾ ਪਿਆਰਾ ਅਤੇ ਹਮਦਰਦ ਮੁੱਖੜਾ ਸਾਡੇ ਉੱਤੇ ਝੁੱਕਦਾ ਹੈ, ਪਰ ਉਹ ਇੰਜ ਹੀ ਕਰਦਾ ਹੈ। ਸਾਨੂੰ ਭਾਵੇਂ ਉਸਦੇ ਕੋਮਲ ਸਪਰਸ਼ ਦਾ ਅਨੁਭਵ ਹੋਵੇ ਜਾਂ ਨਾਂ ਪਰ ਉਸਦਾ ਪਿਆਰ, ਕੋਮਲਤਾ ਅਤੇ ਤਰਸ ਭਰਿਆ ਹੱਥ ਹਮੇਸ਼ਾ ਸਾਡੇ ਉੱਤੇ ਹੈ।

## (11) ਪਰਮੇਸ਼ਰ ਤੋਂ ਸਾਡੀ ਮਾਫ਼ੀ ਕਿਵੇਂ ਨਿਰਧਾਰਿਤ ਹੁੰਦੀ ਹੈ?

***ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਕਰ ਦਿਓ ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ। ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਅਪਰਾਧ ਮਾਫ਼ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਨਾ ਕਰੇਗਾ। (ਮੱਤੀ 6:14-15)***

ਜਦੋਂ ਅਸੀਂ ਪਰਮੇਸ਼ਰ ਕੋਲੋਂ ਦਯਾ ਅਤੇ ਅਸ਼ੀਰਵਾਦ ਦੀ ਬਖਸ਼ਿਸ਼ ਮੰਗਣ ਆਈਏ ਤਾਂ ਪਿਆਰ ਅਤੇ ਖਿਮਾਂ ਕਰਨ ਦੀ ਭਾਵਨਾਂ ਸਾਡੇ ਦਿਲ ਵਿੱਚ ਹੋਣੀ ਚਾਹੀਦੀ ਹੈ। ਅਸੀਂ ਕਿਵੇਂ ਪ੍ਰਾਰਥਨਾ ਕਰ ਸਕਦੇ ਹਾਂ, "ਸਾਡੇ ਕਰਜ਼ ਸਾਨੂੰ ਮੁਆਫ ਕਰ ਜਿਵੇਂ ਅਸੀਂ ਵੀ ਆਪਣੇ ਕਰਜ਼ਾਈਆਂ ਨੂੰ ਕੀਤਾ ਹੈ" [ਮੱਤੀ 6:12], ਜਦ ਕਿ ਅਸੀ ਆਪਣੇ ਦਿਲ ਵਿੱਚ ਖਿਮਾਂ ਨਾ ਕਰ ਸਕਣ ਦੀ ਭਾਵਨਾ ਰੱਖਿਏ। ਜੇਕਰ ਅਸੀਂ ਆਸ਼ਾ ਕਰਦੇ ਹਾਂ ਕਿ ਸਾਡੀਆਂ ਅਰਦਾਸਾ ਸੁਣੀਆਂ ਜਾਣ ਤਾਂ ਸਾਨੂੰ ਦੂਸਰਿਆਂ ਨੂੰ ਵੀ ਉਵੇਂ ਹੀ ਮੁਆਫ ਕਰ ਦੇਣਾ ਪਵੇਗਾ ਉਸੇ ਹੱਦ ਤੱਕ ਜਿੱਥੋਂ ਤੱਕ ਅਸੀਂ ਆਪ ਖਿਮਾਂ ਦੀ ਆਸ ਰੱਖਦੇ ਹਾਂ।

## (12) ਪ੍ਰਾਰਥਨਾ ਦੀ ਆਤਮਾ ਵਿਚ ਕਦੋਂ-ਕਦੋਂ ਸਾਡਾ ਦਿਲ ਪਰਮੇਸ਼ਰ ਨਾਲ ਸੰਜੋਗ ਵਿਚ ਹੋਣਾ ਚਾਹੀਦਾ ਹੈ?

***"ਲਗਾਤਾਰ ਪ੍ਰਾਰਥਨਾ ਕਰਦੇ ਰਹੋ ਅਤੇ ਸੁਚੇਤ ਹੋ ਕੇ ਸ਼ੁਕਰ ਕਰਦੇ ਰਹੋ।" (ਕਲੁਸੀਆਂ 4:2)***

ਧੀਰਜ ਅਤੇ ਸਬਰ ਪ੍ਰਾਰਥਨਾ ਦਾ ਫਲ ਹਾਸਿਲ ਕਰਨ ਦੀ ਸ਼ਰਤ ਹੈ। ਵਿਸ਼ਵਾਸ ਅਤੇ ਅਨੁਭਵ ਵਿੱਚ ਵਧਣ ਲਈ ਸਾਨੂੰ ਨਿਰੰਤਰ ਪ੍ਰਾਰਥਨਾ ਵਿੱਚ ਮਗਨ ਰਹਿਣਾ ਜ਼ਰੂਰੀ ਹੈ। ਸਾਨੂੰ ਕਿਹਾ ਗਿਆ ਹੈ, "ਪ੍ਰਾਰਥਨਾ ਲਈ ਹਰ ਵਕਤ ਤਿਆਰ ਰਹੋ। ਰੋਮੀਆਂ 12:12. ਪਤਰਸ ਨਿਸ਼ਚਾ ਕਰਨ ਵਾਲੀਆਂ ਨੂੰ ਉਂਜ ਉਤਸ਼ਾਹ ਦਿੰਦਾ ਹੈ 'ਸੰਜਮੀ ਹੋ ਕੇ ਪ੍ਰਾਰਥਨਾਂ ਲਈ ਸੁਚੇਤ ਰਹੋ," 1 ਪਤਰਸ 4:7. ਪੋਲੁਸ ਆਦੇਸ਼ ਦਿੰਦਾਂ ਹੈ, "ਹਰ ਗੱਲ ਵਿੱਚ ਤੁਹਾਡੀਆਂ ਅਰਦਾਸਾਂ ਬੇਨਤੀ ਨਾਲ ਧੰਨਵਾਦ ਸਹਿਤ ਪਰਮੇਸ਼ਰ ਦੇ ਅੱਗੇ ਕੀਤੀਆਂ ਜਾਣI" ਫਿਲਪੀਆਂ ਨੂੰ 4:6. "ਹੇ ਪਿਆਰਿਉ,ਯਹੂਦਹ ਕਹਿੰਦਾ ਹੈ, ਪਵਿੱਤਰ ਆਤਮਾਂ ਵਿੱਚ ਪ੍ਰਾਰਥਨਾ ਕਰਦੇ ਹੋ ਅਤੇ ਆਪਣੇ ਆਪ ਨੂੰ ਪਰਮੇਸ਼ਰ ਦੇ ਪ੍ਰੇਮ ਵਿੱਚ ਰੱਖੋ।" ਯਹੂਦਾਹ 20:21. ਨਿਰੰਤਰ ਆਤਮਾਂ ਨਾਲ ਪ੍ਰਭੂ ਦਾ ਇੱਕ ਨਾ- ਟੁੱਟਣ ਵਾਲਾ ਰਿਸ਼ਤਾ ਜੋੜ ਦੇਂਦੀ ਹੈ ਅਤੇ ਇਸ ਤਰ੍ਹਾਂ ਪਰਮੇਸ਼ਰ ਦੇ ਅਨੰਤ ਜੀਵਨ ਦਾ ਸੋਮਾ ਸਾਡੇ ਜੀਵਨ ਵਿੱਚ ਵਹਿ ਤੁਰਦਾ ਹੈ ਅਤੇ ਸਾਡੇ ਜੀਵਨ ਵਿੱਚੋਂ ਪਵਿੱਤ੍ਰਤਾ ਅਤੇ ਪਾਵਨਤਾ ਪ੍ਰਵਾਹ ਹੋ ਕੇ ਪਰਮੇਸ਼ਰ ਦੇ ਅਨੰਤ ਜੀਵਨ ਸੋਮੇ ਵਿੱਚ ਸਮਾ ਜਾਂਦੀ ਹੈ।

ਪ੍ਰਾਰਥਨਾ ਲਈਇਕਾਗਰ ਚਿੱਤ ਹੋਣਾ ਜ਼ਰੂਰੀ ਹੈ। ਕੋਈ ਚੀਜ਼ ਰੁਕਾਵਟ ਨਾ ਪਾਉਂਦੀ ਹੋਵੇ ਇਹੋ ਚੇਸ਼ਟਾ ਕਰਨੀ ਚਾਹੀਦੀ ਹੈ ਕਿ ਤੁਹਾਡੇ ਅਤੇ ਯਿਸੂ ਮਸੀਹ ਦੇ ਵਿਚਕਾਰ ਵਾਰਤਾਲਾਪ ਹਮੇਸ਼ਾ ਬਣਿਆ ਰਹੇ। ਐਸੇ ਹਰ ਮੌਕੇ ਦੀ ਤਾਕ ਵਿੱਚ ਰਹੋ ਜਿੱਥੇ ਪ੍ਰਾਰਥਨਾਂ ਹੁੰਦੀ ਹੋਵੇ ਤਾਂ ਕਿ ਤੁਸੀਂ ਵੀ ਉਸ ਵਿੱਚ ਸ਼ਾਮਿਲ ਹੋ ਸਕੋਂ। ਜੋ ਲੋਕ ਸੱਚਮੁੱਚ ਹੀ ਪਰਮੇਸ਼ਰ ਨਾਲ ਮੇਲਜੋਲ ਰੱਖਣ ਦੇ ਚਾਹਵਾਨ ਹਨ ਉਹ ਪ੍ਰਾਰਥਨਾ ਮੰਡਲੀਆਂ ਵਿੱਚ ਆਪਣੇ ਫਰਜ਼ ਵਫਾਦਾਰੀ ਨਾਲ ਨਿਭਾਉਂਦੇ ਦੇਖੇ ਜਾਣਗੇ ਅਤੇ ਜਿੰਨਾਂ ਵੀ ਲਾਭ ਉਠਾ ਸਕਦੇ ਹੋਣਗੇ ਬਿਹਬਲਤਾ ਅਤੇ ਲਗਨ ਨਾਲ ਉਠਾਉਣਗੇ। ਉਹ ਹਰ ਮੌਕੇ ਤੋਂ ਲਾਭ ਉਠਾ

ਕੇ ਆਪਣੇ ਆਪ ਨੂੰ ਐਸੀ ਹਾਲਤ ਵਿੱਚ ਰੱਖਣਗੇ ਜਿੱਥੇ ਕਿ ਹਰ ਵਕਤ ਸਵਰਗੀ ਪ੍ਰਕਾਸ਼ ਦੀਆਂ ਕਿਰਣਾਂ ਉਨ੍ਹਾਂ ਦੀ ਆਤਮਾਂ ਨੂੰ ਰੌਸ਼ਨ ਕਰਦੀਆਂ ਰਹਿਣ।

*ਮੈਂ ਉਸ ਮਹਾਨ ਮੌਕੇ ਲਈ ਪਰਮੇਸ਼ਰ ਦਾ ਧੰਨਵਾਦ ਕਰਦਾ ਹੈ ਜੋ ਉਸਨੇ ਮੈਨੂੰ ਦਿੱਤਾ ਕਿ ਪ੍ਰਾਰਥਨਾ ਵਿਚ ਮਸੀਹ ਦੁਆਰਾ ਉਸ ਕੋਲ ਕਿਸੇ ਵੀ ਸਮੇਂ ਆ ਸਕਦਾ ਹਾਂ।*

*ਚੱਕਰ ਲਗਾਓ:    ਹਾਂ    ਅਨਿਸ਼ਚਿਤ*

*ਮੈਂ ਮਹਿਸੂਸ ਕਰਦਾ ਹਾਂ ਕਿ ਪ੍ਰਾਰਥਨਾ ਵਿਚ ਪ੍ਰਭੂ ਸਾਡਾ ਸਾਡਾ ਸੰਪਰਕ ਸਵਰਗ ਦਾ ਰਸਤਾ ਹੈ। ਪ੍ਰਾਰਥਨਾ ਦੀ ਦਾਤ ਰਾਹੀਂ ਉਸ ਨਾਲ ਸੰਬੰਧ ਵਿਚ ਰਹਿਣਾ ਅਤੇ ਉਸ ਦੀ ਸ਼ਾਂਤੀ ਦਾ ਅਨੁਭਵ ਕਰਨਾ ਮੇਰੀ ਦਿਲ ਦੀ ਇੱਛਾ ਹੈ।*

*ਚੱਕਰ ਲਗਾਓ:    ਹਾਂ    ਅਨਿਸ਼ਚਿਤ*

*ਮੈਂ ਭਰੋਸਾ ਅਤੇ ਵਿਸ਼ਵਾਸ ਕਰਦਾ ਹਾਂ ਕਿ ਪਰਮੇਸ਼ਰ ਮੇਰੀ ਪ੍ਰਾਰਥਨਾ ਨੂੰ ਸੁਣਦਾ ਅਤੇ ਆਪਣੇ ਸਹੀ ਸਮੇਂ ਅਤੇ ਸਹੀ ਇੱਛਾ ਅਨੁਸਾਰ ਇਸ ਦਾ ਜਵਾਬ ਦਿੰਦਾ ਹੈ।*

*ਚੱਕਰ ਲਗਾਓ:    ਹਾਂ    ਅਨਿਸ਼ਚਿਤ*

*ਮੈਂ ਪ੍ਰਾਰਥਨਾ ਵਿਚ "ਦਲੇਰੀ ਨਾਲ ਉਸਦੇ ਸਿੰਘਾਸਣ ਦੇ ਸਾਹਮਣੇ ਆਉਣ" ਦੇ ਪਰਮੇਸ਼ਰ ਦੇ ਸੱਦੇ ਨੂੰ ਸਵੀਕਾਰ ਕਰਦਾ ਹਾਂ ਤਾਂ ਜੋ ਮੈਂ ਉਸ ਨਾਲ ਰੋਜ਼ਾਨਾਂ ਦੇ ਜੀਵਨ ਲਈ ਮਦਦ, ਕਿਰਪਾ ਅਤੇ ਦਇਆ ਨੂੰ ਪ੍ਰਾਪਤ ਕਰ ਸਕਾਂ।*

*ਚੱਕਰ ਲਗਾਓ:    ਹਾਂ    ਅਨਿਸ਼ਚਿਤ*

________________________________________

________________________________________

________________________________________

________________________________________


________________________________________

________________________________________

________________________________________

________________________________________

________________________________________



## ਪਾਠ 13
## ਪ੍ਰਾਰਥਨਾ ਦੀ ਸ਼ਕਤੀ

### (1) ਨਿੱਜੀ ਪ੍ਰਾਰਥਨਾ ਦਾ ਨਤੀਜਾ ਕੀ ਹੈ?

***ਪਰ ਜਾਂ ਤੂੰ ਪ੍ਰਾਰਥਨਾ ਕਰੇਂ ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ ਆਪਣੇ ਪਿਤਾ ਤੋਂ ਜਿਹੜਾ ਗੁਪਤ ਹੈ ਪ੍ਰਾਰਥਨਾ ਕਰ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ। (ਮੱਤੀ 6:6)***

ਸਾਨੂੰ ਪਰਿਵਾਰ ਨਾਲ ਮਿਲ ਕੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਤੇ ਸਭ ਤੋਂ ਵੱਧ ਕੇ ਗੁਪਤ ਪ੍ਰਾਰਥਨਾ ਵੱਲੋਂ ਅਣਗਹਿਲੀ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਆਤਮਾਂ ਦੀ ਜਾਨ ਹੈ। ਪ੍ਰਾਰਥਨਾ ਵੱਲੋਂ ਅਣਗਹਿਲੀ ਕਰ ਕੇ ਆਤਮਾਂ ਲਈ ਵਿਕਸਿਤ ਹੋਣਾ ਅਸੰਭਵ ਹੈ। ਕੇਵਲ ਪਰਿਵਾਰ ਵਿੱਚ ਅਤੇ ਆਮ ਸੰਗਤ ਵਿੱਚ ਹੀ ਪ੍ਰਾਰਥਨਾ ਜ਼ਰੂਰੀ ਨਹੀ, ਸਗੋਂ ਆਤਮਾਂ ਨੂੰ ਇਕਾਂਤ ਵਿੱਚ ਸਿਰਜਣਹਾਰ ਦੀਆਂ ਪਾਰਖੂ ਨਜ਼ਰਾਂ ਅੱਗੇ ਖ੍ਹੋਲਣਾ ਚਾਹੀਦਾ ਹੈ ਗੁਪਤ ਪ੍ਰਾਰਥਨਾ ਕੇਵਲ ਪ੍ਰਾਰਥਨਾ ਸੁਣਨ ਵਾਲੇ ਪਰਮੇਸ਼ਰ ਦੇ ਕੰਨਾਂ ਨੂੰ ਹੀ

ਸੁਣਨੀ ਚਾਹੀਦੀ ਹੈ। ਇਹੋ ਜਿਹੀ ਭੇਤ ਭਰੀ ਪ੍ਰਾਰਥਨਾ ਕਿਸੇ ਜਗਿਆਸੂ ਕੰਨ ਨੂੰ ਸੁਣਨ ਦੀ ਲੋੜ ਨਹੀਂ।

ਗੁਪਤ ਪ੍ਰਾਰਥਨਾ ਕਰਨ ਵੇਲੇ ਆਲੇ ਦੁਆਲੇ ਦੇ ਵਾਤਾਵਰਣ ਦਾ ਕੋਈ ਪ੍ਰਭਾਵ ਹਿਰਦੇ ਤੇ ਨਹੀਂ ਹੁੰਦਾ। ਉਤੇਜਨਾਂ ਰਹਿਤ, ਸ਼ਾਂਤੀ ਤੇ ਤੀਬਰਤਾ ਨਾਲ ਕੀਤੀ ਗਈ ਪ੍ਰਾਰਥਨਾ, ਪਰਮੇਸ਼ਰ ਤੱਕ ਪਹੁੰਚਦੀ ਹੈ। ਜੋ ਗੁਪਤ ਰੂਪ ਵਿੱਚ ਦੇਖਦਾ ਹੈ ਅਤੇ ਜਿਸਦੇ ਕੰਨ ਹਿਰਦੇ ਵਿੱਚੋਂ ਨਿਕਲਣ ਵਾਲੀ ਹਰ ਅਰਜੋਈ ਲਈ ਖੁੱਲ੍ਹੇ ਰਹਿੰਦੇ ਹਨ, ਉਸ ਪਰਮੇਸ਼ਰ ਵੱਲੋਂ ਪ੍ਰਾਰਥਨਾ ਕਰਨ ਵਾਲੇ ਦੇ ਹਿਰਦੇ ਵਿੱਚ ਮਧੁਰ ਅਤੇ ਸਥਾਈ ਭਾਵ ਉਤਪੰਨ ਹੋਵੇਗਾ। ਗੁਪਤ ਪ੍ਰਾਰਥਨਾ ਵਿੱਚ ਸ਼ਾਂਤ ਤੇ ਸਰਲ ਵਿਸ਼ਵਾਸ ਨਾਲ ਆਤਮਾਂ ਪਰਮੇਸ਼ਰ ਨਾਲ ਵਾਰਤਾਲਾਪ ਕਰਦੀ ਹੈ ਅਤੇ ਆਪਣੇ ਪਰਮੇਸ਼ਰ ਦੇ ਪ੍ਰਕਾਸ਼ ਦੀਆਂ ਕਿਰਣਾਂ ਸਮੇਟ ਲੈਂਦੀ ਹੈ ਤਾਂ ਜੋ ਇਹ ਉਸਨੂੰ ਸ਼ੈਤਾਨ ਦੇ ਵਿਰੁੱਧ ਯੁੱਧ ਵਿੱਚ ਬਲ ਅਤੇ ਸਹਾਇਤਾ ਦੇਣ। ਪਰਮੇਸ਼ਰ ਸਾਡੀ ਸ਼ਕਤੀ ਦਾ ਮੀਨਾਰ ਹੈ।

**(2) ਇਸ ਆਇਤ ਵਿਚ ਦੀ ਕਿਹੜੀ ਸਿੱਖਿਆ ਪ੍ਰਾਰਥਨਾ ਦੀ ਮਹੱਤਤਾ ਤੇ ਜ਼ੋਰ ਦਿੰਦੀ ਹੈ?**

***ਨਿੱਤ ਪ੍ਰਾਰਥਨਾ ਕਰੋ। (1 ਥੱਸਲੁਨੀਕੀਆਂ 5:17)***

ਐਸਾ ਕੋਈ ਸਮਾਂ ਜਾਂ ਸਥਾਨ ਨਹੀ ਜਿੱਥੇ ਪਰਮੇਸ਼ਰ ਅੱਗੇ ਅਰਜੋਈ ਕਰਨਾ ਅਨੁਚਿਤ ਹੋਵੇ ਐਸੀ ਕੋਈ। ਕੋਈ ਵਸਤੂ ਨਹੀਂ ਜੋ ਸਾਡੇ ਮਨ ਨੂੰ ਪਰਮੇਸ਼ਰ ਅੱਗੇ ਸੱਚੀ ਪ੍ਰਾਰਥਨਾ ਕਰਨ ਤੋਂ ਰੋਕ ਸਕੇ। ਸੜਕ ਦੀ ਭੀੜ ਦੇ ਵਿਚਕਾਰ ਅਤੇ ਵਿਉਪਾਰ ਦੇ ਝਮੇਲੇ ਵਿੱਚ ਵੀ ਅਸੀਂ ਪਰਮੇਸ਼ਰ ਕੋਲ ਆਪਣਾ ਨਿਵੇਦਨ ਭੇਜ ਸਕਦੇ ਹਾਂ ਅਤੇ ਰੱਬੀ ਰਾਹੁਨਮਾਈ ਲਈ ਬੇਨਤੀ ਕਰ ਸਕਦੇ ਹਾਂ ਜਿਵੇਂ ਪੈਗੰਬਰ ਨਿਹੇਮਿਆਹ ਨੇ ਰਾਜੇ ਅਰਤਹਸ਼ਸਤਾ ਦੇ ਸਾਹਮਣੇ ਬੇਨਤੀ ਕੀਤੀ ਸੀ। ਅਸੀਂ ਹਰ ਥਾਂ ਤੇ ਪਰਮੇਸ਼ਰ ਨਾਲ ਇਕਾਂਤ ਵਾਰਤਾਲਾਪ ਕਰ ਸਕਦੇ ਹਾਂ ਜੇਕਰ ਅਸੀਂ ਹਿਰਦੇ ਦੇ ਕਪਾਟ ਨਿਰੰਤਰ ਖੁੱਲ੍ਹੇ ਰੱਖੀਏ ਅਤੇ ਯਿਸੂ ਮਸੀਹ ਨੂੰ ਹਮੇਸ਼ਾ ਆਪਣੇ ਹਿਰਦੇ ਵਿੱਚ ਸਵਰਗੀ ਮਹਿਮਾਨ ਬਣਨ ਦਾ ਸੱਦਾ ਦੇਂਦੇ ਰਹੀਏ।

ਹੋ ਸਕਦਾ ਹੈ ਸਾਡੇ ਆਲੇ ਦੁਆਲੇ ਭ੍ਰਿਸ਼ਟ ਜਾਂ ਘ੍ਰਿਣਤ ਵਾਤਾਵਰਣ ਹੋਵੇ, ਤਾਂ ਵੀ ਸਾਨੂੰ ਉਸਦੀ ਗੰਦੀ,ਸੜ੍ਹਾਂਦ ਭਰੀ ਹਵਾ ਵਿੱਚੋਂ ਸਾਹ ਨਹੀਂ ਲੈਣਾ ਚਾਹੀਦਾ ਸਗੋਂ ਸੜ੍ਹਾਂਦ ਵੱਲੋਂ ਨੱਕ ਬੰਦ ਕਰਕੇ ਸਵਰਗ ਦੀ ਪਵਿੱਤਰ ਹਵਾ ਵਿੱਚ ਸਾਹ ਲੈਣਾ ਚਾਹੀਦਾ ਹੈ। ਅਸੀ ਸਾਰੇ ਅਪਵਿੱਤਰ ਤੇ ਅਸ਼ੁੱਧ ਵਿਚਾਰਾਂ ਅਤੇ ਕਲਪਣਾਵਾਂ ਦੇ ਦੁਆਰ ਬੰਦ ਕਰਕੇ ਆਤਮਾਂ ਨੂੰ ਸੱਚੀਆਂ ਸੱਚੀਆਂ ਅਰਦਾਸਾਂ ਰਾਹੀਂ ਉੱਪਰ ਉਠਾ ਕੇ ਪਰਮੇਸ਼ਰ ਦੀ ਹਜ਼ੂਰੀ ਵਿੱਚ ਲੈ ਜਾ ਸਕਦੇ ਹਾਂ। ਜਿੰਨ੍ਹਾਂ ਦਾ ਹਿਰਦਾ ਪਰਮੇਸ਼ਰ ਦੀ ਸਹਾਇਤਾ ਅਤੇ ਅਸੀਸਾਂ ਗ੍ਰਹਿਣ ਕਰਨ ਲਈ ਖੁੱਲ੍ਹਾ ਹੈ ਉਹ ਇਸ ਪ੍ਰਿਥਵੀ ਤੇ ਰਹਿੰਦੇ ਹੋਏ ਵੀ ਪਵਿੱਤਰ ਵਾਤਾਵਰਣ ਵਿੱਚ ਤੁਰਨਗੇ ਅਤੇ ਸਵਰਗਾਂ ਨਾਲ ਨਿਰੰਤਰ ਮੇਲ ਜੋਲ ਵਿੱਚ ਜੁਟੇ ਰਹਿਣਗੇ।

**(3) ਜਦੋਂ ਅਸੀਂ ਪ੍ਰਭੂ ਨਾਲ ਨਿਰੰਤਰ ਸੰਬੰਧ ਵਿਚ ਹੁੰਦੇ ਹਾਂ ਤਾਂ ਇਸਦਾ ਕੀ ਨਤੀਜਾ ਹੁੰਦਾ ਹੈ?**

***ਯਹੋਵਾਹ ਜੀ, ਤਸੀ□ ਉਨ੍ਹਾਂ ਲੋਕਾਂ ਨੂੰ, ਜਿਹੜੇ ਤੁਹਾਡੇ ਉੱਤੇ ਨਿਰਭਰ ਕਰਦੇ ਨੇ ਅਤੇ ਜਿਹੜੇ ਤੁਹਾਡੇ ਉੱਤੇ ਕਰਦੇ ਨੇ ਸੱਚਾ ਅਮਨ ਦਿੰਦੇ ਹੋ। (ਯਸਈਆਹ 26:3)***

ਯਿਸੂ ਮਸੀਹ ਬਾਰੇ ਸਾਡੇ ਵਿਚਾਰ ਹੋਰ ਵੀ ਸਪਸ਼ਟ ਹੋਣੇ ਚਾਹੀਦੇ ਹਨ ਅਤੇ ਵਾਸਤਵਿਕ ਸੱਚਾਈਆਂ ਦਾ ਪੂਰਾ ਗਿਆਨ ਹੋਣਾ ਚਾਹੀਦਾ ਹੈ। ਪਰਮੇਸ਼ਰ ਦੇ ਬੱਚਿਆ ਦਾ ਹਿਰਦਾ ਪਵਿੱਤ੍ਰਤਾ ਦੀ ਸੁੰਦਰਤਾ ਨਾਲ ਭਰ ਜਾਣਾ ਚਾਹੀਦਾ ਹੈ ਅਤੇ ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀ ਸਵਰਗੀ ਵਸਤੂਆਂ ਨੂੰ ਰੱਬੀ ਪ੍ਰਕਾਸ਼ ਦੇਖਣ ਦੀ ਚੇਸ਼ਟਾ ਕਰੀਏ।

ਆਤਮਾ ਨੂੰ ਪਰਮੇਸ਼ਰ ਵੱਲ ਉਠਾ ਕੇ ਖੁੱਲ੍ਹਾ ਛੱਡ ਦਿਓ ਤਾਂ ਜੋ ਪਰਮੇਸ਼ਰ ਉਸ ਵਿੱਚ ਸਵਰਗ ਦੇ ਵਾਤਾਵਰਣ ਦਾ ਸਾਹ ਫੂਕ ਸਕੇ। ਸਾਨੂੰ ਪਰਮੇਸ਼ਰ ਦੇ ਐਨੇ ਨੇੜੇ ਰਹਿਣਾ ਚਾਹੀਦਾ ਹੈ ਕਿ ਹਰ ਅਚਾਨਕ ਬਿਪਤਾ ਸਮੇਂ ਸਾਡੇ ਵਿਚਾਰ ਸੁਭਾਵਿਕ ਤੌਰ ਤੇ ਪ੍ਰਭੂ ਵੱਲ ਝੁਕ ਜਾਣ ਜਿਵੇਂ ਸੂਰਜਮੁਖੀ ਫੁੱਲ ਸੂਰਜ ਵੱਲ ਝੁਕ ਜਾਂਦਾ ਹੈ।

## (4) ਟੁੱਟੇ ਦਿਲ ਵਾਲਿਆਂ ਲਈ ਪਰਮੇਸ਼ਰ ਕਿਹੜਾ ਵਾਅਦਾ ਕਰਦਾ ਹੈ?

*ਪਰਮੇਸ਼ੁਰ ਤਾਰਿਆ ਦੀ ਗਿਣਤੀ ਕਰਦਾ ਹੈ ਅਤੇ ਉਹ ਹਰ ਇੱਕ ਦਾ ਨਾਮ ਜਾਣਦਾ ਹੈ। (ਜ਼ਬੂਰ 147:3)*

ਆਪਣੀਆਂ ਲੋੜਾਂ ਆਪਣੀਆਂ ਖੁਸ਼ੀਆਂ ਆਪਣੇ ਸ਼ੌਕ ਆਪਣੀਆਂ ਚਿੰਤਾਵਾਂ ਤੇ ਡਰ ਸਭ ਪਰਮੇਸ਼ਰ ਦੇ ਸਾਹਮਣੇ ਰੱਖ ਦਿਉ। ਇਸ ਨਾਲ ਤੁਸੀਂ ਉਸ ਉੱਤੇ ਭਾਰ ਨਹੀਂ ਪਾਉਂਦੇ ਨਾ ਹੀ ਤੁਸੀਂ ਉਸ ਪ੍ਰਭੂ ਨੂੰ ਅਕਾ ਥਕਾ ਸਕਦੇ ਹੋਂ। ਜੋ ਤੁਹਾਡੇ ਹਰ ਇੱਕ ਵਾਲ ਦੀ ਗਿਣਤੀ ਰੱਖ ਸਕਦਾ ਹੈ ਉਹ ਆਪਣੇ ਬੱਚਿਆਂ ਦੀਆਂ ਲੋੜਾਂ ਵੱਲੋਂ ਅਵੇਸਲਾ ਨਹੀਂ ਹੋ ਸਕਦਾ "ਪ੍ਰਭੂ ਬੜਾ ਦਿਆਲੂ ਹੈ, ਅਤੇ ਕੋਮਲ ਤਰਸ ਵਾਲਾ" ਯਾਕੂਬ 5:11. ਸਾਡੇ ਦੁੱਖਾਂ ਨਾਲ ਉਸਦਾ ਪ੍ਰੇਮਮਈ ਹਿਰਦਾ ਦੁਖੀ ਹੁੰਦਾ ਹੈ ਇੱਥੋਂ ਤੱਕ ਕਿ ਦੁੱਖ ਸੁਣਕੇ ਹੀ ਦ੍ਰਵ ਜਾਂਦਾ ਹੈ।

ਹਰ ਸਮੱਸਿਆ ਜੋ ਤੁਹਾਨੂੰ ਵਿਆਕੁਲ ਕਰ ਰਹੀ ਹੈ ਉਸਦੇ ਕੋਲ ਲੈ ਜਾਉ। ਉਸਦੇ ਲਈ ਕੋਈ ਵੀ ਭਾਰ ਐਸਾ ਨਹੀ ਕਿ ਉਹ ਉਠਾ ਨਾ ਸਕੇ। ਉਹ ਤੇ ਸਾਰੇ ਖੰਡਾਂ ਬ੍ਰਹਿਮੰਡਾਂ ਦਾ ਭਾਰ ਸੰਭਾਲ ਕੇ ਬੈਠਾ ਹੈ, ਉਹ ਸਾਰੇ ਵਿਸ਼ਵ ਤੇ ਰਾਜ ਕਰਦਾ ਹੈ। ਕੋਈ ਛੋਟੀ ਜਾਂ ਮਾਮੂਲੀ ਚੀਜ਼ ਜੋ ਸਾਨੂੰ ਸੁੱਖ ਅਤੇ ਸ਼ਾਂਤੀ ਦੇ ਸਕਦੀ ਹੈ ਉਸਦੀ ਪਾਰਖੂ ਨਜ਼ਰ ਤੋਂ ਉਹਲੇ ਨਹੀਂ। ਸਾਡੇ ਜੀਵਨ ਦਾ ਕੋਈ ਵੀ ਕਾਂਡ ਐਸਾ ਕਾਲਾ ਨਹੀਂ ਜੋ ਉਹ ਪੜ੍ਹ ਨਾ ਸਕੇ ।ਕੋਈ ਵੀ ਸਮੱਸਿਆ ਐਸੀ ਗੁੰਝਲਦਾਰ ਨਹੀਂ ਜਿਸਨੂੰ ਉਹ ਸੁਲਝਾ ਨਾ ਸਕੇ। ਉਸਦੇ ਬੱਚਿਆਂ ਵਿੱਚੋਂ ਛੋਟੇ ਤੋਂ ਛੋਟੇ ਤੇ ਦੀਨ ਬੱਚੇ ਤੇ ਵੀ ਕੋਈ ਬਿਪਤਾ ਨਹੀਂ ਆ ਸਕਦੀ, ਕੋਈ ਚਿੰਤਾ ਆਤਮਾ ਨੂੰ ਸੰਤਾਪ ਨਹੀਂ ਪਹੁੰਚਾ ਸਕਦੀ। ਕੋਈ ਖੁਸ਼ੀ ਹਰਸ਼ਾ ਨਹੀਂ ਸਕਦੀ ਅਤੇ ਕੋਈ ਵੀ ਸੱਚੀ ਪ੍ਰਾਰਥਨਾ ਜੋ ਬੁੱਲ੍ਹਾਂ ਤੋਂ ਨਿੱਕਲੇ ਐਸੀ ਨਹੀਂ ਜਿਸ ਦੇ ਪ੍ਰਤੀ ਸਾਡਾ ਸਵਰਗੀ ਪਿਤਾ ਆਸਾਵਧਾਨ ਰਹੇ ਜਾਂ ਤੁਰੰਤ ਦਿਲਚਸਪੀ ਨਾ ਦਿਖਾਏ।

ਪਰਮੇਸ਼ਰ ਦਾ ਭੈ ਰੱਖਣ ਵਾਲੀ ਹਰ ਆਤਮਾ ਦਾ ਸੰਬੰਧ ਐਸਾ ਸਪਸ਼ਟ ਅਤੇ ਸੰਪੂਰਨ ਹੈ ਜਿਵੇਂ ਪ੍ਰਿਥਵੀ ਤੇ ਕੋਈ ਹੋਰ ਦੂਸਰੀ ਆਤਮਾ ਹੈ ਹੀ ਨਹੀ ਅਥਵਾ ਕੋਈ ਹੋਰ

ਐਸੀ ਆਤਮਾ ਹੈ ਹੀ ਨਹੀਂ ਜਿਸ ਲਈ ਪਰਮੇਸ਼ਰ ਨੇ ਆਪਣਾ ਪਿਆਰਾ ਪੁੱਤਰ ਦਿੱਤਾ ਹੋਵੇ।

**(5) ਕਿਸ ਦੇ ਨਾਮ ਵਿਚ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ?**

***ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ ਅਤੇ ਤੁਹਾਡਾ ਫਲ ਕਾਇਮ ਰਹੇ ਤਾਂ ਜੋ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਪਿਤਾ ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ। (ਯੂਹੰਨਾ 15:16)***

ਯਿਸੂ ਮਸੀਹ ਨੇ ਕਿਹਾ ਹੈ, "ਉਸ ਦਿਨ ਤੁਸੀਂ ਮੇਰਾ ਨਾਮ ਲੈ ਕੇ ਮੰਗੋਗੇ ਅਤੇ ਮੈਂ ਇਹ ਨਹੀਂ ਆਖਦਾ ਭਈ ਮੈਂ ਪਿਤਾ ਅੱਗੇ ਤੁਹਾਡੇ ਲਈ ਬੇਨਤੀ ਕਰਾਂਗਾ, ਕਿਉਕਿ ਪਿਤਾ ਆਪ ਹੀ ਤੁਹਾਡੇ ਨਾਲ ਹਿੱਤ ਕਰਦਾ ਹੈ, "ਮੈਂ ਤੁਹਾਨੂੰ ਚੁਣਿਆ ਹੈ,----ਜੋ ਕੁਝ ਵੀ ਤੁਸੀਂ ਪਿਤਾ ਕੋਲੋਂ ਮੇਰਾ ਨਾਮ ਲੈ ਕੇ ਮੰਗੋਂਗੇ ਉਹ ਤੁਹਾਨੂੰ ਦੇਵੇਗਾ।" ਯੂਹੰਨਾਂ 16:26,27. ਪ੍ਰੰਤੂ ਯਿਸੂ ਦੇ ਨਾਮ ਤੇ ਪ੍ਰਾਰਥਨਾ ਕਰਨਾ ਕੇਵਲ ਆਰੰਭ ਅਤੇ ਆਖੀਰ ਵਿੱਚ ਉਸਦਾ ਨਾਮ ਲੈ ਲੈਣ ਨਾਲੋਂ ਵਧੇਰੇ ਹੈ ਅਰਥਾਤ ਯਿਸੂ ਮਸੀਹ ਦੀ ਸ਼ਕਤੀ ਅਤੇ ਮਨ ਦੇ ਅਨੁਸਾਰ ਪ੍ਰਾਰਥਨਾ ਕਰਨਾ, ਉਸਦੇ ਇਕਰਾਰਾਂ ਤੇ ਭਰੋਸਾ ਕਰਕੇ ਉਸਦੀ ਮਿਹਰ ਦੀ ਪ੍ਰਤੀਤ ਕਰਕੇ ਉਸਦੇ ਅਨੁਸਾਰ ਕੰਮ ਕਰਨੇ।

**(6) ਸਾਡੀਆਂ ਪ੍ਰਾਰਥਨਾਵਾਂ ਅਤੇ ਅਰਾਧਨਾ ਨਾਲ ਕਿਹੜੇ ਮਸੀਹੀ ਵਿਹਾਰਕ ਕੰਮ ਜੁੜੇ ਹੋਣੇ ਚਾਹੀਦੇ ਹਨ?**

***ਸਾਡੇ ਪਰਮੇਸ਼ੁਰ ਅਤੇ ਪਿਤਾ ਦੇ ਅੱਗੇ ਸ਼ੁੱਧ ਅਤੇ ਨਿਰਮਲ ਭਗਤੀ ਇਹ ਹੈ ਭਈ ਅਨਾਥਾਂ ਅਤੇ ਵਿਧਵਾਂ ਦੀ ਉਨ੍ਹਾਂ ਦੀ ਬਿਪਤਾ ਦੇ ਵੇਲੇ ਸੁੱਧ ਲੈਣੀ ਅਤੇ ਆਪਣੇ ਆਪ ਨੂੰ ਜਗਤ ਤੋਂ ਨਿਹਕਲੰਕ ਰੱਖਣਾ। (ਯਾਕੂਬ 1:27)***

***ਅਤੇ ਤੁਸਾਂ ਵਿੱਚੋਂ ਕੋਈ ਉਨ੍ਹਾਂ ਨੂੰ ਆਖੇ ਭਈ ਸੁਖ ਸਾਂਦ ਨਾਲ ਜਾਓ। ਨਿੱਘੇ ਅਤੇ ਰੱਜੇ ਪੁੱਜੇ ਰਹੋ ਪਰ ਜਿਹੜੀਆਂ ਵਸਤਾਂ ਸਰੀਰ ਲਈ ਲੋੜੀਦੀਆਂ ਹਨ ਓਹ ਤੁਸਾਂ ਉਨ੍ਹਾਂ ਨੂੰ***

*ਨੂੰ ਨਾ ਦਿੱਤੀਆਂ ਤਾਂ ਕੀ ਲਾਭ ਹੋਇਆ? (ਯਾਕੂਬ 2:16)*

ਪਰਮੇਸ਼ਰ ਦਾ ਪ੍ਰਯੋਜਨ ਇਹ ਨਹੀਂ ਕਿ ਸਾਡੇ ਵਿੱਚੋਂ ਕੋਈ ਸਾਧੂ ਜਾਂ ਫਕੀਰ ਬਣਕੇ ਸੰਸਾਰ ਤੋਂ ਤਿਆਗੀ ਹੋ ਕਿ ਹੀ ਭਗਤੀ ਭਾਵ ਵਿੱਚ ਲੀਨ ਹੋਵੇ। ਜੀਵਨ ਯਿਸੂ ਮਸੀਹ ਦੇ ਜੀਵਨ ਵਰਗਾ ਹੋਣਾ ਚਾਹੀਦਾ ਹੈ। ਪਰਬਤਾਂ ਤੇ ਪ੍ਰਾਰਥਨਾ ਕਰਕੇ ਪ੍ਰਭੂ ਵਿੱਚ ਲੀਨ ਹੋਣਾ ਅਤੇ ਭੀੜ ਵਿੱਚ ਪ੍ਰਭੂ ਦਾ ਜਸ ਕਰਕੇ ਲੋਕਾਂ ਨੂੰ ਪ੍ਰਭੂ ਵਿੱਚ ਲੀਨ ਕਰਨਾ। ਜੋ ਕੇਵਲ ਪ੍ਰਾਰਥਨਾਂ ਕਰਨ ਤੋਂ ਸਿਵਾ ਹੋਰ ਕੋਈ ਵੀ ਕੰਮ ਨਹੀਂ ਕਰਨਾ ਚਾਹੁੰਦਾ ਹੈ ਉਹ ਜਲਦੀ ਪ੍ਰਾਰਥਨਾਂ ਕਰਨੀ ਵੀ ਛੱਡ ਦੇਵੇਗਾ ਜਾਂ ਉਸਦੀਆਂ ਪ੍ਰਾਰਥਨਾਵਾਂ ਕੇਵਲ ਇੱਕ ਢੌਂਗ ਮਾਤਰ ਨਿੱਤ-ਕਰਮ ਬਣ ਜਾਣਗੀਆਂ। ਜਦੋਂ ਲੋਕ ਸਮਾਜਿਕ ਕੰਮਾਂ ਤੋਂ ਆਪਣੇ ਆਪ ਨੂੰ ਵੱਖਰਾ ਕਰਕੇ ਅਤੇ ਮਸੀਹੀ ਫਰਜ਼ ਤੋ ਸਲੀਬ ਚੁੱਕਣ (ਮਿਹਨਤ ਮੁਸ਼ਕਤ ਦੁੱਖ ਤਕਲੀਫਾਂ) ਦੇ ਖੇਤਰ ਤੋਂ ਦੂਰ ਹਟ ਜਾਂਦੇ ਹਨ ਜਦੋਂ ਉਹ ਆਪਣੇ ਸੁਆਮੀ ਲਈ ਇਮਾਨਦਾਰੀ ਨਾਲ ਕੰਮ ਕਰਨਾ ਛੱਡ ਦਿੰਦੇ ਹਨ ਜਿਸਨੇ ਪੂਰੀ ਲਗਨ ਨਾਲ ਉਨ੍ਹਾਂ ਲਈ ਕੰਮ ਕੀਤਾ ਤਾਂ ਉਹ ਪ੍ਰਾਰਥਨਾਂ ਦੇ ਮੂਲ ਵਿਸ਼ੇ ਨੂੰ ਭੁੱਲ ਜਾਂਦੇ ਹਨ ਅਤੇ ਉਨ੍ਹਾਂ ਵਿੱਚ ਭਗਤੀ ਭਾਵ ਦੀ ਕੋਈ ਅਦਾ ਨਹੀਂ ਰਹਿੰਦੀ। ਉਨ੍ਹਾਂ ਦੀਆਂ ਅਰਦਾਸਾਂ ਕੇਵਲ ਆਪਣੇ ਨਿੱਜੀ ਕੰਮਾਂ ਲਈ ਅਤੇ ਸਵਾਰਥ ਭਰਪੂਰ ਹੋ ਜਾਂਦੀਆਂ ਹਨ। ਉਹ ਮਨੁੱਖਤਾ ਦੀਆਂ ਲੋੜਾਂ ਲਈ ਪ੍ਰਾਰਥਨਾ ਨਹੀਂ ਕਰ ਸਕਦੇ ਅਤੇ ਨਾ ਹੀ ਮਸੀਹ ਦੇ ਰਾਜ ਨੂੰ ਉੱਚਾ ਤੇ ਉੱਨਤ ਕਰਨ ਲਈ ਅਰਜੋਈ ਕਰਕੇ ਸ਼ਕਤੀ ਤੇ ਬਲ ਦੀ ਪ੍ਰਾਰਥਨਾ ਕਰ ਸਕਦੇ ਹਨ ਜਿਸ ਨਾਲ ਇਹ ਕੰਮ ਸ਼ੀਘਰ ਹੀ ਪੂਰਾ ਹੋ ਸਕੇ।

## (7) ਮਸੀਹੀ ਸੰਗਤ ਦਾ ਉਦੇਸ਼ ਕੀ ਹੈ?

**ਅਤੇ ਆਪਸ ਵਿੱਚੀਂ ਇਕੱਠੇ ਹੋਣ ਨੂੰ ਨਾ ਛੱਡੀਏ ਜਿਵੇਂ ਕਈਆਂ ਦਾ ਦਸਤੂਰ ਹੈ ਸਗੋਂ ਇੱਕ ਦੂਏ ਨੂੰ ਉਪਦੇਸ਼ ਕਰੀਏ ਅਤੇ ਇਹ ਉੱਨਾ ਹੀ ਵਧੀਕ ਹੋਵੇ ਜਿੰਨਾ ਤੁਸੀਂ ਵੇਖਦੇ ਹੋ ਭਈ ਉਹ ਦਿਨ ਨੇੜੇ ਆਉਂਦਾ ਹੈ।.**
***(ਇਬਰਾਨੀਆਂ 10:25)***

ਜਦੋਂ ਅਸੀਂ ਪਰਮੇਸ਼ਰ ਦੀ ਸੇਵਾ ਲਈ ਇੱਕ ਦੂਸਰੇ ਨੂੰ ਉਤਸ਼ਾਹਿਤ ਕਰਕੇ ਬਲਵਾਨ ਕਰਨ ਤੇ ਵਾਰਤਾਲਾਪ ਕਰਨ ਦੇ ਅਵਸਰਾਂ ਤੋਂ ਅਵੇਸਲੇ ਹੋ ਕੇ ਲਾਭ ਨਹੀਂ ਉਠਾਉਂਦੇ ਤਾਂ ਸਾਨੂੰ ਐਸਾ ਕਰਨ ਨਾਲ ਭਾਰੀ ਹਾਨੀ ਪਹੁੰਚਦੀ ਹੈ ਅਤੇ ਉਸਦੇ ਬਚਨਾਂ ਦੀ ਮਹੱਤਤਾ ਅਤੇ ਸੱਚਾਈ ਸਾਡੇ ਮਸਤਕ ਵਿੱਚੋਂ ਜਾਂਦੀ ਰਹਿੰਦੀ ਹੈ ਅਤੇ ਸਾਡੇ ਹਿਰਦੇ ਉਸਦੇ ਬਚਨਾਂ ਦੇ ਸ਼ੁੱਧ ਪ੍ਰਭਾਵ ਨਾਲ ਰੌਸ਼ਨ ਅਤੇ ਉਤੇਜਿਤ ਨਹੀਂ ਹੁੰਦੇ ਅਤੇ ਨਤੀਜਾ ਇਹ ਹੁੰਦਾ ਹੈ ਕਿ ਸਾਡੇ ਆਤਮਿਕ ਗਿਆਨ ਦਾ ਪਤਨ ਹੁੰਦਾ ਜਾਂਦਾ ਹੈ। ਸਾਡੇ ਮਸੀਹੀ ਸੰਬੰਧਾਂ ਵਿੱਚ ਇੱਕ ਦੂਸਰੇ ਲਈ ਹਮਦਰਦੀ ਤੋਂ ਬਿਨਾਂ ਕਾਫੀ ਹਾਨੀ ਪਹੁੰਚਦੀ ਹੈ। ਜੋ ਆਪਣੇ ਆਪ ਵਿੱਚ ਹੀ ਸੀਮਿਤ ਰਹਿ ਕੇ ਦੂਸਰਿਆਂ ਤੋਂ ਦੂਰ ਰਹਿੰਦੇ ਹਨ, ਉਹ ਉਸ ਪੱਧਰ ਤੱਕ ਨਹੀਂ ਪਹੁੰਚਦੇ ਜੋ ਪਰਮੇਸ਼ਰ ਨੇ ਉਨ੍ਹਾਂ ਲਈ ਬਣਾਇਆ ਹੈ। ਸਾਡੀ ਪ੍ਰਕਿਤੀ ਵਿੱਚ ਠੀਕ ਤਰੀਕੇ ਸਮਾਜਿਕ ਤੱਤਾਂ ਦੀ ਉਪਜ ਸਾਨੂੰ ਇੱਕ ਦੂਸਰੇ ਲਈ ਹਮਦਰਦੀ ਲਈ ਪ੍ਰੇਰਦੀ ਹੈ ਅਤੇ ਇਹੋ ਸਾਧਨ ਹੈ ਜੋ ਸਾਨੂੰ ਪਰਮੇਸ਼ਰ ਦੀ ਸੇਵਾ ਲਈ ਬਲ ਦੇ ਕੇ ਵਿਕਸਿਤ ਕਰਦਾ ਹੈ।

ਜੋ ਮਸੀਹੀ ਮਿਲ ਜੁਲ ਕੇ ਰਹਿਣ ਅਤੇ ਇੱਕ ਦੂਸਰੇ ਨਾਲ ਪਰਮੇਸ਼ਰ ਦੇ ਪਿਆਰ ਦੀ ਚਰਚਾ ਕਰਨ ਅਤੇ ਮੁਕਤੀ ਦੀਆਂ ਵੱਡਮੁੱਲੀਆਂ ਸੱਚਾਈਆਂ ਦੀ ਚਰਚਾ ਕਰਨ ਤਾਂ ਉਨ੍ਹਾਂ ਦੇ ਮਨ ਤਾਜ਼ਗੀ ਨਾਲ ਭਰਪੂਰ ਹੋਣਗੇ ਅਤੇ ਇੱਕ ਦੂਸਰੇ ਨੂੰ ਤਾਜ਼ਗੀ ਦੇਣਗੇ। ਇੰਜ ਅਸੀਂ ਆਪਣੇ ਸਵਰਗੀ ਪਿਤਾ ਬਾਰੇ ਹੋਰ ਗਿਆਨ ਹਾਸਿਲ ਕਰਾਂਗੇ ਅਤੇ ਉਸ ਦੀ ਰੱਬੀ ਮਿਹਰ ਦਾ ਹੋਰ ਡੂੰਘਾ ਅਨੁਭਵ ਪ੍ਰਾਪਤ ਕਰਾਂਗੇ ਅਤੇ ਫਿਰ ਅਸੀਂ ਉਸ ਪਿਆਰ ਦੀ ਚਰਚਾ ਕਰਾਂਗੇ ਅਤੇ ਜਿਉਂ ਹੀ ਅਸੀਂ ਇਹ ਕਰਾਂਗੇ, ਸਾਡੇ ਆਪਣੇ ਹਿਰਦੇ ਗਰਮ ਜੋਸ਼ੀ ਨਾਲ ਉਤਸ਼ਾਹਿਤ ਹੋਣਗੇ: ਜੇ ਅਸੀਂ ਆਪਣੇ ਬਾਰੇ ਘੱਟ ਤੇ ਯਿਸੂ ਬਾਰੇ ਜ਼ਿਆਦਾ ਸੋਚੀਏ ਅਤੇ ਵਿਚਾਰੀਏ ਤਾਂ ਸਾਨੂੰ ਉਸਦੀ ਹਜ਼ੂਰੀ ਜ਼ਿਆਦਾ ਤੋਂ ਜ਼ਿਆਦਾ ਪ੍ਰਾਪਤ ਹੋਵੇਗੀ।

(8) ਸ਼ਾਂਤੀ ਵਿਚ ਰਹਿਣ ਲਈ ਸਾਡੇ ਵਿਚਾਰਾਂ ਅਤੇ ਪ੍ਰੇਮ ਦਾ ਕੇਂਦਰ ਕਿੱਥੇ ਹੋਣਾ ਚਾਹੀਦਾ ਹੈ?

*ਯਹੋਵਾਹ ਜੀ, ਤਸੀ□ ਉਨ੍ਹਾਂ ਲੋਕਾਂ ਨੂੰ, ਜਿਹੜੇ ਤੁਹਾਡੇ ਉੱਤੇ ਨਿਰਭਰ ਕਰਦੇ ਨੇ ਅਤੇ ਜਿਹੜੇ ਤੁਹਾਡੇ ਉੱਤੇ ਕਰਦੇ ਨੇ ਸੱਚਾ ਅਮਨ ਦਿੰਦੇ ਹੋ। ਇਸ ਲਈ, ਯਹੋਵਾਹ ਉੱਤੇ ਸਦਾ ਹੀ ਭਰੋਸਾ ਰੱਖੋ। ਕਿਉਂ ਕਿ ਤੁਹਾਡਾ ਟਿਕਾਣਾ ਸਦਾ ਲਈ ਯਹੋਵਾਹ ਯਾਹ ਅੰਦਰ ਹੈ! (ਯਸਈਆਹ 26:3-4)*

*ਉਤਾਹਾਂ ਦੀਆਂ ਗੱਲਾਂ ਉੱਤੇ ਚਿੱਤ ਲਾਓ, ਨਾ ਉਨ੍ਹਾਂ ਉੱਤੇ ਜਿਹੜੀਆਂ ਧਰਤੀ ਉੱਪਰ ਹਨ। (ਕੁਲੁੱਸੀਆਂ 3:2)*

ਜੇਕਰ ਅਸੀ ਪ੍ਰਮਾਤਮਾ ਬਾਰੇ ਉਤਨੀਂ ਵਾਰ ਹੀ ਸ਼ੁਕਰ ਭਰੇ ਦਿਲ ਨਾਲ ਵਿਚਾਰ ਕਰੀਏ ਜਿਤਨੀ ਵਾਰ ਸਾਨੂੰ ਉਸਦੀ ਸਹਾਇਤਾ ਦਾ ਪ੍ਰਮਾਣ ਮਿਲਦਾ ਹੈ ਤਾਂ ਅਸੀਂ ਹਮੇਸ਼ਾ ਉਸਨੂੰ ਆਪਣੇ ਧਿਆਨ ਵਿੱਚ ਰੱਖਾਂਗੇ। ਉਸਦੇ ਬਾਰੇ ਗੱਲਬਾਤ ਤੇ ਉਸਦੀ ਮਿਹਰ ਦੀ ਵਡਿਆਈ ਕਰਦੇ ਰਹਾਂਗੇ। ਅਸੀਂ ਹਾਮੇਸ਼ਾ ਦੁਨਿਆਵੀ ਗੱਲਾਂ ਸੋਚਦੇ ਹਾਂ ਕਿਉਂਕਿ ਸਾਡੀ ਦਿਲਚਸਪੀ ਉਨ੍ਹਾਂ ਵਿੱਚ ਹੈ। ਅਸੀਂ ਆਪਣੇ ਮਿੱਤਰਾਂ ਬਾਰੇ ਚਰਚਾ ਕਰਦੇ ਹਾਂ ਕਿਉਂਕਿ ਅਸੀਂ ਉਨ੍ਹਾਂ ਨੂੰ ਪਿਆਰ ਕਰਦੇ ਹਾਂ। ਸਾਡੀਆਂ ਖੁਸ਼ੀਆਂ ਅਤੇ ਗਮੀਆਂ ਉਨ੍ਹਾਂ ਨਾਲ ਸੰਬਧਿਤ ਰਹਿੰਦੀਆ ਹਨ ਤਾਂ ਵੀ ਸਾਡੇ ਕੋਲ ਪਰਮੇਸ਼ਰ ਨੂੰ ਆਪਣੇ ਸੰਸਾਰਿਕ ਮਿੱਤਰਾਂ ਨਾਲੋਂ ਵਧਕੇ ਪਿਆਰ ਕਰਨ ਦੇ ਅਪਾਰ ਕਾਰਣ ਹਨ। ਸੰਸਾਰ ਵਿੱਚ ਸੰਭਾਵਿਕ ਤੌਰ ਤੇ ਸਾਨੂੰ ਪਰਮੇਸ਼ਰ ਨੂੰ ਹਰ ਗੱਲ ਵਿੱਚ ਪ੍ਰਥਮ ਰੱਖਣਾ ਚਾਹੀਦਾ ਹੈ।

ਜੋ ਵੱਡਮੁੱਲੇ ਵਰਦਾਨ ਉਸਨੇ ਸਾਨੂੰ ਦਿੱਤੇ ਹਨ ਇਹ ਇਸ ਲਈ ਨਹੀ ਕਿ ਇੰਨ੍ਹਾਂ ਵਿੱਚ ਇੰਨੇ ਗਲਤ ਨਾ ਹੋ ਜਾਈਏ ਕਿ ਮੋਹ ਮਾਇਆ ਵਿੱਚ ਫਸ ਕੇ ਸਾਡੇ ਕੋਲ ਪਰਮੇਸ਼ਰ ਨੂੰ ਦੇਣ ਵਾਸਤੇ ਕੁਝ ਰਹੇ ਹੀ ਨਾ। ਇਹ ਤੇ ਸਾਨੂੰ ਸਗੋਂ ਉਸਦੀ ਨਿਰੰਤਰ ਯਾਦ ਦਿਵਾਉਣ ਵਾਸਤੇ ਅਤੇ ਸਾਨੂੰ ਉਸਦੇ ਅਪਾਰ ਪ੍ਰੇਮ ਅਤੇ ਸ਼ੁਕਰ ਦੀਆਂ ਤਾਰਾਂ ਨਾਲ ਜੋੜਨ ਵਾਸਤੇ ਹਨ ਤਾਂ ਜੋ ਅਸੀਂ ਆਪਣੇ ਸਵਰਗੀ ਦਾਤੇ ਨੂੰ ਕਦੀ ਨਾ ਵਿਸਾਰੀਏ। ਅਸੀਂ ਪ੍ਰਿਥਵੀ ਦੇ ਸਭ ਤੋਂ ਨੀਵੇਂ ਸਥਾਨ ਤੇ ਰਹਿੰਦੇ ਹਾਂ। ਆਉ ਅਸੀਂ ਅੱਖ ਚੁੱਕ ਕੇ ਉਸ

ਸਵਰਗੀ ਮੰਦਰ ਦੇ ਖੁੱਲ੍ਹੇ ਦੁਆਰ ਵੱਲ ਦੇਖੀਏ ਜਿੱਥੋਂ ਪਰਮੇਸ਼ਰ ਦੇ ਨੂਰ ਦੀ ਰੌਸ਼ਨੀ ਯਿਸੂ ਮਸੀਹ ਦੇ ਮੁੱਖੜੇ ਤੇ ਚਮਕ ਰਹੀ ਹੈ, "ਜੋ ਉਸਦੇ ਦੁਆਰਾ ਪਰਮੇਸ਼ਰ ਕੋਲ ਆਉਂਦੇ ਹਨ ਉਹ ਉਨ੍ਹਾਂ ਦਾ ਪੂਰਾ ਉੱਧਾਰ ਕਰਨ ਦੀ ਸਮੱਰਥਾ ਰੱਖਦਾ ਹੈ।" ਇਬਰਾਨੀਆਂ 7:25.

**(9) ਸਾਡੀਆਂ ਪ੍ਰਾਰਥਨਾ ਵਿਚ ਕਿਹੜਾ ਮਹੱਤਵਪੂਰਣ ਤੱਤ ਹੋਣਾ ਚਾਹੀਦਾ ਹੈ?**

***ਲਗਾਤਾਰ ਪ੍ਰਾਰਥਨਾ ਕਰਦੇ ਰਹੋ ਅਤੇ ਧੰਨਵਾਦ ਕਰਦਿਆਂ ਹੋਇਆਂ ਉਸ ਵਿੱਚ ਸੁਚੇਤ ਰਹੋ। (ਕੁਲੁੱਸੀਆਂ 4:2)***

ਸਾਨੂੰ ਪਰਮੇਸ਼ਰ ਦੀ ਹੋਰ ਵੀ ਜ਼ਿਆਦਾ ਵਡਿਆਈ ਕਰਨ ਦੀ ਲੋੜ ਹੈ, "ਉਸਦੀ ਨੇਕੀ ਅਤੇ ਭਲਾਈ ਲਈ ਅਤੇ ਉਨ੍ਹਾਂ ਅਦਭੁੱਤ ਕੰਮਾਂ ਲਈ ਜੋ ਉਹ ਮਨੁੱਖ ਦੇ ਬੱਚਿਆ ਲਈ ਕਰਦਾ ਹੈ।" ਜ਼ਬੂਰਾਂ ਦੀ ਪੋਥੀ 107:8. ਸਾਡੀ ਭਗਤੀ ਸੰਬੰਧੀ ਉਪਾਸਨਾ ਵਿੱਚ ਕੇਵਲ ਮੰਗਣ ਅਤੇ ਪ੍ਰਾਪਤ ਕਰਨ ਦਾ ਹੀ ਜ਼ਿਕਰ ਨਹੀਂ ਹੋਣਾ ਚਾਹੀਦਾI

ਸਾਨੂੰ ਹਮੇਸ਼ਾ ਆਪਣੀਆਂ ਲੋੜਾਂ ਬਾਰੇ ਹੀ ਵਿਚਾਰ ਨਹੀਂ ਕਰਦੇ ਰਹਿਣਾ ਚਾਹੀਦਾ। ਕਦੀ ਉਨ੍ਹਾਂ ਭਲਾਈਆਂ ਅਤੇ ਲਾਭਾਂ ਦਾ ਵਿਚਾਰ ਕਰਨਾ ਚਾਹੀਦਾ ਹੈ ਜੋ ਪਰਮੇਸ਼ਰ ਦੀ ਮਿਹਰ ਨਾਲ ਸਾਨੂੰ ਪਹੁੰਚਦੀਆਂ ਹਨ। ਅਸੀ ਕੋਈ ਜ਼ਿਆਦਾ ਪ੍ਰਾਰਥਨਾਂ ਨਹੀਂ ਕਰਦੇ ਪਰ ਸ਼ੁਕਰ ਕਰਨ ਤੋਂ ਬਹੁਤ ਸੰਕੋਚ ਕਰਦੇ ਹਾਂ। ਅਸੀਂ ਨਿਰੰਤਰ ਪ੍ਰਭੂ ਦੀਆਂ ਮਿਹਰਾ ਅਤੇ ਬਖਸ਼ਿਸ਼ਾਂ ਦੇ ਭਾਗੀ ਬਣਦੇ ਰਹਿੰਦੇ ਹਾਂ ਪ੍ਰੰਤੂ ਕਿੰਨਾਂ ਥੋੜਾ ਸ਼ੁਕਰ ਅਤੇ ਧੰਨਵਾਦ ਕਰਦੇ ਹਾਂ ਤੇ ਕਿੰਨੀ ਥੋੜੀ ਉਸਦੀ ਮਿਹਰ ਦੀ ਵਡਿਆਈ ਕਰਦੇ ਹਾਂ ਜੋ ਕੁਝ ਉਸਨੇ ਸਾਡੇ ਲਈ ਕੀਤਾ ਹੈ ਅਤੇ ਕਰ ਰਿਹਾ ਹੈ।

**(10) ਜੋ ਅਨੰਦ ਨਾਲ ਆਪਣੇ ਜੀਵਨ ਅਤੇ ਸਾਧਨਾਂ ਨੂੰ ਮਸੀਹ ਲਈ ਸਮਰਪਿਤ ਕਰਦੇ ਹਾਂ ਉਨ੍ਹਾਂ ਦੇ ਦਿਲ ਵਿਚੋਂ ਕੀ ਵਹੇਗਾ?**

***ਤੁਸੀਂ ਉੱਥੇ ਯਹੋਵਾਹ ਦੇ ਸਨਮੁੱਖ ਖਾਇਉ ਅਤੇ ਆਪਣੇ ਹੱਥਾਂ ਦੇ ਹਰ ਕੰਸ਼ ਉੱਤੇ ਤੁਸੀਂ ਅਤੇ ਤੁਹਾਡੇ ਘਰਾਣੇ ਜਿਨ੍ਹਾਂ***

*ਜਿਨ੍ਹਾਂ ਕਾਰਣ ਯਹੋਵਾਹ, ਤੁਹਾਡੇ ਪਰਮੇਸ਼ਰ ਨੇ ਤੁਹਾਨੂੰ ਬਰਕਤ ਦਿੱਤੀ ਹੈ ਖੁਸ਼ੀ ਮਨਾਇਓ।" (ਬਿਵਸਥਾ ਸਾਰ 12:7)*

ਪ੍ਰਾਚੀਨ ਸਮੇਂ ਵਿੱਚ ਜਦੋਂ ਇਸਰਾਇਲ ਦੇ ਲੋਕ ਉਪਾਸਨਾ ਕਰਨ ਲਈ ਇੱਕਠੇ ਹੁੰਦੇ ਸਨ। ਜੋ ਕੁਝ ਪਰਮੇਸ਼ਰ ਦੀ ਮਹਿਮਾ ਨਾਲ ਕੀਤਾ ਜਾਏ ਉਸਨੂੰ ਖੁਸ਼ੀ ਨਾਲ ਕਰਨਾ ਚਾਹੀਦਾ ਹੈ, ਸ਼ੁਕਰ ਅਤੇ ਮਹਿਮਾ ਗਾ ਕੇ ਸ਼ੋਕ ਅਤੇ ਉਦਾਸੀ ਨਾਲ ਨਹੀ। ਸਾਡਾ ਪਰਮੇਸ਼ਰ ਇੱਕ ਕੋਮਲ ਅਤੇ ਤਰਸਵਾਨ ਪਿਤਾ ਹੈ। ਉਸਦੀ ਸੇਵਾ ਦਿਲ ਦੁਖਾਉਣ ਵਾਲੀ ਅਤੇ ਚਿੰਤਾਤਰ ਕਰਨ ਵਾਲੀ ਨਹੀਂ ਸਮਝਣੀ ਚਾਹੀਦੀ।

ਪਰਮੇਸ਼ਰ ਦੀ ਪੂਜਾ ਕਰਨੀ ਅਤੇ ਭਾਗੀ ਬਣਨ ਨੂੰ ਖੁਸ਼ੀ ਸਮਝਣਾ ਚਾਹੀਦਾ ਹੈ। ਪਰਮੇਸ਼ਰ ਨਹੀਂ ਚਾਹੁੰਦਾ ਉਸਦੇ ਬੱਚੇ ਜਿੰਨਾਂ ਲਈ ਐਨੀ ਗੰਭੀਰ ਮੁਕਤੀ ਦੀ ਦਾਤ ਦਾ ਬੰਦੋਬਸਤ ਕੀਤਾ ਗਿਆ ਹੈ। ਉਸਨੂੰ ਇੱਕ ਕਠੋਰ, ਵਗਾਰ ਲੈਣ ਵਾਲਾ ਅਤੇ ਬਲ ਪੂਰਵਕ ਕਾਰ ਕਰਵਾਉਣ ਵਾਲਾ ਸਮਝਣ। ਉਹ ਉਨ੍ਹਾਂ ਦਾ ਮਿੱਤਰ ਪਿਆਰਾ ਹੈ ਅਤੇ ਜਦੋਂ ਉਹ ਉਸਦੀ ਪੂਜਾ ਕਰਦੇ ਹਨ ਉਹ ਉਨ੍ਹਾਂ ਦੇ ਅੰਗ ਸੰਗ ਹੁੰਦਾ ਹੈ ਅਤੇ ਉਨ੍ਹਾਂ ਨੂੰ ਅਸੀਸਾਂ ਅਤੇ ਦਿਲਾਸਾ ਦਿੰਦਾ ਹੈ ਅਤੇ ਉਨ੍ਹਾਂ ਦੇ ਹਿਰਦੇ ਪਿਆਰ ਅਤੇ ਖੁਸ਼ੀ ਨਾਲ ਭਰਦਾ ਹੈ। ਪ੍ਰਭੂ ਚਾਹੁੰਦਾ ਹੈ ਉਸਦੇ ਬੱਚੇ ਉਸਦੀ ਸੇਵਾ ਵਿੱਚ ਆਰਾਮ ਅਤੇ ਸ਼ਾਂਤੀ ਪਾਉਣ ਅਤੇ ਉਸਦੇ ਕੰਮਾਂ ਵਿੱਚ ਕਠਿਨਾਈ ਦੀ ਥਾਂ ਜ਼ਿਆਦਾ ਖੁਸ਼ੀ ਮਹਿਸੂਸ ਕਰਨ। ਉਹ ਚਾਹੁੰਦਾ ਹੈ ਜੋ ਉਸਦੀ ਸ਼ਰਨ ਵਿੱਚ ਪੂਜਾ ਕਰਨ ਆਉਣ ਆਪਣੇ ਅਨੁਭਵ ਵਿੱਚ ਉਸਦੀ ਸਹਾਇਤਾ ਤੇ ਪਿਆਰ ਦੇ ਬਹੁਮੁੱਲੇ ਵਿਚਾਰ ਲੈ ਕੇ ਜਾਣ ਤਾਂ ਕਿ ਜੋ ਉਹ ਰੋਜ਼ਾਨਾ ਜੀਵਨ ਦੇ ਕੰਮਾਂ ਵਿੱਚ ਖੁਸ਼ੀ ਖੁਸ਼ੀ ਦਿਲ ਲਾ ਸਕਣ ਅਤੇ ਹਰ ਚੀਜ਼ ਵਿੱਚ ਇਮਾਨਦਾਰੀ ਅਤੇ ਵਫਾਦਾਰੀ ਨਾਲ ਕੰਮ ਕਰਨ ਦੀ ਮਿਹਰ ਪ੍ਰਾਪਤ ਕਰ ਸਕਣ।

**(11) ਜਦੋਂ ਸਾਡੇ ਵਿਚਾਰ, ਗੱਲਬਾਤ ਅਤੇ ਪ੍ਰਾਰਥਨਾਵਾਂ ਪਰਮੇਸ਼ਰ ਦੀ ਅਰਾਧਨਾ ਅਤੇ ਮਹਿਮਾ ਕਰਨਗੇ ਤਾਂ ਕੀ ਪ੍ਰਗਟ ਹੋਵੇਗਾ?**

***ਜੇ ਕੋਈ ਬੰਦਾ ਸ਼ੁਕਰਾਨੇ ਦਾ ਚੜ੍ਹਾਵਾ ਪ੍ਰਦਾਨ ਕਰਦਾ ਹੈ ਤਾਂ ਉਹ ਮੇਰੇ ਲਈ ਆਦਰ ਦਰਸਾਉਂਦਾ ਹੈ। ਪਰ ਜੇ ਕੋਈ ਬੰਦਾ ਸਹੀ ਢੰਗ ਨਾਲ ਜਿਉਂਦਾ ਹੈ, ਤਾਂ ਮੈਂ ਉਸਨੂੰ ਬਚਾਉਣ ਲਈ ਆਪਣੀ ਸ਼ਕਤੀ ਦਰਸਾਵਾਂਗਾ।" (ਜ਼ਬੂਰ 50:23)***

ਸਾਨੂੰ ਸਲੀਬ ਦੇ ਚੌਂਹੀ ਪਾਸੀ ਇੱਕਠੇ ਹੋਣਾ ਚਾਹੀਦਾ ਹੈ। ਮਸੀਹ ਅਤੇ ਉਸਨੂੰ ਸਲੀਬ ਤੇ ਚੜ੍ਹਾਏ ਜਾਣ ਦੇ ਵਿਚਾਰ ਸਾਡੀ ਗੱਲਬਾਤ ਦਾ ਵਿਸ਼ਾ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਵਿਚਾਰਾਂ ਵਿੱਚ ਹੀ ਸਾਨੂੰ ਸ਼ੁਕਰ ਗੁਜ਼ਾਰ ਅਤੇ ਅਨੰਦ ਵਿਭੋਰ ਹੋਣਾ ਚਾਹੀਦਾ ਹੈ। ਰੱਬ ਦੀ ਰਹਿਮਤ ਜੋ ਸਾਡੇ ਤੇ ਹੁੰਦੀ ਹੈ ਉਸਦਾ ਸਾਨੂੰ ਖਿਆਲ ਰੱਖਣਾ ਚਾਹੀਦਾ ਹੈ ਅਤੇ ਜਦੋਂ ਅਸੀ ਉਸਦਾ ਅਪਾਰ ਪਿਆਰ ਪਹਿਚਾਣ ਜਾਈਏ ਤਾਂ ਅਸੀਂ ਆਪਣੀ ਖੁਸ਼ੀ ਅਤੇ ਭਰੋਸੇ ਨਾਲ ਸਭ ਕੁਝ ਉਨ੍ਹਾਂ ਹੱਥਾਂ ਵਿੱਚ ਸੌਂਪ ਦੇਣਾ ਚਾਹਾਂਗੇ ਜੋ ਸਾਡੇ ਵਾਸਤੇ ਸਲੀਬ ਤੇ ਕਿੱਲਾਂ ਨਾਲ ਠੋਕੇ ਗਏ ਅਤੇ ਲਹੂ ਲੂਹਾਨ ਹੋਏ।

**(12) ਪਰਮੇਸ਼ਰ ਦੇ ਮਹਾਨ ਕੰਮਾਂ ਨੂੰ ਸਮਝਣ ਦੇ ਕਾਰਨ ਸਾਡੇ ਬੁੱਲ੍ਹਾਂ ਤੇ ਹਮੇਸ਼ਾਂ ਕੀ ਹੋਣਾ ਚਾਹੀਦਾ ਹੈ?**

***ਯਹੋਵਾਹ ਦਾ ਉਸਦੇ ਪਿਆਰ ਲਈ ਅਤੇ ਉਨ੍ਹਾਂ ਚਮਤਕਾਰਾਂ ਲਈ ਸ਼ੁਕਰਾਨਾ ਕਰੋ। ਜਿਹੜੇ ਉਹ ਲੋਕਾਂ ਲਈ ਕਰਦਾ ਹੈ। ਯਹੋਵਾਹ ਦੇ ਕੀਤੇ ਸਮੂਹ ਕੰਮਾਂ ਦੇ ਸ਼ੁਕਰਾਨੇ ਵਜੋਂ ਉਸ ਅੱਗੇ ਬਲੀਆਂ ਚੜ੍ਹਾਵੋ। ਖੁਸ਼ੀ ਨਾਲ ਦੱਸੋ ਯਹੋਵਾਹ ਨੇ ਕੀ ਕੀਤਾ ਹੈ। (ਜ਼ਬੂਰ 107:21-22)***

ਆਤਮਾ ਪਰਮੇਸ਼ਰ ਦੀ ਵਡਿਆਈ ਅਤੇ ਪ੍ਰਸ਼ੰਸਾ ਦੇ ਖੰਭਾਂ ਨਾਲ ਉੱਡ ਕੇ ਸਵਰਗ ਦੇ ਨੇੜੇ ਪਹੁੰਚ ਸਕਦੀ ਹੈ। ਸਵਰਗਾਂ ਦੇ ਦਰਬਾਰ ਵਿੱਚ ਭਜਨ ਅਤੇ ਸੰਗੀਤ ਨਾਲ ਪਰਮੇਸ਼ਰ ਦੀ ਉਪਾਸਨਾਂ ਹੁੰਦੀ ਰਹਿੰਦੀ ਹੈ ਅਤੇ ਜਦੋਂ ਅਸੀਂ ਉਸ ਮਹਾਨ ਪ੍ਰਭੂ ਦੀ ਉਪਮਾਂ ਅਤੇ ਮਹਾਨਤਾ ਦੇ ਸ਼ੁਕਰਾਨੇ ਦਾ ਗੁਣ ਗਾਣ ਕਰਦੇ ਹਾਂ ਤਾਂ ਸਾਡੀ ਉਪਾਸਨਾਂ ਵੀ ਉਸ ਸਵਰਗੀ ਸੈਨਾ ਵਿੱਚ ਸ਼ਾਮਿਲ ਹੋ ਜਾਂਦੀ ਹੈ। "ਆਉ ਸਤਿਕਾਰ ਭਰੀ ਖੁਸ਼ੀ ਨਾਲ ਆਪਣੇ ਸਿਰਜਣਹਾਰ

ਦੇ ਸਾਹਮਣੇ ਆਈਏ "ਧੰਨਵਾਦ ਤੇ ਭਹਨ ਦੀ ਆਵਾਜ਼" ਦੇ ਨਾਲ ਗਾਉਂਦੇ ਹੋਏ।" ਯਸਾਯਾਹ 51:3.

*ਮੈਂ ਮਹਿਸੂਸ ਕਰਦਾ ਹਾਂ ਕਿ ਪਰਮੇਸ਼ਰ ਨਾਲ ਰੋਜ਼ਾਨਾਂ ਅਨੁਭਵ ਕਰਨ ਲਈ ਮੈਨੂੰ ਨਿੱਜੀ ਅਤੇ ਜਨਤਕ ਪ੍ਰਾਰਥਨਾ ਪ੍ਰਾਰਥਨਾ ਦੁਆਰਾ ਪਰਮੇਸ਼ਰ ਨਾਲ ਨਿਰੰਤਰ ਸੰਪਰਕ ਦੀ ਦੀ ਜ਼ਰੂਰਤ ਹੈI*

*ਚੱਕਰ ਲਗਾਓ: ਹਾਂ ਅਨਿਸ਼ਚਿਤ*

*ਮੈਂ ਆਪਣੇ ਜੀਵਨ ਵਿਚ ਪਰਮੇਸ਼ਰ ਦੀ ਦਇਆ ਅਤੇ ਭਲਾਈਆਂ ਲਈ ਪ੍ਰਾਰਥਨਾ ਵਿਚ ਉਸਤਤ ਅਤੇ ਧੰਨਵਾਦ ਨੂੰ ਸ਼ਾਮਲ ਕਰਨ ਦੀ ਮਹੱਤਤਾ ਨੂੰ ਸਮਝਦਾ ਹਾਂI*

*ਚੱਕਰ ਲਗਾਓ: ਹਾਂ ਅਨਿਸ਼ਚਿਤ*

*ਮੈਂ ਪ੍ਰਾਰਥਨਾ ਦੀ ਅਸੀਸ ਦੁਆਰਾ ਪਰਮੇਸ਼ਰ ਦੇ ਸਿੰਘਾਸਣ ਕੋਲ ਆਉਣ ਅਤੇ ਆਪਣੇ ਜੀਵਨ ਵਿਚ ਉਸਦੀ ਮਹਾਨ ਸ਼ਕਤੀ ਨੂੰ ਪਾਉਣ ਅਤੇ ਇਸ ਨੂੰ ਹੋਰਨਾਂ ਦੇ ਜੀਵਨ ਵਿਚ ਦੇਣ ਦੇ ਅਵਸਰ ਲਈ ਸ਼ੁਕਰਗੁਜ਼ਾਰ ਹਾਂI*

*ਚੱਕਰ ਲਗਾਓ: ਹਾਂ ਅਨਿਸ਼ਚਿਤ*



## ਪਾਠ 14
## ਸ਼ੰਕਾ ਦਾ ਕੀ ਕੀਤਾ ਜਾਵੇ

**(1) ਯਿਸੂ ਨੇ ਉਨ੍ਹਾਂ ਲੋਕਾਂ ਨੂੰ ਕੀ ਜਵਾਬ ਦਿੱਤਾ ਸੀ ਜਿਹੜੇ ਉਸਦੇ ਪਰਮੇਸ਼ਰ ਹੋਣ ਬਾਰੇ ਸ਼ੱਕ ਵਿਚ ਸਨ?**

***ਤਦ ਕਿੰਨੇ ਗ੍ਰੰਥੀਆਂ ਅਤੇ ਫ਼ਰੀਸੀਆਂ ਨੇ ਅੱਗੋਂ ਆਖਿਆ, ਗੁਰੂ ਜੀ ਅਸੀਂ ਤੈਥੋਂ ਕੋਈ ਨਿਸ਼ਾਨੀ ਵੇਖਣੀ ਚਾਹੁੰਦੇ ਹਾਂ। ਪਰ ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਬੁਰੀ ਅਤੇ ਹਰਾਮਕਾਰ ਪੀੜ੍ਹੀ ਨਿਸ਼ਾਨੀ ਚਾਹੁੰਦੀ ਹੈ ਪਰ ਯੂਨਾਹ ਨਬੀ ਨਬੀ ਦੀ ਨਿਸ਼ਾਨੀ ਬਿਨਾ ਕੋਈ ਹੋਰ ਨਿਸ਼ਾਨੀ ਉਨ੍ਹਾਂ ਨੂੰ ਨਾ ਨਾ ਦਿੱਤੀ ਜਾਵੇਗੀ। (ਮੱਤੀ 12:38-39)***

ਬਹੁਤ ਸਾਰੇ ਲੋਕ ਵਿਸ਼ੇਸ਼ ਕਰਕੇ ਜੋ ਕਿ ਅਜੇ ਮਸੀਹੀ ਜੀਵਨ ਵਿੱਚ ਨਵਯੁਵਕ ਹੀ ਹਨ ਕਈ ਵਾਰ ਅਕਸਰ ਅਵਿਸ਼ਵਾਸ ਜਾਂ ਨਾਸਤਿਕਤਾ ਦੇ ਪ੍ਰਭਾਵ ਹੇਠਾਂ ਘਬਰਾ

ਜਾਂਦੇ ਹਨ। ਬਾਈਬਲ ਵਿੱਚ ਬਹੁਤ ਸਾਰੇ ਵਿਸ਼ੇ ਐਸੇ ਹਨ ਜਿੰਨ੍ਹਾਂ ਨੂੰ ਉਹ ਸਪਸ਼ਟ ਨਹੀਂ ਕਰ ਸਕਦੇ ਅਤੇ ਨਾ ਹੀ ਸਮਝ ਸਕਦੇ ਹਨ ਅਤੇ ਸ਼ੈਤਾਨ ਐਸੀਆਂ ਗੱਲਾਂ ਨੂੰ ਲੈ ਕੇ ਉਨ੍ਹਾਂ ਅਵਿਸ਼ਵਾਸੀਆਂ ਨੂੰ ਇਹ ਅਨੁਭਵ ਕਰਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਬਾਈਬਲ ਦੀ ਹਰ ਗੱਲ ਪਰਮੇਸ਼ਰ ਵੱਲੋਂ ਨਹੀਂ ਅਤੇ ਅਜਿਹੇ ਵਿਚਾਰ ਸਚਾਈ ਦਾ ਮਾਰਗ ਲਭਾਂ? ਜੇਕਰ ਬਾਈਬਲ ਸੱਚਮੁੱਚ ਹੀ ਪਰਮੇਸ਼ਰ ਦਾ ਬਚਨ ਹੈ ਤਾਂ ਕਿਵੇਂ ਮੈਂ ਇਹ ਸ਼ੰਕੇ ਨਵਿਰਤ ਕਰਾਂ ਅਤੇ ਭਟਕਣਾ ਵਿੱਚੋਂ ਨਿਕਲਾ?"

ਸਾਡੇ ਵਿਸ਼ਵਾਸ ਦੇ ਆਧਾਰ ਲਈ ਪੂਰੇ ਪ੍ਰਮਾਣ ਦੇਣ ਤੋਂ ਬਿਨਾਂ ਪਰਮੇਸ਼ਰ ਸਾਨੂੰ ਕਦੀ ਵਿਸ਼ਵਾਸ ਕਰਨ ਲਈ ਨਹੀਂ ਕਹਿੰਦਾ ਉਸਦੀ ਹੋਂਦ, ਉਸਦਾ ਚਰਿੱਤਰ ਅਤੇ ਉਸਦੇ ਬਚਨਾਂ ਦੀ ਸੱਚਾਈ ਸਭ ਸਾਡੇ ਤਰਕ ਦੇ ਪਰਮਾਣਾਂ ਨਾਲ ਸਿੱਧ ਹੋ ਚੁੱਕੇ ਹਨ ਅਤੇ ਪ੍ਰਮਾਣਾ ਦੀ ਸੰਖਿਆ ਅਣਗਿਣਤ ਹੈ। ਫਿਰ ਵੀ ਪਰਮੇਸ਼ਰ ਨੇ ਸ਼ੰਕੇ ਦੀ ਭਾਵਨਾ ਨੂੰ ਨਹੀਂ ਮੰਨਾਇਆ। ਪ੍ਰੰਤੂ ਸਾਡਾ ਵਿਸ਼ਵਾਸ ਪ੍ਰਮਾਣਾ ਤੇ ਟਿਕਿਆ ਰਹਿਣਾ ਚਾਹੀਦਾ ਹੈ ਪ੍ਰਦਰਸ਼ਣ ਤੇ ਨਹੀਂ। ਜੋ ਅਵਿਸ਼ਵਾਸ ਦੀ ਭਾਵਨਾਂ ਰੱਖਣਗੇ ਉਨ੍ਹਾਂ ਨੂੰ ਮੌਕਾ ਮਿਲੇਗਾ, ਪ੍ਰੰਤੂ ਜਿਹੜੇ ਸੱਚੀ ਵਿਆਕੁਲਤਾ ਨਾਲ ਸੱਚਾਈ ਦੀ ਭਾਲ ਕਰਨਗੇ ਉਨ੍ਹਾਂ ਨੂੰ ਅਣਗਿਣਤ ਪ੍ਰਮਾਣ ਮਿਲਣਗੇ। ਜਿੰਨ੍ਹਾਂ ਉੱਤੇ ਉਹ ਆਪਣਾ ਵਿਸ਼ਵਾਸ ਟਿਕਾ ਸਕਣ।

## (2) ਮਨੁੱਖ ਪਰਮੇਸ਼ਰ ਦੇ ਰਾਹਾਂ ਨੂੰ ਸਮਝਣ ਦੇ ਯੋਗ ਕਿਉਂ ਨਹੀਂ ਹੈ?

***ਯਹੋਵਾਹ ਆਖਦਾ ਹੈ, " ਤੁਹਾਡੇ ਵਿਚਾਰ ਮੇਰੇ ਵਿਚਾਰਾਂ ਵਰਗੇ ਨਹੀਂ ਹਨ। ਤੁਹਾਡੇ ਰਸਤੇ ਮੇਰੇ ਰਸਤਿਆਂ ਵਰਗੇ ਨਹੀਂ ਹਨ। 9 ਅਕਾਸ਼ ਧਰਤੀ ਨਾਲੋਂ ਉਚੇਰੇ ਹਨ। ਇਸੇ ਤਰ੍ਹਾਂ ਹੀ ਮੇਰੇ ਰਾਹ ਤੁਹਾਡੇ ਰਾਹਾਂ ਨਾਲੋਂ ਉਚੇਰੇ ਹਨ। ਅਤੇ ਅਤੇ ਮੇਰੇ ਵਿਚਾਰ ਤੁਹਾਡੇ ਵਿਚਾਰਾਂ ਨਾਲੋਂ ਉਚੇਰੇ ਹਨ।" ਯਹੋਵਾਹ ਨੇ ਖੁਦ ਇਹ ਗੱਲਾਂ ਆਖੀਆਂ। (ਯਸਈਆਹ 55:8-9)***

ਸੀਮਿਤ ਬੁੱਧੀ ਵਾਲਿਆ ਲਈ ਅਸੀਮ ਅਤੇ ਅਪਰੰਪਾਰ ਪਰਮੇਸ਼ਰ ਦੇ ਚਰਿੱਤਰ ਅਤੇ ਉਸਦੇ ਕਾਰਜਾਂ

ਨੂੰ ਪੂਰੀ ਤਰ੍ਹਾਂ ਸਮਝਣਾਂ ਅਸੰਭਵ ਹੈ। ਵੱਧ ਤੋਂ ਵੱਧ ਤੀਖਣ ਬੁੱਧੀ ਅਤੇ ਉੱਚੀ ਵਿਦਿਆ ਪਾਉਣ ਵਾਲੇ ਦਿਮਾਗਾਂ ਲਈ ਵੀ ਪਰਮੇਸ਼ਰ ਦਾ ਅੰਤ ਪਾਉਣਾ ਅਸੰਭਵ ਹੈ। ਪਰਮੇਸ਼ਰ ਉਨ੍ਹਾਂ ਲਈ ਵੀ ਇੱਕ ਰਹੱਸ ਦੇ ਪਰਦੇ ਅੰਦਰ ਹੀ ਰਹੇਗਾ।" ਭਲਾ ਤੂੰ ਖੋਜ ਨਾਲ ਪਰਮੇਸ਼ਰ ਨੂੰ ਲੱਭ ਸਕਦਾ ਹੈ? ਨਾ ਸਰਬਸ਼ਕਤੀਮਾਨ ਨੂੰ ਸੰਪੂਰਨਤਾਈ ਤੱਕ ਪਾ ਸਕਦਾ ਹੈ? ਉਹ ਆਕਾਸ਼ ਤੋਂ ਉੱਚਾ ਅਤੇ ਪਾਤਾਲ ਤੋਂ ਡੂੰਘਾ ਹੈ, ਕੀ ਤੂੰ ਜਾਣ ਸਕਦਾ ਹੈ?" ਅਯੂੱਬ 11:7,8.

ਪ੍ਰੇਰਿਤ ਪੌਲੁਸ ਨੇ ਪੁਕਾਰ ਕੇ ਕਿਹਾ, "ਵਾਹ! ਪਰਮੇਸ਼ਰ ਧੰਨ ਹੈ, ਉਸ ਵਿੱਚ ਬੁੱਧ ਅਤੇ ਗਿਆਨ ਕਿੰਨਾ ਡੂੰਘਾ ਹੈ। ਉਸਦੇ ਨਿਆਂਉ ਕਿੰਨੇ ਅਣਲੱਭ ਹਨ ਅਤੇ ਉਸਦੇ ਰਾਹ ਕਿੰਨੇ ਬੇਖੋਜ ਹਨ" ਰੋਮੀਆਂ ਨੂੰ 11:33. ਪ੍ਰੰਤੂ ਬੇਸ਼ਕ ਬੱਦਲ ਅਤੇ ਅੰਧਕਾਰ ਚਾਰੇ ਪਾਸੇ ਹੈ, "ਫੇਰ ਵੀ ਨਿਆਂ ਅਤੇ ਧਰਮ ਉਸਦੇ ਰਾਜ ਸਿੰਘਾਸਣ ਦੀ ਨੀਂਹ ਹੈ।" ਜ਼ਬੂਰਾਂ ਦੀ ਪੋਥੀ 97:2. ਸਾਡੇ ਨਾਲ ਉਸਦਾ ਲੈਣ ਦੇਣ ਯਥਾ ਜੋ ਉਦੇਸ਼ ਹੈ, ਜਿਸ ਦੁਆਰਾ ਉਹ ਸਾਡੇ ਨਾਲ ਵਰਤਦਾ ਹੈ, ਉਸਨੂੰ ਅਸੀਂ ਉਤਨੀ ਦੂਰ ਤੱਕ ਹੀ ਸਮਝ ਸਕਦੇ ਹਾਂ ਜਿੰਨੀ ਦੂਰ ਤੱਕ ਅਸੀਂ ਉਸਦੇ ਅਪਰਾਧ, ਪ੍ਰੇਮ, ਕਰੁਣਾ ਨੂੰ, ਜੋ ਸਾਨੂੰ ਉਸਦੀ ਅਸੀਮ ਸ਼ਕਤੀ ਨਾਲ ਮਿਲੇ ਹਨ। ਅਸੀਂ ਉਸਦੇ ਉਦੇਸ਼ ਨੂੰ ਉਥੋਂ ਤੱਕ ਹੀ ਸਮਝ ਸਕਦੇ ਹਾਂ ਜਿੱਥੋਂ ਤੱਕ ਸਾਡਾ ਕਲਿਆਣ ਹੋ ਸਕਦਾ ਹੈ। ਇਸ ਤੋਂ ਬਾਹਰ ਸਭ ਕੁਝ ਪੂਰਨ ਭਰੋਸਾ ਰੱਖ ਕੇ ਸਾਨੂੰ ਉਸ ਸਰਬ - ਸ਼ਕਤੀਮਾਨ ਦੇ ਹੱਥ ਵਿੱਚ ਛੱਡ ਦੇਣਾ ਚਾਹੀਦਾ ਹੈ ਜਿਸਦਾ ਹਿਰਦਾ ਪਿਆਰ ਭਰਪੂਰ ਹੈ।

**(3) ਜਦੋਂ ਅਸੀਂ ਬਾਈਬਲ ਨੂੰ ਸਮਝਣ ਵਿਚ ਅਸਫਲ ਹੁੰਦੇ ਹਾਂ ਤਾਂ ਸਾਨੂੰ ਕਿਸ ਗੱਲ ਦੀ ਚੌਕਸੀ ਕਰਨੀ ਚਾਹੀਦੀ ਹੈ?**

***ਜਿਵੇਂ ਓਨ ਆਪਣੀਆਂ ਸਾਰੀਆਂ ਪੱਤ੍ਰੀਆਂ ਵਿੱਚ ਉਨ੍ਹਾਂ ਉਨ੍ਹਾਂ ਦੇ ਵਿਖੇ ਲਿਖਿਆ ਹੈ ਅਤੇ ਉਨ੍ਹਾਂ ਵਿੱਚ ਕਈਆਂ ਕਈਆਂ ਗੱਲਾਂ ਦਾ ਸਮਝਣਾ ਔਖਾ ਹੈ ਜਿਨ੍ਹਾਂ ਨੂੰ ਕਚਘਰੜ ਅਤੇ ਡੋਲਣ ਵਾਲੇ ਲੋਕ ਆਪਣੀ***

*ਬਰਬਾਦੀ ਲਈ ਮਰੋੜਦੇ ਹਨ ਜਿਵੇਂ ਓਹ ਹੋਰਨਾਂ ਲਿਖਤਾਂ ਨੂੰ ਭੀ ਕਰਦੇ ਹਨ। ਸੋ ਹੇ ਪਿਆਰਿਓ, ਜਦੋਂ ਤੁਸੀਂ ਅੱਗੇ ਹੀ ਏਹ ਗੱਲਾਂ ਜਾਣਦੇ ਹੋ ਤਾਂ ਚੌਕਸ ਰਹੋ ਭਈ ਕਿਤੇ ਨਾ ਹੋਵੇ ਜੋ ਦੁਸ਼ਟਾਂ ਦੀ ਭੁੱਲ ਨਾਲ ਭਰਮ ਕੇ ਆਪਣੀ ਦ੍ਰਿੜਤਾ ਤੋਂ ਡਿੱਗ ਪਓ। (2 ਪਤਰਸ 3:16-17)*

ਪਰਮੇਸ਼ਰ ਦਾ ਬਚਨ ਉਸਦੇ ਕਰਤਾ ਪਰਮੇਸ਼ਰ ਦੀ ਤਰ੍ਹਾਂ ਹੀ ਰਹੱਸਮਈ ਹੈ ਅਤੇ ਸਿਮਿਤ ਬੁੱਧੀ ਵਾਲੇ ਮਨੁੱਖ ਨੂੰ ਪੂਰੀ ਡੂੰਘਾਈ ਨਾਲ ਕਦੀ ਵੀ ਸਮਝ ਨਹੀਂ ਆ ਸਕਦਾ। ਸੰਸਾਰ ਵਿੱਚ ਪਾਪ ਦਾ ਪ੍ਰਵੇਸ਼ ਮਸੀਹ ਦਾ ਅਵਤਾਰ, ਨਵਾਂ ਜਨਮ, ਮੁਰਦਿਆਂ ਵਿੱਚੋਂ ਜੀ ਉੱਠਣਾਂ ਅਤੇ ਹੋਰ ਕਈ ਵਿਸ਼ੇ ਅਜਿਹੇ ਹਨ ਜੋ ਮਨੁੱਖ ਬੁੱਧੀ ਲਈ ਬਹੁਤ ਡੂੰਘੇ ਤੇ ਵਿਸ਼ਾਲ ਅਤੇ ਪੂਰੀ ਤਰ੍ਹਾਂ ਸਮਝ ਤੋਂ ਬਾਹਰ ਹਨ।

ਕਿਉਂਕਿ ਅਸੀਂ ਪਰਮੇਸ਼ਰ ਦੇ ਭੇਤਾਂ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕਦੇ। ਇਸਦਾ ਇਹ ਮਤਲਬ ਨਹੀਂ ਕਿ ਅਸੀਂ ਪਰਮੇਸ਼ਰ ਤੇ ਅਵਿਸ਼ਵਾਸ ਕਰੀਏ। ਸੁਭਾਵਿਕ ਤੌਰ ਤੇ ਅਸੀਂ ਕੁਦਰਤ ਦੇ ਰਹੱਸਮਈ ਭੇਤਾਂ ਨਾਲ ਨਿਰੰਤਰ ਘਿਰੇ ਹੋਏ ਹਾਂ ਜਿੰਨ੍ਹਾਂ ਦੀ ਸਾਨੂੰ ਕੋਈ ਸਾਰ ਨਹੀਂ। ਮਾਮੂਲੀ ਤੋਂ ਮਾਮੂਲੀ ਜੀਵ ਵੀ ਐਸੀ ਜਟਿਲ ਸਮਸਿੱਆ ਪੇਸ਼ ਕਰਦਾ ਹੈ ਕਿ ਵੱਡੇ ਵੱਡੇ ਗੁਣੀ ਫਿਲਾਸਫ਼ਰ (ਦਰਸ਼ਨ-ਵੇਤਾ) ਦੀ ਬੁੱਧੀ ਵੀ ਸਪਸ਼ਟ ਕਰਨ ਤੋਂ ਨਾ ਕਾਬਿਲ ਹੋ ਜਾਂਦੀ ਹੈ। ਹਰ ਥਾਂ ਸਾਡੀ ਸਮਝ ਤੋਂ ਬਾਹਰ ਅਸਚਰਜਤਾ ਦੀਆਂ ਗੱਲਾਂ ਵਾਪਰਦੀਆਂ ਰਹਿੰਦੀਆਂ ਹਨ। ਤਾਂ ਕੀ ਇਹ ਜਾਣ ਕੇ ਸਾਨੂੰ ਅਸਚਰਜ ਹੋਣਾ ਚਾਹੀਦਾ ਹੈ ਕਿ ਆਤਮਿਕ ਸੰਸਾਰ ਦੇ ਰਹੱਸਮਈ ਭੇਤ ਸਾਡੀ ਸਮਝ ਤੋਂ ਬਾਹਰ ਹਨ? ਅਸਲ ਮੁਸ਼ਕਿਲ ਇਹ ਹੈ ਕਿ ਮਾਨਵ-ਬੁੱਧੀ ਬਹੁਤ ਸੌੜੀ ਅਤੇ ਦੁਰਬਲ ਹੈ। ਪਰਮੇਸ਼ਰ ਨੇ ਧਰਮ ਸ਼ਾਸ਼ਤਰ ਵਿੱਚ ਆਤਮਿਕ ਅਤੇ ਕੁਦਰਤ ਦੀਆਂ ਚੀਜ਼ਾਂ ਤੇ ਰੱਬੀ ਚਰਿੱਤਰ ਦੇ ਕਾਫੀ ਪ੍ਰਮਾਣ ਦਿੱਤੇ ਹਨ ਅਤੇ ਸਾਨੂੰ ਕੇਵਲ ਇਸ ਕਰਕੇ ਵੀ ਅਵਿਸ਼ਵਾਸੀ ਨਹੀਂ ਬਣਨਾ ਚਾਹੀਦਾ ਕਿ ਸਾਡੀ ਸੀਮਿਤ ਬੁੱਧੀ ਇਨ੍ਹਾਂ ਸਾਰੇ ਭੇਤਾਂ ਨੂੰ ਚੰਗੀ ਤਰ੍ਹਾਂ ਨਹੀਂ ਸਮਝ ਸਕਦੀ।

ਪ੍ਰੇਰਿਤ ਪਤਰਸ ਕਹਿੰਦਾ ਹੈ, "ਧਰਮ ਸ਼ਾਸਤਰ ਵਿੱਚ ਬਹੁਤ ਗੱਲਾਂ ਐਸੀਆਂ ਹਨ ਜਿੰਨ੍ਹਾਂ ਨੂੰ ਸਮਝਣਾਂ ਬਹੁਤ

ਕਠਿਨ ਹੈ ਅਤੇ ਅਨਪੜ੍ਹ ਅਤੇ ਚੰਚਲ ਮਨੁੱਖ ਉਨ੍ਹਾਂ ਨੂੰ ਆਪਣੀ ਸਮਝ ਅਨੁਸਾਰ ਵਰਤ ਕੇ ਆਪਣੇ ਹੀ ਨਾਸ਼ ਦਾ ਕਾਰਣ ਬਣਾ ਲੈਂਦੇ ਹਨ।" 2 ਪਤਰਸ 3:16. ਬਾਈਬਲ ਦੀਆਂ ਕਠਿਨਾਈਆਂ ਨੂੰ ਨਾਸਿਤਕ ਲੋਕ ਬਾਈਬਲ ਦੇ ਵਿਰੁੱਧ ਪ੍ਰਮਾਣ ਸਮਝਦੇ ਹਨ। ਪ੍ਰੰਤੂ ਇਸ ਤਰ੍ਹਾਂ ਕਰਨ ਨਾਲ ਸਗੋਂ ਉਹ ਬਾਈਬਲ ਨੂੰ ਰੱਬੀ ਪ੍ਰੇਰਣਾ ਨਾਲ ਲਿਖੀ ਗਈ ਹੋਣ ਦਾ ਠੋਸ ਪ੍ਰਮਾਣ ਸਿੱਧ ਕਰਦੇ ਹਨ। ਜੇਕਰ ਇਸ ਵਿੱਚ ਪਰਮੇਸ਼ਰ ਬਾਰੇ ਕੋਈ ਵਰਨਣ ਨਾ ਹੁੰਦਾ ਅਤੇ ਹਰ ਗੱਲ ਸਹਿਜ ਨਾਲ ਹੀ ਮਨੁੱਖ ਦੀ ਸਮਝ ਵਿੱਚ ਆ ਜਾਣ ਵਾਲੀ ਹੁੰਦੀ ਤਾਂ ਬਾਇਬਲ ਆਪਣੇ ਰੱਬੀ ਅਧਿਕਾਰ ਦਾ ਅਚੁਕ ਪ੍ਰਮਾਣ ਦੇਣ ਅਸਮਰਥ ਰਹਿੰਦੀ। ਬਾਈਬਲ ਦੇ ਵਿਸ਼ਿਆਂ ਦਾ ਰਹੱਸਮਈ ਅਤੇ ਪ੍ਰਤਾਪ ਹੀ ਉਸਨੂੰ ਰੱਬੀ ਪ੍ਰੇਰਣਾ ਨਾਲ ਲਿਖੀ ਗਈ ਅਤੇ ਪਰਮੇਸ਼ਰ ਦਾ ਬਚਨ ਹੋਂਣ ਦੀ ਸਾਖੀ ਦਿੰਦਾ ਹੈ।

**(4) ਇਸ ਸੰਸਾਰ ਦੀ ਬੁੱਧ ਬਾਈਬਲ ਨੂੰ ਸਮਝਣ ਵਿਚ ਅਸਫਲ ਕਿਉਂ ਹੁੰਦੀ ਹੈ?**

***ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਓਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸੱਕਦਾ ਇਸ ਲਈ ਜੋ ਆਤਮਕ ਰੀਤ ਨਾਲ ਉਨ੍ਹਾਂ ਦੀ ਜਾਚ ਕਰੀਦੀ ਹੈ। (1 ਕੁਰਿੰਥੀਆਂ 2:14)***

ਬਾਈਬਲ ਸਚਾਈ ਦੀਆਂ ਗੱਲਾਂ ਨੂੰ ਐਸੀ ਸਰਲਤਾ ਤਥਾ ਹਿਰਦੇ ਦੀਆਂ ਅਭਿਲਸ਼ਾਵਾਂ ਅਤੇ ਲੋੜਾਂ ਦੇ ਅਨੁਕੂਲ ਪੂਰਣ ਤੌਰ ਤੇ ਸਪਸ਼ਟ ਕਰਦੀ ਹੈ ਕਿ ਸਰੇਸ਼ਟ ਤੇ ਉੱਤਮ ਬੁੱਧੀ ਵਾਲੇ ਵਿਦਵਾਨ ਮਸਤਕ ਵੀ ਵਿਸਮਿਤ ਹੋ ਕੇ ਇਸ ਵੱਲ ਖਿੱਚੇ ਜਾਂਦੇ ਹਨ ਅਤੇ ਨਿਮਾਣੇ ਅਤੇ ਅਸੱਭਿਅ ਮਨੁੱਖਾਂ ਨੂੰ ਵੀ ਇਹ ਮੁਕਤੀ ਦਾ ਮਾਰਗ ਦੇਖਣ ਯੋਗ ਬਣਾ ਦੇਂਦੀ ਹੈ ਅਤੇ ਇਹ ਸਰਲਤਾ ਨਾਲ ਵਰਣਨ ਕੀਤੀਆਂ ਸੱਚਾਈਆਂ ਦੇ ਵਿਸ਼ੇ ਇੰਨੇ ਡੂੰਘੇ, ਉੱਚੇ, ਦੂਰਦਰਸ਼ੀ ਅਤੇ ਅਸੀਮ ਹਨ ਕਿ ਮਨੁੱਖ-ਬੁੱਧੀ ਦੀ ਸੀਮਿਤ ਸਮਝ ਤੋਂ ਬਹੁਤ ਪਰੇ ਹਨ ਅਤੇ ਅਸੀਂ ਕੇਵਲ ਵਿਸ਼ਵਾਸ ਨਾਲ ਹੀ ਇਨ੍ਹਾਂ ਨੂੰ ਗ੍ਰਹਿਣ ਕਰ ਸਕਦੇ ਹਾਂ ਪੂਰਣ ਭਰੋਸਾ ਰੱਖ ਕੇ ਇਹ ਪਰਮੇਸ਼ਰ ਦੀ ਬਾਣੀ ਹੈ। ਸੋ

ਇਸ ਪ੍ਰਕਾਰ ਉੱਧਾਰ ਦੀ ਯੋਜਨਾਂ ਸਾਡੇ ਸਾਹਮਣੇ ਖੁੱਲ੍ਹੀ ਪਈ ਹੈ ਤਾਂ ਕਿ ਹਰ ਆਤਮਾ ਨੂੰ ਉਹ ਕਦਮ ਨਜ਼ਰ ਆਏ ਜੋ ਉਸਨੇ ਪਸ਼ਚਾਤਾਪ ਕਰਣ ਲਈ ਚੁੱਕਣਾ ਹੈ ਪਿਤਾ ਪਰਮੇਸ਼ਰ ਵੱਲ ਯਿਸੂ ਮਸੀਹ ਤੇ ਵਿਸ਼ਵਾਸ ਕਰਕੇ ਅਤੇ ਪਰਮੇਸ਼ਰ ਦੀ ਨਿਯੁਕਤ ਕੀਤੀ ਗਈ ਯੋਜਨਾਂ ਦੇ ਅਨੁਸਾਰ ਸਭ ਪ੍ਰਾਣੀਆਂ ਦੇ ਉਧਾਰ ਲਈ। ਫਿਰ ਵੀ ਇੰਨ੍ਹਾਂ ਸਰਲ ਸਚਾਈਆਂ ਦੀ ਜੋ ਕਿ ਆਸਾਨੀ ਨਾਲ ਸਮਝੀਆ ਜਾ ਸਕਦੀਆਂ ਹਨ ਦੀ ਤਹਿ ਹੇਠਾਂ ਕੁਝ ਐਸੇ ਗੁੱਝੇ ਭੇਤ ਹਨ ਜਿੰਨ੍ਹਾਂ ਵਿੱਚ ਉਸਦੀ ਮਹਿਮਾ ਅਤੇ ਪ੍ਰਤਾਪ ਛਿਪੇ ਹਨ - ਐਸੇ ਰਹੱਸਮਈ, ਜੋ ਮਨੁੱਖੀ ਦਿਮਾਗ ਨੂੰ ਇੰਨ੍ਹਾਂ ਡੂੰਘਾਈਆਂ ਦੀ ਖੋਜ ਕਰਨ ਲਈ ਮਜ਼ਬੂਰ ਕਰ ਦਿੰਦੇ ਹਨ ਅਤੇ ਸੱਚਾਈ ਦੇ ਸੱਚੇ ਖੋਜੀਆ ਨੂੰ ਸਨਮਾਨ ਅਤੇ ਵਿਸ਼ਵਾਸ ਕਰਨ ਲਈ ਪ੍ਰੇਰਿਤ ਕਰ ਦਿੰਦੇ ਹਨ। ਜਿਉਂ-ਜਿਉਂ ਮਨੁੱਖ ਸਚਾਈ ਅਤੇ ਲਗਨ ਨਾਲ ਬਾਈਬਲ ਦੀ ਖੋਜ ਕਰਦਾ ਹੈ, ਉਤਨਾਂ ਹੀ ਉਸਦਾ ਵਿਸ਼ਵਾਸ ਵਧਦਾ ਜਾਂਦਾ ਹੈ। ਇਹ ਜਿਉਂਦੇ ਰੱਬ ਦਾ ਬਚਨ ਹੈ; ਆਤੇ ਮਨੁੱਖੀ ਦਿਮਾਗ ਦੇ ਤਰਕ ਅਤੇ ਵਾਦ ਵਿਵਾਦ ਰੱਬੀ ਗਿਆਨ ਦੇ ਪ੍ਰਕਾਸ਼ ਸਾਹਮਣੇ ਧੁੰਦਲੇ ਪੈ ਜਾਂਦੇ ਹਨ।

ਜਦੋਂ ਅਸੀਂ ਇਹ ਸਵੀਕਾਰ ਕਰਦੇ ਹਾਂ ਕਿ ਅਸੀਂ ਬਾਈਬਲ ਦੀਆਂ ਸਰਲ ਸਚਾਈਆਂ ਨੂੰ ਸਮਝਣ ਤੋਂ ਅਸਮੱਰਥ ਹਾਂ ਤਾਂ ਅਸੀ ਕੇਵਲ ਇਹ ਇਕਬਾਲ ਕਰਦੇ ਹਾਂ ਕਿ ਸਾਡਾ ਸੀਮਿਤ ਦਿਮਾਗ ਪਰਮੇਸ਼ਰ ਦੀ ਅਸੀਮਤਾ ਦਾ ਅੰਤ ਪਾਉਣ ਯੋਗ ਹੈ।ਅਧੂਰਾ ਹੈ।ਮਨੁੱਖ ਆਪਣੇ ਸੀਮਿਤ ਮਨੁੱਖੀ ਗਿਆਨ ਨਾਲ ਸਰਬ-ਗਿਆਤਾ ਪਰਮੇਸ਼ਰ ਦੇ ਕਾਰਜਾਂ ਨੂੰ ਨਹੀਂ ਸਮਝ ਸਕਦਾ।

**(5) ਸਾਡੇ ਦਿਲ ਵਿਚ ਕਿਸ ਚੀਜ਼ ਨੂੰ ਅੰਦਰ ਆਉਣ ਲਈ ਸਾਨੂੰ ਰੋਕਿਆ ਗਿਆ ਹੈ?**

***ਹੇ ਭਰਾਵੋ, ਵੇਖਣਾ ਭਈ ਜੀਉਂਦੇ ਪਰਮੇਸ਼ੁਰ ਤੋਂ ਬੇਮੁਖ ਹੋਣ ਕਰਕੇ ਕਿਤੇ ਤੁਹਾਡੇ ਵਿੱਚੋਂ ਕਿਸੇ ਦਾ ਬੇਪਰਤੀਤਾ ਬੁਰਾ ਦਿਲ ਨਾ ਹੋਵੇ। (ਇਬਰਾਨੀਆਂ 3:12)***

ਨਾਸਤਿਕ ਅਤੇ ਅਵਿਸ਼ਵਾਸੀ ਪਰਮੇਸ਼ਰ ਦੇ ਬਚਨ ਦੇ ਅਧਿਕਾਰ ਨੂੰ ਅਸਵੀਕਾਰ ਕਰਦੇ ਹਨ ਕਿਉਂਕਿ ਉਹ ਇਸਦੇ ਡੂੰਘੇ ਰਹੱਸ ਦੀ ਥਾਹ ਨਹੀਂ ਪਾ ਸਕਦੇ, ਪ੍ਰੰਤੂ ਉਹ

ਸਾਰੇ ਵੀ ਜੋ ਬਾਈਬਲ ਤੇ ਵਿਸ਼ਵਾਸ ਕਰਦੇ ਹਨ ਇਸ ਖਤਰੇ ਤੋਂ ਬਾਹਰ ਨਹੀਂ। ਪ੍ਰੇਰਿਤ ਕਹਿੰਦਾ ਹੈ, "ਹੇ ਭਰਾਵੋ, ਵੇਖਣਾਂ ਭਈ ਜਿਉਂਦੇ ਪਰਮੇਸ਼ਰ ਬੇਮੁੱਖ ਹੋਣ ਕਰਕੇ ਕਿਤੇ ਤੁਹਾਡੇ ਵਿੱਚੋਂਕਿ ਸੇ ਦਾ ਬੇਪਰਤੀਤਾ ਬੁਰਾ ਦਿਲ ਨਾ ਹੋਵੇ। ਇਬਰਾਨੀਆਂ ਨੂੰ 10:3. ਇਹ ਉਚਿਤ ਹੈ ਕਿ ਬਾਈਬਲ ਦੇ ਉਪਦੇਸ਼ਾਂ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ ਅਤੇ ਖੋਜ ਕਰਨੀ ਚਾਹੀਦੀ ਹੈ, "ਪਰਮੇਸ਼ਰ ਦੀਆਂ ਗੱਲਾਂ ਦੀ ਡੂੰਘਾਈ ਦੀ," ਜਿਵੇਂ ਕਿ ਉਨ੍ਹਾਂ ਦਾ ਵਰਨਣ ਧਰਮ ਸ਼ਾਸਤਰ ਵਿੱਚ ਹੋਇਆ ਹੈI 1 ਕੁਰੰਥੀਆ ਨੂੰ 2:10.

ਸ਼ੈਤਾਨ ਹਮੇਸ਼ਾ ਇਹ ਕੋਸ਼ਿਸ਼ ਕਰਦਾ ਹੈ ਕਿ ਦਿਮਾਗ ਦੀਆਂ ਖੋਜੀ ਸ਼ਕਤੀਆਂ ਨੂੰ ਪ੍ਰੇਰਿਤ ਕਰਕੇ ਬੁਰੇ ਮਾਰਗ ਵਾਲ ਲਾਏ। ਬਾਈਬਲ ਦੀਆਂ ਸਚਾਈਆਂ ਪ੍ਰਤੀ ਸਨਮਾਨ ਦੇ ਨਾਲ ਨਾਲ ਇੱਕ ਤਰ੍ਹਾਂ ਦੇ ਗਰਵ ਦਾ ਅੰਸ਼ ਵੀ ਸ਼ਾਮਿਲ ਹੁੰਦਾ ਹੈ ਅਤੇ ਜਦੋਂ ਮਨੁੱਖ ਸ਼ਾਸਤਰ ਦੇ ਹਰ ਸ਼ਲੋਕ ਦਾ ਸੰਤੋਸ਼ਜਨਕ ਵਿਸਥਾਰ ਕਰਨ ਤੋਂ ਅਸਮਰੱਥ ਹੋ ਜਾਂਦੇ ਹਨ ਤਾਂ ਧੀਰਜ ਛੱਡ ਕੇ ਹਾਰ ਮੰਨ ਬੈਠਦੇ ਹਨ। ਇਹ ਮੰਨ ਲੈਣਾ ਕਿ ਇਹ ਪ੍ਰੇਰਿਤ ਸ਼ਬਦ ਉਨ੍ਹਾਂ ਦੀ ਸਮਝ ਤੋਂ ਬਾਹਰ ਹਨ ਉਨ੍ਹਾਂ ਲਈ ਇੱਕ ਤਰ੍ਹਾਂ ਲੱਜਿਆ ਦਾ ਕਾਰਨ ਬਣ ਜਾਂਦਾ ਹੈ। ਉਹ ਸਬਰ ਅਤੇ ਵਿਸ਼ਵਾਸ ਨਾਲ ਐਸੇ ਮੌਕੇ ਦੀ ਉਡੀਕ ਕਰਨ ਲਈ ਤਿਆਰ ਨਹੀਂ ਹੁੰਦੇ ਕਿ ਪਰਮੇਸ਼ਰ ਆਪ ਜਦੋਂ ਚਾਹੇਗਾ ਇਹ ਸਚਾਈ ਉਨ੍ਹਾਂ ਤੇ ਪ੍ਰਗਟ ਕਰੇਗਾ। ਉਹ ਸਮਝਦੇ ਹਨ ਕਿ ਰੱਬੀ ਮਿਹਰ ਤੋਂ ਬਿਨਾਂ ਹੀ ਉਨ੍ਹਾਂ ਦੀ ਮਨੁੱਖੀ ਸਮਝ ਦੀ ਚਤੁਰਾਈ ਧਰਮ ਸ਼ਾਸਤਰ ਦੇ ਸ਼ਲੋਕਾਂ ਨੂੰ ਸਮਝਣ ਲਈ ਕਾਫੀ ਹੈ ਅਤੇ ਜਦੋਂ ਇਸ ਤਰ੍ਹਾਂ ਨਹੀਂ ਹੁੰਦਾ ਤਾਂ ਉਹ ਸਿੱਟੇ ਦੇ ਤੌਰ ਤੇ ਇਸਦੇ ਅਧਿਕਾਰ ਤੋਂ ਮੁਨਕਰ ਹੋ ਜਾਂਦੇ ਹਨ।

ਇਹ ਸੱਚ ਹੈ ਕਿ ਬਹੁਤ ਸਾਰੇ ਸਿਧਾਂਤ ਅਤੇ ਸਿੱਖਿਆਵਾਂ ਜਿੰਨ੍ਹਾਂ ਦਾ ਬਹੁਤ ਪ੍ਰਚਾਰ ਹੈ ਉਹ ਬਾਈਬਲ ਵਿੱਚੋਂ ਨਹੀਂ ਲਈਆਂ ਗਈਆਂ, ਸਗੋਂ ਉਹ ਬਾਈਬਲ ਦੀ ਪ੍ਰੇਰਣਾ ਦੇ ਵਿਰੁੱਧ ਹਨ ਅਤੇ ਇਹ ਚੀਜ਼ਾਂ ਬਹੁਤ ਸਾਰੇ ਲੋਕਾਂ ਲਈ ਸ਼ੰਕਾ ਅਤੇ ਪ੍ਰੇਸ਼ਾਨੀ ਦਾ ਕਾਰਨ ਬਣੀਆਂ ਰਹੀਆਂ ਹਨ। ਪ੍ਰੰਤੂ ਇਸਦਾ ਦੋਸ਼ ਪਰਮੇਸ਼ਰ ਦੇ ਵਚਨ ਤੇ ਨਹੀਂ ਮਨੁੱਖ ਦੀ ਆਪਣੀ ਚਤੁਰਾਈ ਅਤੇ ਕੁਮਾਰ-ਗਤਾ ਤੇ ਹੈ।

**(6) ਅਸੀਂ ਪਰਮੇਸ਼ਰ ਨੂੰ ਪੂਰੀ ਤਰ੍ਹਾਂ ਸਮਝਣ ਦੇ ਯੋਗ ਕਿਉਂ ਨਹੀਂ ਹੋਵਾਂਗੇ?**

*ਕਿਉਂਕਿ ਗੁਪਤ ਗੱਲਾਂ ਤਾਂ ਸਾਡੇ ਯਹੋਵਾਹ ਪਰਮੇਸ਼ਰ ਦੀਆਂ ਹਨ। ਪਰ ਜਿਹੜੀਆਂ ਪ੍ਰਗਟ ਹਨ ਉਹ ਸਦਾ ਤੱਕ ਤੱਕ ਸਾਡੇ ਲਈ ਹਨ।" (ਬਿਵਸਥਾ ਸਾਰ 29:29)*

ਜੇਕਰ ਸਿਰਜੇ ਗਏ ਮਨੁੱਖਾ ਲਈ ਪਰਮੇਸ਼ਰ ਦੀ ਸੰਪੂਰਣਤਾ ਅਤੇ ਉਸਦੇ ਕਾਰਜਾਂ ਦਾ ਅੰਤ ਪਾ ਲੈਣਾ ਸੰਭਵ ਹੋ ਜਾਂਦਾ ਤਾਂ ਫਿਰ ਉਨ੍ਹਾਂ ਨੂੰ ਹੋਰ ਸੱਚਾਈ ਦੀ ਖੋਜ ਕਰਨ ਦੀ ਕੋਈ ਲੋੜ ਹੀ ਨਾ ਰਹਿੰਦੀ ਅਤੇ ਨਾ ਹੀ ਗਿਆਨ ਵਿੱਚ ਕੋਈ ਵਾਧਾ ਹੁੰਦਾ, ਨਾ ਹੀ ਦਿਲ ਦਿਮਾਗ ਵਿੱਚ ਉਨੱਤੀ ਹੁੰਦੀ ਅਤੇ ਪਰਮੇਸ਼ਰ ਉਨ੍ਹਾਂ ਲਈ ਸਰਬ ਗਿਆਤਾ ਸ੍ਰੇਸ਼ਟ ਨਾ ਹੁੰਦਾ: ਅਤੇ ਮਨੁੰਕ ਗਿਆਨ ਅਤੇ ਯੋਗਤਾ ਦੀਆਂ ਹੱਦਾਂ ਤੱਕ ਪਹੁੰਚ ਕੇ ਹੋਰ ਵਿਕਸਿਤ ਹੋਣ ਤੋਂ ਰੁਕ ਜਾਂਦਾ। ਸਾਨੂੰ ਪਰਮੇਸ਼ਰ ਦਾ ਸ਼ੁਕਰ ਕਰਨਾ ਚਾਹੀਦਾ ਹੈ ਕਿ ਉਸਨੇ ਇੰਜ ਨਹੀਂ ਕੀਤਾ। ਪਰਮੇਸ਼ਰ ਅਪਾਰ ਹੈ; ਅਤੇ ਉਸਦੇ ਵਿੱਚ "ਸਾਰੇ ਗਿਆਨ ਅਤੇ ਬੁੱਧੀ ਦੇ ਭੰਡਾਰ ਭਰੇ ਪਏ ਹਨ।" ਕੁਲੁਸੀਆ ਨੂੰ 2:3. ਅਤੇ ਮਨੁੱਖ ਅਨੰਤ ਕਾਲ ਤੱਕ ਖੋਜ ਕਰਦਾ ਰਹੇਗਾ, ਸਿੱਖਦਾ ਰਹੇਗਾ ਫਿਰ ਵੀ ਪਰਮੇਸ਼ਰ ਦੀ ਭਲਾਈ, ਗਿਆਨ ਅਤੇ ਸ਼ਕਤੀ ਦੇ ਖਜ਼ਾਨਿਆਂ ਵਿੱਚ ਕੋਈ ਕਮੀ ਨਹੀਂ ਆਵੇਗੀ।

**(7) ਪਰਮੇਸ਼ਰੀ ਬੁੱਧ ਨੂੰ ਕਿੱਥੋਂ ਪ੍ਰਾਪਤ ਕੀਤਾ ਜਾ ਸਕਦਾ ਹੈ?**

***ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ ਜਿਹੜਾ ਪਰਮੇਸ਼ੁਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖਸ਼ੇ ਹਨ। (1 ਕੁਰਿੰਥੀਆਂ 2:12)***

ਪਰਮੇਸ਼ਰ ਚਾਹੁੰਦਾ ਹੈ ਇਸ ਜੀਵਨ ਵਿੱਚ ਉਸਦੇ ਗਰੁਪਾਂ ਨੂੰ ਉਸਦੇ ਬਚਨਾਂ ਦੀਆਂ ਸਚਾਈਆਂ ਦਾ ਗਿਆਨ ਹੋਵੇ ਅਤੇ ਇੱਕੋ ਤਰੀਕਾ ਹੈ ਜਿਸ ਦੁਆਰਾ ਇਹ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਅਸੀਂ ਪਰਮੇਸ਼ਰ ਦੇ ਬਚਨ ਦੇ ਗਿਆਨ ਦੇ ਪ੍ਰਕਾਸ਼ ਵਿੱਚੋਂ ਸਮਝ ਸਕਦੇ ਹਾਂ ਜਿਸ ਨਾਲ ਇਹ ਬਚਨ ਦਿੱਤਾ ਗਿਆ ਸੀ। "ਪਰਮੇਸ਼ਰ ਦੀਆਂ ਗੱਲਾਂ

ਨੂੰ ਮਨੁੱਖ ਨਹੀਂ ਜਾਣ ਸਕਦਾ ਕੇਵਲ ਪਰਮੇਸ਼ਰ ਦਾ ਆਤਮਾ "ਅਤੇ ਆਤਮਾ ਸੱਤ ਗੱਲਾਂ ਦੀ ਖੋਜ ਕਰਦਾ ਹੈ, ਪਰਮੇਸ਼ਰ ਦੀਆਂ ਡੂੰਘੀਆਂ ਗੱਲਾਂ ਦੀ" 1 ਕੁਰੰਥੀਆਂ ਨੂੰ 2:11:10.

**(8) ਜਦੋਂ ਅਸੀਂ ਅਧਿਐਨ ਕਰਦੇ ਹੋਏ ਪਵਿੱਤਰ ਆਤਮਾ ਨੂੰ ਸਾਡੀ ਅਗਵਾਈ ਕਰਨ ਲਈ ਆਗਿਆ ਦਿੰਦੇ ਹਾਂ ਤਾਂ ਅਸੀਂ ਕੀ ਦੇਖਾਂਗੇ?**

***ਅਤੇ ਪ੍ਰਾਣਦਾਤ ਨੇ ਆਪਣੇ ਚੇਲਿਆ ਨਾਲ ਇਹ ਇਕਰਾਰ ਕੀਤਾ ਸੀ," ਅਤੇ ਉਹ ਜਦੋਂ ਸੱਚਾਈ ਦਾ ਆਤਮਾ ਆਏਗਾ ਉਹ ਤੁਹਾਨੂੰ ਸਾਰੀਆਂ ਸੱਚਾਈ ਦੱਸੇਗਾ ਕਿਉਂਕਿ ਉਹ ਮੇਰੀਆਂ ਗੱਲਾਂ ਵਿੱਚੋਂ ਲੈ ਕੇ ਤੁਹਾਨੂੰ ਦੱਸੇਗਾ" (ਯੂਹੰਨਾਂ 16:13:14)***

ਪਰਮੇਸ਼ਰ ਚਾਹੁੰਦਾ ਹੈ ਮਨੁੱਖ ਆਪਣੀ ਚੇਤਨਾ ਸ਼ਕਤੀ ਦਾ ਉਪਯੋਗ ਕਰੇ ਅਤੇ ਬਾਈਬਲ ਦੀ ਪੜ੍ਹਾਈ ਅਤੇ ਖੋਜ ਉਸਦੀ ਸੂਝ ਬੂਝ ਦੀ ਸ਼ਕਤੀ ਦਾ ਵਿਕਾਸ ਕਰੇਗੀ ਜਿਵੇਂ ਦੂਸਰੀ ਹੋਰ ਕੋਈ ਪੜ੍ਹਾਈ ਨਹੀਂ ਕਰ ਸਕਦੀ। ਪ੍ਰੰਤੂ ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਕਿਤੇ ਇਸਦੀ ਚੇਤਨ ਸ਼ਕਤੀ ਨੂੰ ਹੀ ਆਪਣਾ ਦੇਵਤਾ ਨਾ ਬਣਾ ਲਈਏ ਕਿਉਂਕਿ ਇਹੋ ਮਨੁੱਖ ਦੀ ਵੱਡੀ ਕਮਜ਼ੋਰੀ ਅਤੇ ਨਿਰਾਲਾਪਣ ਹੈ। ਜੇ ਅਸੀ ਚਾਹੁੰਦੇ ਹਾਂ ਕਿ ਪਵਿੱਤਰ ਸ਼ਾਸਤਰ ਸਮਝਣ ਵਿੱਚ ਕੋਈ ਕਠਿਨਾਈ ਨਾ ਆਏ ਅਤੇ ਸਰਲ ਤੋਂ ਸਰਲ ਸੱਚਾਈ ਦੀ ਗੱਲ ਨੂੰ ਸਮਝ ਸਕੀਏ ਤਾਂ ਸਾਨੂੰ ਇੱਕ ਬੱਚੇ ਹੀ ਨਿਆਈ ਭੋਲਾ ਭਾਲਾ ਅਤੇ ਵਿਸ਼ਵਾਸੀ ਬਣਨਾ ਪਵੇਗਾ ਹਰ ਵਕਤ ਸਿੱਖਣ ਲਈ ਤਿਆਰ ਪਵਿੱਤਰ ਆਤਮਾ ਦੀ ਮਹਾਨਤਾ ਅਤੇ ਉਸਦੀ ਵਡਿਆਈ ਦਾ ਅੰਤ ਨਾ ਪਾ ਸਕਣ ਵਾਲੀ ਸਾਡੀ ਅਯੋਗ ਸਮਝ ਦੇ ਅਨੁਭਵ ਨਾਲ ਸਾਨੂੰ ਨਿਰਮਾਣਤਾ ਦੀ ਪ੍ਰੇਰਣਾ ਮਿਲਣੀ ਚਾਹੀਦੀ ਹੈI

ਅਤੇ ਉਸਦੇ ਬਚਨ ਨੂੰ ਖੋਲ੍ਹਣ ਵੇਲੇ ਐਸਾ ਸਤਿਕਾਰ ਭਰਿਆ ਭਾਵ ਹੋਣਾ ਚਾਹੀਦਾ ਹੈ ਜਿਵੇਂ ਕਿ ਅਸੀਂ ਉਸਦੀ ਪਵਿੱਤਰ ਹਜ਼ੂਰੀ ਵਿੱਚ ਹਾਜ਼ਰ ਹੋਈਏ। ਜਦੋਂ ਅਸੀਂ ਬਾਈਬਲ ਨੂੰ ਖੋਲ੍ਹੀਏ ਤਾਂ ਸਾਡੀ ਚੇਤਨ ਸ਼ਕਤੀ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਉਸਦੇ ਉੱਪਰ ਕਿਸੇ

ਗ਼ੈਬੀ ਮਾਣ ਸ਼ਕਤੀ ਦਾ ਅਧਿਕਾਰ ਹੈ ਅਤੇ ਹਿਰਦੇ ਅਤੇ ਚਤੁਰਾਈ ਨੂੰ ਉਸ ਮਹਾਨ ਮੈਂ ਹਾਂ" ਦੇ ਸਾਹਮਣੇ ਝੁਕ ਜਾਣਾ ਚਾਹੀਦਾ ਹੈ।

## (9) ਸਾਡੀ ਬੁੱਧ ਦਾ ਸਰੋਤ ਕੌਣ ਹੈ?

***ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁਲੇ ਦਿਲ ਨਾਲ ਬਿਨਾ ਉਲਾਂਭੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ। (ਯਾਕੂਬ 1:5)***

ਬਹੁਤ ਸਾਰੀਆਂ ਗੱਲਾਂ ਪੇਚੀਦਾ ਅਤੇ ਕਠਿਨ ਹਨ, ਜਿੰਨ੍ਹਾਂ ਨੂੰ ਪਰਮੇਸ਼ਰ ਉਨ੍ਹਾਂ ਲਈ ਸਰਲ ਅਤੇ ਸਪਸ਼ਟ ਕਰ ਦੇਵੇਗਾ ਜੋ ਲਗਨ ਨਾਲ ਉਨ੍ਹਾਂ ਦੀ ਖੋਜ ਦੇ ਚਾਹਵਾਨ ਹਨ। ਪ੍ਰੰਤੂ ਪਵਿੱਤਰ ਆਤਮਾ ਦੀ ਸਹਾਇਤਾ ਅਤੇ ਮਾਰਗ ਦਰਸ਼ਣ ਤੋਂ ਬਿਨਾਂ ਅਸੀਂ ਪਵਿੱਤ੍ਰ ਸ਼ਾਸ਼ਤਰ ਦੇ ਬਚਨਾਂ ਨੂੰ ਖਿੱਚੋਤਾਣ ਕਰਕੇ ਗਲਤ ਅਤੇ ਉਲਟੇ ਸਿੱਧੇ ਅਰਥ ਹੀ ਲਗਾਉਂਦੇ ਰਹਾਂਗੇ।

ਬਾਈਬਲ ਨੂੰ ਬਹੁਤ ਪੜ੍ਹਿਆ ਜਾਂਦਾ ਹੈ। ਪਰ ਲਾਭ ਤੋਂ ਬਿਨਾਂ ਅਤੇ ਬਹੁਤਿਆ ਲਈ ਤਾਂ ਨਿਸ਼ਚਿਤ ਰੂਪ ਵਿੱਚ ਇਸ ਤਰ੍ਹਾਂ ਕਰਨ ਨਾਲ ਹਾਨੀ ਹੀ ਹੁੰਦੀ ਹੈ। ਜਦੋਂ ਪਰਮੇਸ਼ਰ ਦੇ ਬਚਨ ਬਾਈਬਲ ਨੂੰ ਪ੍ਰਾਰਥਨਾ ਅਤੇ ਸਤਿਕਾਰ ਤੋਂ ਬਿਨਾਂ ਖ੍ਹੋਲਿਆ ਜਾਵੇ: ਜਦੋਂ ਵਿਚਾਰ ਅਤੇ ਤਿਆਗ ਪਰਮੇਸ਼ਰ ਤੇ ਕੇਂਦ੍ਰਿਤ ਨਾ ਹੋਵੇ ਅਤੇ ਨਾ ਹੀ ਉਸਦੀ ਮਰਜ਼ੀ ਦੇ ਅਨੁਕੂਲ ਹੋਵੇ ਤਾਂ ਦਿਲ ਦਿਮਾਗ ਤੇ ਸੰਦੇਹ (ਸ਼ੰਕਾ) ਬਾਈਬਲ ਦੇ ਬੱਦਲ ਛਾ ਜਾਂਦੇ ਹਨ ਅਤੇ ਦੁਸ਼ਮਣ (ਸ਼ੈਤਾਨ) ਵਿਚਾਰਾਂ ਤੇ ਗ਼ਲਬਾ ਪਾ ਲੈਂਦਾ ਹੈ ਅਤੇ ਉਹ ਬਚਨਾਂ ਦੇ ਸੁਝਾਓ ਤੇ ਅਨੁਵਾਦ ਐਸੀ ਤਰ੍ਹਾਂ ਸਮਝਾਉਂਦਾ ਹੈ ਜੋ ਬਿਲਕੁਲ ਗਲਤ ਹੁੰਦੇ ਹਨ।

ਜਦੋਂ ਵੀ ਮਨੁੱਖ ਬਚਨ ਅਤੇ ਕਰਮ ਨਾਲ ਪਰਮੇਸ਼ਰ ਦੀ ਅਨੁਕੂਲਤਾ ਵਿੱਚੋਂ ਆਉਣਾ ਨਹੀਂ ਚਾਹੁੰਦੇ ਤਾਂ ਭਾਵੇਂ ਉਹ ਕਿੰਨੇ ਵੀ ਸ੍ਰੇਸ਼ਟ ਵਿਦਵਾਨ ਹੋਣ ਉਹ ਪਵਿੱਤਰ ਸ਼ਾਸਤਰ ਦੀ ਬਾਣੀ ਨੂੰ ਸਮਝਣ ਵਿੱਚ ਜ਼ਰੂਰ ਗਲਤੀ ਕਰਣਗੇ ਅਤੇ ਅਜਿਹੇ ਪ੍ਰਚਾਰਕਾਂ ਅਤੇ ਮਨੁੱਖਾਂ ਦੀ ਵਿਆਖਿਆ ਤੇ ਭਰੋਸਾ ਕਰਨਾ ਖ਼ਤਰੇ ਤੋਂ ਖਾਲੀ ਨਹੀਂ। ਜੋ ਬਾਈਬਲ ਵਿੱਚ ਤਰੁੱਟੀਆ਼ ਅਤੇ ਅਸ਼ੁੱਧੀਆਂ ਲੱਭਣਗੇ ਉਹ ਅਸਲ ਵਿੱਚ

ਨੇਤਰਹੀਣ ਹਨ ਉਨ੍ਹਾਂ ਵਿੱਚ ਆਤਮਿਕ ਰੌਸ਼ਨੀ ਨਹੀਂ ਅਤੇ ਉਹ ਆਪਣੀ ਭ੍ਰਿਸ਼ਟ ਨਜ਼ਰ ਨਾਲ ਅਤਿ ਸਪਸ਼ਟ ਅਤੇ ਸਰਲ ਤੱਤਾਂ ਵਿਸ਼ਿਆਂ ਵਿੱਚ ਵੀ ਅਵਿਸ਼ਵਾਸ ਅਤੇ ਸ਼ੁਕੇ ਦੇਣ ਲਈ ਕਾਰਨ ਲੱਭਣਗੇ।

**(10) ਜਦੋਂ ਅਸੀਂ ਜਾਣਬੁੱਝ ਕੇ ਪਾਪ ਵਿਚ ਲੱਗੇ ਰਹਿੰਦੇ ਹਾਂ ਤਾਂ ਇਹ ਪਰਮੇਸ਼ਰ ਨਾਲ ਸਾਡੇ ਸੰਬੰਧ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?**

***ਪਰ ਤੁਹਾਡੇ ਪਾਪ ਤੁਹਾਨੂੰ ਤੁਹਾਡੇ ਪਰਮੇਸ਼ੁਰ ਕੋਲੋਂ ਦੂਰ ਰੱਖਦੇ ਹਨ। ਯਹੋਵਾਹ ਤੁਹਾਡੇ ਪਾਪ ਨੂੰ ਦੇਖਦਾ ਹੈ, ਅਤੇ ਉਹ ਤੁਹਾਡੇ ਕੋਲੋਂ ਮੂੰਹ ਮੋੜ ਲੈਂਦਾ ਹੈ। (ਯਸਈਆਹ 59:2)***

ਚਾਹੇ ਉਹ ਕਿੰਨਾਂ ਵੀ ਛੁਪਾਉਣ ਜਾਂ ਭੇਸ ਬਦਲਣ ਦੀ ਕੋਸ਼ਿਸ਼ ਕਰਨ ਪਰ ਅਵਿਸ਼ਵਾਸ ਅਤੇ ਸ਼ੁੰਕੇ ਦਾ ਅਧਿਕਤਰ ਮੂਲ ਕਾਰਨ ਪਾਪ ਨਾਲ ਪ੍ਰੀਤ ਹੁੰਦਾ ਹੈ। ਪਰਮੇਸ਼ਰ ਦੇ ਬਚਨ ਦੀ ਸਿੱਖਿਆ ਅਤੇ ਬੰਧਨਾਂ ਨੂੰ ਘਮੰਡੀ ਅਤੇ ਪਾਪ ਨਾਲ ਪ੍ਰੀਤ ਰੱਖਣ ਵਾਲੇ ਹਿਰਦਿਆਂ ਨੂੰ ਪ੍ਰਸੰਨਤਾ ਨਹੀਂ ਦਿੰਦੇ ਅਤੇ ਜੋ ਲੋਕ ਪਰਮੇਸ਼ਰ ਦੇ ਬਚਨ ਪਾਲਣ ਤੋਂ ਇਨਕਾਰੀ ਹੁੰਦੇ ਹਨ ਉਹ ਇਸਦੇ ਅਧਿਕਾਰ ਤੇ ਸ਼ੰਕਾ ਕਰਦੇ ਹਨ। ਸੱਚਾਈ ਨੂੰ ਜਾਣਨ ਲਈ ਸਾਡੇ ਅੰਦਰ ਇੱਕ ਸੱਚੀ ਲਗਨ ਉਤਪੰਨ ਹੋਣੀ ਚਾਹੀਦੀ ਹੈ ਅਤੇ ਹਿਰਦੇ ਵਿੱਚ ਸੱਚੀ ਚਾਹਨਾਂ ਇਸ ਸੱਚਾਈ ਦੇ ਬਚਨ ਨੂੰ ਪਾਲਣ ਦੀ ਅਤੇ ਉਹ ਸਾਰੇ ਜੋ ਨਿਰਮਾਣਤਾ ਨਾਲ ਬਾਈਬਲ ਨੂੰ ਪਰਮੇਸ਼ਰ ਦਾ ਬਚਨ ਜਾਣ ਕੇ ਪੜ੍ਹਨਗੇ ਉਨ੍ਹਾਂ ਨੂੰ ਅਸੰਖਾਂ ਪ੍ਰਮਾਣ ਮਿਲ ਜਾਣਗੇ ਕਿ ਬਾਈਬਲ ਪਰਮੇਸ਼ਰ ਦਾ ਬਚਨ ਹੈ ਅਤੇ ਉਨ੍ਹਾਂ ਨੂੰ ਇਸ ਦੀਆਂ ਸੱਚਾਈਆਂ ਦੇ ਗਿਆਨ ਦੀ ਸਮਝ ਆ ਜਾਏਗੀ ਜੋ ਕਿ ਉਨ੍ਹਾਂ ਨੂੰ ਮੁਕਤੀ ਦੇ ਦੁਆਰ ਤੱਕ ਪਹੁੰਚਾ ਦੇਵੇਗਾI

**(11) ਨਵਾਂ ਚਾਨਣ ਪ੍ਰਗਟ ਕਰਨ ਤੋਂ ਪਹਿਲਾਂ ਪਰਮੇਸਰ ਸਾਡੇ ਤੋਂ ਕੀ ਚਾਹੁੰਦਾ ਹੈ?**

*ਜੋ ਕੋਈ ਉਸ ਦੀ ਇੱਛਾ ਦੀ ਪਾਲਣਾ ਕਰਨਾ ਚਾਹੇਗਾ, ਉਹ ਉਸਦੇ ਉਪਦੇਸ਼ ਨੂੰ ਜਾਣ ਜਾਏਗਾ।” (ਯੂਹੰਨਾ 7:17)*

ਜਿਸ ਵਿਸ਼ੇ ਨੂੰ ਤੁਸੀਂ ਆਪ ਸਮਝ ਨਹੀਂ ਸਕਦੇ ਉਸ ਉੱਤੇ ਪ੍ਰਸ਼ਨ ਤੇ ਟੀਕਾ ਟਿੱਪਣੀ ਅਤੇ ਸ਼ੰਕਾ ਕਰਨ ਦੀ ਥਾਂ ਉਸ ਪ੍ਰਕਾਸ਼ ਵੱਲ ਧਿਆਨ ਕਰੋ ਜੋ ਤੁਹਾਡੇ ਉੱਪਰ ਚਮਕ ਰਿਹਾ ਹੈ ਅਤੇ ਤੁਹਾਨੂੰ ਇਸ ਤੋਂ ਵੀ ਵੱਧ ਤੇਜਮਈ ਪ੍ਰਕਾਸ਼ ਹੋਰ ਮਿਲੇਗਾ। ਯਿਸੂ ਮਸੀਹ ਦੀ ਮਿਹਰ ਨਾਲ ਉਹ ਹਰ ਕਾਰਜ ਜੋ ਤੁਹਾਨੂੰ ਸਪਸ਼ਟ ਕਰ ਦਿੱਤਾ ਗਿਆ ਹੈ ਕਰਦੇ ਜਾਓ ਅਤੇ ਜਿੰਨ੍ਹਾਂ ਕਾਰਜਾਂ ਬਾਰੇ ਹੁਣ ਤੁਸੀ ਸ਼ੰਕੇ ਵਿੱਚ ਹੋ ਉਹ ਵੀ ਨਵਿਰਤ ਕਰ ਦਿੱਤੇ ਜਾਣਗੇ ਅਤੇ ਹੋਰ ਕਾਰਜਾਂ ਨੂੰ ਕਰਨ ਦੀ ਯੋਗਤਾ ਵੀ ਬਖ਼ਸ਼ੀ ਜਾਏਗੀ ਜਿੰਨ੍ਹਾਂ ਨੂੰ ਤੁਸੀਂ ਅਜੇ ਸਮਝ ਨਹੀਂ ਸਕਦੇ।

ਇੱਕ ਐਸਾ ਪ੍ਰਮਾਣ ਜੋ ਸਭ ਲਈ ਪ੍ਰੱਤਖ ਹੈ- ਉੱਚਕੋਟੀ ਦੇ ਵਿਦਵਾਨ ਤੇ ਅਨਪੜ੍ਹ ਲਈ ਵੀ ਪਰਖਣ ਦਾ ਪ੍ਰਮਾਣ। ਪਰਮੇਸ਼ਰ ਸਾਨੂੰ ਸਦਾ ਚੁਣੌਤੀ ਦਿੰਦਾ ਹੈ ਕਿ ਅਸੀਂ ਆਪ ਆ ਕੇ ਉਸਦੇ ਬਚਨਾਂ ਦੀ ਵਾਸਤਵਿਕਤਾ ਅਤੇ ਇਕਰਾਰਾਂ ਦੀ ਸੱਚਾਈ ਨੂੰ ਪਰਖੀਏ ਉਹ ਸਾਨੂੰ ਆਦੇਸ਼ ਦਿੰਦਾ ਹੈ। ਪਰਖ ਕੇ ਦੇਖੋ ਕਿ ਯਹੋਵਾ ਕਿੰਨਾਂ ਭਲਾ ਹੈ।” ਜ਼ਬੂਰਾਂ ਦੀ ਪੋਥੀ 34:81. ਕਿਸੇ ਦੂਸਰੇ ਦੀ ਗੱਲ ਦਾ ਭਰੋਸਾ ਕਰਨ ਨਾਲੋਂ ਸਾਨੂੰ ਚਾਹੀਦਾ ਹੈ ਕਿ ਅਸੀਂ ਆਪ ਹੀ ਸੁਆਦ ਚੱਖ ਕੇ ਦੇਖੀਏ। ਉਹ ਐਲਾਨ ਕਰਦਾ ਹੈ, “ਮੰਗੋ ਅਤੇ ਤੁਹਾਨੂੰ ਮਿਲੇਗਾ।” ਯੂਹੰਨਾਂ 16:24. ਉਸਦੀਆਂ ਸਾਰੀਆਂ ਪ੍ਰਤਿਗਿਆਵਾਂ ਪੂਰੀਆ ਹੋਣਗੀਆ। ਉਹ ਕਦੀ ਵੀ ਅਸਫਲ ਨਹੀਂ ਹੋਈਆਂ ਉਹ ਕਦੀ ਵੀ ਅਸਫਲ ਨਹੀਂ ਹੋ ਸਕਦੀਆਂ ਹਨ। ਤੇ ਜਿਉ ਜਿਉਂ ਅਸੀਂ ਯਿਸੂ ਮਸੀਹ ਦੇ ਕਰੀਬ ਹੁੰਦੇ ਜਾਵਾਂਗੇ ਅਤੇ ਉਸਦੇ ਪਿਆਰ ਦੀ ਸੰਪੂਰਨਤਾ ਵਿੱਚ ਅਨੰਦ ਮਾਣਾਂਗੇ ਮਗਨ ਹੋਵਾਂਗੇ ਉਤਨਾਂ ਹੀ ਸਾਡੇ ਸ਼ੰਕੇ ਨਵਿਰਤ ਹੁੰਦੇ ਜਾਣਗੇ ਅਤੇ ਸਾਰੇ ਅੰਧੇਰੇ ਉਸਦੀ ਹਜ਼ੂਰੀ ਦੇ ਪ੍ਰਕਾਸ਼ ਵਿੱਚ ਰੌਸ਼ਣ ਹੋ ਜਾਣਗੇ।

## (12) ਜਦੋਂ ਯਿਸੂ ਮਸੀਹ ਨਾਲ ਸਾਡਾ ਸੰਬੰਧ ਵਿਕਸਿਤ ਹੁੰਦਾ ਹੈ ਤਾਂ ਸਾਡੀ ਗਵਾਹੀ ਕੀ ਹੋਵੇਗੀ?

***ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤ੍ਰ ਦੇ ਰਾਜ ਵਿੱਚ ਪੁਚਾ ਦਿੱਤਾ। (ਕੁਲੁੱਸੀਆਂ 1:13)***

ਪੋਲੁਸ ਪ੍ਰੇਰਿਤ ਕਰਦੇ ਹਨ ਕਿ ਪਰਮੇਸ਼ਰ ਸਾਨੂੰ ਅੰਧਕਾਰ ਦੇ ਵੱਸ ਤੋਂ ਛੁਡਾ ਕੇ ਆਪਣੇ ਪਿਆਰ ਦੇ ਰਾਜ ਵਿੱਚ ਲੈ ਆਇਆ ਹੈ। ਕੁਲਸੀਆ ਨੂੰ 1:13.ਅਤੇ ਜੇ ਕੋਈ ਵੀ ਮੌਤ ਵਿੱਚੋਂ ਨਿਕਲ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ ਉਸਨੂੰ ਇਹ ਕਹਿਣਾ ਚਾਹੀਦਾ ਹੈ, "ਪਰਮੇਸ਼ਰ ਸੱਚਾ ਹੈ" ਯੂਹੰਨਾਂ 3:33. ਉਹ ਇਹ ਸਾਖੀ ਦੇ ਸਕਦਾ ਹੈ, "ਮੈਨੂੰ ਸਹਾਇਤਾ ਦੀ ਲੋੜ ਸੀ ਅਤੇ ਉਹ ਮੈਨੂੰ ਯਿਸੂ ਵਿੱਚੋਂ ਮਿਲ ਗਈ। ਹਰ ਲੋੜ ਪੂਰੀ ਹੋ ਗਈ ਹੈ ਮੇਰੀ ਆਤਮਾ ਦੀ ਭੁੱਖ ਮਿਟ ਗਈ ਹੈ; ਅਤੇ ਹੁਣ ਬਾਈਬਲ ਮੇਰੇ ਲਈ ਯਿਸੂ ਮਸੀਹ ਦਾ ਗਿਆਨ ਹੈ। ਕੀ ਤੁਸੀਂ ਪੁੱਛਦੇ ਹੋਂ ਮੈਂ ਕਿਉਂ ਯਿਸੂ ਮਸੀਹ ਤੇ ਵਿਸ਼ਵਾਸ ਰੱਖਦਾ ਹਾਂ? ਕਿਉਂਕਿ ਉਹ ਮੇਰੇ ਲਈ ਪਰਮੇਸ਼ਰ ਵੱਲੋਂ ਪ੍ਰਾਣਦਾਤਾ ਹੈ। ਮੈਂ ਕਿਉਂ ਬਾਈਬਲ ਤੇ ਵਿਸ਼ਵਾਸ ਕਰਦਾ ਹਾਂ। ਕਿਉਂਕਿ ਇਹ ਮੇਰੀ ਆਤਮਾ ਨੂੰ ਜਗਾਉਣ ਵਾਸਤੇ ਪਰਮੇਸ਼ਰ ਦੀ ਆਵਾਜ਼ ਹੈ। ਸਾਨੂੰ ਆਪਣੇ ਆਪ ਇਹ ਸਾਖੀ ਪੜ੍ਹਨੀ ਚਾਹੀਦੀ ਹੈ ਕਿ ਬਾਈਬਲ ਸੱਚਾਈ ਹੈ, ਯਿਸੂ ਮਸੀਹ ਪਰਮੇਸ਼ਰ ਦਾ ਪੁੱਤਰ ਹੈ। ਸਾਨੂੰ ਉਸਦੀ ਗੱਲ ਦਾ ਪੂਰਾ ਭਰੋਸਾ ਅਤੇ ਗਿਆਨ ਹੈ ਕਿ ਅਸੀਂ ਚਲਾਕੀ ਨਾਲ ਘੜੀ ਹੋਈ ਕਿਸੇ ਮਨਘੜਤ ਕਹਾਣੀ ਤੇ ਵਿਸ਼ਵਾਸ ਨਹੀਂ ਕਰਦੇ।

**(13) ਜਦੋਂ ਅਸੀਂ ਉਸ ਚਾਨਣ ਦਾ ਪਿੱਛਾ ਕਰਦੇ ਹਾਂ ਜੋ ਸਾਨੂੰ ਮਿਲਿਆ ਹੈ ਤਾਂ ਇਸ ਦਾ ਸਾਡੀ ਆਤਮਿਕ ਯਾਤਰਾ ਉੱਤੇ ਕੀ ਪ੍ਰਭਾਵ ਪਵੇਗਾ?**

***ਸੋ ਹੇ ਪਿਆਰਿਓ, ਜਦੋਂ ਤੁਸੀਂ ਅੱਗੇ ਹੀ ਏਹ ਗੱਲਾਂ ਜਾਣਦੇ ਹੋ ਤਾਂ ਚੌਕਸ ਰਹੋ ਭਈ ਕਿਤੇ ਨਾ ਹੋਵੇ ਜੋ ਦੁਸ਼ਟਾਂ ਦੀ ਭੁੱਲ ਨਾਲ ਭਰਮ ਕੇ ਆਪਣੀ ਦ੍ਰਿੜਤਾ ਤੋਂ ਤੋਂ ਡਿੱਗ ਪਓ। ਪਰ ਸਾਡੇ ਪ੍ਰਭੁ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੀ ਕਿਰਪਾ ਅਤੇ ਗਿਆਨ ਵਿੱਚ ਵਧਦੇ ਜਾਓ। ਉਹ ਦੀ ਵਡਿਆਈ ਹੁਣ ਅਤੇ ਜੁੱਗੋ ਜੁੱਗ ਹੁੰਦੀ ਰਹੇ। ਆਮੀਨ। (2 ਪਤਰਸ 3:17-18)***

ਪਤਰਸ ਨੇ ਭਰਾਵਾਂ ਨੂੰ ਧੀਰਜ ਦਿੰਦੇ ਹੋਏ ਕਿਹਾ, "ਸਾਡੇ ਪ੍ਰਾਣਦਾਤਾ ਯਿਸੂ ਮਸੀਹ ਦੇ ਗਿਆਨ ਅਤੇ ਮਿਹਰ ਵਿੱਚ ਵੱਧਦੇ ਜਾਉ।" ਜਦੋਂ ਰੱਬ ਦੇ ਭਗਤ ਉਸਦੀ ਮਿਹਰ ਵਿੱਚ ਵੱਧਦੇ ਜਾਣਗੇ ਤਾਂ ਉਨ੍ਹਾਂ ਨੂੰ ਨਿਰੰਤਰ ਰੱਬ ਦੇ ਬਚਨ ਦਾ ਡੂੰਘੇਰਾ ਗਿਆਨ ਹੁੰਦਾ ਜਾਏਗਾ। ਉਹ ਇਸ ਦੀਆਂ ਪਵਿੱਤਰ ਸਚਾਈਆਂ ਵਿੱਚ ਨਵਾਂ ਪ੍ਰਕਾਸ਼ ਅਤੇ ਸੁੰਦਰਤਾ ਦੇਖਣਗੇ। ਇਹ ਗੱਲ ਹਰ ਯੁਗ ਵਿੱਚ ਕਲੀਸੀਆ ਦੇ ਇਤਿਹਾਸ ਵਿੱਚ ਸੱਚ ਹੋਈ ਹੈ ਅਤੇ ਇਹ ਸਚਾਈ ਅੰਤ ਤੱਕ ਪ੍ਰਤੱਖ ਰਹੇਗੀ। "ਧਰਮੀਆਂ ਦਾ ਰਾਹ ਪ੍ਰਭਾਤ ਦੇ ਚਾਨਣ ਵਰਗਾ ਹੈ ਜਿਸਦਾ ਪ੍ਰਕਾਸ਼ ਦੁਪਿਹਰ ਦੇ ਚਾਨਣ ਵਾਂਗ ਵੱਧਦਾ ਜਾਂਦਾ ਹੈ" ਕਹਾਉਤਾਂ 4:18.

## (14) ਇਸ ਆਇਤ ਪਰਮੇਸ਼ਰ ਦੇ ਪ੍ਰਬੰਧ ਨੂੰ ਪੂਰੀ ਤਰ੍ਹਾਂ ਸਮਝਣ ਦੀ ਸਾਡੇ ਭਵਿੱਖ ਦੀ ਯੋਗਤਾ ਬਾਰੇ ਕੀ ਦੱਸਦੀ ਹੈ?

***"ਇਸ ਵੇਲੇ ਤਾਂ ਅਸੀਂ ਸ਼ੀਸ਼ੇ ਵਿੱਚ ਧੁੰਦਲਾ ਜਿਹਾ ਵੇਖਦੇ ਹਾਂ ਪਰ ਉਸ ਵੇਲੇ ਰੂਬਰੂ ਵੇਖਾਂਗੇ। ਇਸ ਵੇਲੇ ਮੈਂ ਕੁਝ ਕੁਝ ਜਾਣਦਾ ਹਾਂ ਪਰ ਉਸ ਵੇਲੇ ਉਹੋ ਜਿਹਾ ਜਾਣਗਾ ਜਿਹੋ ਜਿਹਾ ਮੈਂ ਵੀ ਜਾਣਿਆ ਗਿਆ ਹਾਂ।" (1 ਕੁਰੰਥੀਆ ਨੂੰ 13:12)***

ਬੁੱਧੀ ਦੇ ਵਿਕਾਸ ਲਈ ਪਰਮੇਸ਼ਰ ਦੀ ਜੋਤ ਦੇ ਸੂਰਜ ਦੀਆਂ ਕਿਰਣਾਂ ਨਾਲ ਸੰਪਰਕ ਕਰਕੇ ਪ੍ਰਕਾਸ਼ਮਾਨ ਹੋ ਜਾਏ। ਸਾਨੂੰ ਅਨੰਦਿਤ ਹੋਣਾ ਚਾਹੀਦਾ ਹੈ ਕਿਉਂਕਿ ਪੂਰਵ ਵਿਧਾਨ ਦੀਆਂ ਰਮਜ਼ਾ ਬਾਰੇ ਜਿਸ ਉਤਸੁਕਤਾ ਅਤੇ ਵਿਆਕੁਲਤਾ ਨੇ ਸਾਨੂੰ ਪ੍ਰੇਸ਼ਾਨ ਕੀਤਾ ਹੋਇਆ ਸੀ ਉਹ ਸਭ ਪਰਮੇਸ਼ਰ ਮਹਿਮਾ ਨਾਲ ਸਰਲ ਆਤੇ ਸਪਸ਼ਟ ਕੀਤੀਆਂ ਜਾਣਗੀਆਂ। ਕਠਿਨਾਈ ਨਾਲ ਸਮਝ ਆ ਸਕਣ ਵਾਲੀਆਂ ਗੱਲਾਂ ਆਸਾਨੀ ਨਾਲ ਸਮਝ ਆ ਸਕਣਗੀਆਂ ਅਤੇ ਜਿੱਥੇ ਸਾਡੀ ਸੀਮਿਤ ਮਾਨਸਿਕ ਸ਼ਕਤੀ ਨੂੰ ਨਿਰਾਸ਼ਤਾ ਅਤੇ ਅਪੂਰਣ ਮਨੋਰਥਾਂ ਦਾ ਅਨੁਭਵ ਹੋਇਆ ਸੀ ਉੱਥੇ ਸਾਨੂੰ ਹੁਣ ਮਹਾਨ ਸੰਪੂਰਨਤਾ ਅਤੇ ਸੁੰਦਰ ਏਕਤਾ ਦਾ ਅਹਿਸਾਸ ਹੋਵੇਗਾ।

ਮੈਂ ਮਹਿਸੂਸ ਕਰਦਾ ਹਾਂ ਕਿ ਧਰਤੀ ਦੇ ਇਤਿਹਾਸ ਦੇ ਅੰਤ ਵਿਚ ਬਹੁਤ ਲੋਕ ਪਰਮੇਸ਼ਰ ਤੇ ਸ਼ੱਕ ਕਰਨਗੇ। ਮੈਂ ਉਨ੍ਹਾਂ ਸਬੂਤਾਂ ਤੇ ਵਿਸ਼ਵਾਸ ਰੱਖਣਾ ਚੁਣਦਾ ਹਾਂ ਅਤੇ ਉਸ ਵਿਚ ਵਿਸ਼ਵਾਸ ਕਰਦਾ ਹਾਂ।

ਚੱਕਰ ਲਗਾਓ: ਹਾਂ ਅਨਿਸ਼ਚਿਤ

ਮੈਨੂੰ ਇਹ ਗੱਲ ਜਾਣ ਕੇ ਦਿਲਾਸਾ ਮਿਲਦਾ ਹੈ ਕਿ ਕੋਈ ਮਨੁੱਖ ਪਰਮੇਸ਼ਰ ਦੀ ਬੁੱਧ ਨੂੰ ਸਮਝ ਨਹੀਂ ਸਕਦਾ ਹੈ। ਮੈਂ ਇਹ ਜਾਣ ਕੇ ਆਪਣਾ ਜੀਵਨ ਉਸ ਦੇ ਹੱਥਾਂ ਵਿਚ ਦੇ ਸਕਦਾ ਹਾਂ ਕਿਉਂਕਿ ਸਭ ਕੁਝ ਉਸਦੇ ਨਿਯੰਤਰਿਤ ਵਿਚ ਹੈ।

ਚੱਕਰ ਲਗਾਓ: ਹਾਂ ਅਨਿਸ਼ਚਿਤ

ਮੈਂ ਮਹਿਸੂਸ ਕਰਦਾ ਹਾਂ ਕਿ ਭਾਵੇਂ ਮੈਂ ਪਰਮੇਸ਼ਰ ਬਾਰੇ ਜੋ ਬਾਈਬਲ ਦੱਸਦੀ ਹੈ ਮੈਂ ਨਹੀਂ ਸਮਝ ਸਕਦਾ ਹਾਂ ਇਸ ਉਸ ਦੀ ਮਹਾਨਤਾ ਦਾ ਹੋਰ ਵੱਡਾ ਸਬੂਤ ਹੈ। ਇਹ ਸਬੂਤ ਹੈ ਕਿ ਬਾਈਬਲ ਉਸ ਦੁਆਰਾ ਪ੍ਰੇਰਿਤ ਕੀਤੀ ਗਈ ਹੈ।

ਚੱਕਰ ਲਗਾਓ: ਹਾਂ ਅਨਿਸ਼ਚਿਤ

ਮੈਂ ਉਨ੍ਹਾਂ ਸਾਰੇ ਸ਼ੱਕਾਂ ਨੂੰ ਦੂਰ ਕਰਨ ਦੀ ਚੋਣ ਕਰਦਾ ਹਾਂ ਜੋ ਜੋ ਪਰਤਾਵਾ ਕਰਨ ਵਾਲੇ ਪਰਮੇਸ਼ਰ ਅਤੇ ਉਸਦੇ ਵਚਨ ਬਾਰੇ ਮੇਰੇ ਕੋਲ ਲੈਕੇ ਆਉਂਦਾ ਹੈ। ਮੈਂ ਉਸ ਚਾਨਣ ਦਾ ਪਿੱਛਾ ਕਰਨ ਦੀ ਚੋਣ ਕਰਦਾ ਹੈ ਜੋ ਪਰਮੇਸ਼ਰ ਮੇਰੇ ਤੇ ਪ੍ਰਗਟ ਕਰਦਾ ਹੈ।

ਚੱਕਰ ਲਗਾਓ: ਹਾਂ ਅਨਿਸ਼ਚਿਤ



## 15
## ਪ੍ਰਭੂ ਵਿਚ ਅਨੰਦਿਤ ਹੋਣਾ

### (1) ਮਸੀਹੀ ਹੋਣ ਦੇ ਨਾਤੇ ਸਾਨੂੰ ਕਿਸ ਨੂੰ ਮਸੀਹ ਦੀ ਭਲਿਆਈ, ਦਇਆ ਅਤੇ ਪਿਆਰ ਬਾਰੇ ਦੱਸਣਾ ਹੈ?

***ਫ਼ੇਰ ਤੁਸੀਂ ਆਖੋਗੇ, " ਯਹੋਵਾਹ ਦੀ ਉਸਤਤ ਹੋਵੇ! ਉਸਦੇ ਨਾਮ ਦੀ ਉਪਾਸਨਾ ਕਰੋ! ਉਸਦੇ ਕਾਰਨਾਮਿਆਂ ਬਾਰੇ ਸਮੂਹ ਲੋਕਾਂ ਨੂੰ ਦੱਸੋ!" ਯਹੋਵਾਹ ਦੀ ਉਸਤਤ ਦੇ ਗੀਤ ਗਾਵੋ! ਕਿਉਂ ਕਿ ਉਸਨੇ ਮਹਾਨ ਕੰਮ ਕੀਤੇ ਹਨ! ਪਰਮੇਸ਼ੁਰ ਬਾਰੇ ਇਹ ਖਬਰ ਸਾਰੀ ਦੁਨੀਆਂ ਅੰਦਰ ਫ਼ੈਲਾ ਦੇਵੋ। ਸਾਰੇ ਲੋਕ ਇਹ ਗੱਲਾਂ ਜਾਣ ਲੈਣ। (ਯਸਈਆਹ 12:4-5)***

ਪਰਮੇਸ਼ਰ ਦੇ ਬੱਚੇ ਯਿਸੂ ਮਸੀਹ ਦੇ ਪ੍ਰਤੀਨਿਧ ਅਖਵਾਉਂਦੇ ਹਨ, ਉਸਦੇ ਕਲਾਕਾਰਾਂ ਦੀ ਤਰ੍ਹਾਂ ਉਸਦੀ ਭਲਾਈ ਅਤੇ ਦਯਾ ਦਾ ਪ੍ਰਦਰਸ਼ਣ ਕਰਦੇ ਹਨ। ਜਿਵੇਂ ਯਿਸੂ ਮਸੀਹ ਨੇ ਪਿਤਾ ਪਰਮੇਸ਼ਰ ਦਾ ਸੱਚਾ ਚਰਿੱਤਰ ਪ੍ਰਗਟ ਕੀਤਾ ਹੈ, ਉਵੇਂ ਹੀ ਸਾਡਾ ਫਰਜ਼ ਹੈ ਉਸ ਵਿੱਚ ਯਿਸੂ ਮਸੀਹ ਨੂੰ ਪ੍ਰਗਟ ਕਰਨਾ ਜਿਹੜਾ ਉਸਦਾ ਕੋਮਲ ਤਰਸ ਭਰਿਆ ਪਿਆਰ ਨਹੀਂ ਜਾਣਦਾ। “ਜਿਵੇਂ ਤੂੰ ਮੈਨੂੰ ਜਗਤ ਵਿੱਚ ਭੇਜਿਆ” ਯਿਸੂ ਨੇ ਕਿਹਾ, “ਉਵੇਂ ਹੀ ਮੈਂ ਵੀ ਉਨ੍ਹਾਂ ਨੂੰ (ਚੇਲੇ) ਜਗਤ ਵਿੱਚ ਭੇਜਿਆ ਹੈ,” “ਮੈਂ ਉਨ੍ਹਾਂ

ਵਿੱਚ ਹਾਂ ਅਤੇ ਤੂੰ (ਪਰਮੇਸ਼ਰ) ਮੇਰੇ ਵਿੱਚ ਹੈ;----ਤਾਂ ਜੋ ਜਗਤ ਇਹ ਜਾਣੇ ਕਿ ਤੂੰ ਹੀ ਮੈਂਨੂੰ ਭੇਜਿਆ ਸੀI ਯੂਹੰਨਾ 17:18,23.

**(2) ਜਦੋਂ ਅਸੀਂ ਮਸੀਹ ਨੂੰ ਸਵੀਕਾਰ ਕਰਦੇ ਅਤੇ ਉਸ ਦਾ ਪਿੱਛਾ ਕਰਦੇ ਹਾਂ ਤਾਂ ਸਾਨੂੰ ਕਿਹੜੀ ਭੂਮਿਕਾ ਨਿਭਾਉਣੀ ਹੈ?**

***ਸਾਡੀ ਚਿੱਠੀ ਤੁਸੀਂ ਹੋ ਜਿਹੜੀ ਸਾਡਿਆਂ ਹਿਰਦਿਆਂ ਵਿੱਚ ਲਿਖੀ ਹੋਈ ਹੈ ਜਿਹ ਨੂੰ ਸੱਭੇ ਮਨੁੱਖ ਜਾਣਦੇ ਅਤੇ ਪੜ੍ਹਦੇ ਹਨ। ਪਰਤੱਖ ਹੈ ਭਈ ਤੁਸੀਂ ਮਸੀਹ ਦੀ ਚਿੱਠੀ ਚਿੱਠੀ ਹੋ ਜਿਹੜੀ ਸਾਡੀ ਟਹਿਲ ਦੇ ਰਾਹੀਂ ਸਿਆਹੀ ਨਾਲ ਨਹੀਂ ਸਗੋਂ ਅਕਾਲ ਪੁਰਖ ਦੇ ਆਤਮਾ ਨਾਲ ਲਿਖੀ ਹੋਈ ਹੈ, ਪੱਥਰ ਦੀਆਂ ਪੱਟੀਆਂ ਉੱਤੇ ਨਹੀਂ ਮਾਸ ਰੂਪੀ ਹਿਰਦਿਆਂ ਦੀਆਂ ਪੱਟੀਆਂ ਉੱਤੇ। (2 ਕੁਰਿੰਥੀਆਂ 3:2-3)***

ਯਿਸੂ ਆਪਣੇ ਹਰ ਬਾਲਕ ਵਿੱਚ ਜਗਤ ਨੂੰ ਇੱਕ ਚਿੱਠੀ ਭੇਜਦਾ ਹੈ, "ਜੇ ਤੁਸੀਂ ਮਸੀਹ ਦੇ ਚੇਲੇ ਹੋਂ ਤਾਂ ਉਹ ਤੁਹਾਡੇ ਵਿੱਚ ਇੱਕ ਚਿੱਠੀ ਪਰਿਵਾਰ ਲਈ, ਪਿੰਡ ਲਈ, ਗਲੀ ਲਈ ਅਤੇ ਜਿੱਥੇ ਤੁਸੀਂ ਰਹਿੰਦੇ ਹੋਂ ਭੇਜਦਾ ਹੈ ਉਹ ਆਪ ਤੁਹਾਡੇ ਵਿੱਚ ਵੱਸਦਾ ਹੈ ਅਤੇ ਤੁਹਾਡੇ ਰਾਹੀ ਉਨ੍ਹਾਂ ਨਾਲ ਬੋਲਣ ਦਾ ਚਾਹਵਾਨ ਰਹਿੰਦਾ ਹੈ ਜੋ ਉਸਨੂੰ ਨਹੀਂ ਜਾਣਦੇ ਭਾਵੇਂ ਉਹ ਬਾਈਬਲ ਨੂੰ ਨਹੀਂ ਪੜ੍ਹਦੇ ਅਤੇ ਨਾ ਹੀ ਉਸ ਆਵਾਜ਼ ਨੂੰ ਸੁਣਦੇ ਹਨ, ਜੋ ਇਸਦੇ ਪੰਨਿਆਂ ਰਾਹੀਂ ਉਨ੍ਹਾਂ ਨਾਲ ਬੋਲਦੀ ਹੈ, ਉਹ ਪਰਮੇਸ਼ਰ ਦਾ ਪਿਆਰ ਉਸਦੇ ਕਾਰਜਾਂ ਰਾਹੀ ਨਹੀਂ ਦੇਖਦੇ, ਪ੍ਰੰਤੂ ਜੇ ਤੁਸੀਂ ਮਸੀਹ ਦੇ ਸੱਚੇ ਪ੍ਰਤਿਨਿਧੀ ਹੋ ਅਤੇ ਮਸੀਹੀ ਚਰਿੱਤ੍ਰ ਦੇ ਪਿਆਰ ਦਾ ਵਰਤਾਵਾ ਉਨ੍ਹਾਂ ਨਾਲ ਕਰਦੇ ਹੋ ਤਾਂ ਸੰਭਵ ਹੈ ਕਿ ਉਹ ਤੁਹਾਡੇ ਰਾਹੀਂ ਯਿਸੂ ਮਸੀਹ ਦੀ ਨੇਕੀ ਅਤੇ ਭਲਾਈ ਦਾ ਕੁਝ ਅੰਸ਼ ਸਮਝ ਕੇ ਉਸਨੂੰ ਪਿਆਰ ਕਰਨ ਅਤੇ ਸੇਵਾ ਕਰਨ ਲਈ ਤਿਆਰ ਹੋ ਜਾਣ।

**(3) ਜਦੋਂ ਅਸੀਂ ਮਸੀਹ ਵਿਚ ਹੋਣ ਵਜੋਂ ਸੰਸਾਰ ਦੇ ਲਈ ਚਾਨਣ ਨੂੰ ਰੱਖਦੇ ਹਾਂ ਤਾਂ ਸਾਡਾ ਜੀਵਨ ਕਿਹੜੀਆਂ ਦੋ ਵਿਸ਼ੇਸ਼ਤਾਵਾਂ ਨੂੰ ਦਰਸਾਉਂਦਾ ਹੈ?**

*ਪਰ ਸੰਤੋਖ ਨਾਲ ਭਗਤੀ ਹੈ ਤਾਂ ਵੱਡੀ ਖੱਟੀ। (1 ਤਿਮੋਥਿਉਸ 6:6)*

ਮਸੀਹ ਲੋਕ ਸਵਰਗ ਦੇ ਰਾਹ ਤੇ ਮਸ਼ਾਲਚੀਆਂ ਦੇ ਰੂਪ ਵਿੱਚ ਨਿਯੁਕਤ ਕੀਤੇ ਗਏ ਹਨ। ਯਿਸੂ ਮਸੀਹ ਵੱਲੋਂ ਜੋ ਜੋਤ ਉਨ੍ਹਾਂ ਉੱਪਰ ਚਮਕ ਰਹੀ ਹੈ, ਉਹ ਉਨ੍ਹਾਂ ਨੇ ਜਗਤ ਤੇ ਚਮਕਾਉਣੀ ਹੈ। ਉਨ੍ਹਾਂ ਦਾ ਜੀਵਨ ਅਤੇ ਚਰਿੱਤਰ ਐਸਾ ਸੱਚਾ ਅਤੇ ਸੁੱਚਾ ਮਸੀਹ ਵਾਂਗ ਹੋਣਾ ਚਾਹੀਦਾ ਹੈ ਕਿ ਦੂਸਰਿਆ ਨੂੰ ਉਨ੍ਹਾਂ ਕੋਲੋਂ ਯਿਸੂ ਮਸੀਹ ਅਤੇ ਉਸਦੀ ਸੇਵਾ ਦੀ ਠੀਕ ਧਾਰਨਾਂ ਮਿਲ ਸਕੇ।
ਜੇਕਰ ਅਸੀਂ ਸੱਚ ਮੁੱਚ ਹੀ ਮਸੀਹ ਦੇ ਪ੍ਰਤਿਨਿਧੀ ਹਾਂ, ਉਸਦੀ ਸੇਵਾ ਭਗਤੀ ਨੂੰ ਐਸੀ ਮਨੋਹਰ ਅਤੇ ਸਭਾਉਣੀਂ ਬਣਾਵਾਂਗੇ ਜਿਵੇਂ ਉਹ ਵਾਸਤਵਿਕ ਵਿੱਚ ਹੈ। ਜੋ ਮਸੀਹੀ ਆਪਣੀ ਆਤਮਾ ਵਿੱਚ ਸ਼ੋਕ ਅਤੇ ਉਦਾਸੀ ਸੰਭਾਲੀ ਰੱਖਦੇ ਹਨ, ਸ਼ਿਕਵੇ ਸ਼ਿਕਾਇਤਾ ਕਰਦੇ ਰਹਿੰਦੇ ਹਨ, ਉਹ ਦੂਸਰੇ ਲੋਕਾਂ ਨੂੰ ਪਰਮੇਸ਼ਰ ਦੇ ਪਿਆਰ ਅਤੇ ਮਸੀਹੀ ਜੀਵਨ ਬਾਰੇ ਗਲਤ ਧਾਰਨਾਂ ਦਿੰਦੇ ਹਨ। ਉਹ ਇਸ ਗੱਲ ਦਾ ਪ੍ਰਗਟਾਵਾ ਕਰਦੇ ਹਨ ਜਿਵੇਂ ਪਰਮੇਸ਼ਰ ਆਪਣੇਂ ਬੱਚਿਆਂ ਨੂੰ ਖੁਸ਼ ਦੇਖ ਕੇ ਖੁਸ਼ ਨਹੀਂ ਹੁੰਦਾ ਅਤੇ ਇੰਜ ਸਵਰਗੀ ਪਿਤਾ ਦੇ ਵਿਰੁੱਧ ਝੂਠੀ ਗਵਾਹੀ ਦਿੰਦੇ ਹਨ।

**(4) ਮੁੱਢਲਾ ਸਿਧਾਂਤ ਕਿਹੜਾ ਹੈ ਕਿ ਜੇਕਰ ਉਹ ਸਾਡੇ ਮਨ ਵਿਚ ਜੁੜ ਜਾਵੇ ਤਾਂ ਉਹ ਪਰਮੇਸ਼ਰ ਦੇ ਵਿਰੁੱਧ ਅਵਿਸ਼ਵਾਸ, ਮਾਯੂਸੀਮ ਅਤੇ ਸ਼ੈਤਾਨ ਦੇ ਗਲਤ ਬਿਆਨਾਂ ਤੋਂ ਬਚਾਵੇਗਾ?**

*ਜਿਹੜੇ ਯਹੋਵਾਹ ਵਿੱਚ ਵਿਸ਼ਵਾਸ ਕਰਦੇ ਹਨ, ਉਹ ਸੀਯੋਨ ਪਰਬਤ ਵਾਂਗ ਹੋਣਗੇ। ਉਹ ਕਦੇ ਵੀ ਨਹੀਂ ਹਿਲਾਏ ਜਾਣਗੇ, ਉਹ ਸਦਾ ਹੀ ਰਹਿਣਗੇ। (ਜ਼ਬੂਰ 125:1)*

ਸ਼ੈਤਾਨ ਪਰਮੇਸ਼ਰ ਦੇ ਬੱਚਿਆਂ ਨੂੰ ਨਿਰਾਸ਼ਾ ਅਤੇ ਅਵਿਸ਼ਵਾਸ ਦੇ ਰਾਹ ਤੇ ਲਿਆਕੇ ਅਤਿ ਪ੍ਰਸੰਨ ਹੁੰਦਾ ਹੈ। ਸ਼ੈਤਾਨ ਬਹੁਤ ਹੀ ਖੁਸ਼ੀ ਮਨਾਉਂਦਾ ਹੈ ਜਦੋਂ ਉਹ ਸਾਨੂੰ ਪਰਮੇਸ਼ਰ ਤੇ ਅਵਿਸ਼ਵਾਸ ਅਤੇ ਉਸਦੀ ਅਪਾਰ ਸ਼ਕਤੀ ਤੇ ਸ਼ੰਕਾ ਕਰਦਿਆਂ ਦੇਖਦਾ ਹੈ। ਸ਼ੈਤਾਨ ਸਾਨੂੰ ਇਹ

ਅਨੁਭਵ ਕਰਾ ਕੇ ਬਹੁਤ ਪ੍ਰਸੰਨ ਹੁੰਦਾ ਹੈ ਕਿ ਪਰਮੇਸ਼ਰ ਦੇ ਪੂਰਣ ਕਾਰਜਾਂ ਰਾਹੀਂ ਸਾਡੀ ਹਾਨੀ ਹੋਵੇਗੀI ਇਹ ਸ਼ੈਤਾਨ ਦਾ ਪਹਿਲਾ ਕੰਮ ਹੈ ਕਿ ਪਰਮੇਸ਼ਰ ਦੇ ਪ੍ਰੇਮਮਈ ਰੂਪ ਨੂੰ ਬੇਤਰਸ ਅਤੇ ਦਯਾਹੀਨ ਦਰਸਾਉਣਾ। ਉਹ ਪਰਮੇਸ਼ਰ ਦੀਆਂ ਅਕੱਥ ਸਚਾਈਆਂ ਨੂੰ ਝੁਠਲਾਂਉਦਾ ਹੈ। ਉਹ ਸਾਡੇ ਮਨ ਪਰਮੇਸ਼ਰ ਦੇ ਵਿਰੁੱਧ ਝੂਠੇ ਕਲਪਿਤ ਵਿਚਾਰਾਂ ਨਾਲ ਭਰ ਦਿੰਦਾ ਹੈ ਅਤੇ ਬਜਾਏ ਇਸਦੇ ਕਿ ਸਵਰਗੀ ਪਿਤਾ ਬਾਰੇ ਸਚਾਈ ਤੋਂ ਡਟੇ ਰਹੀਏ, ਅਕਸਰ ਝੂਠੇ ਸ਼ੈਤਾਨੀ ਵਿਚਾਰ ਮਨ ਵਿੱਚ ਲੈ ਆਉਂਦੇ ਹਾਂ ਅਤੇ ਪਰਮੇਸ਼ਰ ਤੇ ਅਵਿਸ਼ਵਾਸ ਕਰਕੇ ਉਸਦੀ ਮਹਾਨਤਾ ਦੀ ਨਿਰਾਦਰੀ ਕਰਦੇ ਹਾਂ ਅਤੇ ਉਸਦੇ ਵਿਰੁਧ ਸ਼ਿਕਵੇ ਸ਼ਿਕਾਇਤ ਕਰਦੇ ਰਹਿੰਦੇ ਹਨ। ਸ਼ੈਤਾਨ ਧਾਰਮਿਕ ਜੀਵਨ ਨੂੰ ਹਮੇਸ਼ਾ ਧੁੰਦਲਾ ਅਤੇ ਉਪਰਾਮ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਉਹ ਚਾਹੁੰਦਾ ਹੈ ਐਸਾ ਜੀਵਨ ਮਨੁੱਖਾਂ ਲਈ ਕਠਿਨ ਅਤੇ ਮੁਸ਼ਕਿਲ ਸਾਬਤ ਹੋਵੇ ਅਤੇ ਜਦੋਂ ਮਸੀਹੀ ਆਪਣੇ ਧਾਰਮਿਕ ਜੀਵਨ ਵਿੱਚ ਐਸੇ ਭਾਵ ਪ੍ਰਗਟ ਕਰਦਾ ਹੈ ਤਾਂ ਉਹ ਆਪਣੇ ਅਵਿਸ਼ਵਾਸ ਅਤੇ ਅੰਧਗਿਆਨ ਦੁਆਰਾ ਸ਼ੈਤਾਨ ਦੇ ਝੂਠੇ ਪ੍ਰਚਾਰ ਦੀ ਹਮਾਇਤ ਕਰਦਾ ਹੈ।

**(5) ਜਦੋਂ ਅਸੀਂ ਜ਼ਿੰਦਗੀ ਦੇ ਰਾਹ ਵਿਚ ਮੁਸ਼ਕਲਾਂ ਦਾ ਅਨੁਭਵ ਕਰਦੇ ਹਾਂ ਤਾਂ ਪੌਲੁਸ ਦੀ ਤਰ੍ਹਾਂ ਸਾਡੀ ਕੀ ਪ੍ਰਤਿਕਿਰਿਆ ਹੋਣੀ ਚਾਹੀਦੀ ਹੈ?**

***ਅਤੇ ਉਸ ਨੇ ਮੈਨੂੰ ਆਖਿਆ ਭਈ ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮਰੱਥਾ ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮਰੱਥਾ ਮੇਰੇ ਉੱਤੇ ਸਾਯਾ ਕਰੇ। ਇਸ ਕਾਰਨ ਮੈਂ ਮਸੀਹ ਦੇ ਲਈ ਨਿਰਬਲਤਾਈਆਂ ਉੱਤੇ, ਮਿਹਣਿਆਂ ਉੱਤੇ, ਤੰਗੀਆਂ ਉੱਤੇ, ਸਤਾਏ ਜਾਣ ਉੱਤੇ, ਸੰਕਟਾਂ ਉੱਤੇ, ਪਰਸੰਨ ਹਾਂ ਕਿਉਂਕਿ ਜਦੋਂ ਮੈਂ ਨਿਰਬਲ ਹੁੰਦਾ ਹਾਂ ਤਦੋਂ ਹੀ ਸਮਰਥੀ ਹੁੰਦਾ ਹਾਂ। (2 ਕੁਰਿੰਥੀਆਂ 12:9-10)***

ਕਈ ਲੋਕ ਜੀਵਨ ਪਥ ਤੇ ਤੁਰਦੇ ਹੋਏ ਕੇਵਲ ਆਪਣੀਆਂ ਗਲਤੀਆਂ ਹਾਰਾਂ ਅਤੇ ਨਿਰਾਸ਼ਤਾਵਾਂ ਤੇ ਹੀ

ਝੁਰਦੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਦਿਲ, ਗਮ ਅਤੇ ਨਿਰਾਸ਼ਾ ਨਾਲ ਹੀ ਭਰੇ ਰਹਿੰਦੇ ਹਨ।

ਮੈਂ ਇੱਕ ਬਾਗ ਵਿੱਚ ਹਾਂ ਅਤੇ ਇੱਕ ਵਿਅਕਤੀ ਜੋ ਬਾਗ ਦਾ ਮਾਲਕ ਲੱਗਦਾ ਸੀ, ਬਾਗ ਦੇ ਰਾਹ ਦਿਖਾਉਣ ਲੱਗਿਆ। ਮੈਂ ਫੁੱਲ ਇੱਕਠੇ ਕਰ ਰਹੀ ਸੀ ਅਤੇ ਉਨ੍ਹਾਂ ਦੀ ਸੁਗੰਧੀ ਨੂੰ ਮਾਣ ਰਹੀ ਸੀ ਅਤੇ ਇਹ ਭੈਣ ਜੋ ਉਸ ਵੇਲੇ ਮੇਰੇ ਨਾਲ ਨਾਲ ਤੁਰ ਰਹੀ ਸੀ, ਉਸਨੇ ਮੇਰਾ ਧਿਆਨ ਇੱਕ ਕਰੂਪ ਕੰਡਿਆਲੀ ਝਾੜੀ ਵੱਲ ਦਿਵਾਇਆ ਜੋ ਉਸਦੇ ਰਾਹ ਵਿੱਚ ਰੁਕਾਵਟ ਪਾ ਰਹੀ ਸੀ। ਉਹ ਵਿਰਲਾਪ ਕਰ ਰਹੀ ਸੀ ਅਤੇ ਦੁੱਖੀ ਸੀ। ਉਹ ਸਿੱਧੇ ਰਸਤੇ ਤੇ ਨਹੀਂ ਸੀ ਚੱਲ ਰਹੀ ਅਤੇ ਨਾ ਹੀ ਪਥ ਪ੍ਰਦ੍ਰਸ਼ਕ ਦੇ ਆਦੇਸ਼ ਦਾ ਪਾਲਣ ਕਰ ਰਹੀ ਸੀ। ਉਸਨੇ ਵਿਰਲਾਪ ਕਰਕੇ ਕਿਹਾ, "ਹਾਏ, ਕੀ ਇਹ ਦੁੱਖ ਦੀ ਗੱਲ ਨਹੀਂ ਕਿ ਸੁੰਦਰ ਬਾਗ਼ ਦੀ ਸ਼ੋਭਾ ਨੂੰ ਇਨ੍ਹਾਂ ਕੰਡਿਆਂ ਨੇ ਵਿਗਾੜ ਦਿੱਤਾ?" ਤਾਂ ਪਥ ਪ੍ਰਦ੍ਰਸ਼ਕ ਨੇ ਕਿਹਾ, "ਕੰਡਿਆਂ ਨੂੰ ਛੱਡ ਕੇ ਇੱਕ ਪਾਸੇ ਹੋ ਕੇ ਤੁਰੋ, ਉਹ ਤੇ ਚੁਭਣਗੇ ਹੀ, ਕੇਵਲ ਗੁਲਾਬ ਅਤੇ ਗੁਲਾਬੀ ਫੁੱਲ ਹੀ ਚੁਣੋ।"

ਕੀ ਤੁਹਾਡੇ ਅਨੁਭਵ ਵਿੱਚ ਕਦੀ ਸ਼ੁਭ ਅਵਸਰ ਨਹੀਂ ਆਏ? ਕੀ ਤੁਹਾਡੇ ਜੀਵਨ ਵਿੱਚ ਕਦੀ ਵੀ ਐਸੇ ਮੰਗਲਮਈ ਮੌਕੇ ਨਹੀਂ ਆਏ ਜਦੋਂ ਪਰਮੇਸ਼ਰ ਦੀ ਆਤਮਾ ਵੱਲੋਂ ਤੁਹਾਡਾ ਮਨ ਖੁਸ਼ੀ ਨਾਲ ਗਦ ਗਦ ਹੋਇਆ ਹੋਵੇ? ਜਦੋਂ ਤੁਸੀਂ ਆਪਣੇ ਬੀਤੇ ਜੀਵਨ ਦੇ ਕਾਂਡ ਤੇ ਨਜ਼ਰ ਮਾਰਦੇ ਹੋਂ ਤਾਂ ਕੀ ਤੁਹਾਨੂੰ ਕਈ ਸੁਹਾਵਣੇ ਪੰਨੇ ਨਹੀਂ ਲੱਭਦੇ? ਕੀ ਪਰਮੇਸ਼ਰ ਦੇ ਇਕਰਾਰ ਸੁਗੰਧਿਤ ਫੁੱਲਾਂ ਵਾਂਗ ਤੁਹਾਡੇ ਜੀਵਨ ਰਾਹ ਦੀ ਹਰ ਦਿਸ਼ਾ ਵਿੱਚ ਤੁਹਾਡੇ ਪੰਧ ਤੇ ਨਹੀਂ ਉਗੇ ਹੋਏ? ਕੀ ਤੁਸੀਂ ਆਪਣਾ ਹਿਰਦਾ ਉਨ੍ਹਾਂ ਦੀ ਸੁੰਦਰਤਾ ਆਤੇ ਮਧੁਰਤਾ ਦੇ ਅਨੰਦ ਨਾਲ ਨਹੀਂ ਭਰੋਗੇ?

ਆਪਣੇ ਬੀਤੇ ਜੀਵਨ ਦੇ ਦੁਖਾਂਤਾਂ ਨੂੰ ਹੀ ਇੱਕਠੇ ਕਰੀ ਰੱਖਣਾ, ਇਸਦੀਆਂ ਬਦੀਆਂ ਅਤੇ ਨਿਰਾਸ਼ਤਾਵਾਂ ਤੇ ਰੋਂਦੇ ਝੁਰਦੇ ਰਹਿਣਾ, ਉਦੋਂ ਤੱਕ ਜਦ ਤੱਕ ਕਿ ਨਿਰਾਸ਼ਾ ਦੇ ਸਾਗਰ ਵਿੱਚ ਗੋਤੇ ਨਾ ਖਾ ਲਈਏ, ਕੋਈ ਵੀ ਸਿਆਣਪ ਦੀ ਗੱਲ ਨਹੀਂ। ਉਤਸ਼ਾਹ ਹੀਣ ਅਤੇ ਅੰਧਕਾਰ ਵਿੱਚ ਡੁੱਬੀ ਆਤਮਾ ਆਪਣੇ ਆਪ ਨੂੰ ਪਰਮੇਸ਼ਰ ਦੇ ਨੂਰੀ ਪ੍ਰਕਾਸ਼ ਕੋਲੋਂ ਵਿਰਵਾ ਰੱਖਦੀ ਹੈ ਅਤੇ ਦੂਸਰਿਆਂ ਦੇ ਜੀਵਨ ਰਾਹ ਤੇ ਵੀ ਕਾਲੇ ਪਰਛਾਵੇਂ ਪਾਉਂਦੀ ਹੈ।

**(6) ਜਦੋਂ ਇਕ ਅਯੋਗ ਪਾਪੀ ਛੁਟਕਾਰੇ ਦੀ ਤਸਵੀਰ ਨੂੰ ਸਮਝਦਾ ਹੈ ਤਾਂ ਉਸਦੀ ਗਵਾਹੀ ਕੀ ਹੋਵੇਗੀ?**

***ਫ਼ੇਰ ਤੁਸੀਂ ਆਖੋਗੇ, " ਯਹੋਵਾਹ ਦੀ ਉਸਤਤ ਹੋਵੇ! ਉਸਦੇ ਨਾਮ ਦੀ ਉਪਾਸਨਾ ਕਰੋ! ਉਸਦੇ ਕਾਰਨਾਮਿਆਂ ਬਾਰੇ ਸਮੂਹ ਲੋਕਾਂ ਨੂੰ ਦੱਸੋ!" (ਯਸਈਆਹ 12:4)***

ਪ੍ਰਮਾਤਮਾ ਦਾ ਸ਼ੁਕਰ ਹੈ, ਉਸਨੇ ਸਾਡੇ ਸਾਹਮਣੇ ਆਸ਼ਾ ਦੇ ਉੱਜਲੇ ਚਿੱਤਰ ਹੀ ਖਿੱਚੇ ਹਨ। ਆਉ ਅਸੀਂ ਰੱਬੀ ਮਿਹਰ ਦੇ ਵਰਦਾਨਾਂ ਨੂੰ ਸਾਂਭ ਕੇ ਰੱਖੀਏ ਤਾਂ ਕਿ ਨਿਰੰਤਰ ਸਾਡੀ ਨਿਗਾਹ ਉਨ੍ਹਾਂ ਤੇ ਰਹੇ; ਪਰਮੇਸ਼ਰ ਦੇ ਪੁੱਤਰ ਦਾ ਆਪਣੇ ਪਿਤਾ ਦਾ ਸਿੰਘਾਸਣ ਛੱਡਣਾ, ਆਪਣੀ ਧਾਰਮਿਕਤਾ ਤੇ ਮਨੁੱਖਤਾ ਦਾ ਜਾਮਾਂ ਪਹਿਨਾਉਣ ਤਾਂ ਜੋ ਉਹ ਮਨੁੱਖ ਨੂੰ ਸ਼ੈਤਾਨ ਦੀ ਤਾਕਤ ਤੋਂ ਬਚਾ ਸਕੇ; ਸਾਡੇ ਹਿੱਤ ਲਈ ਉਸਦੀ ਸ਼ਾਨਦਾਰ ਜਿੱਤ, ਮਨੁੱਖਾਂ ਲਈ ਸਵਰਗ ਦਾ ਦੁਆਰ ਖੋਲ੍ਹ ਦੇਣਾ, ਮਨੁੱਖੀ ਨਜ਼ਰ ਸਾਹਮਣੇ ਪਰਮੇਸ਼ਰ ਦੀ ਹਜ਼ੂਰੀ ਦੀ ਮਹਿਮਾ ਦੇ ਜਲਾਲ ਨੂੰ ਪ੍ਰਗਟ ਕਰਨਾ ਪਤਿਤ ਮਨੁੱਖ ਜਾਤ ਨੂੰ ਵਿਨਾਸ਼ਕਾਰੀ ਦੀ ਖੱਡ ਵਿੱਚੋਂ, ਜਿਸ ਵਿੱਚ ਕਿ ਪਾਪ ਨੇ ਉਸਨੂੰ ਸੁੱਟ ਦਿੱਤਾ ਹੈ, ਬਾਹਰ ਕੱਢਣ ਅਤੇ ਫਿਰ ਦੋਬਾਰਾ ਅਸੀਮ ਪਰਮੇਸ਼ਰ ਨਾਲ ਮੇਲਜੋਲ ਕਰਾਉਣਾ ਅਤੇ ਸਾਡੇ ਉਦਾਰ ਦਾਤਾ ਯਿਸੂ ਮਸੀਹ ਤੇ ਵਿਸ਼ਵਾਸ ਰੱਖਣ ਨਾਲ ਰੱਬੀ ਪ੍ਰੀਖਿਆ ਲਈ ਸਹਿਣਸ਼ਕਤੀ ਬਖਸ਼ਣਾ, ਯਿਸੂ ਮਸੀਹ ਦੀ ਧਾਰਮਿਕਤਾ ਦਾ ਚੋਲਾ ਪਾ ਕੇ ਉਸਦੇ ਸਿੰਘਾਸਨ ਦੀ ਉੱਚਾਈ ਨੂੰ ਪ੍ਰਾਪਤ ਕਰਨਾ -ਇਹ ਸਭ ਉਹ ਚਿੱਤਰ ਹਨ ਜਿੰਨ੍ਹਾਂ ਤੇ ਪਰਮੇਸ਼ਰ ਚਾਹੁੰਦਾ ਹੈ ਕਿ ਅਸੀਂ ਨਿਰੰਤਰ ਆਪਣਾ ਧਿਆਨ ਰੱਖੀਏ ਅਤੇ ਵਿਚਾਰਦੇ ਰਹੀਏ।

**(7) ਪਰਮੇਸ਼ਰ ਕਿਸੇ ਸ਼ੱਕ ਤੋਂ ਪਰੇ ਆਪਣੇ ਪਿਆਰ ਨੂੰ ਕਿਵੇਂ ਸਾਬਤ ਕਰਦਾ ਹੈ?**

***ਜਿਸ ਨੇ ਆਪਣੇ ਪੁੱਤਰ ਦਾ ਹੀ ਸਰਫਾਂ ਨਾ ਕੀਤਾ ਸਗੋਂ ਉਸਨੂੰ ਸਾਡੇ ਸਭਨਾਂ ਦੇ ਲਈ ਦੇ ਦਿੱਤਾ , ਉਹ ਸਾਨੂੰ ਉਸਦੇ ਨਾਲ ਹੋਰ ਸਾਰੀਆਂ ਵਸਤੂਆਂ ਵੀ ਕਿੱਕੁਰ ਨਾ ਬਖਸ਼ੇਗਾ? (ਰੋਮੀਆਂ ਨੂੰ 8:32)***

ਜਦੋਂ ਅਸੀਂ ਪ੍ਰਮਾਤਮਾ ਦੇ ਪਿਆਰ ਉੱਤੇ ਸ਼ੰਕਾ ਕਰਦੇ ਹਾਂ ਤਾਂ ਆਸੀਂ ਪਰਮੇਸ਼ਰ ਦਾ ਅਪਮਾਨ ਕਰਦੇ ਹਾਂ ਅਤੇ ਉਸਦੀ ਪਵਿੱਤਰ ਆਤਮਾ (ਪਵਿੱਤਰ ਸ਼ਕਤੀ) ਨੂੰ ਸ਼ੋਕ ਪਹੁੰਚਾਉਂਦੇ ਹਾਂ। ਜੇਕਰ ਬੱਚੇ ਲਗਾਤਾਰ ਮਾਂ ਦੀ ਸ਼ਿਕਾਇਤ ਕਰਦੇ ਰਹਿਣ ਕਿ ਉਸਦੇ ਹਿਰਦੇ ਵਿੱਚ ਉਨ੍ਹਾਂ ਲਈ ਕੋਈ ਸ਼ੁਭਕਾਮਨਾਂ ਨਹੀਂ ਤਾਂ ਉਸ ਵਿਚਾਰੀ ਦੇ ਦਿਲ ਤੇ ਕੀ ਗੁਜ਼ਰੇਗੀ? ਜਦ ਕਿ ਉਸਨੇ ਆਪਣੇ ਜੀਵਨ ਦੀਆਂ ਸਾਰੀਆਂ ਕੋਸ਼ਿਸ਼ਾ ਉਨ੍ਹਾਂ ਦੇ ਸੌਕਾਂ (ਹਿੱਤਾ) ਨੂੰ ਪੂਰਾ ਕਰਨ ਅਤੇ ਆਰਾਮ ਪਹੁੰਚਾਣ ਲਈ ਲਾ ਦਿੱਤੀਆਂ ਹੋਣ। ਜ਼ਰਾ ਸੋਚੋ ਜੇ ਉਹ ਇਸ ਤਰ੍ਹਾਂ ਉਸਦੇ ਪ੍ਰੇਮ ਤੇ ਅਵਿਸ਼ਵਾਸ ਕਰਨ ਲੱਗ ਜਾਣ ਤਾਂ ਮਾਂ ਦਾ ਕੋਮਲਾ ਹਿਰਦਾ ਟੁੱਟ ਜਾਏਗਾ। ਕਿਸੇ ਵੀ ਪਿਤਾ ਨੂੰ ਕਿੰਜ ਮਹਿਸੂਸ ਹੋਵੇਗਾ ਜੇਕਰ ਉਸਦੇ ਬੱਚੇ ਉਸ ਨਾਲ ਇੰਜ ਸ਼ੰਕਾ ਭਰਿਆ ਵਰਤਾਉ ਕਰਨ? ਇਵੇਂ ਹੀ ਜ਼ਰਾ ਸੋਚੋ ਸਾਡਾ ਸਵਰਗੀ ਪਿਤਾ ਪਰਮੇਸ਼ਰ ਸਾਡੇ ਬਾਰੇ ਕਿਵੇਂ ਮਹਿਸੂਸ ਕਰਦਾ ਹੈ ਜਦੋਂ ਅਸੀਂ ਉਸਦੇ ਪ੍ਰੇਮ ਤੇ ਸੰਦੇਹ ਕਰਦੇ ਹਾਂ, ਜਿਸ ਅਪਾਰ ਪ੍ਰੇਮ ਸਦਕਾ ਉਸਨੇ ਆਪਣਾ ਪਿਆਰਾ ਪੁੱਤ ਵਾਰ ਦਿੱਤਾ ਤਾਂ ਜੋ ਸਾਨੂੰ ਅਨੰਤ ਜੀਵਨ ਮਿਲੇ? ਅਤੇ ਫਿਰ ਵੀ ਬਹੁਤ ਸਾਰੇ ਐਸੇ ਲੋਕ ਹਨ ਜੋ ਭਾਵੇਂ ਜ਼ੁਬਾਨ ਨਾਲ ਨਹੀਂ ਪਰ ਵਰਤਾਰੇ ਤੋਂ ਪ੍ਰਗਟ ਕਰਦੇ ਹਨ, "ਮੇਰੇ ਲਈ ਤੇ ਪਰਮੇਸ਼ਰ ਦਾ ਐਸਾ ਉਦੇਸ਼ ਨਹੀਂ ਹੋ ਸਕਦਾ, ਉਹ ਦੂਸਰਿਆਂ ਨੂੰ ਭਾਵੇਂ ਪਿਆਰ ਕਰਦਾ ਹੋਵੇ ਪਰ ਮੇਰੇ ਨਾਲ ਤਾਂ ਉਸਨੇ ਕੋਈ ਪਿਆਰ ਨਹੀਂ ਕੀਤਾ।"

## (8) ਸਾਨੂੰ ਆਤਮਿਕ ਮੁੱਦਿਆਂ ਬਾਰੇ ਸ਼ੱਕ ਦੇ ਵਿਚਾਰਾਂ ਵਿਚ ਰਹਿਣਾ ਅਤੇ ਇਨ੍ਹਾਂ ਨੂੰ ਦੂਸਰਿਆਂ ਨਾਲ ਸਾਂਝਾ ਕਿਉਂ ਨਹੀਂ ਕਰਨਾ ਚਾਹੀਦਾ ਹੈ?

***ਸਾਡੇ ਵਿੱਚੋਂ ਤਾਂ ਕੋਈ ਆਪਣੇ ਲਈ ਨਹੀਂ ਜੀਉਂਦਾ, ਨਾ ਕੋਈ ਆਪਣੇ ਲਈ ਮਰਦਾ ਹੈ। (ਰੋਮੀਆਂ 14:7)***

***ਇਸ ਲਈ ਅਸੀਂ ਇੱਕ ਦੂਏ ਉੱਤੇ ਅਗਾਹਾਂ ਨੂੰ ਕਦੇ ਦੋਸ਼ ਨਾ ਲਾਈਏ ਸਗੋਂ ਤੁਸੀਂ ਇਹ ਵਿਚਾਰੋ ਭਈ ਠੇਡੇ ਅਥਵਾ ਠੋਕਰ ਵਾਲੀ ਵਸਤ ਤੁਸੀਂ ਆਪਣੇ ਭਰਾ ਦੇ ਰਾਹ ਵਿੱਚ ਨਾ ਰੱਖੋ। (ਰੋਮੀਆਂ 14:13)***

*ਪਰ ਸੁਚੇਤ ਰਹੋ ਭਈ ਤੁਹਾਡਾ ਇਹ ਹੱਕ ਕਿਤੇ ਨਿਤਾਣਿਆਂ ਲਈ ਠੋਕਰ ਲਾਉਣ ਦਾ ਕਾਰਨ ਨਾ ਹੋਵੇ। (1 ਕੁਰਿੰਥੀਆਂ 8:9)*

*ਅਤੇ ਐਉਂ ਭਾਈਆਂ ਦਾ ਪਾਪ ਕਰ ਕੇ ਉਨ੍ਹਾਂ ਦੇ ਅੰਤਹਕਰਨ ਨੂੰ ਜਦੋਂ ਉਹ ਨਿਤਾਣਾ ਹੈ ਸੱਟ ਲਾ ਕੇ ਤੁਸੀਂ ਮਸੀਹ ਦਾ ਪਾਪ ਕਰਦੇ ਹੋ। (1 ਕੁਰਿੰਥੀਆਂ 8:12)*

ਇਹ ਸਭ ਗੱਲਾਂ ਤੁਹਾਡੀ ਆਪਣੀ ਆਤਮਾ ਨੂੰ ਹੀ ਨੁਕਸਾਨ ਪਹੁੰਚਾਉਂਦੀਆਂ ਹਨ ਕਿਉਂਕਿ ਹਰ ਅਵਿਸ਼ਵਾਸ ਦਾ ਸ਼ਬਦ ਜੋ ਤੁਸੀਂ ਮੂੰਹ ਤੋਂ ਉਚਾਰਦੇ ਹੋਂ ਉਹ ਸ਼ੈਤਾਨ ਦੇ ਭਰਮ ਭੁਲਾਵਿਆ ਨੂੰ ਹੀ ਸੱਦਾ ਦਿੱਦਾ ਹੈ ਅਤੇ ਤੁਹਾਡੇ ਅੰਦਰ ਸੰਦੇਹ ਤੇ ਅਵਿਸ਼ਵਾਸ ਦੀ ਭਾਵਨਾਂ ਨੂੰ ਦ੍ਰਿੜ ਕਰਦਾ ਹੈ ਅਤੇ ਤੁਹਾਡੀ ਰੱਖਿਆ ਅਤੇ ਸੇਵਾ ਕਰਨ ਵਾਲੇ ਦੂਤਾਂ ਨੂੰ ਸ਼ੋਕ ਪਹੁੰਚਾ ਕੇ ਦੂਰ ਭਜਾਉਦਾ ਹੈ। ਜਦੋਂ ਵੀ ਸ਼ੈਤਾਨ ਤੁਹਾਨੂੰ ਅਜਮਾਇਸ਼ ਵਿੱਚ ਪਾਵੇ ਤਾਂ ਸੰਦੇਹ ਜਾਂ (ਨਿਰਾਸ਼ਤਾ) ਅੰਧਕਾਰ ਦਾ ਇੱਕ ਵੀ ਸ਼ਬਦ ਮੂੰਹੋ ਨਾ ਕੱਢੋ। ਜੇ ਤੁਸੀਂ ਸ਼ੈਤਾਨ ਦੇ ਸੁਝਾਵਾਂ ਲਈ ਆਪਣੇ ਮਨ ਦਾ ਦੁਆਰ ਖੋਲ੍ਹ ਦੇਵੋਗੇ ਤਾਂ ਤੁਹਾਡਾ ਮਸਤਕ ਅਵਿਸ਼ਵਾਸ ਅਤੇ ਵਿਦ੍ਰੋਹੀ ਪ੍ਰਸ਼ਨਾਂ ਨਾਲ ਭਰ ਜਾਇਗਾ। ਜਦੋਂ ਤੁਸੀਂ ਆਪਣੇ ਅਜਿਹੇ ਵਿਚਾਰ ਦੂਸਰਿਆਂ ਦੇ ਸਾਹਮਣੇ ਰੱਖੋਂਗੇ ਤਾਂ ਹਰ ਇੱਕ ਐਸਾ ਭਾਵ ਜੋ ਤੁਸੀਂ ਪ੍ਰਗਟ ਕਰੋਂਗੇ, ਉਸਦੀ ਪ੍ਰਤੀਕ੍ਰਿਆ ਨਾ ਕੇਵਲ ਤੁਹਾਡੇ ਉੱਪਰ ਹੀ ਹੋਵੇਗੀ, ਸਗੋਂ ਇੱਕ ਬੀਜ ਦੀ ਤਰ੍ਹਾਂ ਅੰਕੁਰ ਲਿਆਏਗੀ ਅਤੇ ਦੂਸਰਿਆਂ ਦੇ ਜੀਵਨ ਵਿੱਚ ਫਲਦਾਇਕ ਹੋਵੇਗੀ ਅਤੇ ਉਸ ਵਕਤ ਤੁਹਾਡੇ ਲਈ ਤੁਹਾਡੇ ਆਪਣੇ ਹੀ ਬਚਨਾਂ ਦੇ ਪ੍ਰਭਾਵ ਨੂੰ ਰੋਕਣਾ ਅਸੰਭਵ ਹੋ ਜਾਵੇਗਾ। ਹੋ ਸਕਦਾ ਹੈ ਕਿ ਤੁਸੀਂ ਆਪ ਤਾਂ ਸ਼ੈਤਾਨ ਦੀਆਂ ਅਜ਼ਮਾਇਸ਼ਾ ਅਤੇ ਚਾਲਾਂ ਤੋਂ ਬਚ ਨਿਕਲੋ ਪ੍ਰੰਤੂ ਉਨ੍ਹਾਂ ਦਾ ਕੀ ਹਾਲ ਹੋਵੇਗਾ ਜੋ ਤੁਹਾਡੇ ਅਵਿਸ਼ਵਾਸ ਦੇ ਪ੍ਰਭਾਵ ਦਾ ਸ਼ਿਕਾਰ ਹੋ ਕੇ ਕਦੀ ਵੀ ਇਸ ਸ਼ੈਤਾਨ ਦੇ ਪੰਜੇ ਵਿੱਚੋਂ ਨਾ ਛੁੱਟ ਸਕੇ। ਇਸ ਲਈ ਇਹ ਕਿਹੜੀ ਦੀ ਮਹੱਤਵ ਗੱਲ ਹੈ ਕਿ ਅਸੀਂ ਕੇਵਲ ਉਨ੍ਹਾਂ ਗੱਲਾਂ ਦਾ ਹੀ ਜ਼ਿਕਰ ਕਰੀਏ ਜੋ ਆਤਮਿਕ ਬਲ ਅਤੇ ਜੀ ਪ੍ਰਦਾਨ ਕਰਨ।

**(9) ਸਾਡੀ ਗੱਲਬਾਤ ਵਿਚ ਕੀ ਹੋਣਾ ਚਾਹੀਦਾ ਹੈ ਜਿਸ ਤੋਂ ਪਰਮੇਸ਼ਰ ਦੀ ਮੁਕਤੀ ਪ੍ਰਗਟ ਹੋਵੇਗੀ?**

***ਜੇ ਕੋਈ ਬੰਦਾ ਸ਼ੁਕਰਾਨੇ ਦਾ ਚੜ੍ਹਾਵਾ ਪ੍ਰਦਾਨ ਕਰਦਾ ਹੈ ਤਾਂ ਉਹ ਮੇਰੇ ਲਈ ਆਦਰ ਦਰਸਾਉਂਦਾ ਹੈ। ਪਰ ਜੇ ਕੋਈ ਬੰਦਾ ਸਹੀ ਢੰਗ ਨਾਲ ਜਿਉਂਦਾ ਹੈ, ਤਾਂ ਮੈਂ ਉਸਨੂੰ ਬਚਾਉਣ ਲਈ ਆਪਣੀ ਸ਼ਕਤੀ ਦਰਸਾਵਾਂਗਾ।" (ਜ਼ਬੂਰ 50:23)***

ਤੁਸੀਂ ਆਪਣੇ ਸਵਰਗਵਾਸੀ ਸਵਾਮੀ ਦੇ ਬਾਰੇ ਕਿਸ ਪ੍ਰਕਾਰ ਦੀ ਰਿਪੋਰਟ ਜਗਤ ਨੂੰ ਦੇ ਰਹੇ ਹੋਂ, ਇਹ ਸੁਨਣ ਲਈ ਸਵਰਗੀ ਦੂਤ ਬਹੁਤ ਹੀ ਤੀਬਰ ਹਨ।ਇਹ ਤੁਹਾਡੀ ਗੱਲਬਾਤ ਉਸ ਬਾਰੇ ਹੀ ਹੋਣੀ ਚਾਹੀਦੀ ਹੈ ਜੋ ਪਿਤਾ ਪਰਮੇਸ਼ਰ ਦੇ ਸਾਹਮਣੇ ਤੁਹਾਡੀ ਵਿਚੋਲਗੀ ਕਰਨ ਲਈ ਜੀਵਤ ਹੈ। ਜਦੋਂ ਤੁਸੀ ਕਿਸੇ ਮਿੱਤਰ ਦੇ ਨਾਲ ਹੱਥ ਮਿਲਾਉ ਤਾਂ ਤੁਹਾਡੇ ਬੁੱਲ੍ਹਾਂ ਅਤੇ ਹਿਰਦੇ ਵਿੱਚ ਪਰਮੇਸ਼ਰ ਦੀ ਵਡਿਆਈ ਅਤੇ ਧੰਨਵਾਦ ਹੋਣਾ ਚਾਹੀਦਾ ਹੈ, ਇਸ ਲਈ ਤੁਹਾਡੇ ਮਿੱਤਰ ਦੇ ਵਿਚਾਰ ਯਿਸੂ ਮਸੀਹ ਵੱਲ ਆਕਰਸ਼ਿਤ ਹੋਣਗੇ।

**(10) ਬਾਈਬਲ ਸਾਨੂੰ ਸ਼ੰਕਾ ਅਤੇ ਉਤਸ਼ਾਹਭੰਗ ਬਾਰੇ ਕੀ ਸਲਾਹ ਦਿੰਦੀ ਹੈ?**

***ਤੁਸੀਂ ਸੱਭੇ ਕੰਮ ਬੁੜ ਬੁੜ ਅਤੇ ਝਗੜੇ ਕਰਨ ਤੋਂ ਬਿਨਾ ਕਰੋ। (ਫ਼ਿਲਿੱਪੀਆਂ 2:14)***

ਸਭ ਤੇ ਮੁਸੀਬਤਾਂ ਪੈਦੀਆਂ ਹਨ। ਸਭ ਨੂੰ ਡੂੰਘੇ ਗ਼ਮ ਸਹਿਨ ਕਰਨੇ ਪੈਂਦੇ ਹਨ। ਆਪਣੀਆਂ ਮੁਸ਼ਕਿਲਾਂ ਪ੍ਰੀਖਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੀਆਂ ਮੁਸ਼ਕਿਲਾਂ ਆਪਣੇ ਨਾਸ਼ਵਾਨ ਮਿੱਤਰ, ਸਾਥੀਆਂ, ਭਾਈ ਬੰਧੂਆਂ ਨੂੰ ਨਾ ਸੁਣਾਉ ਸਗੋਂ ਹਰ ਮੁਸ਼ਕਿਲ ਪ੍ਰਾਰਥਨਾ ਰਾਹੀ ਪਰਮੇਸ਼ਰ ਤੱਕ ਲੈ ਜਾਉ। ਇਹ ਇੱਕ ਨਿਯਮ ਬਣਾ ਲਵੋ ਕਿ ਸ਼ੰਕਾਂ ਜਾਂ ਨਿਰਾਸ਼ਤਾ ਦਾ ਇੱਕ ਸ਼ਬਦ ਵੀ ਆਪਦੇ ਮੂੰਹੋ ਨਾ ਨਿਕਲੇ। ਤੁਸੀਂ ਦੂਸਰਿਆਂ ਦੇ ਜੀਵਨ ਵਿੱਚ ਆਸ਼ਾ ਦੀ ਚਮਕ ਲਿਆਉਣ ਅਤੇ ਉਨ੍ਹਾਂ ਦੇ ਯਤਨਾਂ ਨੂੰ ਮਜ਼ਬੂਤ ਬਣਾਉਣ ਲਈ ਬਹੁਤ ਕੁਝ ਕਰ ਸਕਦੇ ਹੋਂ

ਉਤਸ਼ਾਹ ਭਰੇ ਬਚਨਾਂ ਅਤੇ ਹੁਲਾਰ ਭਰੀ ਪਵਿੱਤਰਤਾ ਨਾਲ। ਕਈ ਸਾਹਸੀ ਵੀਰ ਪੁਰਖ ਐਸੇ ਹਨ ਜੋ ਕਠਿਨ ਪ੍ਰੀਖਿਆਵਾਂ ਹੇਠ ਦੱਬੇ ਹੋਏ, ਆਪੇ ਤੇ ਦੁਸ਼ਟਤਾ ਦੀਆਂ ਸ਼ਕਤੀਆਂ ਦੇ ਸੰਘਰਸ਼ ਵਿੱਚ ਥਿੜਕ ਜਾਣ ਦੀ ਹਾਲਤ ਵਿੱਚ ਪਹੁੰਚੇ ਹੋਏ ਹਨ। ਅਜਿਹੇ ਮਨੁੱਖਾਂ ਨੂੰ ਉਨ੍ਹਾਂ ਦੇ ਕਠੋਰ ਸੰਘਰਸ਼ ਵਿੱਚ ਹੋਰ ਬੇ-ਦਿਲ ਨਾ ਕਰੋ। ਉਨ੍ਹਾਂ ਨੂੰ ਸ਼ਾਬਾਸ਼ ਅਤੇ ਉਨ੍ਹਾਂ ਨੂੰ ਆਸ ਪੂਰਨ ਸ਼ਬਦਾਂ ਨਾਲ ਉਤਸ਼ਾਹਿਤ ਕਰਦੇ ਰਹੋ ਤਾਂਜੋ ਉਹ ਆਪਣੇ ਮਾਰਗ ਤੇ ਡਟੇ ਰਹਿਣ ਅਤੇ ਇਸ ਪ੍ਰਕਾਰ ਯਿਸੂ ਮਸੀਹ ਦੀ ਜੋਤ ਤੁਹਾਡੇ ਦੁਆਰ ਚਮਕੇਗੀ, “ਕੋਈ ਵੀ ਸਾਡੇ ਵਿੱਚੋਂ ਆਪਣੇ ਲਈ ਨਹੀ ਜੀਉਂਦ।” ਰੋਮੀਆਂ ਨੂੰ 14,7. ਸਾਡੇ ਅਚੇਤ ਪ੍ਰਭਾਵ ਨਾਲ ਹੀ ਦੂਸਰਿਆਂ ਨੂੰ ਹੌਂਸਲਾ ਅਤੇ ਬਲ ਮਿਲ ਜਾਂਦਾ ਹੈ ਜਾਂ ਉਹ ਵਿਚਾਰੇ ਨਿਰਾਸ਼ ਹੋ ਕੇ ਯਿਸੂ ਮਸੀਹ ਅਤੇ ਸੱਚਾਈ ਤੋਂ ਦੂਰ ਹੋ ਜਾਂਦੇ ਹਨ।

### (11) ਕਿਸਦੀ ਹਜ਼ੂਰੀ ਵਿਚ ਅਨੰਦ ਅਤੇ ਸੁੱਖ ਦੀ ਭਰਪੂਰੀ ਹੈ?

***ਮੈਂ ਹਮੇਸ਼ਾ ਮੇਰੇ ਯਹੋਵਾਹ ਨੂੰ ਸਾਮ੍ਹਣੇ ਰਖਦਾ ਹਾਂ, ਅਤੇ ਕਦੀ ਵੀ ਮੈਂ ਉਸਦੇ ਸੱਜੇ ਤੋਂ ਮੇਰੀ ਥਾਂ ਨਹੀਂ ਛੱਡਾਂਗਾ। (ਜ਼ਬੂਰ 16:8)***

***ਤੂੰ ਮੈਨੂੰ ਸਿਰਫ਼ ਤੇਰੇ ਨਜ਼ਦੀਕ ਆਕੇ ਜਿਉਣ ਦਾ ਸਹੀ ਤਰੀਕਾ ਸਿਖਾਵੇਂਗਾ। ਯਹੋਵਾਹ, ਮੈਂ ਪੂਰਨ ਖੁਸ਼ੀ ਦਾ ਆਨੰਦ ਮਾਣਾਂਗਾ। ਤੇਰੇ ਸੱਜੇ ਪਾਸੇ ਹੋਕੇ ਮੈਂ ਸਦੀਵੀ ਅਸੀਸ ਦਾ ਆਨੰਦ ਮਾਣਾਂਗਾ। (ਜ਼ਬੂਰ 16:11)***

ਬਹੁਤ ਸਾਰੇ ਲੋਕ ਐਸੇ ਹਨ ਜਿੰਨ੍ਹਾਂ ਦੇ ਮਨ ਵਿੱਚ ਯਿਸੂ ਮਸੀਹ ਦੇ ਜੀਵਨ ਚਰਿੱਤਰ ਬਾਰੇ ਗ਼ਲਤ ਵਿਚਾਰ ਹਨ। ਉਹ ਸੋਚਦੇ ਹਨ ਉਸ ਵਿੱਚ ਮਮਤਾ ਅਤੇ ਅਨੁਰਾਗ ਦਾ ਅਭਾਵ ਸੀ ਅਤੇ ਕਠੋਰ, ਰੁੱਖੇ ਅਤੇ ਗੰਭੀਰ ਸੁਭਾਉ ਵਾਲਾ ਸੀ ਅਤੇ ਅਨੇਕਾਂ ਪਰਿਸਥਿਤੀਆਂ ਵਿੱਚ ਸਾਰਾ ਧਾਰਮਿਕ ਅਨੁਭਵ ਇਨ੍ਹਾਂ ਹੀ ਕਾਲੀਆਂ ਧਾਰਣਾਵਾਂ ਦੀ ਰੰਗਤ ਵਾਲਾ ਸੀ।

ਅਕਸਰ ਇਹ ਕਿਹਾ ਜਾਂਦਾ ਹੈ ਕਿ ਯਿਸੂ ਮਸੀਹ ਰੋਇਆ ਸੀ ਪਰ ਉਸਦੇ ਮੁਸਕਰਾਉਣ ਬਾਰੇ ਕੁਝ ਨਹੀਂ

ਕਿਹਾ ਗਿਆ, ਜਿਵੇਂ ਕਿ ਉਹ ਮੁਸਕਰਾਉਣ ਜਾਣਦਾ ਹੀ ਨਹੀਂ ਸੀ। ਅਸਲ ਵਿੱਚ ਸਾਡਾ ਪ੍ਰਾਣਦਾਤਾ ਇੱਕ ਦੁੱਖੀ ਮਨੁੱਖ ਸੀ। ਪ੍ਰੰਤੂ ਭਾਵੇ ਉਸਦਾ ਜੀਵਨ ਆਤਮ ਤਿਆਗੀ, ਚਿੰਤਾ, ਦੁੱਖ ਅਤੇ ਪੀੜ ਦੇ ਪਰਛਾਵਿਆਂ ਨਾਲ ਧੁੰਦਲਾਇਆ ਹੋਇਆ ਸੀ ਤਾਂ ਵੀ ਉਸਦੀ ਆਤਮਾ ਕਦੀ ਨਿਢਾਲ ਨਹੀ਼ ਸੀ ਹੋਈ। ਉਸਦੇ ਮੁੱਖੜੇ ਤੇ ਉਦਾਸੀ ਦੀ ਕੋਈ ਝਲਕ ਨਹੀਂ ਸੀ, ਸਗੋਂ ਹਮੇਸ਼ਾ ਗੰਭੀਰ ਅਤੇ ਸ਼ਾਂਤਮਈ ਪ੍ਰਭਾਵ ਝਲਕਦਾ ਸੀ। ਉਸਦਾ ਹਿਰਦਾ ਜੀਵਨ ਦਾ ਚਸ਼ਮਾ ਸੀ ਅਤੇ ਜਿੱਥੇ ਜਿੱਥੇ ਵੀ ਉਹ ਜਾਂਦਾ ਸੀ ਆਪਣੇ ਨਾਲ ਆਰਾਮ, ਸ਼ਾਂਤੀ , ਖੁਸ਼ੀ ਅਤੇ ਅਨੰਦ ਦੀ ਲਹਿਰ ਲੈ ਜਾਂਦਾ ਸੀ

ਸਾਡਾ ਪ੍ਰਾਣਦਾਤਾ ਅਤਿਅੰਤ ਗੰਭੀਰ ਅਤੇ ਸੱਚਾ ਮਨੁੱਖ ਸੀ, ਪ੍ਰੰਤੂ ਕਦਾਚਿਤ ਵੀ ਨਿਰਾਸ਼ ਅਤੇ ਉਦਾਸ ਨਹੀਂ ਸੀ। ਜੋ ਲੋਕ ਉਸਦੇ ਪੈਰ ਚਿੰਨ੍ਹਾਂ ਤੇ ਤੁਰਨਗੇ, ਉਨ੍ਹਾਂ ਦਾ ਜੀਵਨ ਉਤਸ਼ਾਹ ਭਰੇ ਮਨੋਰਥ ਨਾਲ ਭਰਪੂਰ ਹੋਵੇਗਾ। ਉਨ੍ਹਾਂ ਨੂੰ ਨਿੱਜੀ ਜ਼ਿੰਮੇਵਾਰੀਆਂ ਦੇ ਅਹਿਸਾਸ ਦੀ ਡੂੰਘੀ ਕਦਰ ਹੋਵੇਗੀ। ਹੋਛਾਪਣ ਕਾਬੂ ਵਿੱਚ ਰੱਖਿਆ ਜਾਵੇਗਾ। ਕੋਈ ਸੋਰਗੁਲ ਉਧ ਮੂਲ ਚੁੱਕਣ ਵਾਲਾ ਹਾਸਾ ਵਿਲਾਸ ਜਾਂ ਖੇਡ ਤਮਾਸ਼ਾ ਨਹੀਂ ਕੀਤਾ ਜਾਏਗਾ; ਸਗੋਂ ਯਿਸੂ ਮਸੀਹ ਦਾ ਧਰਮ ਨਦੀ ਦੀ ਤਰ੍ਹਾਂ ਸ਼ਾਂਤੀ ਪ੍ਰਦਾਨ ਕਰਦਾ ਹੈ। ਇਹ ਅਨੰਦ ਦੀ ਜੋਤ ਨੂੰ ਬੁਝਾਉਂਦਾ ਨਹੀਂ; ਇਹ ਖੁਸ਼ੀਆਂ ਤੇ ਬੰਦਿਸ਼ ਨਹੀਂ ਲਾਉਂਦਾ ਅਤੇ ਨਾ ਹੀ ਨਿੱਖਰੇ ਮੁਸਕਰਾਉਂਦੇ ਮੁੱਖੜਿਆਂ ਤੇ ਉਦਾਸੀ ਦੇ ਬੱਦਲ ਛਾਉਣ ਦਿੰਦਾਂ ਹੈ, ਮਸੀਹ ਸੇਵਾ ਕਰਵਾਉਣ ਨਹੀਂ ਬਲਕਿ ਸੇਵਾ ਕਰਨ ਆਇਆ ਸੀ ਅਤੇ ਜਦੋਂ ਉਸਦਾ ਪਿਆਰ ਹਿਰਦੇ ਵਿੱਚ ਰਾਜ ਕਰਨ ਲੱਗ ਜਾਏ ਤਾਂ ਆਸੀਂ ਉਸਦੇ ਪੂਰਨਿਆਂ ਤੇ ਚੱਲਣ ਲੱਗ ਪੈਂਦੇ ਹਾਂ।

***ਮੇਰੇ ਪਿਤਾ ਪਰਮੇਸ਼ਰ ਮੇਰੇ ਛੁਟਕਾਰੇ ਲਈ ਬਹੁਤ ਸਾਰੇ ਸ਼ੰਕਾਂ ਤੋਂ ਪਰੇ ਆਪਣੇ ਪੁੱਤਰ ਦੀ ਦਾਤ ਵਿਚ ਤੁਹਾਡੇ ਸਦੀਪਕ ਪਿਆਰ ਨੂੰ ਮੇਰੇ ਉੱਤੇ ਪ੍ਰਗਟ ਕਰਨ ਲਈ ਤੁਹਾਡਾ ਧੰਨਵਾਦ। ਮੈਂ ਮਸੀਹ ਵਿਚ ਬਣੇ ਰਹਿਣਾ ਚੁਣਦਾ ਹਾਂ ਕਿ ਮੈਂ ਉਸ ਅਨੰਦ ਅਤੇ ਸੁੱਖ ਦਾ ਦਾ ਅਨੁਭਵ ਕਰ ਸਕਾਂ ਜੋ ਉਹ ਮੈਨੂੰ ਦੇਣਾ ਚਾਹੁੰਦਾ ਹੈ।***

***ਚੱਕਰ ਲਗਾਓ:*** ***ਹਾਂ*** ***ਅਨਿਸ਼ਚਿਤ***

ਮੈਂ "ਮਸੀਹੀ" ਕਹਿਲਾਉਣ ਦੇ ਸਤਿਕਾਰ ਨੂੰ ਸਵੀਕਾਰ ਕਰਦਾ ਹਾਂ ਅਤੇ ਦੂਸਰਿਆਂ ਨਾਲ ਉਸ ਅਨੰਦ, ਸ਼ਾਂਤੀ ਅਤੇ ਖੁਸ਼ੀ ਨੂੰ ਪ੍ਰਗਟ ਕਰਨ ਨੂੰ ਚੁਣਦਾ ਹਾਂ ਜੋ ਮਸੀਹ ਵਿਚ ਵਿਚ ਬਣੇ ਰਹਿਣ ਨਾਲ ਆਉਂਦੀ ਹੈ।

ਚੱਕਰ ਲਗਾਓ: ਹਾਂ ਅਨਿਸ਼ਚਿਤ

ਮੈਂ ਪ੍ਰਭੂ ਤੇ ਭਰੋਸਾ ਰੱਖਣਾ ਚੁਣਦਾ ਹਾਂ ਕਿਉਂਕਿ ਮੈਂ ਮਹਿਸੂਸ ਕਰਦਾ ਹਾਂ ਕਿ ਉਸ ਵਿਚ ਭਰੋਸਾ ਕਰਨਾ ਹੀ ਸ਼ੈਤਾਨ ਦੇ ਝੂਠਾਂ ਅਤੇ ਅਵਿਸ਼ਵਾਸਾਂ ਤੋਂ ਬਚਣ ਦਾ ਇਕੋਂ ਇਕ ਤਰੀਕਾ ਹੈ।

ਚੱਕਰ ਲਗਾਓ: ਹਾਂ ਅਨਿਸ਼ਚਿਤ

ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਅਤੇ ਉੱਚਾ ਉਠਾਉਣਾ ਮੇਰਾ ਉਦੇਸ਼ ਹੈ ਜੋ ਮੇਰੇ ਆਲੇ-ਦੁਆਲੇ ਰਹਿੰਦੇ ਹਨ ਤਾਂ ਉਹ ਨਿਰਾਸ਼ਾਂ ਅਤੇ ਅਵਿਸ਼ਵਾਸ ਵਿਚ ਰੁੜ ਨਾ ਜਾਣ।

ਚੱਕਰ ਲਗਾਓ: ਹਾਂ ਅਨਿਸ਼ਚਿਤ



## ਪਾਠ 16
## ਹੁਣ ਦਾ ਅਤੇ ਸਦੀਪਕ-ਕਾਲ ਦਾ ਅਨੰਦ

### (1) ਜਦੋਂ ਦੂਸਰੇ ਸਾਨੂੰ ਨਾਰਾਜ਼ ਕਰਦੇ ਹਨ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?

***ਅਤੇ ਤੁਸੀਂ ਇੱਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇੱਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ ਮਸੀਹ ਵਿੱਚ ਤੁਹਾਨੂੰ ਮਾਫ਼ ਕੀਤਾ। (ਅਫ਼ਸੀਆਂ 4:32)***

***ਜੇ ਕੋਈ ਬੰਦਾ ਸੂਝਵਾਨ ਹੈ ਉਹ ਧੀਰਜ ਨੂੰ ਸਿਖਦਾ ਅਤੇ ਇਹ ਉਸਦੀ ਮਹਿਮਾ ਹੁੰਦੀ ਹੈ ਜਦੋਂ ਉਹ ਤਿਰਸਕਾਰ ਨੂੰ ਮੁਆਫ਼ ਕਰ ਦਿੰਦਾ ਹੈ। (ਅਮਸਾਲ 19:11)***

ਜੇ ਅਸੀਂ ਆਪਣਾ ਧਿਆਨ ਹਰ ਸਮੇਂ ਦੂਸਰਿਆਂ ਦੇ ਕਠੋਰ ਅਤੇ ਬੇਇਨਸਾਫੀ ਵਾਲੇ ਕੰਮਾਂ ਉੱਤੇ ਰੱਖਾਂਗੇ ਤਾਂ ਸਾਡੇ ਲਈ ਉਨ੍ਹਾਂ ਨੂੰ ਉਵੇਂ ਹੀ ਪਿਆਰ ਕਰਨਾ, ਜਿਵੇਂ ਮਸੀਹ ਨੇ ਕੀਤਾ ਹੈ, ਅਸੰਭਵ ਹੋ ਜਾਏਗਾ। ਪ੍ਰੰਤੂ ਜੇ ਸਾਡੇ ਵਿਚਾਰ ਮਸੀਹ ਦੇ ਅਦਭੁੱਤ ਪਿਆਰ ਅਤੇ ਤਰਸ ਉੱਤੇ ਕੇਂਦਰ ਰਹਿਣਗੇ ਤਾਂ ਉਸੇ ਭਾਵਨਾਂ ਦੀ ਧਾਰਾ ਸਾਡੇ ਮਨ ਵਿੱਚੋਂ ਦੂਸਰਿਆਂ ਵੱਲ ਵਹਿ ਤੁਰੇਗੀ। ਸਾਨੂੰ ਹਮੇਸ਼ਾ ਇੱਕ ਦੂਸਰੇ ਨੂੰ ਪਿਆਰ ਅਤੇ ਸਤਿਕਾਰ ਦੇਣਾ ਚਾਹੀਦਾ ਹੈ, ਭਾਵੇਂ ਉਨ੍ਹਾਂ ਵਿੱਚ ਸਾਨੂੰ ਕਈ ਤਰੁੱਟੀਆ ਅਤੇ ਖੋਟ ਵੀ ਨਜ਼ਰ ਆਉਣ। ਨਿਰਮਾਣ ਤੇ ਆਤਮ ਵਿਸ਼ਵਾਸ ਦੀ

ਭਾਵਨਾਂ ਅਪਣਾ ਕੇ ਦੂਸਰਿਆਂ ਦੇ ਦੋਸ਼ਾਂ ਪ੍ਰਤੀ ਸ਼ਾਂਤੀ ਅਤੇ ਕੋਮਲਤਾ ਦਾ ਵਰਤਾਉ ਅਪਨਾਉਣਾ ਚਾਹੀਦਾ ਹੈ। ਇਸ ਦੀ ਭਾਵਨਾਂ ਸਾਡੀਆਂ ਸਾਰੀਆਂ ਅੰਦਰੂਨੀ ਤੰਗ ਦਿਲੀਆਂ ਅਤੇ ਸਵਾਰਥਾਂ ਨੂੰ ਮਾਰ ਕੇ ਸਾਨੂੰ ਖੁੱਲ੍ਹ ਦਿਲੇ ਅਤੇ ਉਦਾਰ ਚਿੱਤ ਬਣਾ ਦੇਵੇਗੀ।

## (2) ਨਿਰਾਸ਼ਾਂ ਨੂੰ ਵਧਣ ਤੋਂ ਰੋਕਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ?

***ਯਹੋਵਾਹ ਉੱਤੇ ਪੂਰੀ ਤਰ੍ਹਾਂ ਭਰੋਸਾ ਕਰੋ, ਆਪਣੀ ਹੀ ਸਮਝਦਾਰੀ ਉੱਤੇ ਨਿਰਭਰ ਨਾ ਰਹੋ। (ਅਮਸਾਲ***

ਇਸੇ ਤਰ੍ਹਾਂ ਭਜਨ ਲਿਖਣ ਵਾਲਾ ਕਹਿੰਦਾ ਹੈ, “ਯਹੋਵਾਹ ਉੱਤੇ ਭਰੋਸਾ ਰੱਖ ਅਤੇ ਭਲਾਈ ਕਰ, ਦੇਸ਼ ਵਿੱਚ ਵੱਸ ਅਤੇ ਸੱਚਾਈਆਂ ਉੱਤੇ ਪਲI” ਜ਼ਬੂਰਾਂ ਦਇ ਪੋਥੀ 37:3. “ਯਹੋਵਾਹ ਉੱਤੇ ਭਰੋਸਾ ਰੱਖ” ਹਰ ਇੱਕ ਦੀਆਂ ਆਪਣੀਆਂ ਹੀ ਚਿੰਤਾਵਾਂ, ਬੋਝ ਅਤੇ ਉਲਝਣਾ ਹੁੰਦੀਆਂ ਹਨ ਅਤੇ ਜਦੋਂ ਅਸੀਂ ਇੱਕ ਦੂਸਰੇ ਨਾਲ ਮਿਲਦੇ ਹਾਂ ਆਪਣੀਆਂ ਕਠਿਨਾਈਆਂ ਅਤੇ ਦੁੱਖਾਂ ਦੀ ਚਰਚਾ ਕਰਨ ਲਈ ਕਿੰਨੀਆਂ ਹੀ ਡਰਾਉਣੀਆਂ ਗੱਲਾਂ ਕਰਦੇ ਹਾਂ ਅਤੇ ਇੰਝ ਵਿਆਕੁਲਤਾ ਨਾ ਫਿਕਰਾਂ ਅਤੇ ਚਿੰਤਾਵਾਂ ਦਾ ਵਰਨਣ ਕਰਦੇ ਹਾਂ ਕਿ ਸੁਣਨ ਵਾਲਾ ਮਨੁੱਖ ਸਮਝੇ ਕਿ ਅਸੀਂ ਬਹੁਤ ਹੀ ਬੇਸਹਾਰਾ ਅਤੇ ਦੁਖੀ ਹਾਂ ਅਤੇ ਸਾਡਾ ਕੋਈ ਪਿਆਰਾ ਪ੍ਰਾਣਦਾਤਾ ਤੇ ਮਹਿਰਮ ਹੈ ਹੀ ਨਹੀ ਜੋ ਸਾਡੀਆ ਅਰਜੋਈਆ਼ ਸੁਣ ਕੇ ਦੁੱਖਾਂ ਮੁਸੀਬਤਾਂ ਦੇ ਸਮੇਂ ਸਾਡੀ ਸਹਾਇਤਾ ਕਰਨ ਲਈ ਤਿਆਰ ਹੋਵੇ।

## (3) ਕਿਸ ਵਾਅਦੇ ਤੋਂ ਅਸੀਂ ਜਾਣ ਸਕਦੇ ਹਾਂ ਕਿ ਪਰਮੇਸ਼ਰ ਕਿਸੇ ਵੀ ਹਾਲਾਤ ਵਿਚ ਸਾਨੂੰ ਇਕੱਲਾ ਨਹੀਂ ਛੱਡੇਗਾ?

***ਤੁਸੀਂ ਮਾਇਆ ਦੇ ਲੋਭ ਤੋਂ ਰਹਿਤ ਰਹੋ। ਜੋ ਕੁਝ ਕੋਲ ਹੈ ਉਸ ਉੱਤੇ ਸੰਤੋਖ ਕਰੋ ਕਿਉਂ ਜੋ ਉਹ ਨੇ ਆਪ ਆਖਿਆ ਹੈ ਭਈ ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ। (ਇਬਰਾਨੀਆਂ 13:5)***

ਕਈ ਲੋਕ ਹਮੇਸ਼ਾ ਭੈ ਭੀਤ ਰਹਿੰਦੇ ਹਨ ਅਤੇ ਮੁਸੀਬਤ ਸਹੇੜਦੇ ਰਹਿੰਦੇ ਹਨ। ਹਰ ਰੋਜ਼ ਉਹ ਪਰਮੇਸ਼ਰ ਦੇ ਪਿਆਰ ਦੇ ਪ੍ਰਮਾਣ ਨਾਲ ਘਿਰੇ ਹੁੰਦੇ ਹਨ; ਹਰ ਦਿਨ ਪਰਮੇਸ਼ਰ ਦੀਆਂ ਬਖਸ਼ਿਸ਼ਾਂ ਦਾ ਅਨੰਦ ਮਾਣ ਰਹੇ ਹੁੰਦੇ ਹਨ।ਪਰ ਤਾਂ ਵੀ ਇਨ੍ਹਾਂ ਵਰਤਮਾਨ ਮਿਹਰਾਂ ਅਤੇ ਬਖਸ਼ਿਸ਼ਾਂ ਨਾਲ ਉਨ੍ਹਾਂ ਦੀਆਂ ਅੱਖਾਂ ਮੀਟੀਆਂ ਹੀ ਰਹਿੰਦੀਆਂ ਹਨ। ਉਨ੍ਹਾਂ ਦੇ ਵਿਚਾਰ ਨਿਰੰਤਰ ਉਨ੍ਹਾਂ ਅਨੁਭਵੀ ਮੁਸ਼ਕਿਲਾਂ ਤੇ ਕੇਂਦ੍ਰਿਤ ਹੁੰਦੇ ਹਨ ਜੋ ਉਹ ਸਮਝਦੇ ਹਨ ਕਿ ਆਉਣ ਵਾਲੀਆਂ ਹਨ: ਅਤੇ ਕੋਈ ਛੋਟੀ ਮੋਟੀ ਮੁਸੀਬਤ ਜਾਂ ਉਲੱਝਣ ਜੋ ਕਿ ਵਰਤਮਾਨ ਹੁੰਦੀ ਹੈ, ਉਨ੍ਹਾਂ ਦੀ ਦ੍ਰਿਸ਼ਟੀ ਨੂੰ ਧੁੰਦਲਾ ਕਰੀ ਰੱਖਦੀ ਹੈ। ਜਿਸ ਕਰਕੇ ਉਨ੍ਹਾਂ ਨੂੰ ਉਹ ਵੱਡੀਆਂ ਬਖਸ਼ਿਸ਼ਾਂ ਨਜ਼ਰ ਨਹੀਂ ਆਉਂਦੀਆਂ, ਜਿੰਨ੍ਹਾਂ ਲਈ ਕਿ ਉਨ੍ਹਾਂ ਨੂੰ ਹਰ ਸਮੇਂ ਪ੍ਰਭੂ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ। ਮੁਸ਼ਕਿਲਾਂ ਅਤੇ ਮੁਸੀਬਤਾਂ ਜਿੰਨ੍ਹਾਂ ਦਾ ਉਹ ਸਾਹਮਣਾ ਕਰ ਰਹੇ ਹੁੰਦੇ ਹਨ ਬਜਾਇ ਇਸਦੇਕਿ ਉਨ੍ਹਾਂ ਨੂੰ ਇੱਕੋ ਇੱਕ ਸਹਾਇਤਾ ਦੇ ਵਸੀਲੇ ਪਰਮੇਸ਼ਰ ਵੱਲ ਲੈ ਜਾਣ, ਸਗੋਂ ਉਸ ਨਾਲੋਂ ਦੂਰ ਹਟਾ ਦਿੰਦੀਆਂ ਹਨ ਕਿਉਂਕਿ ਉਹ ਹਰ ਸਮੇਂ ਹਿਰਦੇ ਵਿੱਚ ਅਸੰਤੁਸ਼ਟਤਾ ਅਤੇ ਵਿਸ਼ਵਾਸ ਨੂੰ ਜਗਾਈ ਰੱਖਦੇ ਹਨ।

ਕੀ ਇਸ ਤਰ੍ਹਾਂ ਨਾਲ ਅਵਿਸ਼ਵਾਸ਼ੀ ਹੋਣਾ ਸਾਡੇ ਲਈ ਠੀਕ ਹੈ? ਯਿਸੂ ਮਸੀਹ ਸਾਡਾ ਮਿੱਤਰ ਹੈ: ਅਤੇ ਸਾਰਾ ਸਵਰਗ ਸਾਡੀ ਕਲਿਆਣ ਦਾ ਚਾਹਵਾਨ ਹੈ, ਰੋਜ਼ਾਨਾਂ ਜੀਵਨ ਦੀਆਂ ਪਰੇਸ਼ਾਨੀਆਂ ਦੇ ਭਾਰ ਨਾਲ ਆਪਣੇ ਅੰਤਹਕਰਣ ਨੂੰ ਵਿਆਕੁਲ ਅਤੇ ਮਸਤਕ ਨੂੰ ਨਿਰਾਸ਼ ਨਹੀਂ ਕਰਨਾ ਚਾਹੀਦਾ। ਜੇ ਅਸੀ ਇਸ ਤਰ੍ਹਾਂ ਕਰਾਂਗੇ ਤਾਂ ਸਦਾ ਕੁਝ ਨਾ ਕੁਝ ਸਾਨੂੰ ਦੁਖੀ ਅਤੇ ਚਿੜਚਿੜਾ ਕਰੀ ਰੱਖੇਗਾ। ਸਾਨੂੰ ਕਿਸੇ ਵੀ ਚਿੰਤਾਂ ਜਾਂ ਵਿਆਕੁਲਤਾ ਵਿੱਚ ਮਗਨ ਨਹੀਂ ਹੋਣਾ ਚਾਹੀਦਾ ਜੋ ਕੇਵਲ ਸਾਨੂੰ ਪ੍ਰੇਸ਼ਾਨ ਅਤੇ ਉਦਾਸ ਹੀ ਕਰੀ ਰੱਖੇ। ਇਸ ਤਰ੍ਹਾਂ ਦੀ ਅਵਸਥਾ ਸਾਨੂੰ ਜੀਵਨ ਦੀਆਂ ਮੁਸ਼ਕਿਲਾਂ ਅਤੇ ਕਠਿਨਾਈਆਂ ਸਹਿਣ ਲਈ ਸਹਾਇਤਾ ਨਹੀਂ ਦੇਵੇਗੀ।

**(4) ਜੇਕਰ ਅਸੀਂ ਪ੍ਰਭੂ ਨੂੰ ਸਵੀਕਾਰ ਕਰਦੇ ਅਤੇ ਉਸ ਵਿਚ ਭਰੋਸਾ ਕਰਦੇ ਹਾਂ ਤਾਂ ਉਹ ਸਾਡੇ ਲਈ ਕੀ ਕਰੇਗਾ?**

*ਹਮੇਸ਼ਾ ਪਰਮੇਸ਼ੁਰ ਦੇ ਹੁਕਮ ਦਾ ਪਾਲਣ ਕਰੋ ਜਿੱਥੇ ਵੀ ਤੁਸੀਂ ਜਾਵੋ। ਉਹ ਤੁਹਾਡੇ ਰਾਹਾਂ ਨੂੰ ਸਿਧਿਆਂ ਕਰੇਗਾ। (ਅਮਸਾਲ 3:6)*

ਬੇਸ਼ਕ ਤੁਸੀਂ ਕਾਰੋਬਾਰ ਵਿੱਚ ਘਬਰਾ ਕੇ ਪ੍ਰੇਸ਼ਾਨ ਹੋ ਜਾਉ।ਲਾਭ ਦੀ ਆਸ਼ਾ ਧੁੰਦਲੀ ਪੈ ਜਾਏ ਅਤੇ ਨੁਕਸਾਨ ਹੋਣ ਦਾ ਅੰਦੇਸ਼ਾ ਹੋਵੇ। ਪ੍ਰੰਤੂ ਤਾਂ ਵੀ ਨਿਰਾਸ਼ ਨਾ ਹੋਵੋ। ਆਪਣੀ ਸਾਰੀ ਚਿੰਤਾਂ ਪਰਮੇਸ਼ਰ ਦੇ ਭਰੋਸੇ ਛੱਡ ਕੇ ਸ਼ਾਂਤ ਤੇ ਪ੍ਰਸੰਨ ਚਿੱਤ ਰਹੋ। ਆਪਣੇ ਕਾਰ ਵਿਹਾਰ ਨੂੰ ਚਤੁਰਾਈ ਨਾਲ ਸੰਭਾਲਣ ਲਈ ਪਰਮੇਸ਼ਰ ਅੱਗੇ ਪ੍ਰਾਰਥਨਾਂ ਕਰਕੇ ਸੂਝ ਸਿਆਣਪ ਦੀ ਮੰਗ ਕਰੋ ਅਤੇ ਹਾਨੀ ਅਤੇ ਬਦਕਿਸਮਤੀ ਨੂੰ ਰੋਕੋ। ਜਿੱਥੇ ਤੱਕ ਹੋ ਸਕੇ ਆਪਣੇ ਵੱਲੋਂ ਵੀ ਪੂਰੀ ਕੋਸ਼ਿਸ਼ ਕਰੋ ਕਿ ਲਾਭ ਹੋਵੇ। ਯਿਸੂ ਮਸੀਹ ਨੇ ਸਹਾਇਤਾ ਕਰਨ ਦਾ ਵਾਅਦਾ ਕੀਤਾ ਹੋਇਆ ਹੈ ਸਾਡੀਆਂ ਕੋਸ਼ਿਸ਼ਾਂ ਦੇ ਨਾਲ ਨਾਲ ਅਤੇ ਜਦੋਂ ਤੁਸੀਂ ਆਪਣੇ ਮੱਦਦਗਾਰ ਤੇ ਪੂਰਨ ਭਰੋਸਾ ਰੱਖ ਕੇ ਜੋ ਕੁਝ ਵੀ ਤੁਹਾਡੇ ਕੋਲੋਂ ਹੋ ਸਕਦਾ ਕਰਦੇ ਹੋਂ ਤਾਂ ਜੋ ਵੀ ਫਲ ਮਿਲੇ ਪ੍ਰਸੰਨਤਾ ਨਾਲ ਕਬੂਲ ਕਰੋ।

## (5) ਜਦੋਂ ਅਸੀਂ ਪਰਤਾਵਿਆਂ ਦਾ ਸਾਹਮਣਾ ਕਰਦੇ ਹਾਂ ਤਾਂ ਪ੍ਰਭੂ ਸਾਨੂੰ ਕਿਹੜਾ ਉਤਸ਼ਾਹ ਦਿੰਦਾ ਹੈ?

*ਮੈਂ ਏਹ ਗੱਲਾਂ ਤੁਹਾਨੂੰ ਇਸ ਲਈ ਆਖੀਆਂ ਹਨ ਜੋ ਤੁਹਾਨੂੰ ਮੇਰੇ ਵਿੱਚ ਸ਼ਾਂਤੀ ਹੋਵੇ। ਜਗਤ ਵਿੱਚ ਤੁਹਾਨੂੰ ਕਸ਼ਟ ਹੈ ਪਰ ਹੌਂਸਲਾ ਰੱਖੋ, ਮੈਂ ਜਗਤ ਨੂੰ ਜਿੱਤ ਲਿਆ ਹੈ। (ਯੂਹੰਨਾ 16:33)*

ਪਰਮੇਸ਼ਰ ਦੀ ਇੱਛਾ ਇਹ ਨਹੀਂ ਕਿ ਉਸਦੇ ਮਨੁੱਖ ਚਿੰਤਾ ਫਿਕਰ ਹੇਠਾਂ ਪਿਸਦੇ ਰਹਿਣ। ਪ੍ਰੰਤੂ ਸਾਡਾ ਪ੍ਰਭੂ ਸਾਨੂੰ ਧੋਖੇ ਵਿੱਚ ਨਹੀਂ ਰੱਖਦਾ। ਉਹ ਸਾਨੂੰ ਇੰਜ ਨਹੀਂ ਕਹਿੰਦਾ, “ਕੋਈ ਡਰ ਨਾ ਕਰੋ ਤੁਹਾਡੇ ਰਾਹ ਵਿੱਚ ਕੋਈ ਖਤਰਾ ਨਹੀਂ, ਉਹ ਜਾਣਦਾ ਹੈ ਜੀਵਨ ਦੇ ਰਾਹ ਵਿੱਚ ਪ੍ਰੀਖਿਆਵਾਂ ਅਤੇ ਖਤਰੇ ਤਾਂ ਮੌਜੂਦ ਹਨ ਅਤੇ ਉਹ ਸਭ ਕੁਝ ਸਾਨੂੰ ਸਪਸ਼ਟਤਾ ਨਾਲ ਪ੍ਰਗਟਾ ਵੀ ਦਿੰਦਾ ਹੈ। ਉਹ ਮਨੁੱਖਾਂ ਨੂੰ ਪਾਪ ਅਤੇ ਦੁਰਾਚਾਰ ਭਰੀ ਦੁਨੀਆ ਵਿੱਚੋਂ ਲੈ ਜਾਣ ਦਾ ਸੁਝਾਵ ਪੇਸ਼ ਨਹੀਂ ਕਰਦਾ, ਪ੍ਰੰਤੂ ਉਹ ਉਨ੍ਹਾਂ ਨੂੰ ਕਦੀ

ਨਿਰਾਸ਼ ਨਾ ਕਰਨ ਵਾਲੀ ਪਨਾਹ ਵੱਲ ਜਾਣ ਦਾ ਸੰਕੇਤ ਕਰਦਾ ਹੈ। ਉਸਦੀ ਪ੍ਰਾਰਥਨਾਂ ਉਸਦੇ ਆਪਣੇ ਚੇਲਿਆਂ ਲਈ ਇਹ ਸੀ, "ਜੇ ਪਰਮੇਸ਼ਰ ਮੈਂ ਇਹ ਬੇਨਤੀ ਨਹੀਂ ਕਰਦਾ ਕਿ ਤੂੰ ਉਨ੍ਹਾਂ ਨੂੰ ਜਗਤ ਵਿੱਚੋਂ ਚੁੱਕ ਲੈ, ਪਰ ਇਹ ਬੇਨਤੀ ਕਰਦਾ ਹਾਂ ਉਨ੍ਹਾਂ ਨੂੰ ਬਦੀ ਦੇ ਸਾਏ ਤੋਂ ਬਚਾਈ ਰੱਖI"

**(6) ਸਾਡੀਆਂ ਰੋਜ਼ਾਨਾਂ ਦੀਆਂ ਜ਼ਰੂਰਤਾਂ ਲਈ ਅਸੀਂ ਕਿਹੜੇ ਵਾਅਦੇ ਦਾ ਦਾਅਵਾ ਕਰ ਸਕਦੇ ਹਾਂ?**

***ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ। (ਮੱਤੀ 6:33)***

ਯਿਸੂ ਮਸੀਹ ਨੇ ਪਹਾੜੀ ਉੱਤੇ ਦਿੱਤੇ ਆਪਣੇ ਉਪਦੇਸ਼ ਵਿੱਚ ਆਪਣੇ ਚੇਲਿਆ ਨੂੰ ਪਿਤਾ ਪਰਮੇਸ਼ਰ ਤੇ ਪੂਰਨ ਭਰੋਸਾ ਰੱਖਣ ਦੇ ਮਹੱਤਵ ਬਾਰੇ ਵੱਡਮੁੱਲੀ ਸਿੱਖਿਆ ਦਿੱਤੀ। ਇਨ੍ਹਾਂ ਸਿੱਖਿਆਵਾਂ ਦਾ ਪ੍ਰਯੋਜਨ ਇਹੋ ਸੀ ਕੇ ਇਸ ਤੋਂ ਸਾਰੇ ਯੁਗਾਂ ਦੇ ਬੱਚੇ ਸਿੱਖਿਆ ਗ੍ਰਹਿਣ ਕਰਕੇ ਉਤਸ਼ਾਹਿਤ ਹੋ ਸਕਨ ਅਤੇ ਇਹ ਸਿੱਖਿਆਵਾਂ ਅੱਜ ਵੀ ਸਾਡੇ ਨਾਲ ਹਨ ਅਤੇ ਸਾਨੂੰ ਪੂਰੀ ਸ਼ਾਂਤੀ ਅਤੇ ਮਹਾਨ ਸਿੱਖਿਆ ਦਾ ਸਬਕ ਸਿਖਾ ਰਹੀਆ ਹਨ। ਮੁਕਤੀਦਾਤੇ ਨੇ ਆਪਣੇ ਚੇਲਿਆਂ ਦਾ ਧਿਆਨ ਅਕਾਸ਼ ਵਿੱਚ ਉੱਡਦੇ ਪੰਛੀਆ ਵੱਲ ਦਿਵਾਇਆ ਜੋ ਕਿ ਬਿਨਾਂ ਕਿਸੇ ਫਿਕਰ ਜਾਂ ਚਿੰਤਾਂ ਦੇ ਚਹਿਕਦੇ ਅਤੇ ਆਪਣੇ ਕਰਤਾ ਦੀ ਵਡਿਆਈ ਦੇ ਮੰਗਲ ਗੀਤ ਅਲਾਪਦੇ ਰਹਿੰਦੇ ਹਨ ਕਿਉਂਕਿ ਨਾ ਉਹ ਬੀਜਦੇ ਹਨ ਨਾ ਕੱਟਦੇ ਹਨ, ਫਿਰ ਵੀ ਮਹਾਨ ਪਿਤਾ ਉਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰੀਆ ਕਰਦਾ ਹੈ। ਪ੍ਰਾਣਦਾਤਾ ਇਹ ਪ੍ਰਸ਼ਨ ਕਰਦਾ ਹੈ, "ਕੀ ਤੁਸੀਂ ਉਨ੍ਹਾਂ ਨਾਲੋਂ ਅਧਿੱਕ ਮੁੱਲਵਾਨ ਨਹੀ?" ਮੱਤੀ 6:26.
ਸਾਰੇ ਮਨੁੱਖਾ ਅਤੇ ਪੰਛੀਆਂ ਦਾ ਮਹਾਨ ਦਾਤਾ ਆਪਣੀ ਮੁੱਠੀ ਖੋਲ੍ਹਦਾ ਹੈ ਅਤੇ ਸਾਰਿਆਂ ਜੀਵਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ। ਹਵਾ ਵਿੱਚ ਉੱਡਣ ਵਾਲੇ ਪੰਛੀ ਵੀ ਉਸਦੀ ਨਿਗਾਹ ਤੋਂ ਬਾਹਰ ਨਹੀਂ।ਉਹ ਦਾਣਾ ਉਨ੍ਹਾਂ ਦੀਆਂ ਚੁੰਝਾ ਵਿੱਚ ਤਾਂ ਨਹੀਂ ਪਾਉਂਦਾ, ਪ੍ਰੰਤੂ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਦਾ ਪ੍ਰਬੰਧ ਜ਼ਰੂਰ ਕਰਦਾ ਹੈ। ਉਹ

ਦਾਣਾ ਜੋ ਉਨ੍ਹਾਂ ਲਈ ਖਿਲੇਰਦਾ ਹੈ ਉਹ ਚੁੱਗਦੇ ਹਨ। ਆਪਣੇ ਨਿੱਕੇ ਨਿੱਕੇ ਆਲਣਿਆ ਲਈ ਘਾਹ ਫੂਸ ਇੱਕਠਾ ਕਰਨਾਂ ਉਨ੍ਹਾਂ ਦਾ ਕੰਮ ਹੈ ਅਤੇ ਆਪਣੇ ਬੱਚਿਆਂ ਨੂੰ ਚੋਗਾ ਖੁਆਉਣਾ ਅਤੇ ਪਾਲਣਾ। ਉਹ ਮਧੁਰ ਗੀਤ ਅਲਾਪਦੇ ਮਿਹਨਤ ਕਰਦੇ ਜਾਂਦੇ ਹਨ ਕਿਉਂਕਿ ਤੁਹਾਡਾ ਸਵਰਗੀ ਪਿਤਾ ਉਨ੍ਹਾਂ ਦੀ ਪਾਲਣਾ ਕਰਦਾ ਹੈ। ਅਤੇ ਕੀ ਤੁਸੀਂ ਉਨ੍ਹਾਂ ਨਾਲੋ ਵੱਧ ਉੱਤਮ ਨਹੀਂ? ਕੀ ਤੁਸੀਂ ਬੁੱਧੀਮਾਨ ਆਤਮਿਕ ਅਤੇ ਉਪਾਸਕ ਹਵਾ ਦੇ ਪੰਛੀਆਂ ਨਾਲੋਂ ਵਧੀਕ ਮੂਲਵਾਨ ਨਹੀਂ? ਕੀ ਸਾਡਾ ਜੀਵਨ ਕਰਤਾ, ਜੀਵਨ ਪ੍ਰਿਤਪਾਲਕ, ਜਿਸਨੇ ਸਾਨੂੰ ਆਪਣੇ ਹੀ ਸਰੂਪ ਵਿੱਚ ਸਾਜਿਆ ਹੈ, ਸਾਡੀਆਂ ਸਭ ਲੋੜਾਂ ਪੂਰੀਆਂ ਨਾ ਕਰੇਗਾ, ਜੇ ਅਸੀਂ ਉਸ ਉੱਤੇ ਪੂਰਨ ਭਰੋਸਾ ਰੱਖੀਏ?

**(7) ਸਾਡੇ ਲਈ ਮਸੀਹ ਦੇ ਪਿਆਰ ਦੀ ਦੇਖਭਾਲ ਦੇ ਯਕੀਨ ਵਜੋਂ ਉਹ ਸਾਨੂੰ ਕਿਹੜੀ ਚੀਜ਼ ਨੂੰ ਦੇਖਣ ਲਈ ਕਹਿੰਦਾ ਹੈ?**

***"ਸੋ ਜੇ ਪਰਮੇਸ਼ਰ ਜੰਗਲੀ ਘਾਹ ਬੂਟੀ ਨੂੰ, ਜੋ ਅੱਜ ਹੈ ਅਤੇ ਭਲਕੇ ਤੰਦੂਰ ਵਿੱਚ ਝੋਕੀ ਜਾਂਦੀ ਹੈ, ਨੂੰ ਅਜਿਹੇ ਬਸੱਤਰ ਪਹਿਨਾਉਦਾ ਹੈ ਤਾਂ ਥੋੜੀ ਪਰਤੀਤ ਵਾਲਿਓ ਕੀ ਉਹ ਤੁਹਾਨੂੰ ਉਸ ਤੋਂ ਵੱਧ ਨਾ ਪਹਿਨਾਵੇਗਾ?" (ਮੱਤੀ 6:28, 30)***

ਯਿਸੂ ਮਸੀਹ ਨੇ ਆਪਣੇ ਚੇਲਿਆਂ ਦਾ ਧਿਆਨ ਖੇਤਾਂ ਦੇ ਉਨ੍ਹਾਂ ਫੁੱਲਾਂ ਵੱਲ਼ ਦਿਵਾਇਆ ਜੋ ਬੁਹਤਲਾ ਨਾਲ ਉੱਗ ਕੇ ਆਪਣੀ ਸਧਾਰਣ ਸੁੰਦਰਤਾ ਦਾ ਪ੍ਰਦਰਸ਼ਣ ਕਰਦੇ ਹਨ, ਜੋ ਸਵਰਗੀ ਪਿਤਾ ਨੇ ਮਨੁੱਖਾ ਪ੍ਰਤੀ ਆਪਣੇ ਪਿਆਰ ਦੇ ਸਬੂਤ ਲਈ ਪ੍ਰਦਾਣ ਕੀਤੀ ਹੈ।ਉਸਨੇ ਕਿਹਾ, "ਜੰਗਲੀ ਸੋਸਨਾਂ ਵੱਲ ਧਿਆਨ ਕਰੋ ਉਹ ਕਿਵੇਂ ਵੱਸਦੇ ਹਨ।" ਪ੍ਰਕਿਰਤੀ ਦੇ ਇਨ੍ਹਾਂ ਫੁੱਲਾਂ ਦੀ ਸਧਾਰਣ ਸੁੰਦਰਤਾ ਸੁਲੇਮਾਨ ਦੇ ਸ਼ਾਨਦਾਰ ਪ੍ਰਤਾਪ ਨੂੰ ਵੀ ਮਾਤ ਕਰਦੀ ਹੈ। ਕਲਾਂ ਕੌਸ਼ਲ ਨਾਲ ਤਿਆਰ ਕੀਤੀ ਗਈ ਬਹੁਤ ਸ਼ਾਨਦਾਰ ਭੜਕੀਲੀ ਅਤੇ ਸਜੀਲੀ ਪੁਸ਼ਾਕ ਵੀ ਪਰਮੇਸ਼ਰ ਦੀ ਰਚਨਾ ਦੇ, ਕੁਦਰਤੀ ਸੁੰਦਰ ਛਬ ਨਾਲ ਸ਼ਿੰਗਾਰੇ ਫੁੱਲਾਂ ਦੀ ਤੁਲਨਾ ਨਹੀਂ ਕਰ ਸਕਦੀ।ਜੇਕਰ ਉਹ ਮਹਾਨ ਕਲਾਕਾਰ ਪਰਮੇਸ਼ਰ ਇੱਕ ਦਿਨ ਵਿੱਚ ਹੀ ਮੁਰਝਾ ਜਾਣ ਵਾਲੇ ਭੋਲੇ

ਭਾਲੇ ਪੁਸ਼ਪਾ ਦੇ ਸੁੰਦਰ ਅਤੇ ਕੋਮਲ ਰੰਗਾਂ ਨਾਲ ਸਜਾਉਂਦਾ ਸ਼ਿੰਗਾਰਦਾ ਹੈ ਤਾਂ ਉਹ ਕਿੰਨੀ ਸਾਵਧਾਨੀ ਅਤੇ ਮਮਤਾ ਨਾਲ ਉਨ੍ਹਾਂ ਦੀ ਚਿੰਤਾ ਕਰੇਗਾ ਜਿੰਨ੍ਹਾਂ ਨੂੰ (ਮਨੁੱਖਾਂ) ਉਸਨੇ ਆਪਣੇ ਹੀ ਸਰੂਪ ਵਿੱਚ ਸਾਜਿਆ ਸ਼ਿੰਗਾਰਿਆ ਹੈ? ਇਹ ਸਿੱਖਿਆ ਦਾ ਪਾਠ ਫਿਕਰ ਚਿੰਤਾਂ ਕਰਕੇ ਘਬਰਾਉਣ ਵਾਲੇ ਅਤੇ ਸੰਦੇਹ ਕਰਨ ਵਾਲੇ ਅਵਿਸ਼ਵਾਸੀਆਂ ਲਈ ਇੱਕ ਕਰੜੀ ਡਾਂਟ ਫਿਟਕਾਰ ਹੈ।

ਪਰਮੇਸ਼ਰ ਚਾਹੁੰਦਾ ਹੈ ਉਸਦੇ ਸਾਰੇ ਪੁੱਤਰ ਪੁੱਤਰੀਆਂ ਸ਼ਾਂਤ ਅਤੇ ਆਗਿਆਕਾਰ ਰਹਿਣ। ਯਿਸੂ ਮਸੀਹ ਨੇ ਕਿਹਾ, "ਮੈਂ ਤੁਹਾਨੂੰ ਸ਼ਾਂਤੀ ਦੇ ਜਾਂਦਾ ਹਾਂ। ਆਪਣੀ ਸ਼ਾਂਤੀ ਮੈਂ ਤੁਹਾਨੂੰ ਦਿੰਦਾ ਹਾਂ, ਜਿਸ ਤਰ੍ਹਾਂ ਸੰਸਾਰ ਦਿੰਦਾ ਹੈ ਮੈਂ ਉਸ ਤਰ੍ਹਾਂ ਦੀ ਸ਼ਾਂਤੀ ਤੁਹਾਨੂੰ ਨਹੀਂ ਦਿੰਦਾ ਸਗੋਂ ਸਦੀਵੀ ਸ਼ਾਂਤੀ। ਤੁਹਾਡਾ ਦਿਲ ਨਾ ਘਬਰਾਏ ਤੇ ਨਾ ਡਰੋ" ਇਹ ਗੱਲਾਂ ਮੈਂ ਤੁਹਾਨੂੰ ਇਸ ਲਈ ਆਖੀਆਂ ਹਨ ਜੋ ਮੇਰੀ ਖੁਸ਼ੀ ਤੁਹਾਡੇ ਵਿੱਚ ਹੋਵੇ ਅਤੇ ਤੁਹਾਡੀ ਖੁਸ਼ੀ ਪੂਰੀ ਹੋਵੇ।" ਯੂਹੰਨਾਂ 14:27 15:11.

**(8) ਦੂਸਰਿਆਂ ਲਈ ਸਵੈ-ਬਲੀਦਾਨ ਦੀ ਸੇਵਾ ਦੇ ਕਿਹੜੇ 6 ਵਿਵਹਾਰਿਕ ਕੰਮ ਹਨ ਜੋ ਅਸੀਂ ਪਿਆਰ ਵਿਚ ਕਰਦੇ ਹਾਂ ਅਤੇ ਇਸ ਦੇ ਬਦਲੇ ਅਸੀਂ ਖੁਸ਼ੀ ਅਤੇ ਸੱਚੀ ਪੂਰਤੀ ਨੂੰ ਪ੍ਰਾਪਤ ਕਰਦੇ ਹਾਂ?**

*ਮੈਂ ਤੁਹਾਨੂੰ ਉਸ ਖਾਸ ਦਿਹਾੜੇ ਬਾਰੇ ਦੱਸਾਂਗਾ ਜੋ ਮੈਂ ਚਾਹੁੰਦਾ ਹਾਂ - ਲੋਕਾਂ ਨੂੰ ਮੁਕਤ ਕਰਨ ਵਾਲਾ ਦਿਹਾੜਾ। ਮੈਂ ਉਹ ਦਿਨ ਚਾਹੁੰਦਾ ਹਾਂ ਜਦੋਂ ਤੁਸੀਂ ਮੁਸੀਬਤ ਦੇ ਮਾਰੇ ਬੰਦਿਆਂ ਨੂੰ ਮੁਕਤ ਕਰੋ। ਮੈਂ ਉਹ ਦਿਹਾੜਾ ਚਾਹੁੰਦਾ ਹਾਂ ਜਦੋਂ ਤੁਸੀਂ ਉਨ੍ਹਾਂ ਦੇ ਮੋਢਿਆਂ ਤੋਂ ਭਾਰ ਲਾਹ ਦਿਓ।*
*ਮੈਂ ਚਾਹੁੰਦਾ ਹਾਂ ਕਿ ਤੁਸੀਂ ਭੁੱਖੇ ਲੋਕਾਂ ਨਾਲ ਆਪਣਾ ਭੋਜਨ ਸਾਂਝਾ ਕਰੋ। ਮੈਂ ਚਾਹੁੰਦਾ ਹਾਂ ਕਿ ਤੁਸੀਂ ਉਨ੍ਹਾਂ ਲੋਕਾਂ ਦੀ ਤਲਾਸ਼ ਕਰੋ ਜਿਨ੍ਹਾਂ ਦੇ ਘਰ ਨਹੀਂ ਹਨ, ਅਤੇ ਮੈਂ ਚਾਹੁੰਦਾ ਹਾਂ ਕਿ ਤੁਸੀਂ ਉਨ੍ਹਾਂ ਨੂੰ ਆਪਣੇ ਘਰਾਂ ਵਿੱਚ ਲਿਆਵੋ। ਜਦੋਂ ਜਦੋਂ ਤੁਸੀਂ ਕੋਈ ਅਜਿਹਾ ਬੰਦਾ ਦੇਖੋ ਜਿਸ ਕੋਲ ਕੱਪੜੇ ਨਹੀਂ ਹਨ - ਤਾਂ ਉਸਨੂੰ ਆਪਣੇ ਕੱਪੜੇ ਦਿਓ! ਉਨ੍ਹਾਂ ਲੋਕਾਂ ਲੋਕਾਂ ਦੀ ਸਹਾਇਤਾ ਕਰਨ ਤੋਂ ਭੱਜੋ ਨਾ। ਉਹ ਤੁਹਾਡੇ ਵਰਗੇ ਹੀ ਹਨ।" (ਯਸਈਆਹ 58:6-7)*

ਜਿਹੜਾ ਸੁੱਖ ਸਵਾਰਥੀ ਭਾਵਾਂ ਨਾਲ ਅਤੇ ਫਰਜ਼ ਤੋਂ ਬਾਹਰ ਹੋ ਕੇ ਲੱਭਿਆ ਜਾਏ ਉਹ ਗਲਤ ਪੈਮਾਨੇ ਤੇ ਤੁਲਿਆ ਹੋਇਆ ਆਵੇਸ਼ਮਈ ਅਤੇ ਅਲਪਕਾਰੀ ਹੁੰਦਾ ਹੈ ਅਤੇ ਆਤਮਾ ਇੱਕਲੇਪਣ ਅਤੇ ਦੁੱਖ ਨਾਲ ਭਰ ਜਾਂਦੀ ਹੈ। ਪ੍ਰੰਤੂ ਪਰਮੇਸ਼ਰ ਦੀ ਸੇਵਾ ਕਰਕੇ ਲੱਭੇ ਸੁੱਖ ਵਿੱਚ ਅਨੰਦ ਅਤੇ ਸੰਤੋਖ ਹੁੰਦਾ ਹੈ। ਮਸੀਹ ਅਨੁਚਿਤ ਮਾਰਗ਼ ਤੇ ਚੱਲਣ ਲਈ ਇੱਕਲਾ ਨਹੀਂ ਛੱਡਿਆ ਜਾਂਦਾ। ਨਾ ਹੀ ਉਹ ਫਜ਼ੂਲ ਗ਼ਮ ਅਤੇ ਨਿਰਾਸ਼ਾ ਵਿੱਚ ਡੁੱਬਣ ਲਈ ਬੇਸਹਾਰਾ ਹੁੰਦਾ ਹੈ। ਜੇਕਰ ਇਸ ਜੀਵਨ ਦੀਆਂ ਖੁਸ਼ੀਆਂ ਸਾਡੇ ਭਾਗਾਂ ਵਿੱਚ ਨਹੀਂ ਤਾਂ ਵੀ ਸਾਨੂੰ ਖੁਸ਼ੀ ਨਾਲ ਆਉਣ ਵਾਲੇ ਜੀਵਨ ਵੱਲ ਧਿਆਨ ਲਗਾਉਣਾ ਚਾਹੀਦਾ ਹੈ। ਉਹ ਸਦੀਵੀ ਅਨੰਦ ਸਾਡਾ ਹੈ ਪ੍ਰਭੂ ਦੀ ਮਿਹਰ ਨਾਲ।

**(9) ਜਦੋਂ ਅਸੀਂ ਮਸੀਹ ਨਾਲ ਸੰਗਤ ਦਾ ਅਨੰਦ ਮਨਾਉਂਦੇ ਹਾਂ ਅਤੇ ਖੁਸ਼ਖਬਰੀ ਦਾ ਪ੍ਰਚਾਰ ਕਰਦੇ ਹਾਂ ਤਾਂ ਸਾਡੇ ਦਿਲਾਸੇ ਦਾ ਵਾਅਦਾ ਕਿਹੜਾ ਹੈ?**

***ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਨਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਅਤੇ ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ। (ਮੱਤੀ 28:20)***

ਪ੍ਰੰਤੂ ਮਸੀਹੀ ਲੋਕਾਂ ਨੂੰ ਇਸ ਧਰਤੀ ਤੇ ਵੀ ਯਿਸੂ ਮਸੀਹ ਨਾਲ ਵਾਰਤਾਲਾਪ ਕਰਨ ਦਾ ਅਨੰਦ ਹਾਸਿਲ ਹੋ ਜਾਂਦਾ ਹੈ, ਉਹ ਉਸ ਦੇ ਪਿਆਰ ਦੀ ਰੌਸ਼ਨੀ ਅਤੇ ਉਸਦੀ ਸਥਾਈ ਹਜ਼ੂਰੀ ਦਾ ਅਨੰਦ ਮਾਣ ਸਕਦੇ ਹਨ। ਜੀਵਨ ਮਾਰਗ ਦਾ ਹਰ ਕਦਮ ਸਾਨੂੰ ਯਿਸੂ ਮਸੀਹ ਦੇ ਹੋਰ ਨੇੜੇ ਲਿਆ ਸਕਦਾ ਹੈ, ਉਸਦੇ ਪ੍ਰੇਮ ਦਾ ਹੋਰ ਗਹਿਰਾ ਅਨੁਭਵ ਕਰਾ ਸਕਦਾ ਹੈ ਅਤੇ ਹਰ ਕਦਮ ਸਾਨੂੰ ਉਸ ਸ਼ਾਂਤੀ ਤੇ ਮਿਹਰ ਬਖਸ਼ਿਸ਼ ਦੇ ਘਰ ਦੇ ਕੋਲ ਲਿਆ ਸਕਦਾ ਹੈ। ਇਸ ਲਈ ਸਾਨੂੰ ਪਰਤੀਤ ਨਹੀਂ ਛੱਡਣੀ ਚਾਹੀਦੀ ਸਗੋਂ ਹੋਰ ਵੀ ਦ੍ਰਿੜ ਵਿਸ਼ਵਾਸ ਕਰਨਾ ਚਾਹੀਦਾ ਹੈ। ਪਹਿਲਾਂ ਨਾਲੋਂ ਵੀ ਦ੍ਰਿੜ। "ਇੱਥੇ ਤੱਕ ਯਹੋਵਾਹ ਨੇ ਸਾਡੀ ਸਹਾਇਤਾ ਕੀਤੀ ਹੈ ਅਤੇ ਉਹ ਅੰਤ ਤੱਕ ਕਰੇਗਾ।" ਸੈਮੂਏਲ 7:12.

**(10) ਪੁਰਾਣੇ ਸਮੇਂ ਵਿਚ ਪਰਮੇਸ਼ਰ ਦੁਆਰਾ ਦਿੱਤੀ ਗਈ ਅਸੀਸ ਨੂੰ ਸਾਨੂੰ ਆਪਣੇ ਮਨਾਂ ਵਿਚ ਤਾਜ਼ਾ ਕਿਉਂ ਰੱਖਣਾ ਚਾਹੀਦਾ ਹੈ?**

***ਪਰ ਤੁਹਾਨੂੰ ਬਹੁਤ ਹੋਸ਼ਿਆਰ ਰਹਿਣਾ ਚਾਹੀਦਾ ਹੈ। ਇਸ ਬਾਰੇ ਨਿਸ਼ਚੈ ਕਰੋ ਕਿ ਜਦੋਂ ਤੀਕ ਤੁਸੀਂ ਜਿਉਂਦੇ ਹੋ ਕਦੇ ਉਹ ਗੱਲਾਂ ਨਾ ਭੁੱਲੋ ਜਿਹੜੀਆਂ ਤੁਸੀਂ ਦੇਖੀਆਂ ਹਨ। ਤੁਹਾਨੂੰ ਇਹ ਗੱਲਾਂ ਆਪਣੇ ਪੁੱਤ-ਪੋਤਰਿਆਂ ਨੂੰ ਵੀ ਸਿਖਾਉਣੀਆਂ ਚਾਹੀਦੀਆਂ ਹਨ। (ਅਸਤਸਨਾ 4:9)***

ਆਉ ਅਸੀਂ ਉਨ੍ਹਾਂ ਯਾਦਗਰੀ ਥੰਮਾਂ ਵੱਲ ਦੇਖੀਏ ਜੋ ਸਾਨੂੰ ਯਾਦ ਦਿਵਾਉਂਦੇ ਹਨ ਕਿ ਪਰਮੇਸ਼ਰ ਨੇ ਸਾਨੂੰ ਉਸ ਨਾਸ਼ ਕਰਨ ਵਾਲੇ ਦੇ ਹੱਥਾਂ ਵਿੱਚੋਂ ਬਚਾਉਣ ਲਈ, ਆਰਾਮ ਅਤੇ ਸ਼ਾਂਤੀ ਦੇਣ ਲਈ ਕੀ ਕੀ ਕੀਤਾ। ਆਉ ਅਸੀਂ ਆਪਣੀ ਯਾਦ ਵਿੱਚ ਉਸ ਮਿਹਰ ਤੇ ਕਿਰਪਾ ਨੂੰ ਸਦਾ ਤਾਜ਼ਾ ਰੱਖੀਏ ਜੋ ਪਰਮੇਸ਼ਰ ਨੇ ਸਾਡੇ ਉੱਤੇ ਕੀਤੀ ਹੈ। ਹੰਝੂ ਜੋ ਉਸ ਨੇ ਪੂੰਝੇ, ਉਹ ਵੇਦਨਾਵਾਂ ਜੋ ਉਸਨੇ ਸ਼ਾਂਤ ਕੀਤੀਆਂ, ਫਿਕਰ ਦੂਰ ਕੀਤੇ, ਡਰ ਭੈ ਹਟਾਏ, ਲੋੜਾਂ ਪੂਰੀਆਂ ਕੀਤੀਆਂ, ਮਿਹਰ ਦੀ ਬਖਸ਼ਿਸ਼ ਕੀਤੀ ਅਤੇ ਇਹ ਸਭ ਕੁਝ ਸਾਨੂੰ ਬਾਕੀ ਜੀਵਨ ਯਾਤਰਾ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦਾ ਸਾਹਮਣਾ ਕਰਨ ਲਈ ਬਲ ਅਤੇ ਸ਼ਕਤੀ ਬਖਸ਼ਦੇ ਹਨ।

**(11) ਆਉਣ ਵਾਲੇ ਝਗੜੇ ਦੇ ਪਰਤਾਵਿਆਂ ਨੂੰ ਸਹਿੰਦੇ ਹੋਏ ਅਸੀਂ ਕਿਹੜੇ ਵਾਅਦੇ ਦਾ ਦਾਅਵਾ ਕਰ ਸਕਦੇ ਹਾਂ?**

***ਤੁਹਾਡੇ ਉੱਤੇ ਇਹੋ ਜਿਹਾ ਕੋਈ ਪਰਤਾਵਾ ਨਹੀਂ ਪਿਆ ਜੋ ਮਨੁੱਖ ਤੋਂ ਨਹੀਂ ਝੱਲਿਆ ਜਾਂਦਾ ਪਰੰਤੂ ਪਰਮੇਸ਼ੁਰ ਵਫ਼ਾਦਾਰ ਹੈ ਜੋ ਤੁਹਾਡੀ ਸ਼ਕਤੀਓਂ ਬਾਹਰ ਤੁਹਾਨੂੰ ਪਰਤਾਵੇ ਵਿੱਚ ਨਹੀਂ ਪੈਣ ਦੇਵੇਗਾ ਸਗੋਂ ਪਰਤਾਵੇ ਦੇ ਨਾਲ ਹੀ ਬਚ ਜਾਣ ਦਾ ਉਪਾਓ ਵੀ ਕੱਢ ਦੇਵੇਗਾ ਭਈ ਤੁਸੀਂ ਝੱਲ ਸੱਕੋ। (1 ਕੁਰਿੰਥੀਆਂ 10:13)***

ਆਉਣ ਵਾਲੇ ਸੰਗਰਾਮ ਵਿੱਚ ਅਸੀਂ ਨਵੀਆਂ ਉਲਝਣਾਂ ਅਤੇ ਝੰਜਟਾ ਨੂੰ ਦੇਖੇ ਬਿਨਾਂ ਨਹੀਂ ਰਹਿ ਸਕਦੇ, ਪ੍ਰੰਤੂ ਜੋ ਕੁਝ ਭੂਤਕਾਲ ਵਿੱਚ ਵਾਪਰਿਆ ਅਤੇ ਜੋ ਆਉਣ

ਵਾਲੇ ਸਮੇਂ ਵਿੱਚ ਵਾਪਰਣ ਵਾਲਾ ਹੈ, ਉਸ ਵੱਲ ਨਜ਼ਰ ਮਾਰ ਕੇ ਅਸੀਂ ਕਹਿ ਸਕਦੇ ਹਾਂ, "ਇੱਥੋ ਤੱਕ ਯਹੋਵਾਹ ਨੇ ਸਾਡੀ ਸਹਾਇਤਾ ਕੀਤੀ ਹੈ।" "ਜਿਵੇਂ ਤੇਰੇ ਦਿਨ ਉਵੇਂ ਤੇਰਾ ਬਲ ਹੋਵੇ।" ਬਿਵਸਥਾ ਸਾਰ 33:25. ਪ੍ਰੀਖਿਆ ਸਾਡੀ ਸਹਿਣ ਸ਼ਕਤੀ ਤੋਂ ਵੱਧ ਨਹੀਂ ਹੋਵੇਗੀ ਤਾਂ ਆਉ ਜਿੱਥੇ ਵੀ ਸਾਨੂੰ ਕੰਮ ਮਿਲੇ ਉੱਥੇ ਹੀ ਜੁਟ ਕੇ ਕਰੀਏ ਅਤੇ ਇਹ ਵਿਸ਼ਵਾਸ ਰੱਖੀਏ ਕਿ ਜੋ ਵੀ ਬਿਪਤਾ ਜਾਂ ਕਸ਼ਟ ਆਵੇਗਾ ਉਸਨੂੰ ਸਹਿਣ ਦੀ ਸ਼ਕਤੀ ਵੀ ਸਾਨੂੰ ਬਖਸ਼ੀ ਜਾਵੇਗੀ।

**(12) ਭਾਵੇਂ ਅਸੀਂ ਅਜਿਹੇ ਪਰਤਾਵਿਆਂ ਦਾ ਅਨੁਭਵ ਕਰਦੇ ਹਾਂ ਜਿਨ੍ਹਾਂ ਨੂੰ ਸਹਿਣਾ ਔਖਾ ਹੈ ਪਰ ਫਿਰ ਵੀ ਅਸੀਂ ਕਿਸ ਨੂੰ ਜਾਣਨ ਵਿਚ ਅਨੰਦ ਅਤੇ ਦਿਲਾਸਾ ਪਾ ਸਕਦੇ ਹਾਂ?**

***ਅਸੀਂ ਜਾਣਦੇ ਹਾਂ ਭਈ ਜਿਹੜੇ ਪਰਮੇਸ਼ੁਰ ਨਾਲ ਪ੍ਰੇਮ ਰੱਖਦੇ ਹਨ ਸਾਰੀਆਂ ਵਸਤਾਂ ਰਲ ਕੇ ਓਹਨਾਂ ਦਾ ਭਲਾ ਕਰਦੀਆਂ ਹਨ ਅਰਥਾਤ ਓਹਨਾਂ ਦਾ ਜਿਹੜੇ ਪਰਮੇਸ਼ੁਰ ਦੀ ਮਨਸ਼ਾ ਦੇ ਅਨੁਸਾਰ ਸੱਦੇ ਹੋਏ ਹਨ। (ਰੋਮੀਆਂ 8:28)***

**(13) ਪਰਮੇਸ਼ਰ ਦੀ ਕਿਰਪਾ ਦੁਆਰਾ ਜਿੱਤਣ ਨਾਲ ਅਸੀਂ ਕਿਹੜੇ ਮਹਾਨ ਸ਼ਬਦਾਂ ਨੂੰ ਸੁਣਨ ਦੀ ਆਸ ਕਰ ਸਕਦੇ ਹਾਂ?**

***"ਹੇ ਮੇਰੇ ਪਿਤਾ ਦੀ ਮਿਹਰ ਦੇ ਧੰਨ ਲੋਕੋ ਆਓ। ਜਿਹੜਾ ਰਾਜ ਸੰਸਾਰ ਦੇ ਮੁੱਢ ਤੋਂ ਹੀ ਤੁਹਾਡੇ ਲਈ ਤਿਆਰ ਕੀਤਾ ਹੋਇਆ ਹੈ, ਉਸਦੇ ਵਾਰਿਸ ਹੋਵੋ" (ਮੱਤੀ 25:24)***

ਸਹਿਜੇ-ਸਹਿਜੇ ਸਵਰਗ ਦੇ ਦਰਵਾਜ਼ੇ ਪਰਮੇਸ਼ਰ ਦੀ ਸੰਤਾਨ ਲਈ ਖੋਲ੍ਹ ਦਿੱਤੇ ਜਾਣਗੇ ਅਤੇ ਮਹਿਮਾਮਈ ਰਾਜੇ ਦੇ ਮੁੱਖ ਤੋਂ ਸੁਰੀਲੇ ਰਾਗ ਦੀ ਲੈ ਵਿੱਚ ਇਹ ਸ਼ਬਦ ਉਨ੍ਹਾਂ ਨੂੰ ਸੁਣਾਈ ਪੈਣਗੇI ਫਿਰ ਮੋਖ ਪ੍ਰਾਪਤ ਹੋਏ ਲੋਕਾਂ ਦਾ ਸਵਾਗਤ ਉਸ ਘਰ ਵਿੱਚ ਕੀਤਾ ਜਾਏਗਾ ਜੋ ਯਿਸੂ ਮਸੀਹ ਉਨ੍ਹਾਂ ਲਈ ਤਿਆਰ ਕਰ ਰਿਹਾ ਹੈ। ਉਨ੍ਹਾਂ ਸਾਥੀ ਪ੍ਰਿਥਵੀ ਦੇ ਲਫੰਗੇ, ਝੂਠੇ ਬੁੱਤ ਪੂਜ ਅਸ਼ੁੱਧ ਅਤੇ ਅਵਿਸ਼ਵਾਸੀ ਹੋਣਗੇ: ਬਲਕਿ ਉਨ੍ਹਾਂ ਦੇ ਸਾਥੀ ਉਹ ਹੋਣਗੇ ਜਿੰਨ੍ਹਾਂ ਨੇ

ਸ਼ੈਤਾਨ ਤੇ ਜਿੱਤ ਪ੍ਰਾਪਤ ਕੀਤੀ ਹੈ ਅਤੇ ਰੱਬੀ ਮਿਹਰ ਨਾਲ ਪਵਿੱਤ੍ਰ ਸੰਪੂਰਨ ਚਰਿੱਤਰ ਪ੍ਰਾਪਤ ਕੀਤਾ ਹੈ।ਹਰ ਨੀਚ ਭਾਵਨਾ, ਹਰ ਤਰੁੱਟੀ, ਕਮੀ ਜੋ ਉਨ੍ਹਾਂ ਨੂੰ ਇਸ ਪ੍ਰਿਥਵੀ ਤੇ ਸਤਾਉਂਦੀ ਸੀ, ਮਸੀਹ ਦੇ ਲਹੂ ਨਾਲ ਦੂਰ ਕਰ ਦਿੱਤੀ ਗਈ ਹੈ ਅਤੇ ਉਸਦੀ ਮਹਾਨਤਾ ਦਾ ਤੇਜੱਸਵੀ ਪ੍ਰਤਾਪ ਜੋ ਕਿ ਸੂਰਜ ਦੀ ਰੌਸ਼ਨੀ ਨਾਲੋਂ ਕਿਤੇ ਵਧਕੇ ਹੈ, ਉਨ੍ਹਾਂ ਨੂੰ ਦਿੱਤਾ ਗਿਆ ਹੈ ਅਤੇ ਯਿਸੂ ਮਸੀਹ ਦੇ ਚਰਿੱਤਰ ਦੀ ਸੁੰਦਰਤਾ ਅਤੇ ਸੰਪੂਰਣਤਾ ਉਨ੍ਹਾਂ ਵਿੱਚੋਂ ਚਮਕ ਰਹੀ ਜੋ ਕਿ ਬਾਹਰੀ ਸ਼ਾਨ ਅਤੇ ਚਮਕ ਤੋਂ ਕਈ ਗੁਣਾ ਵਧਕੇ ਹੈ ਅਤੇ ਇਹ ਵਿਸ਼ਾਲ ਚਿੱਟੇ ਸਿੰਘਾਸਨ ਦੇ ਸਾਹਮਣੇ ਨਿਰਦੋਸ਼ ਹੋ ਕੇ ਸਵਰਗ ਦੂਤਾਂ ਦੇ ਮਾਨ ਗੌਰਵ ਵਿਸ਼ੇਸ਼ -ਅਧਿਕਾਰ ਅਤੇ ਸੁਭਾਗ ਦੇ ਹਿੱਸੇਦਾਰ ਬਣ ਰਹੇ ਹਨ।

**(14) ਜਿਵੇਂ ਕਿ ਚੰਗੇ ਅਤੇ ਬੁਰੇ ਵਿਚਾਰ ਮੱਤਭੇਦ ਬਹੁਤ ਹਨ, ਸਾਨੂੰ ਆਪਣੇ ਆਪ ਨੂੰ ਕਿਹੜਾ ਮਹੱਤਵਪੂਰਣ ਸਵਾਲ ਪੁੱਛਣਾ ਚਾਹੀਦਾ ਹੈ?**

***ਕਿਉਂਕਿ ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕੁਮਾਵੇ ਪਰ ਆਪਣੀ ਜਾਨ ਦਾ ਨੁਕਸਾਨ ਕਰੇ? ਅਥਵਾ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇਗਾ? (ਮੱਤੀ 16:26)***

ਉਸ ਸ਼ਾਨਦਾਰ ਵਿਰਾਸਤ ਦੇ ਬਦਲੇ ਜੋ ਕਿ ਮਨੁੱਖ ਨੂੰ ਮਿਲਣ ਵਾਲੀ ਹੈ, “ਮਨੁੱਖ ਆਪਨੀ ਜਾਨ ਦੇ ਬਦਲੇ ਕੀ ਦੇਵੇਗਾ?” ਉਹ ਭਾਵੇਂ ਸੰਸਾਰਕ ਧੰਨ ਸੰਪਦਾ ਵੱਲੋਂ ਗਰੀਬ ਹੀ ਹੋਵੇ ਤਾਂ ਵੀ ਆਪਣੇ ਆਪ ਵਿੱਚ ਉਹ ਇੱਕ ਐਸੀ ਦੌਲਤ ਅਤੇ ਪ੍ਰਤਿਸ਼ਠਾ ਸਾਂਭੀ ਬੈਠਾ ਹੈ ਜੋ ਕਿ ਇਹ ਜਗਤ ਨਹੀਂ ਦੇ ਸਕਦਾ ।ਇਹ ਆਤਮਾ ਜੋ ਕਿ ਪਾਪ ਤੋਂ ਸ਼ੁੱਧ ਕਰਕੇ ਮੁਕਤ ਕੀਤੀ ਗਈ ਹੈ ਅਤੇ ਜਿਸ ਦੀਆਂ ਸਾਰੀਆਂ ਸ਼ੁਭ ਕਾਮਨਾਵਾਂ ਦੀਆਂ ਸ਼ਕਤੀਆਂ ਪਰਮੇਸ਼ਰ ਦੀ ਸੇਵਾ ਲਈ ਅਰਪਣ ਕੀਤੀਆਂ ਗਈਆਂ ਹਨ, ਉਹ ਸਭ ਤੋਂ ਵਧੀਕ ਮੁੱਲਵਾਨ ਹੈ ਅਤੇ ਸਵਰਗਾਂ ਵਿੱਚ ਪਰਮੇਸ਼ਰ ਦੀ ਹਜ਼ੂਰੀ ਅਤੇ ਦੂਤਾਂ ਦੀ ਮੌਜੂਦਗੀ ਵਿੱਚ ਇੱਕ ਮੋਖ-ਪ੍ਰਾਪਤ ਹੋਈ ਆਤਮਾ ਦੇ ਲਈ ਬਹੁਤ ਹੀ ਖੁਸ਼ੀ ਮਨਾਈ ਜਾਂਦੀ ਹੈ, ਉਹ ਅਨੰਦ ਜੋ ਕਿ ਪਵਿੱਤਰ ਵਿਜੈ ਦੇ ਭਜਨਾਂ ਨਾਲ ਗਾਇਆ ਜਾਂਦਾ ਹੈ।

ਮੈਂ ਮਹਿਸੂਸ ਕਰਦਾ ਹਾਂ ਕਿ ਜੇਕਰ ਮੈਂ ਆਪਣੀ ਬੁੱਧ ਅਤੇ ਸਮਝ ਵਿਚ ਭਰੋਸਾ ਕਰਦਾ ਹਾਂ ਤਾਂ ਮੈਂ ਨਿਰਾਸ਼ਾਂ ਦਾ ਸਾਹਮਣਾ ਕਰਾਂਗਾ। ਮੈਂ ਉਸਦੇ ਵਿਸ਼ਵਾਸਯੋਗ ਵਾਅਦੇ ਲਈ ਧੰਨਵਾਦ ਕਰਦਾ ਹਾਂ ਜੋ ਉਸਦੇ ਰਾਜ ਵਿਚ ਮੇਰੀ ਅਗਵਾਈ ਕਰੇਗਾ।

ਚੱਕਰ ਲਗਾਓ: ਹਾਂ ਅਨਿਸ਼ਚਿਤ

ਮੈਂ ਪੁਰਾਣੇ ਸਮੇਂ ਦੀਆਂ ਅਸੀਸਾਂ ਨੂੰ ਆਪਣੇ ਮਨ ਵਿਚ ਰੱਖਣ ਦੀ ਚੋਣ ਕਰਦਾ ਹਾਂ ਤਾਂ ਕਿ ਮੈਂ ਆਪਣੇ ਵਰਤਮਾਨ ਅਤੇ ਭਵਿੱਖ ਵਿਚ ਉਸਦੀ ਅਗਵਾਈ ਵਿਚ ਸ਼ੱਕ ਨਹੀਂ ਕਰਾਂਗ। ਮੈਂ ਉਸਦੇ ਦਿਲਾਸੇ ਅਤੇ ਅਗਵਾਈ ਲਈ ਧੰਨਵਾਦ ਕਰਦਾ ਹਾਂ ਜਿਵੇਂ ਕਿ ਮੈਂ ਆਪਣੇ ਜੀਵਨ ਦੀ ਯਾਤਰਾ ਵਿਚ ਕਈ ਮੁਸ਼ਕਲਾਂ ਅਤੇ ਪਰਤਾਵਿਆਂ ਵਿਚੋਂ ਲੰਘਦਾ ਹਾਂ।

ਚੱਕਰ ਲਗਾਓ: ਹਾਂ ਅਨਿਸ਼ਚਿਤ

ਮੈਂ ਪਰਮੇਸ਼ਰ ਦਾ ਧੰਨਵਾਦ ਕਰਦਾ ਹੈ ਇਨ੍ਹਾਂ ਕਦਮਾਂ ਨੂੰ ਪ੍ਰਗਟ ਕਰਨ ਲਈ ਕਿ ਮੈਂ ਇਸ ਬਾਈਬਲ ਅਧਿਐਨ ਵਿਚ ਜਿਨ੍ਹਾਂ ਨੂੰ ਚੁਣ ਕੇ ਮੈਂ ਉਸ ਦੇ ਹੋਰ ਨੇੜੇ ਆ ਸਕਾਂ ਅਤੇ ਮੈਂ ਇਹ ਮਹਾਨ ਸ਼ਬਦ ਸੁਣਨ ਲਈ ਉਤਾਵਲਾ ਹਾਂ, "ਮੇਰੇ ਵਿਸ਼ਵਾਸਯੋਗ ਸੇਵਕ ਤੂੰ ਬਹੁਤ ਵਧੀਆ ਕੀਤਾ ਹੈ, ਉਸ ਘਰ ਵਿਚ ਤੇਰਾ ਸਵਾਗਤ ਹੈ ਜੋ ਮੈਂ ਤੇਰੇ ਲਈ ਤਿਆਰ ਕੀਤਾ ਹੈ।"

ਚੱਕਰ ਲਗਾਓ: ਹਾਂ ਅਨਿਸ਼ਚਿਤ